
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ


ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

Ad Space Available
Please Call
Ph: 847-359-0746

Pantry For Sale
Kenosha, WI
Sales Are Great!

Only Interested buyers.
Contact, Ph: 262-488-0330
or 262-902-2072



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 20, Issue 3, January 19, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਆਪਣਿਆਂ ਨੇ ਹੀ ਘੇਰੀ ਕੈਪਟਨ ਸਰਕਾਰ

### ਕਾਂਗਰਸੀ ਵਿਧਾਇਕ ਇਕ ਵਾਰ ਫਿਰ ਸਰਗਰਮ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਵਿਚ ਵੱਡੇ ਪੱਧਰ ਉਥੇ ਬਾਗੀ ਸੁਰਾਂ ਉਠ ਖਲੋਤੀਆਂ ਹਨ। ਇਕ ਪਾਸੇ ਕਿਸਾਨ, ਮੁਲਾਜ਼ਮ ਤੇ ਮਜ਼ਦੂਰ ਸੜਕਾਂ 'ਤੇ ਉਤਰੇ ਹਨ, ਦੂਜੇ ਪਾਸੇ ਕਾਂਗਰਸ ਦੇ ਆਪਣੇ ਵਿਧਾਇਕ ਹੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਰਹੇ ਹਨ। ਇਥੋਂ ਤੱਕ ਕਿ ਕੈਪਟਨ ਸਰਕਾਰ ਵੱਲੋਂ ਚੋਣਾਂ ਸਮੇਂ ਕੀਤਾ ਹਰ ਵਾਅਦਾ ਪੁਗਾਉਣ ਦੇ ਦਾਅਵਿਆਂ ਦੀ ਫੂਕ ਹੁਣ ਇਸ ਦੇ ਆਪਣੇ ਹੀ ਮੰਤਰੀ ਤੇ ਵਿਧਾਇਕ ਕੱਢਣ ਲੱਗੇ ਹਨ।

ਅਜਿਹੀ ਹਿਲਜੁਲ ਪਿੱਛੋਂ ਕੈਪਟਨ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ ਤੇ ਕਾਂਗਰਸੀ ਵਿਧਾਇਕਾਂ ਦੇ ਸ਼ਿਕਵੇ ਦੂਰ ਕਰਨ ਲਈ ਵੱਡੇ ਪੱਧਰ ਉਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਸਰਕਾਰ ਨੂੰ ਸਭ ਤੋਂ ਵੱਧ ਨਮੋਸ਼ੀ ਉਦੋਂ ਝੱਲਣੀ ਪਈ ਜਦੋਂ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਸਰਪੰਚਾਂ ਨੂੰ ਸਹੁੰ ਚੁਕਾਉਣ ਦੇ ਸਮਾਗਮ ਵਿਚ ਸਰਕਾਰ ਦੀ ਨਸ਼ਿਆਂ ਨੂੰ ਖਤਮ ਕਰਨ ਬਾਰੇ ਮਾੜੀ ਕਾਰਗੁਜ਼ਾਰੀ ਉਤੇ ਸਵਾਲ ਚੁੱਕ ਕੇ ਸਮਾਗਮ ਵਿਚੇ ਛੱਡ ਕੇ ਚਲੇ ਗਏ। ਇਸ ਸਮਾਗਮ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਮੌਜੂਦ ਸਨ। ਸ. ਜ਼ੀਰਾ ਨੇ ਸਰਕਾਰ ਨੂੰ ਉਦੋਂ ਘੇਰਿਆ, ਜਦੋਂ ਸਰਪੰਚਾਂ ਨੂੰ ਨਸ਼ਾ ਮੁਕਤ ਪਿੰਡ ਬਣਾਉਣ ਲਈ ਸਹੁੰ ਚੁਕਾਈ ਜਾ ਰਹੀ ਸੀ। ਜ਼ੀਰਾ ਨੇ ਸ਼ਰੇਆਮ ਇਕ ਆਈ.ਜੀ. ਉਤੇ ਨਸ਼ਾ ਸਪਲਾਈ ਕਰਨ ਦੇ ਦੋਸ਼ ਲਾਏ। ਇਹ ਆਈ.ਜੀ. ਇਸੇ ਸਮਾਗਮ ਵਿਚ ਮੌਜੂਦ ਸੀ ਤੇ ਸਰਪੰਚਾਂ ਨੂੰ ਨਸ਼ਿਆਂ ਖਿਲਾਫ ਮੁਹਿੰਮ ਖੜ੍ਹੀ ਕਰਨ ਲਈ ਪ੍ਰੇਰਿਤ ਕਰ ਰਿਹਾ ਸੀ, ਜਿਸ ਉਤੇ ਜ਼ੀਰਾ ਨੂੰ ਗੁੱਸਾ ਆ ਗਿਆ ਤੇ ਉਸ ਨੇ ਖੜ੍ਹੇ ਹੋ ਕੇ ਸ਼ਰੇਆਮ ਉਸ ਆਈ.ਜੀ. ਦਾ ਨਾਮ ਲੈ ਦਿੱਤਾ। ਅਗਲੇ ਦਿਨ ਡੀ.ਜੀ.ਪੀ. ਕੋਲ ਨਸ਼ਿਆਂ ਦੀਆਂ 29 ਸ਼ਿਕਾਇਤਾਂ ਲੈ ਕੇ ਪੁੱਜ ਗਿਆ।



ਇਸ ਤੋਂ ਅਗਲੇ ਹੀ ਦਿਨ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਆਂ ਪਾਰਟੀ ਵਿਚ ਸੁਣਵਾਈ ਨਾ ਹੋਣ ਦਾ ਦੋਸ਼ ਲਾ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਪੰਜਗਰਾਈਆਂ ਦੋ ਵਾਰ ਕਾਂਗਰਸ ਦੇ ਵਿਧਾਇਕ ਰਹਿ ਚੁੱਕੇ ਹਨ। ਪੰਜਗਰਾਈਆਂ ਨੇ ਕਾਂਗਰਸ ਖਿਲਾਫ਼ ਖੂਬ ਭੜਾਸ ਕੱਢੀ। ਇਸ ਤੋਂ ਪਹਿਲਾਂ ਵਿਧਾਇਕ ਸੁਰਜੀਤ ਸਿੰਘ ਧੀਮਾਨ, ਕੁਲਬੀਰ ਸਿੰਘ ਜ਼ੀਰਾ ਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਸਨ। ਇਨ੍ਹਾਂ ਲੀਡਰਾਂ ਦਾ ਕਹਿਣਾ ਹੈ ਕਿ ਸਰਕਾਰ ਵਾਅਦਿਆਂ ਮੁਤਾਬਕ ਕੰਮ ਨਹੀਂ ਕਰ ਰਹੀ। ਸਭ ਤੋਂ ਵੱਡਾ ਸਵਾਲ ਨਸ਼ਿਆਂ ਤੇ ਕਿਸਾਨ ਖੁਦਕੁਸ਼ੀਆਂ ਦਾ ਹੈ। ਪੰਜਾਬ ਵਿਚ ਅੱਜ ਵੀ ਨਸ਼ਿਆਂ ਨਾਲ ਨੌਜਵਾਨ ਮਰ ਰਹੇ ਹਨ ਤੇ ਕਿਸਾਨ ਨਿੱਤ ਖੁਦਕੁਸ਼ੀਆਂ ਕਰ ਰਹੇ ਹਨ। ਕਾਂਗਰਸ ਦੇ ਹੇਠਲੇ ਪੱਧਰ ਦੇ ਲੀਡਰਾਂ ਵਿਚ ਬੇਗਾਨਗੀ ਦੀ ਭਾਵਨਾ ਹੈ। ਲੀਡਰਾਂ ਤੇ ਵਰਕਰਾਂ ਦਾ ਕਹਿਣਾ ਹੈ ਕਿ ਆਪਣੀ ਸਰਕਾਰ ਹੋਣ ਦੇ ਬਾਵਜੂਦ ਅਫਸਰ ਉਨ੍ਹਾਂ ਦੇ ਕੰਮ ਨਹੀਂ ਕਰ ਰਹੇ। ਲੋਕ ਉਨ੍ਹਾਂ ਕੋਲ ਉਮੀਦਾਂ ਲੈ ਕੇ ਆਉਂਦੇ ਹਨ ਪਰ ਨਿਰਾਸ਼ ਹੋ ਕੇ ਜਾਂਦੇ ਹਨ। ਇਸ ਬਾਰੇ ਨਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਾ ਹੀ ਸੂਬਾ ਪ੍ਰਧਾਨ ਸੁਨੀਲ ਜਾਖੜ ਉਨ੍ਹਾਂ ਦੀ ਗੱਲ ਸੁਣਦੇ ਹਨ। ਕਾਂਗਰਸੀ ਆਗੂਆਂ ਵਿਚ ਸਭ ਤੋਂ ਵੱਧ ਗੁੱਸਾ ਇਸ ਗੱਲ ਦਾ ਹੈ ਕਿ ਚੋਣਾਂ ਸਮੇਂ ਨਸ਼ਾ ਸਪਲਾਈ ਕਰਨ ਦੇ ਦੋਸ਼ਾਂ ਵਿਚ ਘਿਰੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸਰਕਾਰ ਬਣਦਿਆਂ ਹੀ ਜੇਲ੍ਹ ਭੇਜਣ ਦੇ ਵਾਅਦੇ ਉਤੇ ਉਨ੍ਹਾਂ ਦੀ ਸਰਕਾਰ ਖਰੀ ਨਹੀਂ ਉਤਰੀ। ਬਾਦਲਾਂ ਦੀਆਂ ਸੜਕਾਂ ਉਤੇ ਦੌੜਦੀਆਂ ਨਾਜਾਇਜ਼ ਬੱਸਾਂ ਨੂੰ ਵੀ ਬਰੇਕ ਲਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਸ ਪਾਸੇ ਕੋਈ ਕਾਰਵਾਈ ਨਹੀਂ ਹੋਈ। ਇਸ ਸਬੰਧੀ ਕਈ ਵਾਰ ਕਾਂਗਰਸ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਕੇ ਗਿਲਾ ਕਰ ਚੁੱਕੇ ਹਨ ਕਿ ਲੋਕ ਉਨ੍ਹਾਂ ਨੂੰ ਸਵਾਲ ਕਰਦੇ ਹਨ ਕਿ ਚੋਣਾਂ ਵਾਲੇ ਵਾਅਦੇ ਕਿਥੇ ਗਏ, ਪਰ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੁੰਦਾ। ਕੈਪਟਨ ਨੇ ਕਦੇ ਵੀ ਇਨ੍ਹਾਂ ਆਗੂਆਂ ਨੂੰ ਹੁੰਗਾਰਾ ਨਹੀਂ ਭਰਿਆ। ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਕਾਂਗਰਸੀ ਆਗੂਆਂ ਵੱਲੋਂ ਸ਼ਰੇਆਮ ਉਚ ਅਫਸਰਾਂ ਦੀ ਨਸ਼ਾ ਤਸਕਰੀ ਵਿਚ ਭੂਮਿਕਾ ਬਾਰੇ ਖੁਲਾਸੇ ਕੀਤੇ ਗਏ ਹਨ, ਪਰ ਕੈਪਟਨ ਸਰਕਾਰ ਇਹ ਆਖ ਕੇ ਟਾਲਾ ਵੱਟ ਰਹੀ ਹੈ ਕਿ ਜਾਂਚ ਜਾਰੀ ਹੈ।

## ਪੰਜਾਬ ਵਿਚ ਮਹਾਗੱਠਜੋੜ ਲਈ ਪਿੜ ਬੱਝਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਵੀ ਮਹਾਗੱਠਜੋੜ ਦਾ ਪਿੜ ਬੱਝਣ ਲੱਗਾ ਹੈ। ਕਾਂਗਰਸ, ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਬਾਕੀ ਧੜਿਆਂ ਵੱਲੋਂ ਲੋਕ ਸਭਾ ਚੋਣ ਲੜਨ ਲਈ ਪੰਜਾਬ ਅੰਦਰ ਮਹਾਗੱਠਜੋੜ ਬਣਾਉਣ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲੀ ਪੰਜਾਬੀ ਏਕਤਾ ਪਾਰਟੀ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦੀ ਅਗਵਾਈ ਵਾਲੇ ਪੰਜਾਬ ਮੰਚ ਅਤੇ ਬਹੁਜਨ ਸਮਾਜ ਪਾਰਟੀ ਨੇ ਪੰਜਾਬ ਜਮਹੂਰੀ ਗੱਠਜੋੜ ਦਾ ਪਹਿਲਾਂ ਹੀ ਗਠਨ ਕਰ ਲਿਆ ਹੈ। ਹੁਣ ਕੁਝ ਪੰਥਕ ਧੜੇ ਵੀ ਇਸ ਪਾਸੇ ਉਲਰ ਰਹੇ ਹਨ।




ਸੁਖਪਾਲ ਸਿੰਘ ਖਹਿਰਾ ਤੇ ਨਵੇਂ ਬਣੇ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਵਿਚਕਾਰ ਬੀਤੇ ਦਿਨੀਂ ਹੋਈ ਮੀਟਿੰਗ ਦੌਰਾਨ ਚੋਣਾਂ ਰਲ ਕੇ ਲੜਨ ਬਾਰੇ ਆਮ ਸਹਿਮਤੀ ਦੱਸੀ ਜਾ ਰਹੀ ਹੈ। ਨਵੇਂ ਅਕਾਲੀ ਦਲ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਵੀ ਇਸ ਮਹਾਗੱਠਜੋੜ ਵਿਚ ਸ਼ਾਮਲ ਹੋਣ ਲਈ ਤਿਆਰ ਹੈ। ਇਸ ਸਬੰਧੀ ਆਪ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਮੀਟਿੰਗ ਵੀ ਕੀਤੀ ਸੀ। ਸੁਖਪਾਲ ਸਿੰਘ ਖਹਿਰਾ ਦਾ ਵੀ ਕਹਿਣਾ ਹੈ ਕਿ ਕਾਂਗਰਸ-ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣ ਲਈ 'ਆਪ' ਨਾਲ ਸਾਂਝਾ ਮੋਰਚਾ ਬਣ ਸਕਦਾ ਹੈ, ਪਰ ਜੇਕਰ ਦਿੱਲੀ ਵਿਚ ਕਾਂਗਰਸ ਨਾਲ ਸਮਝੌਤਾ ਕੀਤਾ ਤਾਂ ਇਕੱਠੇ ਤੁਰਨ ਦੀ ਗੱਲ ਨਹੀਂ ਹੋ ਸਕਦੀ। ਬ੍ਰਹਮਪੁਰਾ ਦਾ ਕਹਿਣਾ ਹੈ ਕਿ ਉਨ੍ਹਾਂ ਆਮ ਆਦਮੀ ਪਾਰਟੀ ਤੇ ਸੁਖਪਾਲ ਖਹਿਰਾ ਧੜੇ ਨੂੰ ਸਾਂਝੀ ਸਲਾਹ ਦਿੱਤੀ ਸੀ ਕਿ ਪੰਜਾਬ ਵਿਚ ਚੋਣਾਂ ਇਕੋ ਪੱਧਰ ਉਤੇ ਆ ਕੇ ਲੜੀਆਂ ਜਾਣ ਤੇ ਖਹਿਰਾ ਤੇ ਮਾਨ ਇਸ ਸੁਝਾਅ 'ਤੇ ਰਾਜ਼ੀ ਵੀ ਸਨ। ਉਧਰ, ਸੁੱਚਾ ਸਿੰਘ ਛੋਟੇਪੁਰ ਨੇ ਵੀ ਇਸ ਤੀਜੇ ਬਦਲ ਦੀ ਹਮਾਇਤ ਕੀਤੀ ਹੈ।


ਜਮਹੂਰੀ ਗੱਠਜੋੜ ਤੇ ਮਹਾਗੱਠਜੋੜ ਵਿਚ


*(ਬਾਕੀ ਸਫਾ 6 ਉਤੇ)*



Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


BEST FARE GUARANTEE


WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਮਾਘੀ ਜੋੜ ਮੇਲੇ ਮੌਕੇ ਸੰਗਤਾਂ ਵੱਲੋਂ 40 ਮੁਕਤਿਆਂ ਨੂੰ ਸਿਜਦਾ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ 'ਚ ਮਾਘੀ ਜੋੜ ਮੇਲੇ ਮੌਕੇ ਦੇਸ਼-ਵਿਦੇਸ਼ 'ਚੋਂ ਵੱਡੀ ਗਿਣਤੀ ਸੰਗਤ ਪਹੁੰਚੀ ਅਤੇ ਪਵਿੱਤਰ ਮੁਕਤ ਸਰੋਵਰ 'ਚ ਇਸ਼ਨਾਨ ਕੀਤਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮਾਘੀ ਦੇ ਦਿਹਾੜੇ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਦਰਬਾਰ ਸਾਹਿਬ) ਵਿਖੇ ਮੱਥਾ ਟੇਕਿਆ ਤੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਨ੍ਹਾਂ ਖਿਦਰਾਣੇ ਦੀ ਜੰਗ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਇਸ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਬਾਰਕ ਚਰਨ ਪਾਏ ਹਨ ਅਤੇ ਇਥੇ ਮੁਗ਼ਲ ਸਾਮਰਾਜ ਨਾਲ ਆਖਰੀ ਜੰਗ ਲੜ ਕੇ ਜ਼ੁਲਮ ਖ਼ਿਲਾਫ ਫਤਹਿ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਇਸ ਧਰਤੀ 'ਤੇ ਹੱਕ-ਸੱਚ ਦੀ ਜੰਗ ਲੜੀ ਗਈ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਨੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢੀ (ਸ੍ਰੀ ਦਰਬਾਰ ਸਾਹਿਬ), ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾ ਮਾਤਾ ਭਾਗ ਕੌਰ, ਗੁਰਦੁਆਰਾ ਟਿੱਬੀ ਸਾਹਿਬ, ਗੁਰਦੁਆਰਾ ਦਾਤਣਸਰ ਸਾਹਿਬ, ਗੁਰਦੁਆਰਾ ਰਕਾਬਸਰ ਸਾਹਿਬ ਦੇ ਦਰਸ਼ਨ ਕੀਤੇ। ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਗਿਆਨੀ ਹਰਪ੍ਰੀਤ ਸਿੰਘ ਤੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਮੈਨੇਜਰ ਬਲਦੇਵ ਸਿੰਘ, ਹੈੱਡ ਗ੍ਰੰਥੀ ਬਲਵਿੰਦਰ ਸਿੰਘ ਵਲੋਂ ਸਿਰੋਪਾਉ ਅਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਅਦੁੱਤੀ, ਲਾਸਾਨੀ ਤੇ ਬੇਮਿਸਾਲ ਕੁਰਬਾਨੀਆਂ ਦੀ ਗਾਥਾ ਹੈ। ਉਨ੍ਹਾਂ ਕਿਹਾ ਕਿ ਖਿਦਰਾਣੇ ਦੀ ਢਾਬ ਤੋਂ ਸ੍ਰੀ ਮੁਕਤਸਰ ਸਾਹਿਬ ਤੱਕ ਦਾ ਸਫਰ



ਗੁਰੂ ਦੇ ਪਿਆਰੇ ਸਿੰਘਾਂ ਦੀਆਂ ਅਦੁੱਤੀ, ਲਾਸਾਨੀ ਤੇ ਬੇਮਿਸਾਲ ਕੁਰਬਾਨੀਆਂ ਦੀ ਗਾਥਾ ਹੈ। ਇਹ ਪਾਵਨ ਇਤਿਹਾਸ ਟੁੱਟੀ ਗੰਢੀ ਦੀ ਉਹ ਇਬਾਰਤ ਹੈ ਜਿਹੜੀ ਸਿੰਘਾਂ ਨੇ ਗੁਰੂ ਸਾਹਿਬ ਤੋਂ ਖਿਮਾ ਮੰਗਣ ਲਈ ਆਪਣੇ ਲਹੂ ਨਾਲ ਲਿਖੀ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਬੇਦਾਵਾ ਦੇ ਕੇ ਗਏ ਸਿੰਘਾਂ ਨੂੰ ਗੁਰੂ ਦੀ ਸ਼ਰਨ ਆ ਕੇ ਸ਼ਹਾਦਤਾਂ ਦੇਣ 'ਤੇ ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਨੇ ਵੱਡੇ ਖ਼ਿਤਾਬ ਦੇ ਕੇ ਸਿੱਖ ਇਤਿਹਾਸ 'ਚ ਸਦਾ ਲਈ ਅਮਰ ਕਰ ਦਿੱਤਾ। ਅੱਜ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ 40 ਮੁਕਤਿਆਂ ਵਜੋਂ ਸਤਿਕਾਰ ਨਾਲ ਯਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ 40 ਮੁਕਤਿਆਂ ਦੀ ਸ਼ਹੀਦੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਲਈ ਤਤਪਰ ਹੈ ਅਤੇ ਇਸ ਲਹਿਰ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਇਸ ਸਮੇਂ ਸਾਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ ਹੈ ਅਤੇ ਸ਼ਬਦ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਦਿਹਾੜੇ ਤੋਂ ਪ੍ਰੇਰਨਾ ਲੈ ਕੇ ਨੌਜਵਾਨ ਆਪਣੇ ਅਮੀਰ ਵਿਰਸੇ ਨਾਲ ਜੁੜਨ ਤੇ ਬੁਰਾਈਆਂ ਦੇ ਖਾਤਮੇ ਲਈ ਤਤਪਰ ਹੋਣ। ਉਨ੍ਹਾਂ ਕਿਹਾ ਕਿ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਲਈ ਨੌਜਵਾਨ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਸਿੱਖੀ ਸਰੂਪ ਨਾਲ ਜੁੜਨ ਲਈ ਕਿਹਾ। ਮਾਘੀ ਦੇ ਦਿਹਾੜੇ 'ਤੇ ਇਲਾਕੇ ਦੀ ਸੰਗਤ ਵਲੋਂ ਸ੍ਰੀ ਮੁਕਤਸਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤਿਆਂ 'ਤੇ ਆਉਣ ਵਾਲੇ ਸ਼ਰਧਾਲੂਆਂ ਲਈ ਲੰਗਰ ਲਾਏ ਗਏ ਸਨ। ਜ਼ਿਕਰਯੋਗ ਹੈ ਕਿ ਇਸੇ ਹੀ ਅਸਥਾਨ 'ਤੇ ਜ਼ੁਲਮ ਖਿਲਾਫ ਲੜੀ ਜੰਗ 'ਚ ਫਤਹਿ ਹਾਸਲ ਕਰਨ ਤੋਂ ਇਲਾਵਾ 40 ਸਿੰਘਾਂ ਜੋ ਗੁਰੂ ਜੀ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ, ਉਨ੍ਹਾਂ ਆਪਣਾ ਬੇਦਾਵਾ ਪੜਵਾ ਕੇ ਇਸ ਧਰਤੀ 'ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿੱਖਾਂ ਦੀ ਟੁੱਟੀ ਗੰਢ ਕੇ ਖਿਦਰਾਣੇ ਦੀ ਇਸ ਧਰਤੀ ਨੂੰ ਮੁਕਤੀ ਦੇ ਸਰ ਦਾ ਵਰਦਾਨ ਬਖ਼ਸ਼ਿਆ।

## ਬੈਂਸ ਨੇ ਸਫਾਈ ਮੁਹਿੰਮ ਰਾਹੀਂ ਲਵਾਈ ਸਿਆਸੀ ਹਾਜ਼ਰੀ

**ਸ੍ਰੀ ਮੁਕਤਸਰ ਸਾਹਿਬ:** 'ਲੋਕ ਇਨਸਾਫ ਪਾਰਟੀ' ਨੇ ਮੇਲਾ ਮਾਘੀ ਮੌਕੇ ਸਿਆਸੀ ਇਕੱਠ ਕਰਨ ਦੀ ਥਾਂ ਸ਼ਹਿਰ ਦੀ ਸਫਾਈ ਕਰ ਕੇ ਆਪਣੀ ਹਾਜ਼ਰੀ ਲਵਾਈ। ਸ਼ਹਿਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੋਸਟਰ ਤੇ ਫਲੈਕਸ ਲਾਏ ਗਏ। ਪਾਰਟੀ ਆਗੂਆਂ ਨੇ ਭਾਵੇਂ ਸਿੱਧੇ ਰੂਪ ਵਿਚ ਕੋਈ ਸਿਆਸੀ ਬਿਆਨ ਨਹੀਂ ਦਿੱਤਾ, ਪਰ ਪਾਰਟੀ ਪ੍ਰਧਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਸ਼ਹਿਰ ਦੇ ਕਈ ਸਿਆਸੀ ਆਗੂਆਂ ਨੂੰ ਦਿੱਤਾ ਥਾਪੜਾ ਸਿਆਸੀ ਦਸਤਕ ਦੇ ਗਿਆ ਹੈ। ਸ੍ਰੀ ਬੈਂਸ ਨੇ ਸਮਰਥਕਾਂ ਸਮੇਤ ਕੋਟਕਪੂਰਾ ਰੋਡ ਬਾਈਪਾਸ ਤੋਂ ਸਫਾਈ ਮੁਹਿੰਮ ਚਲਾਈ ਅਤੇ ਸਵੇਰ ਤੋਂ ਸ਼ਾਮ ਤੱਕ ਗੁਰਦੁਆਰਾ ਦਰਬਾਰ ਸਾਹਿਬ ਦੇ ਨਾਕਾ ਨੰਬਰ ਚਾਰ ਤੱਕ ਸਫਾਈ ਕੀਤੀ। ਸਫਾਈ ਕਰਨ ਵਾਲਿਆਂ ਦਾ ਵਿਸ਼ੇਸ਼ ਡਰੈੱਸ ਕੋਡ ਸੀ, ਜਿਸ ਤੋਂ ਉਨ੍ਹਾਂ ਦੀ ਪਛਾਣ ਆਸਾਨੀ ਨਾਲ ਹੁੰਦੀ ਸੀ। ਬਹੁਤੇ ਸਥਾਨਕ ਲੋਕ ਹੋਣ ਦੇ ਬਾਵਜੂਦ ਬਾਹਰ ਤੋਂ ਵੀ ਵਰਕਰ ਇਸ ਮੁਹਿੰਮ ਵਿਚ ਸ਼ਾਮਲ ਸਨ।

## ਮਾਘੀ 'ਤੇ ਅਕਾਲੀਆਂ ਨੇ ਮਘਾਈ ਸਿਆਸਤ

**ਸ੍ਰੀ ਮੁਕਤਸਰ ਸਾਹਿਬ:** ਮਾਘੀ ਦੇ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ 'ਚ ਕਾਂਗਰਸ ਪਾਰਟੀ ਖਾਸ ਤੌਰ ਉਤੇ ਗਾਂਧੀ ਪਰਿਵਾਰ ਨੂੰ ਪੰਜਾਬ ਦੀ ਬਰਬਾਦੀ ਤੇ ਸਿੱਖ ਨਸਲਕੁਸ਼ੀ ਲਈ ਜ਼ਿੰਮੇਵਾਰ ਦੱਸਦਿਆਂ ਉਸ ਦੀ ਤੁਲਨਾ 'ਮੁਗਲਾਂ' ਨਾਲ ਕੀਤੀ ਗਈ ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਤੇ ਸਿੱਖ ਹਿਤੈਸ਼ੀ ਬਣਾ ਕੇ ਪੇਸ਼ ਕਰਦਿਆਂ ਉਸ ਦੀ ਰੱਜ ਕੇ ਸਿਫਤ ਕੀਤੀ ਗਈ। ਕਾਨਫਰੰਸ 'ਚ ਆਮ ਆਦਮੀ ਪਾਰਟੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਹਾਲਾਂਕਿ ਪਿਛਲੀਆਂ ਸਿਆਸੀ ਕਾਨਫਰੰਸਾਂ 'ਚ ਮੁੱਖ ਨਿਸ਼ਾਨਾ 'ਆਪ' ਹੀ ਹੁੰਦੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਂ ਸਪੱਸ਼ਟ ਕਿਹਾ ਕਿ ਹੁਣ ਲੜਾਈ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਡਤ ਨਹਿਰੂ ਦੇ ਗਲਤ ਫੈਸਲੇ ਕਰਕੇ ਅੱਜ ਕਰਤਾਰਪੁਰ ਲਾਂਘੇ ਵਰਗੇ ਮਸਲੇ ਖੜ੍ਹੇ ਹੋਏ ਹਨ। ਦੇਸ਼ ਵਿਚ ਸਭ ਤੋਂ ਵੱਧ ਸਮਾਂ ਰਾਜ ਗਾਂਧੀ ਪਰਿਵਾਰ ਨੇ ਕੀਤਾ ਅਤੇ ਕਿਸਾਨਾਂ ਦੀ ਬਦਹਾਲੀ, ਦਲਿਤਾਂ ਦੇ ਸ਼ੋਸ਼ਣ ਅਤੇ ਬੇਰੁਜ਼ਗਾਰੀ ਲਈ ਗਾਂਧੀ ਪਰਿਵਾਰ ਹੀ ਜ਼ਿੰਮੇਵਾਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਬੁਲਾਰਿਆਂ ਨੇ ਉਸ ਨੂੰ ਸਿੱਖ ਵਿਰੋਧੀ, ਪੰਜਾਬ ਵਿਰੋਧੀ, ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੀਆਂ ਹਨ। ਦੋਵੇਂ ਬਾਦਲਾਂ ਨੇ 'ਬਰਗਾੜੀ ਮੋਰਚੇ' ਦੇ ਪ੍ਰਬੰਧਕਾਂ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਧਰਨਾ ਲਾ ਕੇ 22 ਕਰੋੜ ਰੁਪਏ ਕਮਾ ਲਏ ਅਤੇ ਕਾਂਗਰਸ ਦੇ ਕਹਿਣ 'ਤੇ ਧਰਨਾ ਖਤਮ ਕਰ ਦਿੱਤਾ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਰਬਾਰ ਸਾਹਿਬ ਵਿਖੇ ਅਲੌਕਿਕ ਜਲੌਅ ਸਜਾਏ

**ਅੰਮ੍ਰਿਤਸਰ:** ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 352ਵਾਂ ਪ੍ਰਕਾਸ਼ ਦਿਹਾੜਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਨੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ।

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਅਲੌਕਿਕ ਜਲੌਅ ਸਜਾਏ ਗਏ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਪਾਵਨ ਹੁਕਮਨਾਮੇ ਮਗਰੋਂ ਦਸਵੇਂ ਪਾਤਿਸ਼ਾਹ ਦੇ ਪ੍ਰਕਾਸ਼ ਪੁਰਬ ਦੀ ਸੰਗਤ ਨੂੰ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਨੂੰ ਜੀਵਨ ਵਿਚ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਜੀਵਨ ਜਿਊਣਾ ਚਾਹੀਦਾ ਹੈ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਧਾਰਮਿਕ ਦੀਵਾਨ 'ਚ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਤੇ ਪੰਥਕ ਕਵੀਆਂ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਇਤਿਹਾਸ ਸੰਗਤ ਨਾਲ ਸਾਂਝਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਕੂਲਾਂ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਕਰ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਸ਼ਾਮੀਂ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਮਿੰਟ ਲਈ ਆਤਿਸ਼ਬਾਜ਼ੀ ਵੀ ਚਲਾਈ ਗਈ। ਸ੍ਰੀ ਹਰਿਮੰਦਰ ਸਾਹਿਬ ਅਤੇ ਇਮਾਰਤਾਂ 'ਤੇ ਸੁੰਦਰ ਲਾਈਟਾਂ ਲਾਈਆਂ ਗਈਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸਮੂਹ ਸੰਗਤ ਨੂੰ ਹਾਰਦਿਕ ਵਧਾਈ ਦਿੰਦਿਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਸੁਨੇਹਾ ਦਿੱਤਾ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਨੇ ਮਨੁੱਖਤਾ ਖਾਤਰ ਆਪਣਾ ਸਰਬੰਸ ਕੁਰਬਾਨ ਕਰ ਕੇ ਧਰਮ ਦੀਆਂ ਕਦਰਾਂ-ਕੀਮਤਾਂ 'ਤੇ ਚੱਲਣਾ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਲਤਾੜੇ ਹੋਏ ਲੋਕਾਂ ਨੂੰ ਸੀਨੇ ਨਾਲ ਲਾਇਆ ਅਤੇ ਸਰਦਾਰੀਆਂ ਬਖਸ਼ੀਆਂ। ਗੁਰੂ ਸਾਹਿਬ ਇੱਕ ਕ੍ਰਾਂਤੀਕਾਰੀ ਰਹਿਬਰ ਸਨ, ਜਿਨ੍ਹਾਂ ਨੇ ਮਨੁੱਖਤਾ ਅੰਦਰ ਜਬਰ ਜ਼ੁਲਮ ਵਿਰੁੱਧ ਡਟਣ ਦਾ ਜਜ਼ਬਾ ਤੇ ਸਾਹਸ ਪੈਦਾ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਪਦਾਰਥਵਾਦੀ ਸਮੇਂ ਵਿਚ ਗੁਰੂ ਸਾਹਿਬ ਦਾ ਜੀਵਨ-ਦਰਸ਼ਨ ਵਡਮੁੱਲੀ ਸੇਧ ਦੇਣ ਵਾਲਾ ਹੈ, ਜਿਸ ਅਨੁਸਾਰੀ ਹੋ ਕੇ ਆਪਣਾ ਜੀਵਨ ਸੁਖਾਵਾਂ ਬਣਾ ਸਕਦੇ ਹਾਂ।

## ਨਿਤੀਸ਼ ਨੇ ਗੁਰਦੁਆਰਾ ਸ਼ੀਤਲ ਕੁੰਡ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ

**ਅੰਮ੍ਰਿਤਸਰ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਨਾਲੰਦਾ ਨੇੜੇ ਰਾਜਗਿਰੀ ਵਿਚ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ਼ੀਤਲ ਕੁੰਡ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਸ ਸਮਾਗਮ ਦੌਰਾਨ ਮੁੱਖ ਮੰਤਰੀ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ।

ਇਸ ਮੌਕੇ ਸ੍ਰੀ ਲੌਂਗੋਵਾਲ ਨੇ ਮੁੱਖ ਮੰਤਰੀ ਨੂੰ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਇਹ ਸਮਾਗਮ ਇਸ ਵਰ੍ਹੇ ਨਵੰਬਰ ਮਹੀਨੇ ਸੁਲਤਾਨਪੁਰ ਲੋਧੀ ਵਿਚ ਕੀਤੇ ਜਾਣੇ ਹਨ। ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਬਿਹਾਰ ਦੇ ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਦੇ ਇਸ ਸੱਦੇ ਨੂੰ ਪ੍ਰਵਾਨ ਕੀਤਾ ਅਤੇ ਸਮਾਗਮ ਵਿਚ ਸ਼ਾਮਲ ਹੋਣ ਦੀ ਹਾਮੀ ਭਰੀ ਹੈ।



## ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਯਾਦਗਾਰੀ ਸਿੱਕਾ ਜਾਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ 350 ਰੁਪਏ ਦਾ ਯਾਦਗਾਰੀ ਸਿੱਕਾ ਜਾਰੀ ਕੀਤਾ ਗਿਆ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੇ ਆਦਰਸ਼ਾਂ, ਮਾਨਵਤਾ, ਭਗਤੀ, ਵੀਰਤਾ, ਬਲੀਦਾਨ, ਨਿਰਸਵਾਰਥ ਸੇਵਾ ਦੀ ਸਲਾਹੁਣਾ ਕੀਤੀ ਅਤੇ ਲੋਕਾਂ ਨੂੰ ਦਸਮ ਪਾਤਸ਼ਾਹ ਦੇ ਦਰਸਾਏ ਮਾਰਗ ਉਪਰ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਸਭ ਨੂੰ ਲੋਹੜੀ ਦੀ ਵਧਾਈ ਵੀ ਦਿੱਤੀ।




ਸਿੱਖ ਕੌਮ ਦੀਆਂ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਪੀੜਤਾਂ, ਹੱਕ ਲਈ ਅਤੇ ਅਨਿਆਂ ਖਿਲਾਫ ਲੜਾਈ ਲੜੀ। ਉਨ੍ਹਾਂ ਦੇ ਉਪਦੇਸ਼ ਧਰਮ ਤੇ ਜਾਤ ਦੀਆਂ ਰੁਕਾਵਟਾਂ ਤੋੜਨ ਉਪਰ ਕੇਂਦਰਤ ਸਨ। ਪ੍ਰੇਮ, ਸ਼ਾਂਤੀ ਤੇ ਬਲੀਦਾਨ ਦਾ ਉਨ੍ਹਾਂ ਦਾ ਸੰਦੇਸ਼ ਅੱਜ ਵੀ ਸਮਾਨ ਰੂਪ ਵਿਚ ਪ੍ਰਸੰਗਿਕ ਹੈ। ਉਨ੍ਹਾਂ ਦਸਮ ਪਾਤਸ਼ਾਹ ਵੱਲੋਂ ਦੱਸੇ 11 ਸੂਤਰੀ ਮਾਰਗ ਉਪਰ ਚੱਲਣ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਯਤਨਾਂ ਨਾਲ ਕਰਤਾਰਪੁਰ ਸਾਹਿਬ ਲਾਂਘਾ ਬਣਨ ਜਾ ਰਿਹਾ ਹੈ ਅਤੇ ਗੁਰੂ ਨਾਨਕ ਦੇਵ ਦੇ ਦੱਸੇ ਮਾਰਗ ਉਪਰ ਚੱਲਣ ਵਾਲਾ ਹਰ ਸਿੱਖ ਹੁਣ ਦੂਰਬੀਨ ਦੀ ਬਜਾਏ ਆਪਣੀਆਂ ਅੱਖਾਂ ਨਾਲ ਨਾਰੋਵਾਲ ਜਾ ਸਕੇਗਾ ਅਤੇ ਬਿਨਾਂ ਵੀਜ਼ੇ ਦੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕੇਗਾ।

ਉਨ੍ਹਾਂ ਕਿਹਾ ਕਿ 1947 ਵਿਚ ਜੋ ਭੁੱਲ ਹੋਈ ਸੀ, ਉਸ ਦਾ ਪਛਤਾਵਾ ਹੈ। ਇਹ ਕੋਰੀਡੋਰ ਉਸ ਨੁਕਸਾਨ ਨੂੰ ਘੱਟ ਕਰਨ ਦਾ ਪ੍ਰਮਾਣਿਕ ਯਤਨ ਹੈ। ਸ੍ਰੀ ਮੋਦੀ ਨੇ ਕਿਹਾ ਕਿ ਕੇਂਦਰ ਸਰਕਾਰ 1984 ਵਿਚ ਸ਼ੁਰੂ ਹੋਏ ਅਨਿਆਂ ਦੇ ਦੌਰ ਨੂੰ ਨਿਆਂ ਤੱਕ ਪਹੁੰਚਾਉਣ ਵਿਚ ਜੁਟੀ ਹੋਈ ਹੈ। ਦਹਾਕਿਆਂ ਤਕ ਮਾਵਾਂ, ਭੈਣਾਂ, ਪੁੱਤ-ਧੀਆਂ ਨੇ ਜਿੰਨੇ ਹੰਝੂ ਵਹਾਏ ਹਨ, ਉਨ੍ਹਾਂ ਨੂੰ ਪੂੰਝਣ ਤੇ ਨਿਆਂ ਦਿਵਾਉਣ ਦਾ ਕੰਮ ਹੁਣ ਕਾਨੂੰਨ ਕਰੇਗਾ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਮਨਾਉਣ ਮਗਰੋਂ ਹੁਣ ਗੁਰੂ ਨਾਨਕ ਦੇਵ ਦੀ 550ਵੀਂ ਜੈਅੰਤੀ ਦੇ ਸਮਾਗਮਾਂ ਦੀਆਂ ਤਿਆਰੀਆਂ ਵੀ ਚੱਲ ਰਹੀਆਂ ਹਨ। ਸਾਡੀ ਸਰਕਾਰ ਨੂੰ ਇਨ੍ਹਾਂ ਪਵਿੱਤਰ ਮੌਕਿਆਂ ਨਾਲ ਜੁੜਨ ਦਾ ਸੁਭਾਗ ਮਿਲਿਆ ਹੈ। ਯਾਦਗਾਰੀ ਸਿੱਕਾ ਜਾਰੀ ਕਰਨ ਸਮੇਂ ਸ੍ਰੀ ਮੋਦੀ ਨਾਲ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰਨਾਂ ਨੇ ਵੀ ਸਮਾਗਮ 'ਚ ਹਾਜ਼ਰੀ ਭਰੀ।

# ਸਿੱਖ ਕਾਰਕੁਨਾਂ ਦੇ ਬਾਈਕਾਟ ਨੇ ਹਫਾ ਛੱਡੀਆਂ ਖੂਫੀਆ ਏਜੰਸੀਆਂ

**ਜਲੰਧਰ:** ਵਿਦੇਸ਼ਾਂ ਵਿਚ ਵੱਸਦੇ ਪਰਵਾਸੀ ਪੰਜਾਬੀਆਂ ਵੱਲੋਂ 26 ਜਨਵਰੀ ਨੂੰ ਮਨਾਏ ਜਾਂਦੇ ਗਣਤੰਤਰਤਾ ਦਿਵਸ ਦੇ ਬਾਈਕਾਟ ਕਰਨ ਦੇ ਦਿੱਤੇ ਸੱਦੇ ਨੂੰ ਹੁੰਗਾਰਾ ਮਿਲ ਰਿਹਾ ਹੈ। ਇੰਗਲੈਂਡ, ਕੈਨੇਡਾ, ਅਮਰੀਕਾ ਤੇ ਯੂਰਪ ਸਮੇਤ ਹੋਰ ਮੁਲਕਾਂ ਵਿਚ ਜਿਥੇ ਪੰਜਾਬੀ ਰਹਿੰਦੇ ਹਨ, ਉਥੋਂ ਵਿਰੋਧ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੇ ਮਨਾਂ ਵਿਚ ਵੱਧ ਰਹੀ ਬੇਗਾਨਗੀ ਦੀ ਭਾਵਨਾ ਨੂੰ ਦੇਖਦਿਆਂ ਭਾਰਤੀ ਸੂਹੀਆਂ ਏਜੰਸੀਆਂ ਚੁਕੰਨੀਆਂ ਹੋ ਗਈਆਂ ਹਨ।

ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਦਾਅਵਾ ਕੀਤਾ ਕਿ ਸਿੱਖਾਂ ਨਾਲ ਪੈਰ-ਪੈਰ 'ਤੇ ਬੇਇਨਸਾਫੀਆਂ ਹੋ ਰਹੀਆਂ ਹਨ। ਦੋਵਾਂ ਆਗੂਆਂ ਨੇ ਦੱਸਿਆ ਕਿ ਦਮਦਮੀ ਟਕਸਾਲ ਸਿੱਖ ਕੌਮ ਦੀ ਸਿਰਮੌਰ ਜਥੇਬੰਦੀ ਹੈ। ਉਸ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਦੇਸ਼ ਵਿਚ ਸੁਰੱਖਿਅਤ ਨਹੀਂ ਰਹੇ ਜਦਕਿ ਉਨ੍ਹਾਂ ਵਿਰੁੱਧ ਇਕ ਵੀ ਕੇਸ ਦਰਜ ਨਹੀਂ ਸੀ। ਜਦੋਂ ਉਨ੍ਹਾਂ ਕੋਈ ਅਪਰਾਧ ਹੀ ਨਹੀਂ ਕੀਤਾ ਸੀ ਤਾਂ ਫਿਰ ਸ੍ਰੀ ਦਰਬਾਰ ਸਾਹਿਬ 'ਤੇ ਟੈਂਕ ਲਿਜਾ ਕੇ ਹਮਲਾ ਕਰਨਾ ਇਕ ਡੂੰਘੀ ਸਾਜ਼ਿਸ ਸੀ। ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਉਨ੍ਹਾਂ ਬਾਰੇ ਬਣੀ ਜਾਂਚ ਕਮੇਟੀ ਦਾ ਜ਼ਿਕਰ ਕਰਦਿਆਂ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਇਹ ਰਿਪੋਰਟ ਅੱਜ ਤੱਕ ਜਨਤਕ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰਾਂ ਨੇ ਤਾਂ ਸਿੱਖਾਂ ਨੂੰ ਇਨਸਾਫ ਦੇਣਾ ਹੀ ਕੀ ਸੀ ਸਗੋਂ ਪੰਥ ਦਾ ਨਾਂ ਵਰਤ ਕੇ 15 ਸਾਲ ਤੱਕ ਪੰਜਾਬ 'ਤੇ ਰਾਜ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ ਵੀ ਦਿੱਲੀ ਸਰਕਾਰਾਂ ਦਾ ਹੱਥ ਠੋਕਾ ਬਣ ਕੇ ਹੀ ਨਿੱਜੀ ਲਾਭ ਲਏ। ਬਾਦਲਾਂ ਵੱਲੋਂ ਸਿੱਖ ਕੌਮ ਲਈ ਕੋਈ ਇਨਸਾਫ ਨਾ ਦੁਆਉਣ ਕਾਰਨ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਜ਼ਿਆਦਾ ਮਜ਼ਬੂਤ ਹੋਈ ਹੈ।

## ਕੇਜਰੀਵਾਲ ਦੀ ਧੀ ਨੂੰ ਜਾਨੋਂ ਮਾਰਨ ਦੀ ਧਮਕੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਧੀ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਬੀਤੀ ਨੌਂ ਜਨਵਰੀ ਨੂੰ ਮੁੱਖ ਮੰਤਰੀ ਦਫਤਰ ਧਮਕੀ ਭਰੀ ਈ-ਮੇਲ ਪ੍ਰਾਪਤ ਹੋਈ। ਇਸ ਮਗਰੋਂ ਪੁਲਿਸ ਨੇ ਕੇਜਰੀਵਾਲ ਦੀ ਧੀ ਨੂੰ ਵਿਸ਼ੇਸ਼ ਸੁਰੱਖਿਆ ਦੇ ਦਿੱਤੀ ਹੈ। ਮੁੱਖ ਮੰਤਰੀ ਦਫਤਰ ਵੱਲੋਂ ਧਮਕੀ ਭਰਿਆ ਈ-ਮੇਲ ਮਿਲਣ ਮਗਰੋਂ ਤੁਰਤ ਪੁਲਿਸ ਕਮਿਸ਼ਨਰ ਨੂੰ ਸੂਚਨਾ ਦਿੱਤੀ ਗਈ ਤੇ ਉਨ੍ਹਾਂ ਸਾਈਬਰ ਸੈੱਲ ਨੂੰ ਇਸ ਦੀ ਜਾਂਚ ਸੌਂਪ ਦਿੱਤੀ।

## ਅਵਤਾਰ ਸਿੰਘ 'ਤਾਰੀ ਜੈਤੋ ਵਾਲੇ' ਨਹੀਂ ਰਹੇ

**ਜੈਤੋ:** ਇਲਾਕੇ ਦੀ ਨਾਮਵਰ ਸ਼ਖ਼ਸੀਅਤ ਤੇ ਉਘੇ ਗਾਇਕਾਂ ਦੇ ਚਹੇਤਾ ਅਵਤਾਰ ਸਿੰਘ 'ਤਾਰੀ ਜੈਤੋ ਵਾਲੇ' (ਲਾਊਡ ਸਪੀਕਰਾਂ ਵਾਲਾ) ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਪਿਛਲੇ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਜੈਤੋ-ਕੋਟਕਪੂਰਾ ਰੋਡ ਸਥਿਤ ਰਾਮ ਬਾਗ 'ਚ ਕਰ ਦਿੱਤਾ ਗਿਆ।

ਦੱਸਿਆ ਜਾਂਦਾ ਹੈ ਕਿ ਤਾਰੀ ਆਪਣੇ ਲਾਊਡ ਸਪੀਰਕ ਵਿਆਹ ਸ਼ਾਦੀਆਂ ਅਤੇ ਲੱਗਣ ਵਾਲੇ ਅਖਾੜਿਆਂ ਵਿਚ ਲੈ ਕੇ ਜਾਂਦੇ ਸਨ ਅਤੇ ਅਖਾੜਿਆਂ ਦੌਰਾਨ ਉਨ੍ਹਾਂ ਦੀ ਚੋਟੀ ਦੇ ਗੀਤਕਾਰਾਂ ਨਾਲ ਜਾਣ-ਪਛਾਣ ਹੋ ਗਈ। ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ, ਦੀਦਾਰ ਸੰਧੂ, ਦੇਵ ਥਰੀਕਿਆ ਵਾਲਾ, ਬੰਤ ਰਾਮ ਪੁਰਵਾਲਾ, ਰਾਜਨ ਰਾਏਕੋਟੀਆ, ਗਿੱਲ ਨੱਥੇਹੇੜੀ, ਗੁਰਮੁੱਖ ਸਿੰਘ ਆਜ਼ਾਦ ਆਦਿ ਤੋਂ ਇਲਾਵਾ ਗੀਤਕਾਰ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ, ਮੁਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਸਿੰਘ ਛਿੰਦਰ, ਦੀਦਾਰ ਸੰਧੂ, ਸਰਦੂਲ ਸਿਕੰਦਰ-ਅਮਰ ਨੂਰੀ, ਕਰਤਾਰ ਰਮਲਾ, ਸੁਖਵਿੰਦਰ ਸੁੱਖੀ ਤੇ ਸੁਨੇਹ ਲਤਾ ਆਦਿ ਗਾਇਕਾਂ ਨੇ ਆਪਣੇ ਗੀਤਾਂ ਵਿਚ 'ਜੈਤੋ ਵਾਲੇ ਤਾਰੀ' ਨੂੰ ਥਾਂ ਦੇ ਕੇ ਸਨਮਾਨ ਦਿੱਤਾ, ਜਿਸ ਕਰ ਕੇ ਹੀ 'ਜੈਤੋ ਵਾਲੇ ਤਾਰੀ' ਦਾ ਨਾਂ ਮਸ਼ਹੂਰ ਹੋਇਆ।


## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ ਵਾਸ਼ਰ ਤੇ ਪ੍ਰੋਫੈਸ਼ਨਲੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

3-4


## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਮੈਂਬਰਸ਼ਿਪ ਲੈਣ ਦਾ ਸੱਦਾ

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ, ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਅਤੇ ਮੀਡੀਆ ਚੇਅਰਮੈਨ ਸ. ਸੁਖਜਿੰਦਰ ਸਿੰਘ ਨਿੱਝਰ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ 11 ਜਨਵਰੀ ਤੋਂ 10 ਫਰਵਰੀ ਤਕ ਖੁੱਲ੍ਹ ਗਈ ਹੈ। ਮੈਂਬਰਸ਼ਿਪ ਬਣਾਉਣ ਦਾ ਸਮਾਂ ਸ਼ੁਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਦੁਪਹਿਰ ਇਕ ਵਜੇ ਤੋਂ ਰਾਤ 10 ਵਜੇ ਤਕ ਹੈ।

ਸ. ਢਿੱਲੋਂ ਨੇ ਕਿਹਾ ਕਿ ਜਿਨ੍ਹਾਂ ਸੰਗਤ ਮੈਂਬਰਾਂ ਨੇ ਮੈਂਬਰਸ਼ਿਪ ਨਹੀਂ ਲਈ, ਉਹ ਗੁਰਦੁਆਰਾ ਸਾਹਿਬ ਵਿਚ ਆਪਣਾ ਸ਼ਨਾਖਤੀ ਕਾਰਡ ਅਤੇ ਘਰ ਦਾ ਪਤਾ (ਐਡਰੈੱਸ) ਲਿਆ ਕੇ ਮੈਂਬਰਸ਼ਿਪ ਲੈ ਸਕਦੇ ਹਨ। ਸੰਵਿਧਾਨ ਮੁਤਾਬਕ ਸਿਰਫ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਸੰਗਤ ਹੀ ਮੈਂਬਰਸ਼ਿਪ ਲੈ ਸਕਦੀ ਹੈ। ਵਧੇਰੇ ਜਾਣਕਾਰੀ ਲਈ ਮੁੱਖ ਸੇਵਾਦਾਰ ਨਾਲ ਫੋਨ: 347-324-2405 ਜਾਂ ਦਫਤਰ ਦੇ ਫੋਨ: 718-846-3333 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਵਿਦਿਆਰਥੀਆਂ ਨੂੰ ਹੁਣ ਨਹੀਂ ਲੱਗੇਗਾ ਗਣਿਤ ਤੋਂ ਡਰ

**ਨਵੀਂ ਦਿੱਲੀ:** ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਮਾਰਚ 2020 ਤੋਂ ਦਸਵੀਂ ਦੇ ਵਿਦਿਆਰਥੀਆਂ ਦੀ ਗਣਿਤ ਦੀ ਦੋ ਪੱਧਰੀ ਪ੍ਰੀਖਿਆ ਲਏਗਾ। ਇਸ ਨਾਲ ਵੱਖ-ਵੱਖ ਦਰਜੇ ਦੇ ਵਿਦਿਆਰਥੀਆਂ ਦਾ ਨਿਖੇੜਾ ਹੋ ਸਕੇਗਾ।

ਸੀ.ਬੀ.ਐਸ.ਈ. ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਇਕ ਪ੍ਰੀਖਿਆ 'ਗਣਿਤ-ਸਟੈਂਡਰਡ' ਪੱਧਰ ਦੀ ਹੋਵੇਗੀ ਦੇ ਦੂਜੀ 'ਗਣਿਤ-ਬੇਸਿਕ' ਪੱਧਰ ਦੇ ਹੋਵੇਗੀ, ਜੋ ਕਿ ਥੋੜ੍ਹਾ ਸੌਖਾ ਹੋਵੇਗਾ। ਹਾਲਾਂਕਿ ਸਿਲੇਬਸ ਪਹਿਲਾਂ ਵਾਂਗ ਹੀ ਰਹੇਗਾ। ਬੋਰਡ ਮੁਤਾਬਕ ਗਣਿਤ ਦੀ ਪ੍ਰੀਖਿਆ ਵੇਲੇ ਵਿਦਿਆਰਥੀ ਕਾਫੀ ਤਣਾਅ ਵਿਚ ਰਹਿੰਦੇ ਹਨ। ਇਸ ਲਈ ਵਿਸ਼ੇ ਦੇ ਇਮਤਿਹਾਨ ਨੂੰ ਵੰਡਿਆ ਗਿਆ ਹੈ।

## ਗੁਜਰਾਤ ਮੁਕਾਬਲੇ: ਪੁਲਿਸ ਅਧਿਕਾਰੀਆਂ ਖਿਲਾਫ ਕੇਸ ਚਲਾਉਣ ਦੀ ਸਿਫਾਰਸ਼

**ਨਵੀਂ ਦਿੱਲੀ:** ਗੁਜਰਾਤ ਵਿਚ 2002 ਤੋਂ 2006 ਵਿਚਾਲੇ ਝੂਠੇ ਮੁਕਾਬਲਿਆਂ 'ਚ ਕਈ ਮਾਮਲਿਆਂ ਦੀ ਜਾਂਚ ਕਰਨ ਵਾਲੀ ਜਸਟਿਸ ਐਚ.ਐਚ. ਬੇਦੀ ਕਮੇਟੀ ਨੇ 17 ਮਾਮਲਿਆਂ 'ਚ ਤਿੰਨ ਪੁਲਿਸ ਅਧਿਕਾਰੀਆਂ ਖਿਲਾਫ ਕੇਸ ਚਲਾਉਣ ਦੀ ਸਿਫਾਰਸ਼ ਕੀਤੀ ਹੈ। ਸੁਪਰੀਮ ਕੋਰਟ ਵਿਚ ਦਾਇਰ ਕੀਤੀ ਅੰਤਰਿਮ ਰਿਪੋਰਟ 'ਚ ਜਸਟਿਸ ਬੇਦੀ ਨੇ ਕਿਹਾ ਕਿ ਸਮੀਰ ਖਾਨ, ਕਾਸਮ ਜ਼ਫਰ ਤੇ ਹਾਜੀ ਹਾਜੀ ਇਸਮਾਈਲ ਫਰਜ਼ੀ ਮੁਕਾਬਲਿਆਂ 'ਚ ਮਾਰੇ ਗਏ ਹਨ। ਕਮੇਟੀ ਨੇ ਕੁੱਲ ਨੌਂ ਪੁਲੀਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਹੈ।

# ਪਾਕਿਸਤਾਨ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ

**ਪਿਸ਼ਾਵਰ:** ਪਾਕਿਸਤਾਨ ਵਿਚ ਸਿੱਖਾਂ ਨੇ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਦਾ 352ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਭਾਰੀ ਸੁਰੱਖਿਆ ਹੇਠ ਇਥੇ ਗੁਰਦੁਆਰਾ ਭਾਈ ਜੋਗਾ ਸਿੰਘ 'ਚ ਪ੍ਰਕਾਸ਼ ਪੁਰਬ ਸਬੰਧੀ ਤਿੰਨ ਦਿਨਾਂ ਤੱਕ ਚੱਲੇ ਪ੍ਰੋਗਰਾਮ ਦੀ ਸਮਾਪਤੀ ਹੋਈ।

ਖ਼ੈਬਰ ਪਖ਼ਤੂਨਖਵਾ ਸੂਬੇ ਦੇ ਔਕਾਫ, ਧਾਰਮਿਕ ਅਤੇ ਘੱਟ ਗਿਣਤੀ ਮਾਮਲਿਆਂ ਬਾਰੇ ਵਿਭਾਗ ਵੱਲੋਂ ਧਾਰਮਿਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ ਸੀ। ਪੰਜ ਹਜ਼ਾਰ ਤੋਂ ਵੱਧ ਸਿੱਖ ਸ਼ਰਧਾਲੂਆਂ ਨੇ ਨਗਰ ਕੀਰਤਨ 'ਚ ਹਿੱਸਾ ਲਿਆ।

ਨਗਰ ਕੀਰਤਨ ਦੌਰਾਨ ਗਤਕੇ ਦੇ ਜੌਹਰ ਦਿਖਾਏ ਗਏ। ਗੁਰਪੁਰਬ ਸਬੰਧੀ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਇਸ ਸਮੇਂ ਸੂਬਾ ਵਿਧਾਨ ਸਭਾ ਦੇ ਮੈਂਬਰ ਰਵੀ ਕੁਮਾਰ ਨੇ ਕਿਹਾ ਕਿ ਤਿੰਨ ਦਿਨੀਂ ਸਮਾਗਮਾਂ ਨਾਲ ਘੱਟ ਗਿਣਤੀਆਂ ਦੇ ਧਰਮ ਨੂੰ ਸਮਝਣ 'ਚ ਸਹਾਇਤਾ ਮਿਲੇਗੀ। ਇਸ ਦੌਰਾਨ ਉਨ੍ਹਾਂ ਸੋਰਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਿਨ੍ਹਾਂ ਦੀ 2016 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

## ਪੰਜਾਬੀ ਕਵਿੱਤਰੀ ਬੀਬੀ ਜੌਹਰੀ ਦਾ ਦੇਹਾਂਤ

**ਪਟਿਆਲਾ:** ਪੰਜਾਬੀ ਕਵਿੱਤਰੀ ਬੀਬੀ ਜੌਹਰੀ (79 ਸਾਲ) ਪਟਿਆਲਾ ਦਾ ਦੇਹਾਂਤ ਹੋ ਗਿਆ ਹੈ। ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਨੁਸਾਰ ਬੀਬੀ ਜੌਹਰੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਅੱਜ-ਕੱਲ੍ਹ ਆਪਣੇ ਬੇਟੇ ਸੰਜੀਵ ਕੁਮਾਰ ਕੋਲ ਅਰਬਨ ਅਸਟੇਟ ਪਟਿਆਲਾ 'ਚ ਰਹਿ ਰਹੇ ਸਨ। ਦੋ ਮਹੀਨੇ ਪਹਿਲਾਂ ਹੀ ਉਨ੍ਹਾਂ ਨੂੰ 13ਵੇਂ ਰਾਜਿੰਦਰ ਕੌਰ ਵੰਤਾ ਸਾਹਿਤਕ ਪੁਰਸਕਾਰ-2018 ਨਾਲ ਸਨਮਾਨਿਆ ਗਿਆ ਸੀ।

ਅਨਪੜ੍ਹ ਹੋਣ ਦੇ ਬਾਵਜੂਦ ਉਨ੍ਹਾਂ ਆਪਣੀ ਮਿਹਨਤ ਅਤੇ ਤਜਰਬੇ ਸਦਕਾ ਪੰਜਾਬੀ ਸਾਹਿਤ ਦੀ ਝੋਲੀ ਵਿਚ ਚਾਰ ਕਾਵਿ ਸੰਗ੍ਰਿਹ 'ਭੁੱਲੀ ਵਿਸਰੀ ਯਾਦ', 'ਮੇਰੇ ਦੁੱਖਾਂ ਦੀ ਕਹਾਣੀ', 'ਬੀਬਾ ਜੀ' ਅਤੇ 'ਮੈਂ ਸੋਹਣੀ ਕੁੜੀ ਪੰਜਾਬ ਦੀ' ਪਾਈਆਂ। ਉਨ੍ਹਾਂ ਦੇ ਸਾਹਿਤਕ ਯੋਗਦਾਨ ਨੂੰ ਮੁੱਖ ਰੱਖਦਿਆਂ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਉਨ੍ਹਾਂ ਨੂੰ ਮਾਣ ਸਨਮਾਨ ਦੇ ਕੇ ਨਿਵਾਜਿਆ।

## ਪੰਜਾਬ ਸਰਕਾਰ ਵੱਲੋਂ ਸਤੀਸ਼ ਕੌਲ ਨੂੰ 5 ਲੱਖ ਦੀ ਮਦਦ

**ਲੁਧਿਆਣਾ:** ਪੰਜਾਬੀ ਸਮੇਤ ਕਈ ਭਾਸ਼ਾਵਾਂ ਵਿਚ ਅਦਾਕਾਰੀ ਦੇ ਜੌਹਰ ਦਿਖਾ ਚੁੱਕੇ ਸਤੀਸ਼ ਕੌਲ ਨੂੰ ਪੰਜਾਬ ਸਰਕਾਰ ਨੇ 5 ਲੱਖ ਰੁਪਏ ਦੀ ਮਾਲੀ ਮਦਦ ਭੇਜੀ ਹੈ। ਇਹ ਸਹਾਇਤਾ ਰਾਸ਼ੀ ਲੁਧਿਆਣਾ (ਪੱਛਮੀ) ਦੇ ਐਸ.ਡੀ.ਐਮ. ਸਾਗਰ ਸੇਤੀਆ ਨੇ ਸਤੀਸ਼ ਕੌਲ ਨੂੰ ਉਨ੍ਹਾਂ ਦੇ ਘਰ ਜਾ ਕੇ ਖੁਦ ਭੇਟ ਕੀਤੀ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਤੀਸ਼ ਕੌਲ ਬਾਰੇ ਮੀਡੀਆ ਵਿਚ ਛਪੀਆਂ ਖ਼ਬਰਾਂ ਦਾ ਤੁਰਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਅਗਰਵਾਲ ਨੂੰ ਹਦਾਇਤ ਕੀਤੀ ਸੀ ਕਿ ਉਹ ਇਸ ਅਦਾਕਾਰ ਦੀਆਂ ਲੋੜਾਂ ਅਤੇ ਮੰਗਾਂ ਬਾਰੇ ਪੰਜਾਬ ਸਰਕਾਰ ਨੂੰ ਤੁਰਤ ਰਿਪੋਰਟ ਭੇਜਣ।


## ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ: ਸੰਨੀ*

ਫੋਨ: 608-630-0287

3-6



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



**Michigan Truck Driving School**

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai **Cell:734-644-1010** Office:734-747-4298

# ਸਰਕਾਰ ਨੇ ਵਾਅਦੇ ਤੋਂ ਭੱਜਣ ਦੀਆਂ ਵਿਉਂਤਾਂ ਗੁੰਦਣ 'ਤੇ ਲਾਇਆ ਜ਼ੋਰ

## ਕਿਸਾਨ ਖੁਦਕੁਸ਼ੀਆਂ

**ਚੰਡੀਗੜ੍ਹ:** ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰ ਗਏ ਕਿਸਾਨ-ਮਜ਼ਦੂਰ ਪਰਿਵਾਰਾਂ ਨੂੰ ਰਾਹਤ ਦੇਣ ਲਈ ਸਰਕਾਰ ਨੇ ਨੀਤੀ ਤਾਂ ਬਣਾਈ, ਪਰ ਇਸ ਤੋਂ ਬਾਅਦ ਰਾਹਤ ਨਾ ਦੇਣ ਦੀਆਂ ਵਿਉਂਤਾਂ ਗੁੰਦਣ 'ਤੇ ਹੀ ਸਾਰਾ ਧਿਆਨ



ਕੇਂਦਰਿਤ ਕਰ ਦਿੱਤਾ। ਜੁਲਾਈ 2015 ਵਿਚ ਬਣੀ ਨੀਤੀ ਤੋਂ ਬਾਅਦ ਜਿੰਨੇ ਵੀ ਫੈਸਲੇ ਹੋਏ, ਸਾਰੇ ਰਾਹਤ ਦੇ ਰਾਹ ਵਿਚ ਰੋੜੇ ਅਟਕਾਉਣ ਵਾਲੇ ਹਨ। ਜੇਕਰ ਖੁਦਕੁਸ਼ੀਆਂ ਦੇ ਸਰਕਾਰੀ ਅੰਕੜੇ 'ਤੇ ਨਜ਼ਰ ਮਾਰੀਏ ਤਾਂ 50 ਫੀਸਦੀ ਤੋਂ ਵੱਧ ਖੁਦਕੁਸ਼ੀ ਕੇਸ ਰੱਦ ਹੋ ਰਹੇ ਹਨ।

ਜ਼ਿਲ੍ਹਾ ਖੇਤੀਬਾੜੀ ਦਫਤਰ ਅਨੁਸਾਰ ਸਾਲ 2017-18 ਦੌਰਾਨ ਖੁਦਕੁਸ਼ੀਆਂ ਦੇ ਕੁੱਲ 97 ਕੇਸ ਆਏ, ਜਿਨ੍ਹਾਂ ਵਿਚੋਂ 41 ਕੇਸ ਹੀ ਪਾਸ ਹੋਏ ਜਦੋਂ ਕਿ 56 ਰੱਦ ਹੋ ਗਏ। ਸਾਲ 2018-19 ਦੌਰਾਨ ਕੁੱਲ 206 ਕੇਸ ਆਏ, ਜਿਨ੍ਹਾਂ 'ਚੋਂ ਸਿਰਫ 57 ਹੀ ਪਾਸ ਹੋਏ ਅਤੇ 88 ਕੇਸ ਰੱਦ ਹੋ ਗਏ ਜਦੋਂਕਿ 61 ਕੇਸਾਂ ਦੀ ਪੜਤਾਲ ਚੱਲ ਰਹੀ ਹੈ। ਉਧਰ, ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਦਾਅਵਾ ਹੈ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹੁਣ ਤੱਕ 900 ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਹੋ ਚੁੱਕੀਆਂ ਹਨ। ਤਾਜ਼ਾ ਫੈਸਲਿਆਂ ਨੇ ਤਾਂ ਮਜ਼ਦੂਰ ਪਰਿਵਾਰਾਂ ਨੂੰ ਰਾਹਤ ਦੇਣ ਦਾ ਰਾਹ ਇਕ ਤਰ੍ਹਾਂ ਬੰਦ ਹੀ ਕਰ ਦਿੱਤਾ ਹੈ ਅਤੇ ਕਿਸਾਨਾਂ-ਮਜ਼ਦੂਰਾਂ ਦੇ ਜਵਾਨ ਪੁੱਤਾਂ ਦੇ ਜਹਾਨੋਂ ਚਲੇ ਜਾਣ ਉਤੇ ਵੀ ਰਾਹਤ ਨਹੀਂ ਮਿਲੇਗੀ।

ਪੰਜਾਬ ਦੇ ਮਾਲ, ਪੁਨਰਵਾਸ ਤੇ ਆਫਤ ਪ੍ਰਬੰਧਨ ਵਿਭਾਗ ਵੱਲੋਂ ਖੇਤੀਬਾੜੀ ਵਿਭਾਗ ਦੀ ਸਹਿਮਤੀ ਨਾਲ ਜਾਰੀ ਪੱਤਰ ਅਨੁਸਾਰ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਸਿਰਫ ਸੰਸਥਾਗਤ ਭਾਵ ਬੈਂਕਾਂ ਦੇ ਕਰਜ਼ੇ ਨੂੰ ਹੀ ਆਧਾਰ ਮੰਨਿਆ ਜਾਵੇਗਾ, ਇਸ ਦਾ ਸਿੱਧਾ ਅਰਥ ਹੈ ਕਿ ਬਦਤਰ ਜੀਵਨ ਜਿਉਂ ਰਹੇ ਤੇ ਆਪਣੇ ਪਰਿਵਾਰਾਂ ਦੇ ਕਮਾਊ ਜੀਅ ਗਵਾਉਣ ਵਾਲੇ ਮਜ਼ਦੂਰ ਪਰਿਵਾਰਾਂ ਨੂੰ ਵੀ ਰਾਹਤ ਨਹੀਂ ਮਿਲੇਗੀ। ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿਚ ਹੋਏ ਸਰਵੇਖਣ ਦੌਰਾਨ ਤੱਥ ਸਾਹਮਣੇ ਆਏ ਸਨ ਕਿ ਮਜ਼ਦੂਰਾਂ ਦੇ ਕੁੱਲ ਕਰਜ਼ੇ ਦਾ ਸਿਰਫ ਅੱਠ ਫੀਸਦੀ ਹਿੱਸਾ ਹੀ ਸੰਸਥਾਗਤ ਹੈ। ਮਜ਼ਦੂਰ ਪਰਿਵਾਰਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਘੱਟ ਹੋਣ ਅਤੇ ਬੈਂਕਾਂ ਕੋਲ ਗਹਿਣੇ ਰੱਖਣ ਲਈ ਜਾਇਦਾਦ ਨਾ ਹੋਣ ਕਰ ਕੇ ਉਨ੍ਹਾਂ ਨੂੰ ਕਰਜ਼ਾ ਮਿਲਦਾ ਹੀ ਨਹੀਂ।

ਪੰਜਾਬ ਦੀ ਹਕੀਕਤ ਦੇਖੀ ਜਾਵੇ ਤਾਂ ਕਿਸਾਨ ਨਾਲ ਸੀਰੀ ਜਾਂ ਪਾਲੀ ਦੇ ਤੌਰ 'ਤੇ ਕੰਮ ਕਰਨ ਵਾਲੇ ਮਜ਼ਦੂਰ ਦੀਆਂ ਕਰਜ਼ੇ ਦੀਆਂ ਲੋੜਾਂ ਜ਼ਿਆਦਾਤਰ ਕਿਸਾਨ ਹੀ ਪੂਰੀਆਂ ਕਰਦਾ ਹੈ, ਭਾਵੇਂ ਉਨ੍ਹਾਂ ਵਿਚੋਂ ਵੀ ਬਹੁਤੇ ਅੱਗੋਂ ਕਰਜ਼ਾ ਲੈ ਕੇ ਇਹ ਜ਼ਰੂਰਤਾਂ ਪੂਰੀਆਂ ਕਰਦੇ ਹਨ। ਮੁਢਲੀ ਨੀਤੀ ਵਿਚ ਕਰਜ਼ਾ ਸਾਬਤ ਕਰਨ ਦਾ ਕਿਤੇ ਜ਼ਿਕਰ ਨਹੀਂ ਹੈ। ਡਿਪਟੀ ਕਮਿਸ਼ਨਰਾਂ ਵੱਲੋਂ ਮੰਗੇ ਜਾਂਦੇ ਸੁਝਾਵਾਂ ਤਹਿਤ ਚੰਡੀਗੜ੍ਹ ਵਿਚ ਬੈਠੀ ਅਫਸਰਸ਼ਾਹੀ ਨੇ ਪਹਿਲਾਂ ਕਰਜ਼ਾ ਸਾਬਤ ਕਰਨ ਦੀ ਸ਼ਰਤ ਰੱਖੀ, ਹੁਣ ਸਿਰਫ ਸੰਸਥਾਗਤ ਕਰਜ਼ੇ ਨੂੰ ਹੀ ਆਧਾਰ ਬਣਾਉਣ ਦਾ ਨਵਾਂ ਫਰਮਾਨ ਜਾਰੀ ਕਰ ਦਿੱਤਾ। ਆਪਣੀ ਹੀ ਨੀਤੀ ਖਿਲਾਫ ਜਾਂਦਿਆਂ ਇਕ ਹੋਰ ਸ਼ਰਤ ਲਾ ਦਿੱਤੀ ਹੈ ਕਿ ਜਿਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਖ਼ੁਦ ਕਰਜ਼ਾ ਲੈਣ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਜਾਂਦੀ ਹੈ, ਸਿਰਫ ਉਨ੍ਹਾਂ ਦੇ ਪੀੜਤ ਪਰਿਵਾਰ ਹੀ ਕਰਜ਼ਾ ਰਾਹਤ ਦੇ ਦਾਇਰੇ ਵਿਚ ਆਉਣਗੇ। ਇਹ ਹਕੀਕਤ ਵੀ ਜੱਗ ਜ਼ਾਹਿਰ ਹੈ ਕਿ ਥੋੜ੍ਹੀ ਜ਼ਮੀਨ ਵਾਲੇ ਮਾਪੇ ਆਪਣੇ ਜਿਊਂਦੇ ਜੀਅ ਜ਼ਮੀਨਾਂ ਔਲਾਦ ਦੇ ਨਾਮ ਨਹੀਂ ਕਰਵਾਉਂਦੇ।

ਪਰਿਵਾਰ ਕਰਜ਼ੇ ਦੇ ਬੋਝ ਹੇਠ ਹੋਣ ਕਰ ਕੇ ਸਮੁੱਚਾ ਪਰਿਵਾਰ ਹੀ ਦਿਮਾਗੀ ਦਬਾਅ ਹੇਠ ਹੁੰਦਾ ਹੈ। ਮਾਨਸਾ ਜ਼ਿਲ੍ਹੇ ਦੇ ਸਿਰਸੀਵਾਲਾ ਦੇ ਨਿਰਮਲ ਸਿੰਘ ਦਾ 23 ਸਾਲਾ ਪੁੱਤ ਖ਼ੁਦਕੁਸ਼ੀ ਕਰ ਗਿਆ ਸੀ ਤਾਂ ਅਜਿਹੀ ਢੁੱਚਰ ਨਾਲ ਹੀ ਰਾਹਤ ਨਹੀਂ ਦਿੱਤੀ, ਪਰ ਬਾਅਦ ਵਿਚ ਦਬਾਅ ਕਾਰਨ ਰਾਸ਼ੀ ਦੇ ਦਿੱਤੀ ਗਈ। ਇਸ ਨੀਤੀ ਵਿਚ ਪਰਿਵਾਰ ਦਾ ਜ਼ਿਕਰ ਹੈ, ਵਿਅਕਤੀ ਦਾ ਨਹੀਂ। ਪੰਜਾਬ ਸਰਕਾਰ ਦੀ 23 ਜੁਲਾਈ 2015 ਨੂੰ ਜਾਰੀ ਨੀਤੀ ਮੁਤਾਬਕ ਜ਼ਿਲ੍ਹਾ ਪੱਧਰ ਉੱਤੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣੀ ਕਮੇਟੀ ਨੂੰ ਸਮੁੱਚੇ ਹਾਲਾਤ ਨੂੰ ਦੇਖ ਕੇ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਕਮੇਟੀ ਵਿਚ ਐਸ.ਐਸ.ਪੀ., ਸਿਵਲ ਸਰਜਨ, ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਤੋਂ ਇਲਾਵਾ ਪੀੜਤ ਪਰਿਵਾਰ ਦੇ ਪਿੰਡ ਦਾ ਸਰਪੰਚ ਵੀ ਸ਼ਾਮਲ ਹੁੰਦਾ ਹੈ। ਕਮੇਟੀਆਂ ਕੋਲ ਪੀੜਤ ਪਰਿਵਾਰ ਨੇ ਖ਼ੁਦਕੁਸ਼ੀ ਤੋਂ ਤਿੰਨ ਮਹੀਨੇ ਦੇ ਅੰਦਰ ਅਰਜ਼ੀ ਦੇਣੀ ਹੁੰਦੀ ਹੈ। ਅੱਗੋਂ ਕਮੇਟੀ ਨੇ ਮਹੀਨੇ ਅੰਦਰ ਇਸ ਉੱਤੇ ਫੈਸਲਾ ਕਰਨਾ ਹੁੰਦਾ ਹੈ।

### 2017 ਤੋਂ ਬਾਅਦ ਖ਼ੁਦਕੁਸ਼ੀਆਂ ਦਾ ਰੁਝਾਨ ਹੋਰ ਵਧਿਆ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਾਲ 2000 ਤੋਂ 2015-16 ਤੱਕ ਕਰਵਾਏ ਸਰਵੇਖਣ ਅਨੁਸਾਰ ਸੂਬੇ ਵਿਚ 16606 ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਰੋਜ਼ਾਨਾ ਤਿੰਨ ਕਿਸਾਨ ਜਾਂ ਮਜ਼ਦੂਰਾਂ ਵੱਲੋਂ ਕੀਤੀ ਜਾ ਰਹੀ ਖ਼ੁਦਕੁਸ਼ੀ ਦੀ ਪੀੜ ਵੀ ਅਫਸਰਸ਼ਾਹੀ ਦੀ ਸੋਚ ਨੂੰ ਤਕਨੀਕੀ ਘੁਣਤਰਬਾਜ਼ੀ ਤੋਂ ਅੱਗੇ ਨਹੀਂ ਲਿਜਾ ਸਕੀ। 2017 ਤੋਂ ਬਾਅਦ ਖ਼ੁਦਕੁਸ਼ੀਆਂ ਦਾ ਰੁਝਾਨ ਹੋਰ ਵਧਿਆ ਹੈ, ਪਰ ਜੇਕਰ ਪੁਰਾਣੇ ਹੀ ਤੱਥਾਂ ਨੂੰ ਆਧਾਰ ਮੰਨ ਲਿਆ ਜਾਵੇ ਤਾਂ ਦੋ ਹਜ਼ਾਰ ਤੋਂ ਵੱਧ ਹੋਰ ਖ਼ੁਦਕੁਸ਼ੀਆਂ ਹੋ ਚੁੱਕੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਧਰਵਾਸਾ ਦਿੱਤਾ ਸੀ ਤੇ 19 ਜੂਨ 2017 ਨੂੰ ਵਿਧਾਨ ਸਭਾ ਵਿਚ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਭਰੋਸਾ ਦਿਵਾਇਆ ਸੀ, ਜਿਸ ਉਤੇ ਅਜੇ ਤੱਕ ਅਮਲ ਨਹੀਂ ਹੋਇਆ। ਵਿਧਾਨ ਸਭਾ ਕਮੇਟੀ ਨੇ ਜੋ ਵੀ ਰਿਪੋਰਟ ਦਿੱਤੀ, ਇਸ ਉਤੇ ਸਦਨ ਵਿਚ ਚਰਚਾ ਤੱਕ ਨਹੀਂ ਕੀਤੀ ਗਈ।

# ਫਸਲ ਬੀਮਾ ਯੋਜਨਾ ਨੇ ਕਿਸਾਨਾਂ ਦੀ ਥਾਂ ਪੂੰਜੀਪਤੀਆਂ ਦੇ ਕੀਤੇ ਵਾਰੇ ਨਿਆਰੇ

**ਚੰਡੀਗੜ੍ਹ:** ਦੇਸ਼ ਦੇ ਸਭ ਤੋਂ ਵੱਡੇ ਪੂੰਜੀਪਤੀ ਅੰਬਾਨੀ ਦੀ ਬੀਮਾ ਕੰਪਨੀ ਸਮੇਤ ਦੇਸ਼ ਦੇ ਅਮੀਰਾਂ ਦੀਆਂ ਕੰਪਨੀਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਸਲ ਬੀਮਾ ਯੋਜਨਾ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਸਾਬਤ ਹੋਈ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਰਿਲਾਇੰਸ, ਬਜਾਜ ਸਮੇਤ ਹੋਰਨਾਂ ਸਰਕਾਰੀ ਅਤੇ ਗੈਰ ਸਰਕਾਰੀ ਕੰਪਨੀਆਂ ਨੇ 16702 ਹਜ਼ਾਰ ਕਰੋੜ ਰੁਪਏ ਕਮਾਏ ਹਨ।

ਆਰ.ਟੀ.ਆਈ. ਕਾਰਕੁਨ ਦਿਨੇਸ਼ ਚੱਢਾ ਵੱਲੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ ਪਿਛਲੇ ਡੇਢ ਕੁ ਵਰ੍ਹੇ ਦੌਰਾਨ ਹੀ ਅੰਬਾਨੀਆਂ ਤੇ ਬਜਾਜ ਦੀ ਕੰਪਨੀ ਸਮੇਤ ਹੋਰਨਾਂ ਕੰਪਨੀਆਂ ਨੇ ਮੋਟਾ ਮੁਨਾਫਾ ਕਮਾਇਆ ਜਦੋਂ ਕਿ ਕਿਸਾਨਾਂ ਨੂੰ ਮੁਆਵਜ਼ੇ ਦੇ ਰੂਪ ਵਿਚ ਬਹੁਤ ਘੱਟ ਰਾਸ਼ੀ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿੱਤੀ ਵਰ੍ਹੇ 2016-17 ਵਿਚ ਇਸ ਯੋਜਨਾ ਤਹਿਤ ਕੰਮ ਕਰ ਰਹੀਆਂ ਵੱਖ-ਵੱਖ ਕੰਪਨੀਆਂ ਨੇ 22,362.11 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਜਦਕਿ 2016-17 ਵਿਚ ਇਨ੍ਹਾਂ ਕੰਪਨੀਆਂ ਨੇ 15,902.47 ਕਰੋੜ ਰੁਪਏ ਦੇ ਕਲੇਮ ਕਿਸਾਨਾਂ ਨੂੰ ਅਦਾ ਕੀਤੇ ਇਸ ਤਰ੍ਹਾਂ 2016-17 'ਚ ਕੰਪਨੀਆਂ ਨੇ ਇਸ ਯੋਜਨਾ ਵਿਚੋਂ 6702.75 ਕਰੋੜ ਰੁਪਏ ਦੀ ਕਮਾਈ ਕੀਤੀ। ਆਰ.ਟੀ.ਆਈ. ਦੀ ਸੂਚਨਾ ਮਿਲਣ ਤੱਕ ਵਿੱਤੀ ਵਰ੍ਹੇ 2017-18 ਵਿਚ ਵੀ ਕੰਪਨੀਆਂ ਲਗਭਗ 10 ਹਜ਼ਾਰ ਕਰੋੜ ਰੁਪਏ ਦੇ ਵਾਧੇ 'ਚ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 2017-18 ਵਿਚ ਕੰਪਨੀਆਂ ਨੇ ਕੁੱਲ 25045. 87 ਕਰੋੜ ਰੁਪਏ ਦਾ ਪ੍ਰੀਮੀਅਮ ਇਕੱਠਾ ਕੀਤਾ, ਜਦਕਿ 15710.02 ਕਰੋੜ ਰੁਪਏ ਦੇ ਕਲੇਮ ਹੁਣ ਤੱਕ ਦਿੱਤੇ ਹਨ।

ਅੰਬਾਨੀਆਂ ਦੀ ਕੰਪਨੀ ਦੀ ਗੱਲ ਕਰੀਏ ਤਾਂ ਵਿੱਤੀ ਸਾਲ 2016-2017 ਦੌਰਾਨ ਰਿਲਾਇੰਸ ਜਨਰਲ ਇੰਸ਼ੋਰੈਂਸ ਨੇ 1173.88 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਸਨ। ਜਦਕਿ ਸਿਰਫ 432.61 ਕਰੋੜ ਰੁਪਏ ਦੇ ਕਲੇਮ (ਮੁਆਵਜ਼ਾ ਜਾਂ ਦਾਅਵਾ) ਅਦਾ ਕੀਤੇ ਅਤੇ 741.26 ਕਰੋੜ ਰੁਪਏ ਦੀ ਕਮਾਈ ਕੀਤੀ। ਬਜਾਜ ਅਲਾਇੰਸ ਜਨਰਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ 1479.33 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਅਤੇ 1116.96 ਕਰੋੜ ਰੁਪਏ ਦੇ ਕਲੇਮ ਅਦਾ ਕੀਤੇ, ਜਦਕਿ 362.36 (24.4 ਫੀਸਦੀ) ਕਰੋੜ ਰੁਪਏ ਕਮਾਏ।

ਚੋਲਾ ਮੰਡਲਮ ਐਮ.ਐਸ. ਜਨਰਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ 265.59 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਅਤੇ 138.95 ਕਰੋੜ ਰੁਪਏ ਦੇ ਕਲੇਮ ਅਦਾ ਕੀਤੇ, ਜਦਕਿ 126.64 (47.6 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਇਸ ਵਰ੍ਹੇ 'ਚ ਨਿੱਜੀ ਕੰਪਨੀਆਂ ਵਿਚੋਂ ਸਭ ਤੋਂ ਵੱਧ ਕਮਾਈ ਐਸ.ਬੀ.ਆਈ. ਜਨਰਲ ਨੇ 78.6 ਫੀਸਦੀ ਅਤੇ ਰਿਲਾਇੰਸ ਜਨਰਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ 63.14 ਫੀਸਦੀ ਦੀ ਕੀਤੀ। ਐਸ.ਬੀ.ਆਈ. ਨੇ ਇਸ ਵਰ੍ਹੇ 'ਚ 396.71 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਸਨ। ਜਦਕਿ ਸਿਰਫ 84.71 ਕਰੋੜ ਰੁਪਏ ਦੇ ਕਲੇਮ ਅਦਾ ਕੀਤੇ ਅਤੇ 311.99 ਕਰੋੜ ਰੁਪਏ ਦੀ ਕਮਾਈ ਕੀਤੀ। ਇਸ ਵਰ੍ਹੇ 'ਚ ਜਨਤਕ



ਕੰਪਨੀਆਂ ਵਿਚੋਂ ਸਭ ਤੋਂ ਵੱਧ ਕਮਾਈ ਨੈਸ਼ਨਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ 81.14 ਫੀਸਦੀ ਦੀ ਕੀਤੀ।

ਇਸ ਕੰਪਨੀ ਨੇ 234.76 ਕਰੋੜ ਰੁਪਏ ਦੇ ਪ੍ਰੀਮੀਅਮ ਇਕੱਠੇ ਕੀਤੇ ਸਨ। ਜਦਕਿ ਸਿਰਫ 44.25 ਕਰੋੜ ਰੁਪਏ ਕਲੇਮ ਅਦਾ ਕੀਤੇ ਅਤੇ 190.50 ਕਰੋੜ ਰੁਪਏ ਦੀ ਕਮਾਈ ਕੀਤੀ। ਬਾਕੀ ਕੰਪਨੀਆਂ ਵਿਚੋਂ ਵਰ੍ਹੇ 2016-17 ਵਿਚ ਐਗਰੀਕਲਚਰ ਇੰਸ਼ੋਰੈਂਸ ਕੰਪਨੀ ਆਫ ਇੰਡੀਆ ਲਿਮਟਿਡ ਨੇ 7984.56 ਕਰੋੜ ਰੁਪਏ ਪ੍ਰੀਮੀਅਮ ਦੇ ਇਕੱਠੇ ਕੀਤੇ, ਜਦਕਿ 5373.96 ਕਰੋੜ ਰੁਪਏ ਦੇ ਕਲੇਮ ਅਦਾ ਕੀਤੇ ਅਤੇ 2610.59 (32.6 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਐਚ.ਡੀ.ਐਫ.ਸੀ. ਇੰਸ਼ੋਰੈਂਸ ਕੰਪਨੀ 886.3 (29.6 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਆਈ.ਸੀ.ਆਈ.ਸੀ.ਆਈ. ਲੰਬਾਰਡ ਜਨਰਲ ਇੰਸ਼ੋਰੈਂਸ ਕੰਪਨੀ ਨੇ 636.66 ਕਰੋੜ ਰੁਪਏ (27.4 ਫੀਸਦੀ) ਰੁਪਏ ਦੀ ਕਮਾਈ ਕੀਤੀ। ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਿਟਡ ਨੇ 421.85 (62.3 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ।

ਫਸਲ ਬੀਮੇ ਦੇ ਖੇਤਰ ਵਿਚ ਹੋਰ ਕੰਪਨੀਆਂ ਜਿਵੇਂ ਕਿ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨੇ 613.57 (29.6 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਸ੍ਰੀ ਰਾਮ ਜਨਰਲ ਇੰਸ਼ੋਰੈਂਸ ਨੇ 107.73 (42.11 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਫਿਊਚਰ ਜਨਰਲ ਇੰਡੀਆ ਇੰਸ਼ੋਰੈਂਸ ਕੰਪਨੀ ਨੇ 111.05 (61.5 ਫੀਸਦੀ) ਕਰੋੜ ਰੁਪਏ ਦੀ ਕਮਾਈ ਕੀਤੀ। ਐਡਵੋਕੇਟ ਚੱਢਾ ਨੇ ਦੱਸਿਆ ਕਿ ਵਿੱਤੀ ਵਰ੍ਹੇ 2017-18 'ਚ ਵੀ ਨਵੰਬਰ ਮਹੀਨੇ ਤੱਕ ਐਗਰੀਕਲਚਰ ਇੰਸ਼ੋਰੈਂਸ ਕੰਪਨੀ ਇੰਡੀਆ 1163.76 ਕਰੋੜ ਰੁਪਏ ਮੁਨਾਫੇ ਵਿਚ ਰਹੀ ਹੈ। ਬਜਾਜ ਅਲਾਇੰਸ ਜਨਰਲ ਇੰਸ਼ੋਰੈਂਸ ਕੰਪਨੀ 452.85 ਕਰੋੜ ਰੁਪਏ, ਚੋਲਾ ਮੰਡਲਮ ਐਮ. ਐਸ. ਜਨਰਲ ਇੰਸ਼ੋਰੈਂਸ ਕੰਪਨੀ ਲਿਮਿਟਡ 55.53 ਕਰੋੜ ਰੁਪਏ ਦੇ ਮੁਨਾਫੇ 'ਚ, ਐਚ. ਡੀ. ਐਫ.ਸੀ. ਜਨਰਲ ਇੰਸ਼ੋਰੈਂਸ ਕੰਪਨੀ 930.61 ਕਰੋੜ ਰੁਪਏ ਦਾ ਮੁਨਾਫਾ ਦਿਖਾ ਰਹੀ ਹੈ।

ਆਈ.ਸੀ.ਆਈ.ਸੀ.ਆਈ. ਲੰਬਾਰਡ ਜਨਰਲ ਇੰਸ਼ੋਰੈਂਸ ਕੰਪਨੀ ਨੇ 556.67 ਕਰੋੜ ਰੁਪਏ ਦਾ ਮੁਨਾਫਾ ਖੱਟਿਆ। ਓਰੀਐਂਟਲ ਇੰਸ਼ੋਰੈਂਸ ਕੰਪਨੀ ਨੇ 138.15 ਕਰੋੜ ਰੁਪਏ, ਰਿਲਾਇੰਸ ਜਨਰਲ ਇੰਸ਼ੋਰੈਂਸ ਨੇ 619.94 ਕਰੋੜ ਰੁਪਏ, ਐਸ.ਬੀ.ਆਈ. ਜਨਰਲ ਇੰਸ਼ੋਰੈਂਸ ਕੰਪਨੀ 747.84 ਕਰੋੜ ਰੁਪਏ, ਯੂਨਾਈਟਡ ਇੰਡੀਆ ਇੰਸ਼ੋਰੈਂਸ 756.99 ਕਰੋੜ ਰੁਪਏ, ਨੈਸ਼ਨਲ ਇੰਸ਼ੋਰੈਂਸ ਕੰਪਨੀ ਲਿਮਿਟਡ 346 ਕਰੋੜ ਰੁਪਏ, ਯੂਨੀਵਰਸਲ ਸ਼ੌਂਪੋ ਜਨਰਲ ਇੰਸ਼ੋਰੈਂਸ ਕੰਪਨੀ 1195.25 ਕਰੋੜ ਰੁਪਏ, ਭਾਰਤੀ ਐਕਸਾ ਜਨਰਲ ਇੰਸ਼ੋਰੈਂਸ ਕੰਪਨੀ 302.77 ਕਰੋੜ ਰੁਪਏ, ਰੌਇਲ ਸੁੰਦਰਮ ਜਨਰਲ ਇੰਸ਼ੋਰੈਂਸ ਕੰਪਨੀ 2.40 ਕਰੋੜ ਰੁਪਏ ਦੇ ਮੁਨਾਫੇ 'ਚ ਹੈ।

## ਕਰਜ਼ੇ ਦੇ ਸਤਾਏ ਕਿਸਾਨ ਵੱਲੋਂ ਪਤਨੀ ਤੇ ਦੋ ਬੱਚਿਆਂ ਦਾ ਕਤਲ

**ਫਿਰੋਜ਼ਪੁਰ:** ਪਿੰਡ ਅਰਮਾਨਪੁਰਾ ਵਿਚ ਕਰਜ਼ੇ ਤੋਂ ਤੰਗ ਕਿਸਾਨ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਮਾਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਮੁਲਜ਼ਮ ਫਰਾਰ ਹੋ ਗਿਆ। ਪੁਲਿਸ ਨੇ ਮੁਲਜ਼ਮ ਸਮੇਤ ਚਾਰ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਕਿਸਾਨ ਪਰਮਜੀਤ ਸਿੰਘ (37) ਨੇ ਪਹਿਲਾਂ ਆਪਣੀ ਪਤਨੀ ਪਲਵਿੰਦਰ ਕੌਰ (33) ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕੀਤਾ ਤੇ ਮਗਰੋਂ ਆਪਣੇ ਦੋ ਬੱਚਿਆਂ, ਛੇ ਵਰ੍ਹਿਆਂ ਦੇ ਬੇਟੇ ਪ੍ਰਭਨੂਰ ਸਿੰਘ ਅਤੇ ਬਾਰਾਂ ਸਾਲ ਦੀ ਧੀ ਮਨਕੀਰਤ ਕੌਰ, ਦਾ ਗਲਾ ਘੁੱਟ ਦਿੱਤਾ। ਦੱਸਿਆ ਜਾਂਦਾ ਹੈ ਕਿ ਮੁਲਜ਼ਮ ਪਰਮਜੀਤ ਸਿੰਘ ਨਸ਼ੇ ਦਾ ਆਦੀ ਹੋਣ ਕਰ ਕੇ ਕਰਜ਼ਾਈ ਹੋ ਗਿਆ ਸੀ, ਪਰ ਹੁਣ ਨਸ਼ੇ ਤਿਆਗ ਕੇ ਗੁਰੂਘਰ ਨਾਲ ਜੁੜਿਆ ਹੋਇਆ ਸੀ। ਮੁਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਪਰਮਜੀਤ ਸਿੰਘ ਦੇ ਸਿਰ 'ਤੇ ਕਰੀਬ ਦਸ ਲੱਖ ਰੁਪਏ ਦਾ ਕਰਜ਼ਾ ਸੀ, ਜਿਸ ਕਰਕੇ ਉਹ ਪਰੇਸ਼ਾਨ ਰਹਿੰਦਾ ਸੀ। ਇਹ ਵੀ ਪਤਾ ਲੱਗਾ ਹੈ ਕਿ ਦਸ ਦਿਨਾਂ ਬਾਅਦ ਪਰਮਜੀਤ ਦੇ ਸਾਲੇ ਦਾ ਵਿਆਹ ਸੀ, ਪਰ ਘਰ ਵਿਚ ਪੈਸੇ ਦੀ ਕਮੀ ਕਾਰਨ ਪਤੀ-ਪਤਨੀ ਵਿਚ ਤਕਰਾਰ ਚੱਲ ਰਿਹਾ ਸੀ।

## ਖੇਤੀ ਸੰਕਟ: ਬਾਦਲ ਵੱਲੋਂ ਮੋਦੀ ਨੂੰ ਚਿੱਠੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤੀ ਸੰਕਟ ਦੇ ਹੱਲ ਵਾਸਤੇ ਮੁਢਲੇ ਕਦਮਾਂ ਵਜੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦ ਯਕੀਨੀ ਬਣਾਉਣ ਅਤੇ ਉਤਪਾਦਨ ਸਬਸਿਡੀ ਦੇ ਰੂਪ ਵਿਚ ਸਿੱਧੀ ਆਮਦਨ ਸਹਾਇਤਾ ਦੇਣ ਵਾਸਤੇ ਤੁਰਤ ਕੋਈ ਫੈਸਲਾ ਲੈਣ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਹਾਲਾਂਕਿ ਕਿਸਾਨਾਂ ਦੀ ਮਦਦ ਲਈ ਕਰਜ਼ਾ ਮੁਆਫੀ ਲਾਜ਼ਮੀ ਹੈ, ਪਰ ਖੇਤੀਬਾੜੀ ਨੂੰ ਮੁਨਾਫੇਯੋਗ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਲਈ ਚਿਰ-ਸਥਾਈ ਉਪਰਾਲਿਆਂ ਦੀ ਲੋੜ ਹੈ। ਸਾਬਕਾ ਮੁੱਖ ਮੰਤਰੀ ਨੇ ਸ੍ਰੀ ਮੋਦੀ ਨੂੰ ਅਪੀਲ ਕੀਤੀ ਕਿ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੂੰ ਬਚਾਉਣ ਲਈ ਪ੍ਰਭਾਵਸ਼ਾਲੀ ਤੇ ਵਿਆਪਕ ਫਸਲੀ ਬੀਮਾ ਸਕੀਮ ਲਿਆਂਦੀ ਜਾਵੇ ਤੇ ਕੇਂਦਰ ਇਸ ਵਾਸਤੇ ਫੰਡ ਮੁਹੱਈਆ ਕਰਵਾਏ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਸੌਖੇ ਅਤੇ ਲਚਕੀਲੇ ਫਸਲੀ ਕਰਜ਼ੇ ਵੱਧ ਤੋਂ ਵੱਧ 3 ਫੀਸਦੀ ਵਿਆਜ ਦਰ 'ਤੇ ਦਿੱਤੇ ਜਾਣ ਤੇ ਖੇਤੀਬਾੜੀ ਨਿਵੇਸ਼ ਕ੍ਰੈਡਿਟ 6 ਫੀਸਦੀ ਤੇ ਰਿਆਇਤੀ ਛੋਟ 4 ਫੀਸਦੀ ਦਿੱਤੀ ਜਾਵੇ।



ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਕਣਕ ਅਤੇ ਝੋਨੇ ਦੀ ਤਰਜ਼ 'ਤੇ ਜਿਨ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਗਿਆ ਹੈ, ਉਨ੍ਹਾਂ ਦੀ ਖਰੀਦ ਲਈ ਢੁਕਵਾਂ ਮਾਰਕੀਟਿੰਗ ਢਾਂਚਾ ਵੀ ਮੁਹੱਈਆ ਕਰਾਇਆ ਜਾਵੇ।

# ਛਤਰਪਤੀ ਹੱਤਿਆ ਮਾਮਲਾ: 16 ਸਾਲਾਂ ਪਿਛੋਂ ਮਿਲਿਆ ਪੀੜਤਾਂ ਨੂੰ ਨਿਆਂ

**ਚੰਡੀਗੜ੍ਹ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਤਿੰਨ ਡੇਰਾ ਪ੍ਰੇਮੀਆਂ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਹੈ। 16 ਸਾਲ ਪੁਰਾਣੇ ਕਤਲ ਦੇ ਇਸ ਮਾਮਲੇ ਵਿਚ ਡੇਰਾ ਮੁਖੀ ਤੋਂ ਇਲਾਵਾ ਜਿਨ੍ਹਾਂ ਤਿੰਨ ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਡੇਰਾ ਪ੍ਰੇਮੀ ਕ੍ਰਿਸ਼ਨ ਲਾਲ, ਨਿਰਮਲ ਸਿੰਘ ਤੇ ਕੁਲਦੀਪ ਸਿੰਘ ਸ਼ਾਮਲ ਹਨ। ਚਾਰੇ ਦੋਸ਼ੀਆਂ ਨੂੰ ਆਈ.ਪੀ.ਸੀ. ਦੀ ਧਾਰਾ 302 ਤੇ 120ਬੀ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਨਿਰਮਲ ਸਿੰਘ ਤੇ ਕ੍ਰਿਸ਼ਨ ਲਾਲ ਲਈ ਆਰਮਜ਼ ਐਕਟ ਦੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਇਸ ਦੌਰਾਨ ਪੰਚਕੂਲਾ ਅਦਾਲਤੀ ਕੰਪਲੈਕਸ ਦੇ ਬਾਹਰ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ।

ਡੇਰਾ ਮੁਖੀ, ਡੇਰੇ ਦੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ 20 ਸਾਲ ਦੀ ਸਜ਼ਾ ਅਧੀਨ ਬੰਦ ਹੈ। ਪੱਤਰਕਾਰ ਛਤਰਪਤੀ ਨੂੰ ਸਾਲ 2002 ਵਿਚ ਹਰਿਆਣਾ ਦੇ ਸਿਰਸਾ ਵਿਚ ਕਤਲ ਕਰ ਦਿੱਤਾ ਗਿਆ ਸੀ। ਛਤਰਪਤੀ ਨੇ ਆਪਣੇ ਅਖਬਾਰ ਵਿਚ ਡੇਰਾ ਮੁਖੀ ਵੱਲੋਂ ਡੇਰੇ ਵਿਚ ਸਾਧਵੀਆਂ ਦੇ ਸ਼ੋਸ਼ਣ ਸਬੰਧੀ ਇਕ ਚਿੱਠੀ ਪ੍ਰਕਾਸ਼ਿਤ ਕੀਤੀ ਸੀ। ਇਸ ਮਾਮਲੇ ਵਿਚ ਸੀ.ਬੀ.ਆਈ. ਵੱਲੋਂ 46 ਗਵਾਹੀਆਂ ਪੇਸ਼ ਕੀਤੀਆਂ ਗਈਆਂ ਜਦਕਿ ਦੋ ਦਰਜਨ ਤੋਂ ਵੱਧ ਗਵਾਹ ਬਚਾਅ ਪੱਖ ਦੇ ਸਨ। ਬਚਾਅ ਪੱਖ ਦੇ ਵਕੀਲ ਨੇ ਦੱਸਿਆ ਕਿ ਉਹ ਇਸ ਮਾਮਲੇ ਵਿਚ ਹਾਈ ਕੋਰਟ ਜਾ ਸਕਦੇ ਹਨ। ਉਧਰ, ਇਸ ਮਾਮਲੇ ਦੇ ਅਹਿਮ ਗਵਾਹ ਖੱਟਾ ਸਿੰਘ ਨੇ ਦੱਸਿਆ ਕਿ ਸਜ਼ਾ ਸੁਣਾਏ ਜਾਣ ਵੇਲੇ ਗੁਰਮੀਤ ਰਾਮ ਰਹੀਮ ਮਾਯੂਸ ਸੀ ਤੇ ਨੀਵੀਂ ਪਾਈ ਬੈਠਾ ਰਿਹਾ।



ਕਾਬਲੇਗੌਰ ਹੈ ਕਿ ਪੱਤਰਕਾਰ ਰਾਮ ਚੰਦਰ ਛਤਰਪਤੀ ਨੂੰ 24 ਅਕਤੂਬਰ, 2002 ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਸੀ। 21 ਨਵੰਬਰ 2002 ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਉਹਦੀ ਮੌਤ ਹੋ ਗਈ, ਪਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਹਾਰ ਨਹੀਂ ਮੰਨੀ। ਪੱਤਰਕਾਰ ਰਾਮਚੰਦਰ ਛਤਰਪਤੀ ਨੇ ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਸਬੰਧੀ ਆਪਣੇ ਅਖਬਾਰ 'ਪੂਰਾ ਸੱਚ' ਵਿਚ ਪਹਿਲਾਂ ਖ਼ਬਰ ਛਾਪੀ ਤੇ ਮਗਰੋਂ ਸਾਧਵੀਆਂ ਦੀ ਚਿੱਠੀ ਵੀ ਛਾਪੀ। ਇਸ ਮਗਰੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਪੱਤਰਕਾਰ ਨੂੰ ਧਮਕੀਆਂ ਦਿੱਤੀਆਂ ਅਤੇ ਡੇਰੇ ਵਿਚ ਆ ਮੁਆਫੀ ਮੰਗਣ ਲਈ ਕਿਹਾ। ਜਦੋਂ ਪੱਤਰਕਾਰ ਇਨ੍ਹਾਂ ਧਮਕੀਆਂ ਅੱਗੇ ਨਾ ਝੁਕਿਆ ਤਾਂ ਉਹਨੇ ਛਤਰਪਤੀ ਦੀ ਹੱਤਿਆ ਕਰਵਾ ਦਿੱਤੀ।

## ਨਿੰਮੋਝੂਣਾ ਬੈਠਾ ਰਿਹਾ ਰਾਮ ਰਹੀਮ

**ਰੋਹਤਕ:** ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਡੇਰਾ ਮੁਖੀ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਮਾਮਲੇ ਵਿਚ ਦੋਸ਼ੀ ਠਹਿਰਾਏ ਜਾਣ ਮਗਰੋਂ ਵੀਡੀਓ ਕਾਨਫਰੰਸਿੰਗ ਰਾਹੀਂ ਸਥਾਨਕ ਸੁਨਾਰੀਆ ਜੇਲ੍ਹ ਵਿਚੋਂ ਪੇਸ਼ੀ ਭੁਗਤ ਰਿਹਾ ਗੁਰਮੀਤ ਰਾਮ ਰਹੀਮ ਕੋਰਟ ਰੂਮ ਵਿਚ ਕਾਫੀ ਦੇਰ ਤੱਕ ਨਿੰਮੋਝੂਣਾ ਹੋ ਕੇ ਖੜ੍ਹਾ ਰਿਹਾ। ਪੇਸ਼ੀ ਦਾ ਅਮਲ ਮੁਕੰਮਲ ਹੋਣ ਮਗਰੋਂ ਉਸ ਨੇ ਕਿਸੇ ਨਾਲ ਕੋਈ ਗੱਲਬਾਤ ਨਹੀਂ ਕੀਤੀ। ਡਾਕਟਰਾਂ ਦੀ ਟੀਮ ਨੇ ਉਹਦੀ ਸਿਹਤ ਦੀ ਜਾਂਚ ਕੀਤੀ ਤਾਂ ਡੇਰਾ ਮੁਖੀ ਦੇ ਦਿਲ ਦੀ ਧੜਕਣ ਵਧੀ ਹੋਈ ਸੀ। ਕੋਰਟ ਰੂਮ ਤੋਂ ਬੈਰਕ ਤੱਕ ਰਾਮ ਰਹੀਮ ਨੂੰ ਗੱਡੀ ਰਾਹੀਂ ਲਿਜਾਇਆ ਗਿਆ, ਜਿਥੇ ਉਹ ਨਿਢਾਲ ਹੋਇਆ ਪਿਆ ਰਿਹਾ।

## ਪਰਿਵਾਰ ਨੂੰ ਅੱਜ ਸ਼ਾਂਤੀ ਮਿਲੀ: ਅੰਸ਼ੁਲ ਛਤਰਪਤੀ


**ਪੰਚਕੂਲਾ:** ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਨੇ ਅਦਾਲਤ ਦੇ ਬਾਹਰ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੂੰ ਅੱਜ ਸ਼ਾਂਤੀ ਮਿਲੀ ਹੈ, ਕਿਉਂਕਿ ਇਕ ਅਸਰ ਰਸੂਖ ਵਾਲੇ ਵਿਅਕਤੀ ਤੇ ਉਸ ਦੇ ਚੇਲਿਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਅੰਸ਼ੁਲ ਨੇ ਕਿਹਾ ਕਿ ਉਸ ਨੂੰ ਨਿਆਂ ਪਾਲਿਕਾ 'ਤੇ ਪੂਰਾ ਵਿਸ਼ਵਾਸ ਹੈ। ਅੰਸ਼ੁਲ ਨੇ ਕੇਂਦਰੀ ਜਾਂਚ ਏਜੰਸੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਸ ਦਾ ਕੇਸ ਸੁਣਿਆ, ਪੜ੍ਹਿਆ ਤੇ ਅਦਾਲਤ ਤੱਕ ਲੜਿਆ। ਅੰਸ਼ੁਲ ਨੇ ਕਿਹਾ ਅਦਾਲਤ ਨੇ ਛਤਰਪਤੀ ਦੇ ਸੱਚ 'ਤੇ ਮੋਹਰ ਲਾਈ ਹੈ।

## ਅਹਿਮ ਸਾਬਤ ਹੋਈ ਖੱਟਾ ਸਿੰਘ ਦੀ ਗਵਾਹੀ

**ਚੰਡੀਗੜ੍ਹ:** ਇਸ ਮਾਮਲੇ 'ਚ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਦੀ ਗਵਾਹੀ ਬੇਹੱਦ ਅਹਿਮ ਰਹੀ। ਖੱਟਾ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਸਾਹਮਣੇ ਹੀ ਰਾਮ ਰਹੀਮ ਨੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਸਿੰਘ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਕਰਨ ਦਾ ਆਦੇਸ਼ ਦਿੱਤਾ ਸੀ। ਜਦੋਂ 23 ਅਕਤੂਬਰ 2002 ਨੂੰ ਰਾਮ ਰਹੀਮ ਜਲੰਧਰ ਤੋਂ ਸਤਸੰਗ ਖਤਮ ਕਰਕੇ ਵਾਪਸ ਸਿਰਸਾ ਪਹੁੰਚਿਆ ਤਾਂ ਕ੍ਰਿਸ਼ਨ ਲਾਲ ਨੇ ਉਸ ਨੂੰ ਛਤਰਪਤੀ ਦਾ ਅਖਬਾਰ ਵਿਖਾਇਆ, ਜਿਸ 'ਚ ਉਸ ਨੇ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੀ ਖਬਰ ਛਾਪੀ ਸੀ।

ਇਸ ਖਬਰ ਨਾਲ ਗੁੱਸੇ 'ਚ ਆ ਕੇ ਰਾਮ ਰਹੀਮ ਨੇ ਉਸ ਦੇ ਸਾਹਮਣੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਨੂੰ ਆਦੇਸ਼ ਦਿੱਤਾ ਕਿ ਪੱਤਰਕਾਰ ਛਤਰਪਤੀ ਨੂੰ ਮੌਤ ਦੇ ਘਾਟ ਉਤਾਰ ਦਿਓ ਤੇ 24 ਅਕਤੂਬਰ ਨੂੰ ਕ੍ਰਿਸ਼ਨ ਲਾਲ ਦੀ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਛਤਰਪਤੀ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਤੇ ਕੁਝ ਦਿਨਾਂ ਬਾਅਦ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਗਵਾਹ ਬਣਨ ਤੋਂ ਬਾਅਦ ਉਸ ਨੂੰ ਲਗਾਤਾਰ ਧਮਕੀਆਂ ਮਿਲਦੀਆਂ ਰਹੀਆਂ।

## ਵਿਵਾਦਾਂ 'ਚ ਰਿਹਾ ਰਾਮ ਰਹੀਮ



-ਮਈ 2007 ਵਿਚ ਡੇਰਾ ਸਲਾਬਤਪੁਰਾ (ਬਠਿੰਡਾ) ਵਿਚ ਡੇਰਾ ਮੁਖੀ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਾ ਕੇ ਤੇ ਫੋਟੋ ਖਿਚਵਾ ਕੇ ਅਖਬਾਰਾਂ 'ਚ ਪ੍ਰਕਾਸ਼ਿਤ ਕਰਵਾਈ, ਜਿਸ ਕਾਰਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਕਾਰਨ ਪੰਜਾਬ ਦਾ ਮਾਹੌਲ ਖਰਾਬ ਹੋ ਗਿਆ ਸੀ।

-3 ਮਈ 2007 ਨੂੰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਰਾਵੇ ਦੀ ਨਕਲ ਕੀਤੇ ਜਾਣ ਦੇ ਵਿਰੋਧ ਵਿਚ ਬਠਿੰਡਾ ਵਿਖੇ ਡੇਰਾ ਮੁਖੀ ਰਾਮ ਰਹੀਮ ਦਾ ਪੁਤਲਾ ਸਾੜਿਆ, ਪ੍ਰਦਰਸ਼ਨਕਾਰੀ ਸਿੱਖਾਂ 'ਤੇ ਡੇਰਾ ਪ੍ਰੇਮੀਆਂ ਨੇ ਹਮਲਾ ਕੀਤਾ, ਜਿਸ ਤੋਂ ਬਾਅਦ 13 ਮਈ 2007 ਨੂੰ ਪੂਰੇ ਉੱਤਰ ਭਾਰਤ ਵਿਚ ਹਿੰਸਕ ਘਟਨਾਵਾਂ ਹੋਈਆਂ, ਜਿਸ ਦੇ ਚਲਦਿਆਂ ਸਿੱਖ ਤੇ ਡੇਰਾ ਪ੍ਰੇਮੀਆਂ ਵਿਚਕਾਰ ਥਾਂ-ਥਾਂ ਝੜਪਾਂ ਵੀ ਹੋਈਆਂ।

-17 ਮਈ 2007 ਨੂੰ ਪ੍ਰਦਰਸ਼ਨ ਕਰ ਰਹੇ ਸਿੱਖਾਂ 'ਤੇ ਸੁਨਾਮ ਵਿਚ ਡੇਰਾ ਪ੍ਰੇਮੀ ਨੇ ਗੋਲੀ ਚਲਾਈ, ਜਿਸ ਵਿਚ ਸਿੱਖ ਨੌਜਵਾਨ ਕਮਲਜੀਤ ਸਿੰਘ ਦੀ ਮੌਤ ਹੋ ਗਈ, ਜਿਸ ਉਪਰੰਤ ਸਿੱਖ ਜਥੇਬੰਦੀਆਂ ਨੇ ਡੇਰਾ ਮੁਖੀ ਦੀ ਗ੍ਰਿਫਤਾਰੀ ਨੂੰ ਲੈ ਕੇ ਅੰਦੋਲਨ ਕੀਤੇ ਤੇ ਪੰਜਾਬ ਵਿਚ ਡੇਰਾ ਮੁਖੀ ਦੇ ਜਾਣ 'ਤੇ ਪਾਬੰਦੀ ਲੱਗ ਗਈ।

-18 ਜੂਨ 2007 ਨੂੰ ਬਠਿੰਡਾ ਦੀ ਅਦਾਲਤ ਨੇ ਰਾਜਿੰਦਰ ਸਿੰਘ ਸਿੱਧੂ ਦੀ ਅਰਜ਼ੀ 'ਤੇ ਡੇਰਾ ਮੁਖੀ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ

-24 ਜੁਲਾਈ 2007 ਨੂੰ ਪਿੰਡ ਮੱਲੇਵਾਲਾ ਵਿਚ ਨਾਮ ਚਰਚਾ ਕਰਨ 'ਤੇ ਵਿਵਾਦ ਖੜ੍ਹਾ ਹੋ ਗਿਆ, ਜਿਸ ਵਿਚ ਇਕ ਡੇਰਾ ਪ੍ਰੇਮੀ ਨੇ ਆਪਣੀ ਬੰਦੂਕ ਨਾਲ ਫਾਇਰ ਕਰ ਕੇ ਤਿੰਨ ਪੁਲਿਸ ਕਰਮਚਾਰੀਆਂ ਸਮੇਤ ਅੱਠ ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਕਾਰਨ ਮਾਹੌਲ ਮੁੜ ਤਣਾਅਪੂਰਨ ਹੋ ਗਿਆ।

-31 ਜੁਲਾਈ 2007 ਨੂੰ ਸੀ.ਬੀ.ਆਈ. ਨੇ ਹੱਤਿਆ ਮਾਮਲਿਆਂ ਤੇ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ਵਿਚ ਜਾਂਚ ਪੂਰੀ ਕਰਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਅਤੇ ਸੀ.ਬੀ.ਆਈ. ਨੇ ਤਿੰਨਾਂ ਮਾਮਲਿਆਂ ਵਿਚ ਡੇਰਾ ਮੁਖੀ ਨੂੰ ਦੋਸ਼ੀ ਬਣਾਇਆ।

# ਚੰਦੂਮਾਜਰਾ ਦਾ ਭਾਣਜਾ ਜਬਰ ਜਨਾਹ ਤੇ ਧੋਖਾਧੜੀ ਦੇ ਦੋਸ਼ ਹੇਠ ਗ੍ਰਿਫਤਾਰ

**ਪਟਿਆਲਾ:** ਪਿੰਡ ਬਘੌਰਾ ਦੀ ਰਹਿਣ ਵਾਲੀ ਇਕ ਔਰਤ ਦੀ ਸ਼ਿਕਾਇਤ ਉਤੇ ਦੋ ਮਹੀਨੇ ਪਹਿਲਾਂ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਭਾਣਜੇ ਅਤੇ ਖਾਦੀ ਬੋਰਡ ਪੰਜਾਬ ਦੇ ਸਾਬਕਾ ਸੀਨੀਅਰ ਵਾਈਸ ਚੇਅਰਮੈਨ ਤੇ ਮਾਰਕਿਟ ਕਮੇਟੀ ਪਟਿਆਲਾ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਸਣੇ ਹੋਰਾਂ ਖਿਲਾਫ ਦਰਜ ਹੋਏ ਜਬਰ ਜਨਾਹ ਤੇ ਧੋਖਾਧਤੀ ਦੇ ਕੇਸ 'ਚ ਥਾਣਾ ਘਨੌਰ ਦੀ ਪੁਲਿਸ ਨੇ ਹਰਵਿੰਦਰ ਸਿੰਘ ਹਰਪਾਲਪੁਰ ਨੂੰ ਗ੍ਰਿਫਤਾਰ ਕਰ ਲਿਆ।



ਪੁਲਿਸ ਨੇ ਹਰਪਾਲਪੁਰ ਨੂੰ ਪਟਿਆਲਾ ਦੀ ਜੂਹ ਵਿਚ ਵੱਸੇ ਅਰਬਨ ਨਗਰ ਵਿਚ ਸਥਿਤ ਉਸ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ ਹੈ। ਘਨੌਰ ਨੇੜਲੇ ਪਿੰਡ ਹਰਪਾਲਪੁਰ ਦਾ ਰਹਿਣ ਵਾਲਾ ਹਰਵਿੰਦਰ ਸਿੰਘ ਇਸ ਵੇਲੇ ਪਟਿਆਲਾ ਨੇੜੇ ਨਵੇਂ ਵੱਸੇ ਅਰਬਨ ਨਗਰ ਵਿਚ ਰਹਿ ਰਿਹਾ ਹੈ ਤੇ ਇਥੋਂ ਦਸ ਸਾਲ ਸਰਪੰਚ ਵੀ ਰਹਿ ਚੁੱਕਾ ਹੈ। ਦੱਸਣਯੋਗ ਹੈ ਕਿ ਦੋ ਮਹੀਨੇ ਪਹਿਲਾਂ ਥਾਣਾ ਘਨੌਰ ਦੀ ਪੁਲਿਸ ਨੇ ਪਿੰਡ ਬਘੌਰਾ ਵਾਸੀ ਔਰਤ ਦੀ ਸ਼ਿਕਾਇਤ 'ਤੇ ਹਰਵਿੰਦਰ ਸਿੰਘ ਹਰਪਾਲਪੁਰ ਤੇ ਜਸਵੀਰ ਸਿੰਘ ਵਾਸੀ ਬਘੌਰਾ ਸਮੇਤ ਤਿੰਨ ਜਣਿਆਂ ਖਿਲਾਫ ਜਬਰ ਜਨਾਹ ਅਤੇ ਧੋਖਾਧੜੀ ਦਾ ਕੇਸ ਦਰਜ ਕੀਤਾ ਸੀ। ਹਰਪਾਲਪੁਰ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਅਕਾਲੀ ਵਰਕਰਾਂ ਨੇ ਹਲਕਾ ਸਨੌਰ ਦੇ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਚੇਅਰਮੈਨ ਕਮਲਦੀਪ ਸਿੰਘ ਢੀਂਡਸਾ ਅਤੇ ਸਾਬਕਾ ਵਿਧਾਇਕ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ ਦੀ ਅਗਵਾਈ ਹੇਠ ਥਾਣਾ ਘਨੌਰ ਦੇ ਗੇਟ ਮੂਹਰੇ ਧਰਨਾ ਦਿੱਤਾ। ਧਰਨੇ ਦੌਰਾਨ ਅਕਾਲੀ ਵਰਕਰਾਂ ਨੇ ਸਰਕਾਰ ਅਤੇ ਪੁਲੀਸ ਖਿਲਾਫ ਨਾਅਰੇਬਾਜ਼ੀ ਕੀਤੀ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਤਹਿਤ ਪਿੰਡ ਬਘੌਰਾ ਦੀ ਰਹਿਣ ਵਾਲੀ ਬਲਜਿੰਦਰ ਕੌਰ ਰਾਹੀਂ ਇਕ ਜ਼ਮੀਨੀ ਮਾਮਲੇ ਸਬੰਧੀ ਹਰਵਿੰਦਰ ਸਿੰਘ ਹਰਪਾਲਪੁਰ, ਸਾਬਕਾ ਸਰਪੰਚ ਜਸਵੀਰ ਸਿੰਘ ਬਘੌਰਾ ਸਮੇਤ ਤਿੰਨ ਜਣਿਆਂ ਖਿਲਾਫ ਦੋ ਮਹੀਨੇ ਪਹਿਲਾਂ ਜਬਰ ਜਨਾਹ ਤੇ ਧੋਖਾਧੜੀ ਦਾ ਝੂਠਾ ਕੇਸ ਦਰਜ ਕਰਵਾਇਆ ਗਿਆ ਸੀ ਜਦੋਂਕਿ ਇਸ ਮਾਮਲੇ ਨਾਲ ਹਰਪਾਲਪੁਰ ਜਾਂ ਹੋਰਨਾਂ ਮੁਲਜ਼ਮਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ।

# ਸਰਕਾਰ ਨੇ ਨਵਜੋਤ ਸਿੱਧੂ ਦੀ ਸੁਰੱਖਿਆ ਵਧਾਈ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਜਾਨ ਨੂੰ ਖਤਰਾ ਮੰਨਦਿਆਂ ਸੂਬਾ ਸਰਕਾਰ ਨੇ ਬੁਲੇਟ ਪਰੂਫ ਗੱਡੀਆਂ ਸਮੇਤ ਮੰਤਰੀ ਦੀ ਸੁਰੱਖਿਆ ਵਿਚ ਭਾਰੀ ਵਾਧਾ ਕਰ ਦਿੱਤਾ ਹੈ। ਕੈਪਟਨ ਸਰਕਾਰ ਨੇ ਇਸ ਮੰਤਰੀ ਨੂੰ ਸੂਬਾਈ ਪੱਧਰ 'ਤੇ ਜ਼ੈੱਡ ਪਲੱਸ ਸੁਰੱਖਿਆ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਹੈ।



ਇਸ ਦੇ ਨਾਲ ਹੀ ਸੂਬੇ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਨੇ ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗਾਬਾ ਨੂੰ ਭੇਜੇ ਪੱਤਰ ਰਾਹੀਂ ਪੰਜਾਬ ਦੇ ਇਸ ਮੰਤਰੀ ਨੂੰ ਪੰਜਾਬ ਸਮੇਤ ਸਮੁੱਚੇ ਦੇਸ਼ ਵਿਚ ਸੀ.ਆਈ.ਐਸ.ਐਫ. ਜਾਂ ਸੀ.ਏ.ਪੀ.ਐਫ. ਦੀ ਸੁਰੱਖਿਆ ਛਤਰੀ ਮੁਹੱਈਆ ਕਰਾਉਣ ਲਈ ਕਿਹਾ ਹੈ।

ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਅਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਵੱਲੋਂ ਸ੍ਰੀ ਸਿੱਧੂ ਦੀ ਸੁਰੱਖਿਆ ਦੀ ਸਮੀਖਿਆ ਵੀ ਕੀਤੀ ਗਈ ਸੀ। ਰਾਜ ਸਰਕਾਰ ਵੱਲੋਂ ਮੰਤਰੀ ਦੀ ਸੁਰੱਖਿਆ 'ਚ ਵਾਧਾ ਕਰਦਿਆਂ ਕਮਾਂਡੋ ਬਟਾਲੀਅਨਾਂ ਨਾਲ ਸਬੰਧਤ ਵੱਡੀ ਗਿਣਤੀ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਸੂਬੇ ਦੇ ਗ੍ਰਹਿ ਵਿਭਾਗ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇ ਪੱਤਰ ਰਾਹੀਂ ਜਿਥੇ 'ਹਿੰਦੂ ਯੁਵਾ ਵਾਹਿਨੀ' ਵੱਲੋਂ ਦਿੱਤੀਆਂ ਧਮਕੀਆਂ ਦਾ ਜ਼ਿਕਰ ਕੀਤਾ ਗਿਆ, ਉਥੇ ਇਹ ਵੀ ਕਿਹਾ ਗਿਆ ਕਿ ਨਵਜੋਤ ਸਿੰਘ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਤਿੱਖੀ ਆਲੋਚਨਾ ਕਰਦਿਆਂ ਅਕਾਲੀ ਆਗੂਆਂ ਦੇ ਮਾਫ਼ੀਆ ਨਾਲ ਸਬੰਧਾਂ ਦੇ ਦੋਸ਼ ਲਾਏ ਹਨ।

ਕੈਪਟਨ ਸਰਕਾਰ ਨੇ ਇਹ ਵੀ ਕਿਹਾ ਹੈ ਕਿ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨੂੰ ਡਰੱਗ ਮਾਫੀਆ ਤੇ ਮਾਈਨਿੰਗ ਮਾਫੀਆ ਤੋਂ ਵੀ ਖਤਰਾ ਹੈ। ਸਿੱਧੂ ਦੀਆਂ ਪਾਕਿਸਤਾਨ ਫੇਰੀਆਂ ਦਾ ਜ਼ਿਕਰ ਕਰਦਿਆਂ ਰਾਜ ਸਰਕਾਰ ਨੇ ਕਿਹਾ ਹੈ ਕਿ ਪਾਕਿਸਤਾਨ ਸੈਨਾ ਦੇ ਮੁਖੀ ਕਮਰ ਜਾਵੇਦ ਬਾਜਵਾ ਨਾਲ ਜੱਫੀ ਪਾਉਣ ਤੋਂ ਬਾਅਦ ਇਸ ਮੰਤਰੀ ਨੂੰ ਖਤਰਾ ਹੋਰ ਵੀ ਵਧ ਗਿਆ ਹੈ। ਰਾਜ ਸਰਕਾਰ ਨੇ ਇਸ ਮੰਤਰੀ ਨੂੰ ਡੇਰਾ ਸਿਰਸਾ ਦੇ ਸ਼ਰਧਾਲੂਆਂ ਤੋਂ ਵੀ ਖਤਰਾ ਹੋਣ ਦੀ ਗੱਲ ਕਹੀ ਗਈ ਹੈ। ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਹਾਲ ਹੀ ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਭਾਜਪਾ ਦੇ ਸੀਨੀਅਰ ਆਗੂਆਂ ਅਤੇ ਕੇਂਦਰ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਸਨ। ਇਸੇ ਦੌਰਾਨ ਹੀ ਉਤਰ ਪ੍ਰਦੇਸ਼ ਨਾਲ ਸਬੰਧਤ 'ਹਿੰਦੂ ਯੁਵਾ ਵਾਹਿਨੀ' ਨੇ ਸ੍ਰੀ ਸਿੱਧੂ ਦੇ ਸਿਰ ਦਾ ਇਨਾਮ ਇਕ ਕਰੋੜ ਰੁਪਏ ਰੱਖਿਆ ਸੀ। ਕਾਂਗਰਸ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਵੀ ਸ੍ਰੀ ਸਿੱਧੂ ਨੂੰ 'ਸਟਾਰ ਕੰਪੇਨਰ' ਐਲਾਨਿਆ ਹੋਇਆ ਹੈ।

## ਸਿਮਰਨ ਕੌਰ ਦੀ ਆਸਟਰੇਲੀਅਨ ਹਵਾਈ ਫੌਜ ਲਈ ਚੋਣ

**ਬ੍ਰਿਸਬਨ:** ਪੰਜਾਬੀ ਦੁਨੀਆਂ ਦੇ ਜਿਸ ਵੀ ਕੋਨੇ ਗਏ, ਉਨ੍ਹਾਂ ਨੇ ਉਥੇ ਆਪਣੀ ਸਖਤ ਮਿਹਨਤ ਕਰ ਕੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਖ ਤੋਂ ਮਜ਼ਬੂਤ ਹੋ ਕੇ ਵਿਕਸਤ ਦੇਸ਼ਾਂ ਵਿਚ ਆਪਣਾ ਅਤੇ ਪੰਜਾਬੀਆਂ ਦਾ ਨਾਮ ਰੋਸ਼ਨ ਕੀਤਾ ਹੈ।

ਇਸ ਦੀ ਤਾਜ਼ਾ ਮਿਸਾਲ ਪੱਛਮੀ ਆਸਟਰੇਲੀਆ ਦੇ ਸ਼ਹਿਰ ਪਰਥ ਤੋਂ ਸਿਮਰਨ ਕੌਰ (ਪੁੱਤਰੀ ਅਮਰਜੀਤ ਸਿੰਘ ਤੇ ਮਾਤਾ ਮਨਜੀਤ ਕੌਰ) ਵਾਸੀ ਰਾਜਪੁਰਾ ਜ਼ਿਲ੍ਹਾ ਪਟਿਆਲਾ ਹੈ, ਜੋ ਉਚ ਦਰਜੇ ਵਿਚ ਪੜ੍ਹਾਈ ਹੋਣ ਕਾਰਨ ਆਸਟਰੇਲੀਅਨ ਹਵਾਈ ਫੌਜ ਲਈ ਚੁਣੀ ਗਈ ਹੈ। ਸਿੱਖ ਗੁਰਦੁਆਰਾ ਸਾਹਿਬ ਬੈਨਿਟ ਸਪ੍ਰਿੰਗ (ਪਰਥ) ਦੇ ਪ੍ਰਧਾਨ ਹਰਿੰਦਰਜੀਤ ਸਿੰਘ ਗਿੱਲ ਅਤੇ ਪ੍ਰਬੰਧਕ ਕਮੇਟੀ ਵੱਲੋਂ ਸਿਮਰਨ ਕੌਰ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ 'ਯੰਗ ਅਚੀਵਰ ਐਵਾਰਡ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਵਿਧਾਇਕ ਜਨੀਨ ਫਰੀਮੈਨ ਅਤੇ ਸਮੂਹ ਪੰਜਾਬੀ ਭਾਈਚਾਰੇ ਵੱਲੋਂ ਇਸ ਪ੍ਰਾਪਤੀ ਲਈ ਸਿਮਰਨ ਕੌਰ ਅਤੇ ਉਸ ਦੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਗਈਆਂ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰਤਾਰਪੁਰ ਲਾਂਘੇ ਦਾ 35 ਫੀਸਦੀ ਕੰਮ ਮੁਕੰਮਲ ਕਰਨ ਦਾ ਦਾਅਵਾ

**ਇਸਲਾਮਾਬਾਦ:** ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਲਾਂਘੇ ਦਾ 35 ਫੀਸਦੀ ਕੰਮ ਮੁਕੰਮਲ ਕਰ ਲਿਆ ਹੈ ਜਦ ਕਿ ਭਾਰਤੀ ਸਿਆਸਤਦਾਨ ਅਜੇ ਇਸ ਲਾਂਘੇ ਦਾ ਸਿਆਸੀ ਲਾਹਾ ਲੈਣ ਵਿਚ ਉਲਝੇ ਹੋਏ ਹਨ।

ਭਾਰਤ ਸਰਕਾਰ ਅਜੇ ਇਸ ਲਾਂਘੇ ਲਈ ਜ਼ਮੀਨ ਵੀ ਪ੍ਰਾਪਤ ਨਹੀਂ ਕਰ ਸਕੀ, ਪਰ ਪਾਕਿਸਤਾਨ ਇਸ ਪਾਸੇ ਕਾਫੀ ਸਰਗਰਮੀ ਵਿਖਾ ਰਿਹਾ ਹੈ। ਹਾਲਾਂਕਿ ਪਾਕਿਸਤਾਨ ਦੀ ਸਰਗਰਮੀ ਵੇਖ ਭਾਰਤੀ ਸਰਕਾਰ ਇਸ ਪਾਸੇ ਵੱਡੇ ਦਾਅਵੇ ਕਰ ਰਹੀ ਹੈ। ਪਾਕਿਸਤਾਨ ਦੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਗਲਿਆਰੇ ਦੀ ਉਸਾਰੀ ਲਈ ਕੰਮ ਜੰਗੀ ਪੱਧਰ 'ਤੇ ਜਾਰੀ ਹੈ।

ਇਮਰਾਨ ਖ਼ਾਨ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਨੂਰ ਉਲ ਹੱਕ ਕਾਦਰੀ ਨੇ ਦੱਸਿਆ ਕਿ ਪਹਿਲੇ ਗੇੜ ਦਾ 35 ਫੀਸਦੀ ਕੰਮ ਮੁਕੰਮਲ ਹੋ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ 31 ਅਗਸਤ ਤੱਕ ਪਹਿਲਾ ਗੇੜ ਪੂਰਾ ਹੋਣ ਦੀ ਆਸ ਹੈ ਅਤੇ ਨਵੰਬਰ 2019 ਤੱਕ ਗਲਿਆਰਾ ਪੂਰੀ ਤਰ੍ਹਾਂ ਤਿਆਰ ਕਰ ਲਿਆ ਜਾਵੇਗਾ।

ਪਾਕਿਸਤਾਨ ਨੇ ਇਕ ਕਿਲੋਮੀਟਰ ਸੜਕ ਵੀ ਉਸਾਰ ਦਿੱਤੀ ਹੈ। ਪਾਕਿ ਨੇ ਗਲਿਆਰੇ ਲਈ ਸਾਢੇ ਕੁ ਚਾਰ ਕਿਲੋਮੀਟਰ ਸੜਕ ਬਣਾਉਣੀ ਹੈ, ਜਦਕਿ ਭਾਰਤ ਨੂੰ ਮੁਸ਼ਕਿਲ ਨਾਲ ਇਕ ਕਿਲੋਮੀਟਰ। ਪਰ ਭਾਰਤ ਵਿਚ ਹਾਲੇ ਜ਼ਮੀਨੀ ਪੱਧਰ 'ਤੇ ਵੀ ਕੁਝ ਨਹੀਂ ਹੋਇਆ। ਹਾਲੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦਰਮਿਆਨ ਚਿੱਠੀ-ਪੱਤਰੀ ਚੱਲ ਰਹੀ ਹੈ। ਇਸ ਰਾਵੀ ਦਰਿਆ 'ਤੇ 800 ਮੀਟਰ ਲੰਮਾ ਪੁਲ ਬਣਾਇਆ ਜਾਵੇਗਾ। ਗੁਰਦੁਆਰੇ ਦੇ ਪਿਛਲੇ ਪਾਸੇ ਹੋਟਲ ਵੀ ਬਣਨਗੇ। ਗੁਰਦੁਆਰੇ ਦੇ ਖੱਬੇ ਪਾਸੇ ਬਾਰਡਰ ਟਰਮੀਨਲ ਕੰਪਲੈਕਸ ਬਣੇਗਾ, ਜਿਸ ਵਿਚ ਇਮੀਗ੍ਰੇਸ਼ਨ ਤੇ ਮੈਡੀਕਲ ਆਦਿ ਸੁਵਿਧਾਵਾਂ ਹੋਣਗੀਆਂ। ਉਧਰ, ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵੀ ਆਸ ਜਤਾਈ ਹੈ ਕਿ ਕਰਤਾਰਪੁਰ ਲਾਂਘੇ ਦਾ ਕੰਮ ਛੇਤੀ ਹੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਵੀ ਕਿਹਾ ਕਿ ਕੁਝ ਪ੍ਰਵਾਨਗੀਆਂ ਕਰਕੇ ਕੰਮ ਰੁਕਿਆ ਹੋਇਆ ਹੈ, ਕੇਂਦਰ ਵੱਲੋਂ ਮਨਜ਼ੂਰੀ ਮਿਲਣ ਮਗਰੋਂ ਛੇਤੀ ਹੀ ਕੰਮ ਮੁਕੰਮਲ ਹੋ ਜਾਵੇਗਾ।

# ਬਹਿਬਲ ਕਾਂਡ: ਵਿਸ਼ੇਸ਼ ਜਾਂਚ ਟੀਮ ਵੱਲੋਂ ਜਾਂਚ ਮੁਕੰਮਲ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਜਾਂਚ ਲਗਭਗ ਮੁਕੰਮਲ ਕਰ ਲਈ ਹੈ।

ਜਾਂਚ ਟੀਮ ਦੇ ਅਧਿਕਾਰੀ ਆਈ.ਜੀ. ਕੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਅਕਤੂਬਰ 2018 ਵਿਚ ਉਨ੍ਹਾਂ ਪੜਤਾਲ ਸ਼ੁਰੂ ਕੀਤੀ ਸੀ ਅਤੇ ਅੱਜ ਤੱਕ ਉਨ੍ਹਾਂ 212 ਦੇ ਕਰੀਬ ਗਵਾਹਾਂ ਦੇ ਬਿਆਨ ਕਲਮਬੰਦ ਕਰ ਲਏ ਹਨ, ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, 36 ਤੋਂ ਵੱਧ ਪੁਲਿਸ ਅਧਿਕਾਰੀ, ਅਕਸ਼ੈ ਕੁਮਾਰ ਆਦਿ ਸ਼ਾਮਲ ਹਨ।

ਬਹਿਬਲ ਕਾਂਡ ਦੀ ਪੜਤਾਲ ਵਿਚ ਫਰੀਦਕੋਟ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਸਾਬਕਾ ਇੰਸਪੈਕਟਰ ਅਮਰਜੀਤ ਸਿੰਘ ਤੇ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੂੰ ਵੀ ਸ਼ਾਮਲ ਕੀਤਾ ਜਾਣਾ ਸੀ ਪਰ ਇਨ੍ਹਾਂ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਆਪਣੇ ਖਿਲਾਫ ਚਲਦੀ ਕਾਰਵਾਈ ਉੱਪਰ ਰੋਕ ਲਗਵਾਈ ਹੋਈ ਹੈ। ਆਈ.ਜੀ. ਨੇ ਕਿਹਾ ਕਿ ਜਾਂਚ ਟੀਮ ਵੱਲੋਂ ਵਿਸ਼ਵ ਪੱਧਰ ਦੇ ਪੈਮਾਨੇ ਦੀ ਪੜਤਾਲ ਕੀਤੀ ਗਈ ਹੈ ਅਤੇ ਪੜਤਾਲ ਵਿਚ ਗਵਾਹਾਂ, ਦੋਸ਼ੀਆਂ ਅਤੇ ਪੀੜਤਾਂ ਦੀ ਨਿਰਪੱਖ ਤਰੀਕੇ ਨਾਲ ਸ਼ਨਾਖ਼ਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇ ਹਾਈ ਕੋਰਟ ਵਿਚੋਂ ਸਟੇਅ ਟੁੱਟ ਜਾਂਦਾ ਹੈ ਤਾਂ ਉਹ ਸਾਬਕਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਸਮੇਤ ਬਾਕੀ ਅਧਿਕਾਰੀਆਂ ਨੂੰ ਵੀ ਜਾਂਚ ਵਿਚ ਸ਼ਾਮਲ ਕਰ ਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦੇਣਗੇ।

ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਤੱਕ ਜਾਂਚ ਟੀਮ ਆਪਣੇ ਦਫਤਰ ਵਿਚ ਰੋਜ਼ਾਨਾ ਹਾਜ਼ਰ ਰਹੇਗੀ ਅਤੇ ਕੋਈ ਵੀ ਗਵਾਹ ਆਪਣੇ ਬਿਆਨ ਦਰਜ ਕਰਵਾ ਸਕਦਾ ਹੈ। ਅਧਿਕਾਰੀ ਨੇ ਦੱਸਿਆ ਕਿ ਬਹਿਬਲ ਕਾਂਡ ਵਿਚ ਜਿਹੜੀਆਂ ਗੋਲੀਆਂ ਨਾਲ ਦੋ ਸਿੱਖ ਨੌਜਵਾਨ ਮਾਰੇ ਗਏ ਸਨ, ਉਨ੍ਹਾਂ ਗੋਲੀਆਂ ਦੀ ਵੀ ਪੜਤਾਲ ਕੀਤੀ ਗਈ ਹੈ ਤੇ ਇਨ੍ਹਾਂ ਗੋਲੀਆਂ ਨਾਲ ਹੋਈ ਛੇੜਛਾੜ ਦਾ ਮਾਮਲਾ ਵੀ ਜਾਂਚ ਅਧੀਨ ਹੈ। ਉਨ੍ਹਾਂ ਕਿਹਾ ਕਿ ਜੇ ਲੋੜ ਪਈ ਤਾਂ ਕੁਝ ਵਿਅਕਤੀਆਂ ਦਾ ਝੂਠ ਫੜਨ ਵਾਲਾ ਟੈਸਟ ਵੀ ਕਰਵਾਇਆ ਜਾ ਸਕਦਾ ਹੈ।

# ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਫੂਲਕਾ ਦਾ ਸਨਮਾਨ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਐਚ.ਐਸ. ਫੂਲਕਾ ਨੂੰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਾਨੂੰਨੀ ਲੜਾਈ ਲੜਨ ਬਦਲੇ ਕੇਂਦਰੀ ਮੰਤਰੀ ਵਿਜੈ ਗੋਇਲ ਵੱਲੋਂ ਕਰਵਾਏ ਗਏ ਇਕ ਸਮਾਗਮ ਵਿਚ ਸਨਮਾਨਿਆ ਗਿਆ। ਇਸ ਮੌਕੇ ਸ੍ਰੀ ਗੋਇਲ ਨੇ ਸ੍ਰੀ ਫੂਲਕਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਭਾਜਪਾ ਦੇ ਦਰਵਾਜ਼ੇ ਸਾਰੇ 'ਚੰਗੇ ਬੰਦਿਆਂ' ਲਈ ਖੁੱਲ੍ਹੇ ਹਨ। ਸ੍ਰੀ ਫੂਲਕਾ ਇਹ ਤਾਂ ਮੰਨਦੇ ਰਹੇ ਹਨ ਕਿ ਉਹ ਭਾਜਪਾ ਦੇ ਕਈ ਆਗੂਆਂ ਦੇ ਕਰੀਬ ਹਨ ਪਰ ਉਨ੍ਹਾਂ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਦੱਸਿਆ ਕਿ ਭਾਜਪਾ ਨੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਸਾਡੀ ਲੜਾਈ ਵਿਚ ਹਮੇਸ਼ਾ ਸਾਡਾ ਸਾਥ ਦਿੱਤਾ ਹੈ। ਮੈਂ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਅਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਦਾ ਰਿਹਾ ਹਾਂ ਤੇ ਉਹ ਇਸ ਬਾਰੇ ਮੇਰੇ ਸਟੈਂਡ ਦੀ ਹਮਾਇਤ ਕਰਦੇ ਰਹੇ ਹਨ। ਉਂਜ, ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਸ੍ਰੀ ਫੂਲਕਾ ਨੇ ਕਿਹਾ ਕਿ ਮੈਂ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਨਹੀਂ ਹੋ ਰਿਹਾ।

ਸ੍ਰੀ ਗੋਇਲ ਨੇ ਆਖਿਆ ਕਿ ਫੂਲਕਾ ਵਧੀਆ ਬੰਦੇ ਹਨ ਅਤੇ ਉਨ੍ਹਾਂ ਦੇ ਦੋਸਤ ਵੀ ਹਨ ਤੇ ਜਿਨ੍ਹਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਨਾਲ ਫਰਕ ਨਹੀਂ ਪੈਂਦਾ ਕਿ ਉਹ 'ਆਪ' ਨਾਲ ਜੁੜੇ ਹੋਏ ਸਨ। ਉਹ ਵਧੀਆ ਬੰਦੇ ਹਨ ਅਤੇ ਚੰਗਾ ਕੰਮ ਕਰਦੇ ਹਨ। ਇਸੇ ਕਰ ਕੇ ਅਸੀਂ ਉਨ੍ਹਾਂ ਦਾ ਸਨਮਾਨ ਕਰ ਰਹੇ ਹਾਂ। ਲੋਕ ਮੈਥੋਂ ਪੁੱਛਦੇ ਹਨ ਕਿ ਕੀ ਉਹ ਮੇਰੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਭਾਜਪਾ ਵਿਚ ਸਾਰੇ ਚੰਗੇ ਲੋਕਾਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਸ੍ਰੀ ਫੂਲਕਾ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਬਿਨਾਂ ਕੋਈ ਕਾਰਨ ਦੱਸਿਆਂ 'ਆਪ' ਤੋਂ ਅਸਤੀਫਾ ਦਿੱਤਾ ਸੀ। ਲੰਘੀ 4 ਜਨਵਰੀ ਨੂੰ ਉਹ ਸ੍ਰੀ ਗੋਇਲ ਦੇ ਜਨਮ ਦਿਨ ਮੌਕੇ ਉਨ੍ਹਾਂ ਨੂੰ ਮਿਲੇ ਸਨ ਜਿਸ ਦਿਨ ਤੋਂ ਕਿਆਸ ਲਾਏ ਜਾ ਰਹੇ ਸਨ ਕਿ ਉਹ ਭਾਜਪਾ ਵਿਚ ਜਾ ਰਹੇ ਹਨ। ਸ੍ਰੀ ਗੋਇਲ ਨੇ ਸ੍ਰੀ ਫੂਲਕਾ ਦੇ ਆਪ ਤੋਂ ਅਸਤੀਫੇ ਬਾਰੇ ਕਿਹਾ ਸੀ। ਉਨ੍ਹਾਂ ਹਾਲ ਹੀ ਵਿਚ ਆਪ ਛੱਡ ਦਿੱਤੀ ਹੈ। ਦੇਰ ਨਾਲ ਹੀ ਸਹੀ, ਉਨ੍ਹਾਂ ਸਹੀ ਫੈਸਲਾ ਕੀਤਾ ਹੈ। ਸ੍ਰੀ ਫੂਲਕਾ ਨੇ ਪਿਛਲੀ ਦਿਨੀਂ ਇਕ ਗੈਰ ਸਿਆਸੀ ਜਥੇਬੰਦੀ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਦਾ ਐਲਾਨ ਕੀਤਾ ਸੀ। ਦਿਲਚਸਪ ਗੱਲ ਇਹ ਹੈ ਕਿ ਭਾਜਪਾ ਪੰਜਾਬ ਵਿਚ ਬਾਦਲਾਂ ਦੇ ਅਕਾਲੀ ਦਲ ਨੂੰ ਵੀ ਨਾਲ ਲੈ ਕੇ ਚੱਲ ਰਹੀ ਹੈ।

## ਕੇਜਰੀਵਾਲ ਵਾਰਾਨਸੀ ਤੋਂ ਨਹੀਂ ਲੜਨਗੇ ਚੋਣ

**ਲਖਨਊ:** ਆਮ ਆਦਮੀ ਪਾਰਟੀ ਨੇ ਕਿਹਾ ਕਿ ਉਸ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਵਾਰਾਨਸੀ ਤੋਂ ਚੋਣ ਨਹੀਂ ਲੜਨਗੇ ਪਰ ਪਾਰਟੀ ਇਸ ਸੀਟ ਲਈ ਇਕ ਮਜ਼ਬੂਤ ਉਮੀਦਵਾਰ ਖੜ੍ਹਾ ਕਰੇਗੀ। 'ਆਪ' ਦੇ ਬੁਲਾਰੇ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਦੱਸਿਆ ਕਿ ਕੇਜਰੀਵਾਲ ਲੋਕ ਸਭਾ ਚੋਣਾਂ ਨਹੀਂ ਲੜਨਗੇ ਕਿਉਂਕਿ ਉਹ ਸੂਬੇ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੁੰਦੇ ਹਨ।

# ਪੁਲਵਾਮਾ 'ਚ 30 ਸਿੱਖ ਸਰਪੰਚਾਂ ਅਤੇ ਪੰਚਾਂ ਵੱਲੋਂ ਅਸਤੀਫੇ

**ਸ੍ਰੀਨਗਰ**: ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ 'ਚ 30 ਸਿੱਖ ਸਰਪੰਚਾਂ ਤੇ ਪੰਚਾਂ ਨੇ ਅਸਤੀਫੇ ਦੇ ਦਿੱਤੇ। ਪੁਲਵਾਮਾ 'ਚ ਅਣਪਛਾਤੇ ਹਥਿਆਰਬੰਦਾਂ ਨੇ ਇਕ ਸਿੱਖ ਨੌਜਵਾਨ ਦੀ ਹੱਤਿਆ ਕਰ ਦਿੱਤੀ ਸੀ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ (ਏ.ਪੀ.ਐਸ.ਸੀ.ਸੀ.) ਨੇ ਕਿਹਾ ਕਿ ਅਜੇ ਅਥਾਰਟੀ ਵੱਲੋਂ ਉਨ੍ਹਾਂ ਦੇ ਅਸਤੀਫੇ ਨੂੰ ਸਵੀਕਾਰ ਕਰਨਾ ਬਾਕੀ ਹੈ। ਕਮੇਟੀ ਨੇ ਕਿਹਾ ਕਿ ਤਰਾਲ 'ਚ ਸਿੱਖ ਨੌਜਵਾਨ ਦੀ ਹੱਤਿਆ ਤੋਂ ਬਾਅਦ ਪੁਲਵਾਮਾ 'ਚ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਉਨ੍ਹਾਂ ਸਾਰੇ ਸਿੱਖਾਂ, ਜਿਨ੍ਹਾਂ ਹਾਲ ਹੀ 'ਚ ਸਰਪੰਚਾਂ ਤੇ ਪੰਚਾਂ ਦੀਆਂ ਚੋਣਾਂ ਜਿੱਤੀਆਂ ਸਨ, ਨੇ ਅਸਤੀਫੇ ਦੇ ਦਿੱਤੇ।

# ਪੰਜਾਬ ਵਿਚ ਮਹਾਗੱਠਜੋੜ ਲਈ ਪਿੜ ਬੱਝਾ

*(ਸਫਾ ਇਕ ਦੀ ਬਾਕੀ)*

ਸ਼ਾਮਲ ਹੋਣ ਜਾ ਰਹੀਆਂ ਬਹੁਤੀਆਂ ਧਿਰਾਂ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ ਅੰਦਰ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮੁੱਦੇ ਨੂੰ ਉਭਾਰਨ ਦੇ ਪੱਖ ਵਿਚ ਹਨ। ਅਕਾਲੀ ਦਲ ਟਕਸਾਲੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਦੇਸ਼ ਦੇ ਫੈਡਰਲ ਢਾਂਚੇ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੁਦੱਈ ਹੈ। ਖਹਿਰਾ ਤੇ ਬੈਂਸ ਭਰਾ ਵੀ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਦੱਸੇ ਜਾਂਦੇ ਹਨ, ਜਦਕਿ ਬਸਪਾ ਦੀ ਇਸ ਬਾਰੇ ਨੀਤੀ ਅਜੇ ਬਹੁਤੀ ਸਪਸ਼ਟ ਨਹੀਂ। ਦਲਿਤਾਂ ਦੇ ਹੱਕ ਮਹਿਫੂਜ਼ ਕਰਨ ਬਾਰੇ ਉਨ੍ਹਾਂ ਨਾਲ ਖੁੱਲ੍ਹੀ-ਡੁੱਲ੍ਹੀ ਸਹਿਮਤੀ ਬਣ ਸਕਦੀ ਹੈ। ਪਤਾ ਲੱਗਾ ਹੈ ਕਿ ਮਹਾਗੱਠਜੋੜ ਗਠਿਤ ਕਰਨ ਲਈ ਯਤਨਸ਼ੀਲ ਲਗਭਗ ਸਾਰੀਆਂ ਹੀ ਧਿਰਾਂ ਗ਼ਰਮਖਿਆਲੀ ਸੰਗਠਨਾਂ ਨਾਲ ਤਾਲਮੇਲ ਕਰਨ ਜਾਂ ਉਨ੍ਹਾਂ ਨੂੰ ਗੱਠਜੋੜ 'ਚ ਸ਼ਾਮਲ ਕਰਨ ਤੋਂ ਗੁਰੇਜ਼ ਕਰਨ ਦੀਆਂ ਹਾਮੀ ਹਨ। ਆਉਂਦੇ ਕੁਝ ਦਿਨਾਂ ਵਿਚ ਮਹਾਗੱਠਜੋੜ ਬਣਾਉਣ ਤੇ ਇਸ ਦਾ ਅਗਲੇਰਾ ਪ੍ਰੋਗਰਾਮ ਉਲੀਕਣ ਲਈ ਸਭਨਾਂ ਧਿਰਾਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਬੁਲਾਏ ਜਾਣ ਲਈ ਵਿਚਾਰ-ਵਟਾਂਦਰਾ ਚੱਲ ਰਿਹਾ ਹੈ।

# ਟਰੰਪ ਦੀ ਅੜੀ ਕਾਰਨ ਅਮਰੀਕਾ ਵਿਚ ਸ਼ਟਡਾਊਨ ਦਾ ਮਸਲਾ ਜਿਉਂ ਦਾ ਤਿਉਂ

**ਵਾਸ਼ਿੰਗਟਨ:** ਅਮਰੀਕੀ ਸ਼ਟਡਾਊਨ ਬਾਰੇ ਰਿਪਬਲਿਕਨ ਪਾਰਟੀ ਅਤੇ ਡੈਮੋਕਰੇਟਿਕ ਪਾਰਟੀ ਵਿਚਕਾਰ ਚੱਲ ਰਿਹਾ ਰੱਫੜ ਕਿਸੇ ਤਣ-ਪੱਤਣ ਨਹੀਂ ਲਗ ਸਕਿਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਮੈਕਸੀਕੋ ਸਰਹੱਦ 'ਤੇ ਦੀਵਾਰ ਉਸਾਰੀ ਲਈ ਅੜੇ ਹੋਏ ਹਨ ਅਤੇ ਉਨ੍ਹਾਂ ਸ਼ਟਡਾਊਨ ਦਾ ਸਾਰਾ ਦੋਸ਼ ਡੈਮੋਕਰੇਟਾਂ ਸਿਰ ਲਾਇਆ ਹੈ।

ਇਸੇ ਦੌਰਾਨ ਵ੍ਹਾਈਟ ਹਾਊਸ ਨੇ ਮੰਗਲਵਾਰ ਨੂੰ ਕੁਝ ਡੈਮੋਕਰੇਟਾਂ ਨੂੰ ਇਸ ਮਸਲੇ ਉਤੇ ਗੱਲਬਾਤ ਲਈ ਦਾਅਵਤ ਦਾ ਸੱਦਾ ਦਿੱਤਾ। ਇਹ ਕਾਰਵਾਈ ਸਦਨ ਦੀ ਸਪੀਕਰ ਨੈਂਸੀ ਪੈਲੋਸੀ ਨੂੰ ਦਰਕਿਨਾਰ ਕਰਕੇ ਕੀਤੀ ਗਈ ਸੀ। ਨੈਂਸੀ ਪਲੋਸੀ ਨੇ ਹਾਲਾਂਕਿ ਸਬੰਧਤ ਡੈਮੋਕਰੇਟਾਂ ਨੂੰ ਦਾਅਵਤ ਵਿਚ ਜਾਣ ਲਈ ਹਰੀ ਝੰਡੀ ਦੇ ਦਿਤੀ ਸੀ ਪਰ ਇਹ ਡੈਮੋਕਰੇਟ ਆਗੂ ਦਾਅਵਤ ਵਿਚ ਗਏ ਨਹੀਂ। ਯਾਦ ਰਹੇ ਕਿ ਡੈਮਕਰੇਟਿਕ ਲੀਡਰਾਂ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਵਿਚਕਾਰ ਮੈਕਸੀਕੋ ਦੀ ਸਰਹੱਦ 'ਤੇ ਦੀਵਾਰ ਬਣਾਉਣ ਦਾ ਮਸਲਾ ਭਖਣ ਕਾਰਨ ਮੁਲਕ ਵਿਚ ਪਿਛਲੇ ਤਕਰੀਬਨ ਸਾਢੇ ਤਿੰਨ ਹਫਤਿਆਂ ਤੋਂ ਸ਼ਟਡਾਊਨ ਚਲ ਰਿਹਾ ਹੈ ਅਤੇ ਸਰਕਾਰ ਦੀਆਂ ਸਾਰੀਆਂ ਸਰਗਰਮੀਆਂ ਠੱਪ ਹੋਈਆਂ ਪਈਆਂ ਹਨ। ਸ੍ਰੀ ਟਰੰਪ ਅਮਰੀਕਾ-ਮੈਕਸੀਕੋ ਸਰਹੱਦ 'ਤੇ ਦੀਵਾਰ ਬਣਾਉਣ ਲਈ 5.7 ਅਰਬ ਡਾਲਰ ਦੀ ਮੰਗ ਕਰ ਰਹੇ ਹਨ।

ਇਸੇ ਦੌਰਾਨ ਦੇਸ਼ ਦੀ ਲਗਭਗ ਅੱਧੀ ਵਸੋਂ ਨੇ ਇਸ ਸ਼ਟਡਾਊਨ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਸ਼ੀ ਠਹਿਰਾਇਆ ਹੈ। ਰਾਇਟਰਜ਼ ਦੀ ਰਿਪੋਰਟ ਮੁਤਾਬਕ, ਲੋਕ ਭਾਵੇਂ ਡੈਮੋਕਰੇਟਿਕ ਸਦਨ ਮੈਂਬਰਾਂ ਵਲੋਂ ਇਸ ਮਸਲੇ ਬਾਰੇ ਅਪਨਾਈ ਗਈ ਪਹੁੰਚ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਟਰੰਪ ਇਸ ਮਸਲੇ ਉਤੇ ਬਿਨਾਂ ਵਜ੍ਹਾ ਅੜੇ ਹੋਏ ਹਨ। ਉਧਰ, ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕਿਹਾ ਹੈ ਕਿ ਮਸਲਾ ਦੇਸ਼ ਦੀ ਸੁਰੱਖਿਆ ਦਾ ਹੈ, ਦੀਵਾਰ ਦੇ ਮਾਮਲੇ ਵਿਚ ਡੈਮੋਕਰੇਟਾਂ ਦੀ ਅੜੀ ਠੀਕ ਨਹੀਂ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਪੰਜਾਬ ਪੁਲਿਸ ਪਹਿਲੇ ਨੰਬਰ ਉਤੇ

**ਚੰਡੀਗੜ੍ਹ:** ਪੰਜਾਬ ਪੁਲਿਸ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਸਭ ਤੋਂ ਮੋਹਰੀ ਹੈ। ਪੰਜਾਬ ਵਿਜੀਲੈਂਸ ਵੱਲੋਂ ਖੁਦ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਵਿਜੀਲੈਂਸ ਨੇ ਪਿਛਲੇ ਸਾਲ 131 ਕੇਸਾਂ 'ਚ 182 ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਕੀਤਾ ਕਾਬੂ ਕੀਤਾ ਹੈ, ਜਿਨ੍ਹਾਂ 'ਚ ਸਭ



ਤੋਂ ਵੱਧ ਗਿਣਤੀ 'ਚ ਪੁਲਿਸ ਕਰਮਚਾਰੀ ਰਿਸ਼ਵਤ ਲੈਂਦੇ ਫੜੇ ਗਏ ਹਨ। ਵਿਜੀਲੈਂਸ ਮੁਖੀ ਨੇ ਖੁਲਾਸਾ ਕੀਤਾ ਕਿ ਪਿਛਲੇ ਸਾਲ ਦੌਰਾਨ ਹੋਰਨਾਂ ਵਿਭਾਗਾਂ ਤੋਂ ਇਲਾਵਾ ਪੰਜਾਬ ਪੁਲਿਸ ਦੇ 49 ਕਰਮਚਾਰੀ, ਮਾਲ ਵਿਭਾਗ ਦੇ 35, ਬਿਜਲੀ ਵਿਭਾਗ ਦੇ 19, ਪੰਚਾਇਤਾਂ ਤੇ ਪੇਂਡੂ ਵਿਕਾਸ ਦੇ 12, ਸਿਹਤ ਵਿਭਾਗ ਦੇ 6, ਸਥਾਨਕ ਸਰਕਾਰਾਂ ਦੇ 4 ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ 4 ਮੁਲਾਜ਼ਮ ਵੱਖੋ ਵੱਖਰੇ ਮਾਮਲਿਆਂ 'ਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜੇ ਗਏ।

ਵਿਜੀਲੈਂਸ ਵੱਲੋਂ ਪਿਛਲੇ ਸਾਲ ਦੌਰਾਨ 131 ਕੇਸਾਂ 'ਚ ਰਿਸ਼ਵਤ ਲੈਂਦੇ ਹੋਏ ਵੱਖ-ਵੱਖ ਵਿਭਾਗਾਂ ਦੇ 157 ਅਧਿਕਾਰੀਆਂ ਤੇ 25 ਪ੍ਰਾਈਵੇਟ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਵਿਜੀਲੈਂਸ ਨੇ ਪਹਿਲੀ ਜਨਵਰੀ ਤੋਂ 30 ਦਸੰਬਰ 2018 ਤੱਕ 17 ਗਜ਼ਟਿਡ ਅਫਸਰਾਂ (ਜੀ.ਓ.) ਤੇ 140 ਗੈਰ-ਗਜ਼ਟਿਡ ਮੁਲਾਜ਼ਮਾਂ ਨੂੰ ਕਾਬੂ ਕੀਤਾ। ਇਸ ਦੇ ਇਲਾਵਾ 94 ਮੁਲਜ਼ਮਾਂ ਖਿਲਾਫ 22 ਅਪਰਾਧਕ ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ 'ਚ 22 ਸਰਕਾਰੀ ਕਰਮਚਾਰੀ, 41 ਗੈਰ-ਗਜ਼ਟਿਡ ਕਰਮਚਾਰੀ ਤੇ 31 ਆਮ ਵਿਅਕਤੀ ਸ਼ਾਮਲ ਹਨ। 39 ਗਜ਼ਟਿਡ, 49 ਗੈਰ-ਗਜ਼ਟਿਡ ਤੇ 39 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ ਸਬੰਧੀ ਸ਼ਿਕਾਇਤਾਂ ਦੀ ਜਾਂਚ ਲਈ 77 ਵਿਜੀਲੈਂਸ ਇਨਕੁਆਰੀਆਂ ਵੀ ਦਰਜ ਕੀਤੀਆਂ ਗਈਆਂ। 4 ਗੈਰ-ਗਜ਼ਟਿਡ ਕਰਮਚਾਰੀਆਂ ਖਿਲਾਫ ਆਮਦਨੀ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਵੀ ਦਰਜ ਕੀਤੇ ਗਏ। ਪਿਛਲੇ ਸਾਲ 31 ਵਿਜੀਲੈਂਸ ਪੜਤਾਲਾਂ ਨੂੰ ਪੂਰਾ ਕਰ ਕੇ ਵਿਜੀਲੈਂਸ ਕੇਸਾਂ 'ਚ ਵਿਸ਼ੇਸ਼ ਅਦਾਲਤਾਂ ਤੋਂ 36 ਫੀਸਦੀ ਸਜ਼ਾ ਦਰ ਦੀ ਪ੍ਰਾਪਤੀ ਕੀਤੀ। ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ 35 ਕੇਸਾਂ 'ਚ 58 ਮੁਲਜ਼ਮਾਂ ਨੂੰ ਸਜ਼ਾ ਸੁਣਾਈ ਗਈ, ਜਿਸ 'ਚ 6 ਗਜ਼ਟਿਡ, 38 ਗੈਰ-ਗਜ਼ਟਿਡ ਤੇ 14 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਨੂੰ ਇਕ ਸਾਲ ਤੋਂ ਦਸ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਗਈ।

ਉਨ੍ਹਾਂ ਦੱਸਿਆ ਕਿ ਵਿਜੀਲੈਂਸ ਦੀਆਂ ਸਿਫਾਰਸ਼ਾਂ 'ਤੇ ਰਾਜ ਸਰਕਾਰ ਨੇ ਦੋ ਗਜ਼ਟਿਡ ਤੇ ਦਸ ਗੈਰ-ਗਜ਼ਟਿਡ ਕਰਮਚਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਵਿਜੀਲੈਂਸ ਮੁਖੀ ਨੇ ਕਿਹਾ ਕਿ ਪਨਸਪ ਭਰਤੀ ਘੁਟਾਲੇ 'ਚ ਅਹਿਮ ਗ੍ਰਿਫਤਾਰੀਆਂ ਦੇ ਇਲਾਵਾ ਪਿਛਲੇ ਸਾਲ ਜਿਥੇ ਕਈ ਜਗ੍ਹਾ ਅਚਨਚੇਤ ਛਾਪੇਮਾਰੀ ਕੀਤੀ ਗਈ ਉਥੇ ਭ੍ਰਿਸ਼ਟਾਚਾਰ ਸਬੰਧੀ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਏ ਗਏ।

ਰਾਜਧਾਨੀ ਚੰਡੀਗੜ੍ਹ ਦੀ ਵਿਜੀਲੈਂਸ ਨੇ ਦੋ ਸਾਲ 'ਚ ਫੜਿਆ ਸਿਰਫ ਇਕ ਵੱਢੀਖੋਰ, ਜਿਥੇ ਪੰਜਾਬ ਵਿਜੀਲੈਂਸ ਨੇ ਪੁਲਿਸ ਵਿਭਾਗ ਦੇ ਸਭ ਤੋਂ ਵੱਧ ਵੱਢੀਖੋਰਾਂ ਨੂੰ ਨੱਪ ਕੇ ਆਪਣੀ ਕਾਰਗੁਜ਼ਾਰੀ ਦੀ ਚੰਗੀ ਰਿਪੋਰਟ ਦਿੱਤੀ ਹੈ, ਉਥੇ ਰਾਜਧਾਨੀ ਚੰਡੀਗੜ੍ਹ ਦੀ ਵਿਜੀਲੈਂਸ ਟੀਮ ਨੇ ਇਸ ਮਾਮਲੇ 'ਚ ਪਿਛਲੇ ਦੋ ਸਾਲਾਂ ਦੌਰਾਨ ਸਿਰਫ ਇਕ ਵੱਢੀਖੋਰ ਨੂੰ ਕਾਬੂ ਕੀਤਾ ਹੈ ਜਦਕਿ ਸੀ.ਬੀ.ਆਈ. ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਯੂ.ਟੀ. ਦੇ 4 ਪੁਲਿਸ ਮੁਲਾਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ। ਹਰਿਆਣਾ ਵੀ ਰਿਸ਼ਵਤਖੋਰਾਂ ਨੂੰ ਫੜਨ 'ਚ ਕਾਫੀ ਸਰਗਰਮ ਹੈ। ਅੰਕੜੇ ਦੱਸਦੇ ਹਨ ਕਿ ਲੰਘੇ ਚਾਰ ਸਾਲਾਂ ਦੌਰਾਨ ਹਰਿਆਣਾ ਦੇ ਸਰਕਾਰੀ ਵਿਭਾਗਾਂ 'ਚ ਭ੍ਰਿਸ਼ਟਾਚਾਰ ਦੇ ਕੁੱਲ 530 ਅਪਰਾਧਕ ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਮਾਮਲਿਆਂ 'ਚ ਹਰਿਆਣਾ ਵਿਜੀਲੈਂਸ ਬਿਊਰੋ ਨੇ 426 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ 40 ਗਜ਼ਟਿਡ, 411 ਗੈਰ-ਗਜ਼ਟਿਡ ਅਧਿਕਾਰੀ ਤੇ 57 ਕਰਮਚਾਰੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਗਏ।


## ਪੰਜਾਬ ਪੁਲਿਸ ਦੇ 9 ਕਰਮੀਆਂ ਖਿਲਾਫ ਕੇਸ ਦਰਜ ਕਰਨ ਦੇ ਹੁਕਮ

**ਚੰਡੀਗੜ੍ਹ:** ਬਠਿੰਡਾ ਦੇ ਇਕ ਪਰਿਵਾਰ ਦੇ ਚਾਰ ਜੀਆਂ ਵੱਲੋਂ ਆਤਮਦਾਹ ਦੀ ਘਟਨਾ ਸਬੰਧੀ ਪੰਜਾਬ ਪੁਲਿਸ ਨੂੰ ਝੂਠੇ ਸਬੂਤ ਤਿਆਰ ਕਰਨ, ਖੁਦਕੁਸ਼ੀ ਲਈ ਮਜਬੂਰ ਕਰਨ ਅਤੇ ਡਿਊਟੀ ਵਿਚ ਅਣਗਹਿਲੀ ਵਰਤਣ ਦਾ ਦੋਸ਼ ਆਇਦ ਕਰਨ ਤੋਂ ਬਾਅਦ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਸਬੰਧੀ 9 ਪੁਲਿਸ ਕਰਮੀਆਂ ਖਿਲਾਫ ਕੇਸ ਦਰਜ ਕਰਨ ਦੀ ਹਦਾਇਤ ਕੀਤੀ ਹੈ।

ਇਹ ਹਦਾਇਤ ਜਸਟਿਸ ਮਹੇਸ਼ ਗਰੋਵਰ ਅਤੇ ਜਸਟਿਸ ਜੌਰਜ ਅਗਸਟੀਨ ਮਸੀਹ ਦੇ ਬੈਂਚ ਵੱਲੋਂ ਵਰਲਡ ਹਿਊਮਨ ਰਾਈਟਸ ਪ੍ਰੋਟੈਕਸ਼ਨ ਕੌਂਸਲ ਦੇ ਚੇਅਰਮੈਨ ਤੇ ਸੀਨੀਅਰ ਵਕੀਲ ਰੰਜਨ ਲਖਨਪਾਲ ਵੱਲੋਂ ਦਾਇਰ ਕੀਤੀ ਇਕ ਪਟੀਸ਼ਨ 'ਤੇ ਜਾਰੀ ਕੀਤੀ ਗਈ ਹੈ। ਉਸ ਵੇਲੇ ਦੇ ਜ਼ਿਲ੍ਹਾ ਸੈਸ਼ਨ ਜੱਜ ਬਠਿੰਡਾ ਕੁਲਦੀਪ ਸਿੰਘ ਨੇ ਆਪਣੇ ਫੈਸਲੇ ਵਿਚ ਆਖਿਆ ਸੀ ਕਿ ਪੀੜਤ ਗੁਰਜੰਟ ਸਿੰਘ ਅਤੇ ਉਸ ਦੀ ਧੀ ਵੀਰਪਾਲ ਕੌਰ ਨੂੰ 2005 ਵਿਚ ਇਕ ਐਫ.ਆਈ.ਆਰ. ਦਰਜ ਕਰਾਉਣ ਕਰ ਕੇ ਸਤਾਇਆ ਜਾ ਰਿਹਾ ਸੀ। ਪਿੰਡ ਬਹਿਮਣ ਜੱਸਾ ਸਿੰਘ ਦੇ ਵਸਨੀਕ ਗੁਰਜੰਟ ਸਿੰਘ ਤੇ ਉਸ ਦੇ ਪਰਿਵਾਰ ਨੇ ਪੁਲਿਸ ਤੋਂ ਅੱਕ ਕੇ ਸਮੂਹਿਕ ਆਤਮਦਾਹ ਕਰ ਲਿਆ ਸੀ।

# ਬੇਅਦਬੀ ਕਾਂਡ: ਜ਼ੋਰਾ ਸਿੰਘ ਨੇ ਬਾਦਲਾਂ ਨੂੰ ਘੇਰਿਆ

**ਚੰਡੀਗੜ੍ਹ:** ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਹੋਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਾਮਲੇ ਦੀ ਜਾਂਚ ਲਈ ਗਠਿਤ ਕੀਤੇ ਗਏ ਕਮਿਸ਼ਨ ਦੇ ਮੁਖੀ ਅਤੇ ਹੁਣ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਚੁੱਕੇ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਨੇ ਬਾਦਲ ਸਰਕਾਰ ਉਤੇ ਗੰਭੀਰ ਦੋਸ਼ ਲਾਏ ਹਨ। ਜ਼ੋਰਾ ਸਿੰਘ ਨੇ ਦਾਅਵਾ ਕੀਤਾ ਕਿ ਬਾਦਲ ਸਰਕਾਰ ਨੇ



ਬੇਅਦਬੀ ਤੇ ਇਸ ਨਾਲ ਜੁੜੇ ਗੋਲੀ ਕਾਂਡ ਮਾਮਲੇ ਦੀ ਸਹੀ ਢੰਗ ਨਾਲ ਪੜਤਾਲ ਨਹੀਂ ਕਰਵਾਈ।

ਉਨ੍ਹਾਂ ਕਿਹਾ ਕਿ ਜਦ ਇਹ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਸਨ, ਉਸ ਵੇਲੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਹੋਣ ਦੇ ਨਾਲ ਹੀ ਗ੍ਰਹਿ ਵਿਭਾਗ ਦੇ ਇੰਚਾਰਜ ਵੀ ਸਨ। ਇਸ ਲਈ ਜ਼ਿੰਮੇਵਾਰੀ ਇਨ੍ਹਾਂ ਦੋਵਾਂ ਦੀ ਹੀ ਬਣਦੀ ਹੈ ਕਿਉਂਕਿ ਘਟਨਾਵਾਂ ਇਨ੍ਹਾਂ ਦੇ ਰਾਜ ਕਾਲ ਦੌਰਾਨ ਹੀ ਵਾਪਰੀਆਂ ਤੇ ਦੋਸ਼ੀਆਂ ਨੂੰ ਫੜਨ ਵਿਚ ਕੋਈ ਕਾਮਯਾਬੀ ਨਹੀਂ ਮਿਲ ਸਕੀ। ਜਸਟਿਸ ਜ਼ੋਰਾ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਆਪਣੀ ਜਾਂਚ ਰਿਪੋਰਟ ਵਿਚ ਇਨ੍ਹਾਂ ਘਟਨਾਵਾਂ ਲਈ ਸਿੱਧੇ ਤੌਰ 'ਤੇ ਡੇਰਾ ਸਿਰਸਾ ਦੇ ਪੈਰੋਕਾਰਾਂ, ਬਾਦਲਾਂ ਜਾਂ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਵੱਲ ਉਂਗਲ ਨਹੀਂ ਉਠਾਈ। ਜਸਟਿਸ ਜ਼ੋਰਾ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਪੁਲਿਸ ਨੇ ਬੜੇ ਗੁੱਝੇ ਢੰਗ ਨਾਲ ਕਾਰਵਾਈ ਕਰਦਿਆਂ ਇਨ੍ਹਾਂ ਮਾਮਲਿਆਂ 'ਚ ਸ਼ੱਕੀ ਪਾਏ ਗਏ ਵਿਅਕਤੀਆਂ ਦੀ ਹਿਰਾਸਤ ਵਿਚ ਲੈ ਕੇ ਕੋਈ ਪੁੱਛਗਿੱਛ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮਾਮਲੇ ਵਿਚ ਪੁਲਿਸ ਅਧਿਕਾਰੀਆਂ ਦੀ ਵੀ ਵੱਡੀ ਅਣਗਹਿਲੀ ਸਾਹਮਣੇ ਆਈ ਹੈ ਤੇ ਐਸ.ਪੀ. ਅਮਰਜੀਤ ਸਿੰਘ ਅਤੇ ਡੀ.ਐਸ.ਪੀ. ਗੁਰਜੀਤ ਸਿੰਘ ਰੁਮਾਣਾ ਵੀ ਇਨ੍ਹਾਂ ਵਿਚ ਸ਼ਾਮਲ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਪੁਲਿਸ ਅਫਸਰ ਤਾਂ ਕਮਿਸ਼ਨ ਅੱਗੇ ਪੇਸ਼ ਹੋਣ ਲਈ ਵੀ ਤਿਆਰ ਨਹੀਂ ਸਨ। ਇਸ ਤੋਂ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਨੂੰ 'ਸਿਆਸੀ ਸ਼ਹਿ' ਹਾਸਲ ਸੀ।

ਉਨ੍ਹਾਂ ਨਾਲ ਹੀ ਦੱਸਿਆ ਕਿ ਇਸ ਮਾਮਲੇ ਬਾਰੇ ਉਸ ਵੇਲੇ ਬਣਾਈ ਵਿਸ਼ੇਸ਼ ਪੜਤਾਲੀਆ ਟੀਮ (ਐਸ.ਆਈ.ਟੀ.) ਦੇ ਦੋ ਸੀਨੀਅਰ ਅਧਿਕਾਰੀਆਂ ਨੇ ਮਾਮਲੇ ਦੀ ਮੌਕੇ 'ਤੇ ਜਾ ਕੇ ਪੜਤਾਲ ਕਰਨ ਦੀ ਜ਼ਰੂਰਤ ਹੀ ਨਹੀਂ ਸਮਝੀ। ਜ਼ਿਕਰਯੋਗ ਹੈ ਕਿ ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਨੇ ਆਪਣੀ ਰਿਪੋਰਟ 29 ਜੂਨ 2016 ਨੂੰ ਸਰਕਾਰ ਨੂੰ ਸੌਂਪੀ ਸੀ, ਪਰ ਬਾਦਲ ਸਰਕਾਰ ਨੇ ਇਸ ਰਿਪੋਰਟ ਨੂੰ ਲਟਕਾਈ ਰੱਖਿਆ। ਜਦਕਿ ਕੈਪਟਨ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਨਵਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਗਠਿਤ ਕਰ ਦਿੱਤਾ।

ਜਸਟਿਸ ਜ਼ੋਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਗੱਠਜੋੜ ਸਰਕਾਰ ਤੋਂ ਤਾਂ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਉਮੀਦ ਨਹੀਂ ਸੀ, ਪਰ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਬਣਦੀ ਕਾਰਵਾਈ ਨਹੀਂ ਕੀਤੀ। ਜ਼ੋਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਝ ਸਿੱਖ ਜਥੇਬੰਦੀਆਂ ਨੇ 6 ਸ਼ੱਕੀ ਵਿਅਕਤੀਆਂ ਦੇ ਨਾਂ ਦੱਸੇ ਸਨ, ਪਰ ਜਦ ਉਨ੍ਹਾਂ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਪੜਤਾਲ ਹੀ ਨਹੀਂ ਕੀਤੀ। ਜਸਟਿਸ ਜ਼ੋਰਾ ਸਿੰਘ ਨੂੰ ਲੰਘੇ ਦਿਨੀਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪਾਰਟੀ ਵਿਚ ਸ਼ਾਮਲ ਕੀਤਾ ਸੀ। ਪਾਰਟੀ ਉਨ੍ਹਾਂ ਨੂੰ ਜਲੰਧਰ ਜਾਂ ਫਤਿਹਗੜ੍ਹ ਲੋਕ ਸਭਾ ਹਲਕੇ ਤੋਂ ਚੋਣ ਲੜਾਉਣ ਦੇ ਰੌਂਅ ਵਿਚ ਹੈ।

## ਖਹਿਰਾ ਵੱਲੋਂ ਜਸਟਿਸ ਜ਼ੋਰਾ ਸਿੰਘ 'ਤੇ ਨਿਸ਼ਾਨਾ

**ਜਲੰਧਰ:** ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਵੱਲੋਂ ਬੇਅਦਬੀ ਕਾਂਡ ਦੇ ਖੁਲਾਸਿਆਂ ਦੇ ਬਾਅਦ ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਪਲਟਵਾਰ ਕਰਦਿਆਂ ਕਿਹਾ ਕਿ 'ਆਪ' ਨੇ ਜਿਹੜਾ ਡਰਾਮਾ ਕੀਤਾ ਸੀ, ਉਸ ਦਾ ਸੱਚ ਸਾਹਮਣੇ ਆ ਗਿਆ ਹੈ। ਸੁਖਪਾਲ ਸਿੰਘ ਖਹਿਰਾ ਨੇ ਬੁਰਜ ਜਵਾਹਰ ਸਿੰਘ ਦੇ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਅਤੇ ਬਰਗਾੜੀ ਦੇ ਗੁਰਮੁਖ ਸਿੰਘ ਨੂੰ ਮੀਡੀਆ ਸਾਹਮਣੇ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਪੁਲਿਸ ਨੇ ਬੇਅਦਬੀ ਮਾਮਲੇ ਵਿਚ ਇਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਸੀ, ਜਦੋਂਕਿ ਜਸਟਿਸ ਜ਼ੋਰਾ ਸਿੰਘ ਨੂੰ ਇਸ ਗੱਲ ਦਾ 'ਇਲਮ' ਤੱਕ ਨਹੀਂ। ਸ੍ਰੀ ਖਹਿਰਾ ਨੇ ਜਸਟਿਸ ਜ਼ੋਰਾ ਸਿੰਘ ਦੀ ਰਿਪੋਰਟ ਦਾ ਸਫਾ ਨੰਬਰ 21 ਪੜ੍ਹਦਿਆਂ ਕਿਹਾ ਕਿ ਇਸ ਵਿਚ ਕੁਝ ਵਿਅਕਤੀਆਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਤੋਂ ਪੁੱਛਗਿੱਛ ਦੀ ਸਿਫਾਰਸ਼ ਕੀਤੀ ਗਈ ਹੈ।

# ਆਮ ਆਦਮੀ ਪਾਰਟੀ ਨੇ ਵਿਧਾਇਕਾਂ ਲਈ ਕੈਪਟਨ ਤੋਂ ਮੰਗੇ 3-3 ਕਰੋੜ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਲੀਡਰ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਸਾਲਾਨਾ 3 ਕਰੋੜ ਐਮ.ਐਲ.ਏ. ਲੈਡ ਮੰਗਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਐਮ.ਪੀ. ਲੈਡ ਦੀ ਤਰਜ਼ ਉਤੇ ਪੰਜਾਬ ਦੇ ਵਿਧਾਇਕਾਂ ਨੂੰ ਸਾਲਾਨਾ 3 ਕਰੋੜ ਐਮ.ਐਲ.ਏ. ਲੈਡ ਦੇਣ ਦੀ ਮੰਗ ਕੀਤੀ।

ਅਰੋੜਾ ਨੇ ਕਿਹਾ ਕਿ ਐਮ.ਪੀ/ ਐਮ.ਐਲ.ਏ. ਲੋਕਲ ਏਰੀਆ ਡਿਵੈਲਪਮੈਂਟ ਫੰਡ ਦਸੰਬਰ 1993 ਵਿਚ ਤਤਕਾਲੀ ਪ੍ਰਧਾਨ ਮੰਤਰੀ ਪੀਵੀ ਨਰਸਿਮ੍ਹਾ ਰਾਓ ਵੱਲੋਂ ਸ਼ੁਰੂ ਕੀਤੀ ਗਿਆ ਸੀ ਤਾਂ ਜੋ ਐਮ.ਪੀ. ਤੇ ਐਮ.ਐਲ.ਏ. ਲੋਕਾਂ ਦੇ ਵਿਕਾਸ ਕਾਰਜ ਕਰਵਾ ਸਕਣ।

ਇਸੇ ਸਕੀਮ ਤਹਿਤ ਸੰਸਦ ਮੈਂਬਰ ਨੂੰ ਸਾਲਾਨਾ ਪੰਜ ਕਰੋੜ ਰੁਪਏ ਤੇ ਵੱਖ-ਵੱਖ ਰਾਜਾਂ ਵਿਚ 2 ਤੋਂ 4 ਕਰੋੜ ਰੁਪਏ ਸਾਲਾਨਾ ਆਪਣੇ ਹਲਕਿਆਂ ਦੇ ਵਿਕਾਸ ਕਾਰਜ ਕਰਵਾਉਣ ਲਈ ਮਿਲਦਾ ਹੈ। ਉਥੇ ਹੀ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿਚ ਲੰਮੇ ਸਮੇਂ ਤੋਂ ਵਿਧਾਇਕਾਂ ਦੀ ਚੱਲੀ ਆ ਰਹੀ ਇਸ ਮੰਗ 'ਤੇ ਅਜੇ ਤੱਕ ਬੂਰ ਨਹੀਂ ਪਿਆ ਜਦਕਿ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਬੀਤੇ ਦਿਨੀਂ ਇਹ ਰਾਸ਼ੀ ਪ੍ਰਤੀ ਐਮ.ਐਲ.ਏ. 4 ਕਰੋੜ ਤੋਂ ਵਾਧਾ ਕੇ 19 ਕਰੋੜ ਪ੍ਰਤੀ ਐਮ.ਐਲ.ਏ. ਸਾਲਾਨਾ ਕਰ ਦਿੱਤੀ ਹੈ।

ਅੱਜ ਜਦੋਂ ਪੰਜਾਬ ਦੇ ਕਿਸੇ ਵੀ ਵਿਧਾਇਕ ਕੋਲ ਉਸ ਦੇ ਹਲਕੇ ਦੇ ਲੋਕ ਕਿਸੇ ਵਿਕਾਸ ਕਾਰਜ ਲਈ ਆਉਂਦੇ ਹਨ ਤਾਂ ਇਹ ਸੋਚ ਕੇ ਕਿ ਪਿੰਡ ਦੇ ਸਰਪੰਚ ਤੇ ਪੰਚਾਂ ਕੋਲ ਤਾਂ ਪੰਚਾਇਤੀ ਫੰਡਾਂ ਵਿਚੋਂ ਵਿਕਾਸ ਕਰਨ ਦਾ ਅਧਿਕਾਰ ਤਾਂ ਹੈ ਪਰ ਦੋ ਲੱਖ ਲੋਕਾਂ ਨੇ ਨੁਮਾਇੰਦੇ ਵਿਧਾਇਕ ਕੋਲ ਕੁਝ ਵੀ ਨਹੀਂ, ਤਾਂ ਬੜੀ ਬੇਬਸੀ ਤੇ ਮਾਯੂਸੀ ਮਹਿਸੂਸ ਹੁੰਦੀ ਹੈ।

ਇਥੇ ਇਕ ਹੋਰ ਵੱਡਾ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ 1993 ਵਿਚ ਕਾਂਗਰਸ ਸਰਕਾਰ ਵੱਲੋਂ ਬਣਾਈ ਗਈ ਇਸ ਸਕੀਮ ਨੂੰ ਉਦੋਂ ਤੋ ਲੈ ਕੇ ਹੁਣ ਤੱਕ ਪੰਜਾਬ ਵਿਚ ਬਣੀਆਂ ਤਿੰਨ ਕਾਂਗਰਸ ਸਰਕਾਰਾਂ ਵੱਲੋਂ ਵੀ ਕਿਉਂ ਲਾਗੂ ਨਹੀਂ ਕੀਤਾ ਗਿਆ।

# ਹਰਿਆਣਾ 'ਚ ਭਖੀ ਸਿੱਖ ਸਿਆਸਤ, ਝੀਂਡਾ ਵੱਲੋਂ ਅਸਤੀਫਾ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਜਨਰਲ ਸਕੱਤਰ ਜੋਗਾ ਸਿੰਘ ਨੇ ਦੱਸਿਆ ਕਿ ਸੀਨੀਅਰ ਉਪ ਪ੍ਰਧਾਨ ਦੀਦਾਰ ਸਿੰਘ ਨਲਵੀ ਨੂੰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਥਾਪਿਆ ਗਿਆ ਹੈ।



ਨਵੇਂ ਪ੍ਰਧਾਨ ਤੇ ਐਗਜ਼ੀਕਿਊਟਿਵ ਬਾਡੀ ਦੀਆਂ ਚੋਣਾਂ ਲਈ 30 ਜਨਵਰੀ ਨੂੰ ਆਮ ਮੀਟਿੰਗ ਬੁਲਾਈ ਗਈ ਹੈ। ਝੀਂਡਾ ਦੀ ਅਗਵਾਈ ਵਿਚ 13 ਸਾਲ ਦੇ ਲੰਬੇ ਸੰਘਰਸ਼ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੱਖ ਇਸ ਦਾ ਗਠਨ ਕੀਤਾ ਗਿਆ ਸੀ।

6 ਜੁਲਾਈ 2014 ਨੂੰ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਹੁੱਡਾ ਨੇ ਵੱਖਰੀ ਕਮੇਟੀ ਬਣਾਉਣ ਬਾਰੇ ਐਲਾਨ ਕੀਤਾ ਸੀ। ਇਸ ਪਿੱਛੋਂ 11 ਜੁਲਾਈ ਨੂੰ ਵਿਧਾਨ ਸਭਾ ਵਿਚ ਬਿੱਲ ਪਾਸ ਕਰਵਾ ਕੇ ਇਸ ਨੂੰ ਕਾਨੂੰਨੀ ਰੂਪ ਦਿੱਤਾ ਗਿਆ। ਇਸ 41 ਮੈਂਬਰੀ ਐਡਹਾਕ ਕਮੇਟੀ ਵਿਚ ਝੀਂਡਾ ਪ੍ਰਧਾਨ ਬਣਾਏ ਗਏ ਸੀ। ਇਸ ਕਮੇਟੀ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਹ ਕੇਸ ਹਾਲੇ ਵੀ ਲੰਬਿਤ ਪਿਆ ਹੈ। ਝੀਂਡਾ ਨੇ ਜਨਤਾ ਅਕਾਲੀ ਦਲ ਬਣਾਉਣ ਦਾ ਵੀ ਐਲਾਨ ਕੀਤਾ ਸੀ।

# ਅਸ਼ਲੀਲ ਵੀਡੀਓ ਕਾਂਡ ਕਰਕੇ ਘੁਬਾਇਆ ਤੋਂ ਖੁੱਸੇਗੀ ਲੋਕ ਸਭਾ ਟਿਕਟ

**ਚੰਡੀਗੜ੍ਹ:** ਅਕਾਲੀ ਦਲ ਦੀ ਟਿਕਟ ਤੋਂ ਸਾਲ 2014 ਵਿਚ ਸੰਸਦ ਮੈਂਬਰ ਬਣੇ ਸ਼ੇਰ ਸਿੰਘ ਘੁਬਾਇਆ ਨੂੰ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਟਿਕਟ ਤੋਂ ਕੋਰਾ ਜਵਾਬ ਮਿਲ ਗਿਆ ਹੈ। ਪਾਰਟੀ ਨੇ ਘੁਬਾਇਆ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿਚ ਅਸ਼ਲੀਲ ਵੀਡੀਓ ਤੇ ਸਰਗਰਮ ਸਿਆਸਤ ਨਾ ਕੀਤੇ ਜਾਣ ਨੂੰ ਕਾਰਨ ਦੱਸਿਆ ਗਿਆ ਹੈ।

ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਜਨਮੇਜਾ ਸਿੰਘ ਸੇਖੋਂ ਤੇ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਘੁਬਾਇਆ ਬਾਰੇ ਵਾਇਰਲ ਹੋਈ ਵੀਡੀਓ ਨੇ ਘੁਬਾਇਆ ਦੇ ਨੈਤਿਕ ਮਿਆਰ 'ਤੇ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਅਕਾਲੀ ਆਗੂਆਂ ਨੇ ਕਿਹਾ ਕਿ ਪਾਰਟੀ ਅਜਿਹੇ ਸਿਆਸਤਦਾਨਾਂ ਨੂੰ ਟਿਕਟ ਨਹੀਂ ਦਿੰਦੀ ਹੈ, ਜੋ ਉਚੇ-ਸੁੱਚੇ ਆਚਰਣ ਦੀ ਸ਼ਰਤ ਪੂਰੀ ਨਹੀਂ ਕਰਦੇ ਹਨ। ਹਾਲਾਂਕਿ, ਘੁਬਾਇਆ ਨੇ ਕਿਹਾ ਸੀ ਕਿ ਉਹ ਸੁਖਬੀਰ ਬਾਦਲ ਦੀ ਅਗਵਾਈ ਅਧੀਨ ਲੋਕ ਸਭਾ ਚੋਣਾਂ ਨਹੀਂ ਲੜ ਸਕਦੇ। ਘੁਬਾਇਆ ਦਾ ਇਹ ਬਿਆਨ ਉਦੋਂ ਆਇਆ ਸੀ ਜਦ ਸੁਖਬੀਰ ਬਾਦਲ ਦੀ ਪ੍ਰਧਾਨਗੀ 'ਤੇ ਕਈ ਅਕਾਲੀ ਲੀਡਰਾਂ ਨੇ ਸਵਾਲ ਚੁੱਕੇ ਸਨ।

## ਸੁਖਬੀਰ ਵੱਲੋਂ ਪਾਰਟੀ ਦੀ ਚੋਣ ਮੈਨੀਫੈਸਟੋ ਕਮੇਟੀ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਲਈ ਪਾਰਟੀ ਦਾ ਚੋਣ ਮੈਨੀਫੈਸਟੋ ਤਿਆਰ ਕਰਨ ਵਾਸਤੇ ਪਾਰਟੀ ਦੇ ਸੀਨੀਅਰ ਆਗੂਆਂ 'ਤੇ ਆਧਾਰਤ 17 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ। ਬਲਵਿੰਦਰ ਸਿੰਘ ਭੂੰਦੜ ਇਸ ਕਮੇਟੀ ਦੇ ਚੇਅਰਮੈਨ, ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਉਪ ਚੇਅਰਮੈਨ ਅਤੇ ਡਾ. ਦਲਜੀਤ ਸਿੰਘ ਚੀਮਾ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ। ਇਸ ਤੋਂ ਇਲਾਵਾ ਪਾਰਟੀ ਦੇ ਹੋਰ 14 ਆਗੂਆਂ ਨੂੰ ਚੋਣ ਮੈਨੀਫੈਸਟੋ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

# ਖਜਾਨੇ ਨੂੰ ਪੰਜ ਕਰੋੜ ਵਿਚ ਪਏ ਸਹੁੰ ਚੁੱਕ ਸਮਾਗਮ

**ਬਠਿੰਡਾ:** ਕੈਪਟਨ ਸਰਕਾਰ ਦੇ ਪੰਚਾਂ/ਸਰਪੰਚਾਂ ਦੇ ਸਹੁੰ ਚੁੱਕ ਸਮਾਗਮਾਂ ਨੇ ਸਰਕਾਰੀ ਖਜ਼ਾਨੇ 'ਤੇ ਕਰੀਬ ਪੰਜ ਕਰੋੜ ਰੁਪਏ ਦਾ ਬੋਝ ਪਾਇਆ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਹੁੰ ਚੁੱਕ ਸਮਾਰੋਹਾਂ ਵਿਚ ਪ੍ਰਤੀ ਪੰਚ/ਸਰਪੰਚ ਔਸਤਨ 400 ਰੁਪਏ ਖਰਚੇ ਗਏ। ਕਿਤੇ ਬਰੈੱਡ ਪਕੌੜਿਆਂ ਦੇ ਲੰਗਰ ਲਾਏ ਗਏ ਹਨ ਅਤੇ ਕਿਤੇ ਦੁਪਹਿਰ ਦਾ ਖਾਣਾ ਦਿੱਤਾ ਗਿਆ ਹੈ। ਬਠਿੰਡਾ ਜ਼ਿਲ੍ਹੇ 'ਚ ਤਾਂ ਦੋ-ਦੋ ਲੱਡੂ ਵੀ ਦਿੱਤੇ ਗਏ ਹਨ। ਖਜ਼ਾਨਾ ਪਹਿਲਾਂ ਹੀ ਤੰਗੀ ਝੱਲ ਰਿਹਾ ਹੈ ਤੇ ਇਥੋਂ ਤੱਕ ਸਕੂਲੀ ਵਰਦੀਆਂ ਲਈ ਪੈਸਿਆਂ ਦਾ ਟੋਟਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਸਪੈਸ਼ਲ ਸਕੱਤਰ ਵੱਲੋਂ ਇਨ੍ਹਾਂ ਸਮਾਗਮਾਂ ਲਈ ਕਰੀਬ ਪੰਜ ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ ਅਤੇ 4.27 ਕਰੋੜ ਦੇ ਫੰਡਾਂ ਦੀ ਜ਼ਿਲ੍ਹਾਵਾਰ ਵੰਡ ਕੀਤੀ ਗਈ ਹੈ। ਸਭ ਤੋਂ ਵੱਧ ਫੰਡ ਜ਼ਿਲ੍ਹਾ ਪਟਿਆਲਾ ਨੂੰ 53.24 ਲੱਖ ਜਾਰੀ ਕੀਤੇ ਗਏ ਹਨ ਅਤੇ ਇਸ ਜ਼ਿਲ੍ਹੇ ਵਿਚ ਮੁੱਖ ਮੰਤਰੀ ਨੇ 7646 ਪੰਚਾਇਤੀ ਨੁਮਾਇੰਦਿਆਂ ਨੂੰ ਸਹੁੰ ਚੁਕਾਈ। ਇਸ ਜ਼ਿਲ੍ਹੇ ਵਿਚ ਸਰਕਾਰ ਨੇ ਪ੍ਰਤੀ ਪੰਚ/ਸਰਪੰਚ 696 ਰੁਪਏ ਖਰਚ ਕੀਤੇ ਹਨ ਜਦਕਿ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿਚ ਪ੍ਰਤੀ ਨੁਮਾਇੰਦਾ ਔਸਤਨ 400 ਰੁਪਏ ਖਰਚ ਕੀਤੇ ਜਾ ਰਹੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਭਰ ਦੇ 1,00,312 ਪੰਚਾਂ ਤੇ ਸਰਪੰਚਾਂ, ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਮੈਂਬਰਾਂ ਨੇ ਇਨ੍ਹਾਂ ਦੋ ਦਿਨਾਂ ਦੌਰਾਨ ਅਹੁਦੇ ਦੀ ਸਹੁੰ ਚੁਕਾਈ ਗਈ। ਪੰਜਾਬ ਭਰ 'ਚ 13262 ਨਵੇਂ ਸਰਪੰਚ, 83,831 ਪੰਚ, 2899 ਸਮਿਤੀ ਮੈਂਬਰ ਅਤੇ 353 ਜ਼ਿਲ੍ਹਾ ਪਰਿਸ਼ਦ ਮੈਂਬਰ ਚੁਣੇ ਗਏ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਭ ਤੋਂ ਵੱਧ 1405 ਸਰਪੰਚ, ਗੁਰਦਾਸਪੁਰ ਵਿਚ 1279 ਅਤੇ ਤੀਜੇ ਨੰਬਰ 'ਤੇ ਜ਼ਿਲ੍ਹਾ ਪਟਿਆਲਾ 'ਚ 1038 ਸਰਪੰਚ ਚੁਣੇ ਗਏ ਹਨ।



ਬਰਨਾਲਾ ਜ਼ਿਲ੍ਹੇ ਨੂੰ ਸਹੁੰ ਚੁੱਕ ਸਮਾਰੋਹਾਂ ਲਈ ਪ੍ਰਤੀ ਨੁਮਾਇੰਦਾ 394 ਰੁਪਏ ਖਰਚਾ ਦਿੱਤਾ ਗਿਆ ਹੈ ਜਦਕਿ ਬਾਕੀ ਜ਼ਿਲ੍ਹਿਆਂ ਨੂੰ ਇਕਸਾਰ ਰਾਸ਼ੀ ਦਿੱਤੀ ਗਈ ਹੈ। ਬਹੁਤੀਆਂ ਥਾਵਾਂ 'ਤੇ ਇਹ ਪ੍ਰੋਗਰਾਮ ਮੈਰਿਜ ਪੈਲੇਸਾਂ ਵਿਚ ਰੱਖੇ ਗਏ। ਪ੍ਰਾਪਤ ਤੱਥਾਂ ਅਨੁਸਾਰ ਸਰਕਾਰ ਨੇ ਹੁਸ਼ਿਆਰਪੁਰ ਨੂੰ ਸਹੁੰ ਚੁੱਕ ਸਮਾਗਮਾਂ ਲਈ 38.72 ਲੱਖ ਰੁਪਏ, ਅੰਮ੍ਰਿਤਸਰ ਨੂੰ 26.84 ਲੱਖ, ਗੁਰਦਾਸਪੁਰ ਨੂੰ 36.33 ਲੱਖ, ਸੰਗਰੂਰ ਨੂੰ 20.44 ਲੱਖ, ਲੁਧਿਆਣਾ ਨੂੰ 30.38 ਲੱਖ, ਫਿਰੋਜ਼ਪੁਰ ਨੂੰ 22.75 ਲੱਖ ਦੇ ਫੰਡ ਜਾਰੀ ਕੀਤੇ ਹਨ।

ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਆਗੂ ਹਰਪਾਲ ਸਿੰਘ ਚੀਮਾ ਨੇ ਸਮਾਰੋਹਾਂ ਨੂੰ ਸਿਆਸੀ ਸਟੰਟ ਦੱਸਿਆ ਹੈ। ਉਨ੍ਹਾਂ ਆਖਿਆ ਕਿ ਹੁਣ ਸਰਕਾਰ ਦੀ ਕਿਫਾਇਤੀ ਮੁਹਿੰਮ ਕਿਥੇ ਚਲੀ ਗਈ ਹੈ ਅਤੇ ਕਰੋੜਾਂ ਰੁਪਏ ਪਾਣੀ ਦੀ ਤਰ੍ਹਾਂ ਵਹਾ ਦਿੱਤੇ ਗਏ ਹਨ। ਉਨ੍ਹਾਂ ਆਖਿਆ ਕਿ ਇਹ ਫਜ਼ੂਲ ਖਰਚੀ ਹੈ ਅਤੇ ਇਹ ਸਮਾਗਮ ਸਾਦੇ ਤੇ ਪਿੰਡਾਂ ਵਿਚ ਹੋਣੇ ਚਾਹੀਦੇ ਸਨ। ਪੰਚਾਇਤਾਂ ਲੋਕਾਂ ਦੇ ਸਾਹਮਣੇ ਸਹੁੰ ਚੁੱਕਦੀਆਂ।


## ਨਸ਼ਿਆਂ ਦੇ ਖਾਤਮੇ ਬਾਰੇ ਕੈਪਟਨ ਦੇ ਦਾਅਵਿਆਂ ਦੀ ਕਾਂਗਰਸੀ ਵਿਧਾਇਕ ਨੇ ਹੀ ਕੱਢੀ ਫੂਕ

**ਫਿਰੋਜ਼ਪੁਰ:** ਪੰਜਾਬ ਸਰਕਾਰ ਵੱਲੋਂ ਸਰਪੰਚਾਂ ਨੂੰ ਸਹੁੰ ਚੁਕਵਾਉਣ ਲਈ ਵੱਡੇ ਪੱਧਰ 'ਤੇ ਕਰਵਾਏ ਸਮਾਗਮਾਂ ਦੀ ਫੂਕ ਨਸ਼ਿਆਂ ਨੇ ਕੱਢ ਦਿੱਤੀ। ਜ਼ੀਰਾ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਮਨਪ੍ਰੀਤ ਬਾਦਲ ਦੀ ਹਾਜ਼ਰੀ ਵਿਚ ਇਸ ਸਮਾਗਮ ਦਾ ਬਾਈਕਾਟ ਕਰ ਦਿੱਤਾ ਤੇ ਉਥੋਂ ਚਲੇ ਗਏ। ਜ਼ੀਰਾ ਨੇ ਦੋਸ਼ ਲਾਇਆ ਕਿ ਸਰਕਾਰ ਤੇ ਪੁਲਿਸ ਨਸ਼ੇ ਖਤਮ ਕਰਨ ਵਿਚ ਸਫਲ ਨਹੀਂ ਹੋਈ।

ਜ਼ੀਰਾ ਨੇ ਨਸ਼ਿਆਂ ਨੂੰ ਖਤਮ ਕਰਨ ਲਈ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਅਤੇ ਮੰਚ ਤੋਂ ਸਾਰਿਆਂ ਸਾਹਮਣੇ ਸਹੁੰ ਚੁੱਕ ਸਮਾਗਮ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਤੇ ਉਥੋਂ ਚਲੇ ਗਏ। ਇਹ ਦੇਖ ਸਮਾਗਮ ਦੇ ਮੁੱਖ ਮਹਿਮਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਡੌਰ-ਭੌਰ ਹੋ ਗਏ। ਵਿਧਾਇਕ ਜ਼ੀਰਾ ਨੇ ਆਪਣੇ ਭਾਸ਼ਣ ਦੌਰਾਨ ਹੀ ਮਨਪ੍ਰੀਤ ਬਾਦਲ ਸਾਹਮਣੇ ਨਸ਼ਾ ਤਸਕਰਾਂ ਦੇ ਨਾਂ ਵੀ ਬੋਲੇ। ਜ਼ੀਰਾ ਨੇ ਵਿੱਤ ਮੰਤਰੀ ਵੱਲੋਂ ਸਰਪੰਚਾਂ ਤੇ ਪੰਚਾਂ ਨੂੰ ਚੁਕਾਈ ਜਾਣ ਵਾਲੀ 'ਸਹੁੰ' ਨੂੰ ਝੂਠੀ ਸਹੁੰ ਦੱਸਿਆ ਅਤੇ ਨਾਅਰੇ ਲਗਾਉਂਦੇ ਹੋਏ ਸਮਾਗਮ ਦਾ ਬਾਈਕਾਟ ਕੀਤਾ।

## ਹਵਾਰਾ ਨੂੰ 6 ਫਰਵਰੀ ਨੂੰ ਅਦਾਲਤ 'ਚ ਪੇਸ਼ ਕਰਨ ਦੇ ਹੁਕਮ

**ਲੁਧਿਆਣਾ:** ਸਥਾਨਕ ਅਦਾਲਤ ਨੇ ਅਸਲਾ ਐਕਟ ਬਰਾਮਦਗੀ ਦੇ ਇਕ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਨੂੰ 6 ਫਰਵਰੀ ਨੂੰ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ। ਥਾਣਾ ਕੋਤਵਾਲੀ ਦੀ ਪੁਲਿਸ ਨੇ ਦਸੰਬਰ 1995 'ਚ ਨਿਊ ਕੁੰਦਨਪੁਰੀ ਇਲਾਕੇ ਨੇੜੇ ਜਾਂਦੇ ਬੁੱਢੇ ਦਰਿਆ ਦੇ ਕੰਢੇ ਤੋਂ 12 ਕਿੱਲੋ ਆਰ.ਡੀ.ਐਕਸ. ਅਤੇ ਏ.ਕੇ. 47 ਬਰਾਮਦ ਕੀਤੀ ਸੀ।



ਪੁਲਿਸ ਵੱਲੋਂ ਇਸ ਮਾਮਲੇ 'ਚ ਭਾਈ ਹਵਾਰਾ ਨੂੰ ਨਾਮਜ਼ਦ ਕੀਤਾ ਗਿਆ ਸੀ। ਪੁਲਿਸ ਵੱਲੋਂ ਬਕਾਇਦਾ ਉਨ੍ਹਾਂ ਦੀ ਗ੍ਰਿਫਤਾਰੀ ਪਾ ਕੇ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਭਾਈ ਹਵਾਰਾ ਇਸ ਵੇਲੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹਨ।

ਉਨ੍ਹਾਂ ਖਿਲਾਫ ਅਦਾਲਤ ਵਿਚ ਕੁਝ ਮਾਮਲੇ ਚੱਲ ਰਹੇ ਹਨ ਅਤੇ ਇਨ੍ਹਾਂ ਮਾਮਲਿਆਂ ਵਿਚ ਅਦਾਲਤ ਵੱਲੋਂ ਭਾਈ ਹਵਾਰਾ ਦੀ ਪੇਸ਼ੀ ਵੀਡੀਓ ਕਾਨਫਰਸਿੰਗ ਰਾਹੀਂ ਕੀਤੀ ਜਾਂਦੀ ਸੀ, ਪਰ ਇਸ ਵਾਰ ਜੱਜ ਅਰੁਨਵੀਰ ਵਸ਼ਿਸ਼ਟ ਨੇ ਪੁਲਿਸ ਨੂੰ 6 ਫਰਵਰੀ ਨੂੰ ਭਾਈ ਹਵਾਰਾ ਨੂੰ ਨਿਜੀ ਤੌਰ 'ਤੇ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# ਇਸ਼ਤਿਹਾਰਬਾਜ਼ੀ ਨਾਲ ਖਜਾਨਾ ਭਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੇ ਕਾਰਜ ਦੌਰਾਨ ਲੁਧਿਆਣਾ ਸ਼ਹਿਰ ਨੂੰ ਆਊਟ ਡੋਰ ਇਸ਼ਤਿਹਾਰ ਨੀਤੀ ਰਾਹੀਂ ਸਿਰਫ 30 ਕਰੋੜ ਰੁਪਏ ਦੀ ਕਮਾਈ ਹੋਈ ਸੀ, ਜਦੋਂ ਕਿ ਨਵੀਂ ਨੀਤੀ ਰਾਹੀਂ ਨਗਰ ਨਿਗਮ ਲੁਧਿਆਣਾ ਨੇ ਪਹਿਲੇ ਸਾਲ ਹੀ 27.54 ਕਰੋੜ ਦੀ ਕਮਾਈ ਹੋਵੇਗੀ। ਸਿੱਧੂ ਨੇ ਕਿਹਾ ਕਿ ਨਵੇਂ ਟੈਂਡਰ ਨਾਲ ਲੁਧਿਆਣਾ ਸ਼ਹਿਰ ਨੂੰ 289 ਕਰੋੜ ਰੁਪਏ ਦੀ ਕਮਾਈ ਹੋਵੇਗੀ, ਜੋ ਕਿ ਪਿਛਲੀ ਸਰਕਾਰ ਨਾਲੋਂ 800 ਫੀਸਦੀ ਵਾਧਾ ਹੈ।

ਸਿੱਧੂ ਨੇ ਇਹ ਵੀ ਕਿਹਾ ਕਿ ਪਿਛਲੇ ਸਾਲ 167 ਸ਼ਹਿਰਾਂ ਨੂੰ ਆਊਟ ਡੋਰ ਇਸ਼ਤਿਹਾਰ ਨੀਤੀ ਰਾਹੀਂ 18 ਕਰੋੜ ਰੁਪਏ ਦੀ ਕਮਾਈ ਹੋਈ ਸੀ ਅਤੇ ਹੁਣ ਲੁਧਿਆਣਾ ਇਕੱਲਾ ਇਕ ਸਾਲ ਵਿਚ 27.54 ਕਰੋੜ ਰੁਪਏ ਕਮਾਏਗਾ। ਸਿੱਧੂ ਨੇ ਇਹ ਵੀ ਖੁਲਾਸਾ ਕੀਤਾ ਕਿ ਨਗਰ ਨਿਗਮ ਲੁਧਿਆਣਾ



ਨੂੰ ਨਵੀਂ ਨੀਤੀ ਰਾਹੀਂ ਪਿਛਲੇ ਸਾਲ ਮੁਕਾਬਲੇ 1473 ਫੀਸਦੀ ਆਮਦਨ 'ਚ ਵਾਧਾ ਹੋਇਆ ਹ। ਸਿੱਧੂ ਨੇ ਕਿਹਾ ਕਿ ਸਰਕਾਰ ਵੱਲੋਂ ਆਊਟਡੋਰ ਇਸ਼ਤਿਹਾਰ ਨੀਤੀ ਰਾਹੀਂ ਸੂਬੇ ਦੇ 167 ਸ਼ਹਿਰਾਂ 'ਚੋਂ 150 ਕਰੋੜ ਤੋਂ ਵੱਧ ਆਮਦਨ ਦਾ ਟੀਚਾ ਮਿਥਿਆ ਗਿਆ ਹੈ। ਸਿੱਧੂ ਨੇ ਇਹ ਵੀ ਦੱਸਿਆ ਕਿ ਨਗਰ ਨਿਗਮ ਮੋਗਾ ਦੀ ਸਾਲਾਨਾ ਕਮਾਈ 30 ਲੱਖ ਰੁਪਏ ਤੋਂ ਵੱਧ ਕੇ 1 ਕਰੋੜ, ਪਠਾਨਕੋਟ ਦੀ 20 ਲੱਖ ਤੋਂ ਵੱਧ ਕੇ 67 ਲੱਖ ਤੱਕ ਹੋ ਗਈ ਹੈ। ਅੰਮ੍ਰਿਤਸਰ ਤੇ ਮੁਹਾਲੀ ਦੀ ਸਾਲਾਨਾ ਕਮਾਈ ਦਾ ਟੀਚਾ 20-20 ਕਰੋੜ ਰੁਪਏ ਮਿਥਿਆ ਹੈ ਅਤੇ ਜਲੰਧਰ ਦੀ ਵੀ ਘੱਟੋ-ਘੱਟ ਰਾਖਵੀਂ ਕੀਮਤ 18.15 ਕਰੋੜ ਰੁਪਏ ਰੱਖੀ ਗਈ ਹੈ।

# 'ਮ੍ਰਿਤਕ' ਕੁਝ ਘੰਟਿਆਂ ਬਾਅਦ ਹੋਇਆ ਜਿਉਂਦਾ

**ਰੂੜੇਕੇ ਕਲਾਂ:** ਪੀ.ਜੀ.ਆਈ. (ਚੰਡੀਗੜ੍ਹ) ਦੇ ਡਾਕਟਰਾਂ ਵੱਲੋਂ ਮ੍ਰਿਤਕ ਐਲਾਨਿਆ ਲੜਕਾ ਕੁਝ ਘੰਟਿਆਂ ਬਾਅਦ ਜਿਉਂਦਾ ਹੋ ਗਿਆ। ਇਹ ਮਾਮਲਾ ਬਰਨਾਲਾ ਜ਼ਿਲ੍ਹੇ ਦੇ ਪਿੰਡ ਪੱਖੋਂ ਕਲਾਂ ਨਾਲ ਸਬੰਧਤ ਹੈ।

ਜਾਣਕਾਰੀ ਅਨੁਸਾਰ ਗੁਰਤੇਜ ਸਿੰਘ (15 ਸਾਲ) ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪੱਖੋ ਕਲਾਂ ਨੂੰ ਕਈ ਦਿਨ ਪਹਿਲਾਂ ਇਕ ਅੱਖ ਦੀ ਨਿਗ੍ਹਾ ਘਟਣ ਕਾਰਨ ਬਠਿੰਡਾ ਦੇ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੋਂ ਉਸ ਨੂੰ ਡਾਕਟਰ ਨੇ ਸਿਰ ਵਿਚ ਰਸੌਲੀ ਦੱਸ ਕੇ ਡੀ.ਐਮ.ਸੀ., ਲੁਧਿਆਣਾ ਰੈਫਰ ਕਰ ਦਿੱਤਾ ਗਿਆ। ਡੀ.ਐਮ.ਸੀ. ਲੁਧਿਆਣਾ ਦੇ ਡਾਕਟਰਾਂ ਨੇ ਸਿਰ ਦਾ ਅਪਰੇਸ਼ਨ ਕਰਨ ਲਈ ਚੰਡੀਗੜ੍ਹ ਭੇਜ ਦਿੱਤਾ। ਉਸ ਨੂੰ ਪੀ.ਜੀ.ਆਈ. ਵਿਚ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਐਮਰਜੈਂਸੀ 'ਚ ਰੱਖਣ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਲੜਕੇ ਦੀ ਮੌਤ ਬਾਰੇ ਪਤਾ ਲੱਗਣ 'ਤੇ ਰਿਸ਼ਤੇਦਾਰ ਤੇ ਪਿੰਡ ਵਾਸੀ ਉਸ ਦੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਸਸਕਾਰ ਦੀ ਤਿਆਰ ਕੀਤੀ ਜਾਣ ਲੱਗੀ। ਗੁਰਤੇਜ ਦੀ ਦੇਹ ਨੂੰ ਵੈਨ ਰਾਹੀਂ ਪਿੰਡ ਲਿਆਂਦਾ ਜਾ ਰਿਹਾ ਸੀ ਕਿ ਪਿੰਡ ਤੋਂ ਪੰਜ ਕਿਲੋਮੀਟਰ ਪਿੱਛੇ ਰੂੜੇਕੇ ਕਲਾਂ 'ਚ ਗੱਡੀ ਰੋਕ ਕੇ ਜਦੋਂ ਉਸ ਦੇ ਕੱਪੜੇ ਬਦਲਣ ਲੱਗੇ ਤਾਂ ਗੁਆਂਢੀ ਸਤਨਾਮ ਸਿੰਘ ਨੂੰ ਲੜਕੇ ਦੇ ਸਾਹ ਚੱਲਦੇ ਹੋਣ ਦਾ ਸ਼ੱਕ ਹੋਇਆ।

ਇਸ ਮਗਰੋਂ ਨੇੜਲੇ ਡਾਕਟਰ ਨੂੰ ਬੁਲਾਇਆ ਤੇ ਪਤਾ ਲੱਗਿਆ ਕਿ ਲੜਕਾ ਜਿਉਂਦਾ ਹੈ। ਇਸ ਮਗਰੋਂ ਲੜਕੇ ਨੇ ਅੱਖਾਂ ਵੀ ਖੋਲ੍ਹ ਲਈਆਂ। ਉਸ ਨੂੰ ਸਿਵਲ ਹਸਪਤਾਲ, ਬਰਨਾਲਾ ਲਿਜਾਇਆ ਗਿਆ, ਜਿਥੋਂ ਚੈੱਕਅਪ ਮਗਰੋਂ ਡਾਕਟਰਾਂ ਨੇ ਉਸ ਨੂੰ ਫਰੀਦਕੋਟ ਦੇ ਇਕ ਹਸਪਤਾਲ ਭੇਜ ਦਿੱਤਾ ਹੈ, ਜਿਥੇ ਉਸ ਦਾ ਇਲਾਜ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ਗੁਰਤੇਜ ਆਪਣੇ ਮਾਂ-ਪਿਉ ਦੀ ਇਕਲੌਤੀ ਔਲਾਦ ਹੈ।

# ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਅਜੇ ਵੀ ਗਰਮ ਵਰਦੀ ਦੀ ਉਡੀਕ

**ਚੰਡੀਗੜ੍ਹ:** ਪੰਜਾਬ ਵਿਚ ਕਹਿਰਾਂ ਦੀ ਠੰਢ ਪੈ ਰਹੀ ਹੈ ਪਰ ਸਰਕਾਰੀ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਅਜੇ ਤੱਕ ਵਰਦੀਆਂ ਨਹੀਂ ਮਿਲੀਆਂ। ਸਰਕਾਰ ਦੇ ਨਵੇਂ ਫੈਸਲੇ ਤਹਿਤ ਹੁਣ ਇਹ ਵਰਦੀਆਂ ਨਵੇਂ ਵਿੱਦਿਅਕ ਸੈਸ਼ਨ ਤੱਕ ਮਿਲਣ ਦੇ ਆਸਾਰ ਹਨ। ਸਕੂਲ ਸਿੱਖਿਆ ਵਿਭਾਗ ਦੇ ਡਾਇਰੈਕਟਰ ਜਨਰਲ ਵੱਲੋਂ ਜਾਰੀ ਹੁਕਮ



ਅਨੁਸਾਰ ਪੁਰਾਣੇ ਫੈਸਲੇ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਨਵੇਂ ਸਿਰਿਉਂ ਸੂਬਾ ਪੱਧਰ ਉਤੇ ਟੈਂਡਰ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਪੰਜਾਬ ਦੇ ਸਰਕਾਰੀ ਸਕੂਲਾਂ ਦੇ ਲਗਭਗ 12 ਲੱਖ 75 ਹਜ਼ਾਰ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਦੀਆਂ ਵਰਦੀਆਂ ਦਿੱਤੀਆਂ ਜਾਣੀਆਂ ਹਨ। ਛੇ ਸੌ ਰੁਪਏ ਵਰਦੀ ਦੇ ਹਿਸਾਬ ਨਾਲ ਕਰੀਬ 80 ਕਰੋੜ ਰੁਪਏ ਦਾ ਖਰਚ ਆਉਣਾ ਹੈ ਜਿਸ ਵਿਚ 60 ਫੀਸਦੀ ਕੇਂਦਰ ਅਤੇ 40 ਫੀਸਦੀ ਪੈਸਾ ਸੂਬਾ ਸਰਕਾਰ ਨੇ ਪਾਉਣਾ ਹੈ। ਫੰਡਾਂ ਦੀ ਤੋਟ ਕਾਰਨ ਪਿਛਲੇ ਸਾਲ ਵੀ ਸਾਰੇ ਵਿਦਿਆਰਥੀਆਂ ਨੂੰ ਵਰਦੀ ਨਹੀਂ ਦਿੱਤੀ ਗਈ। ਹੁਣ ਦੋ ਸਾਲਾਂ ਬਾਅਦ ਵੀ ਸਮੇਂ ਸਿਰ ਵਰਦੀ ਨਹੀਂ ਮਿਲੀ। ਅਧਿਕਾਰੀ ਮਨ ਬਦਲਦੇ ਰਹੇ ਅਤੇ ਬੱਚੇ ਠੰਢ ਦੀ ਮਾਰ ਝੱਲਦੇ ਰਹੇ। ਇਸ ਮੌਕੇ ਵਰਦੀਆਂ ਲੈਣ ਦੇ ਹੱਕਦਾਰਾਂ 'ਚ 7.12 ਲੱਖ ਕੁੜੀਆਂ, 4.85 ਲੱਖ ਅਨੁਸੂਚਿਤ ਜਾਤੀ ਨਾਲ ਸਬੰਧਤ ਲੜਕੇ ਅਤੇ 77,997 ਗ਼ਰੀਬੀ ਦੀ ਰੇਖਾ ਤੋਂ ਹੇਠਾਂ ਵਾਲੇ ਵਿਦਿਆਰਥੀ ਹਨ।

ਸੂਤਰਾਂ ਅਨੁਸਾਰ ਸਕੂਲਾਂ ਦੀ ਵਰਦੀ ਦੇ ਰੰਗ ਤੇ ਵਰਦੀ ਖਰੀਦਣ ਦਾ ਕੰਮ ਸਕੂਲ ਪ੍ਰਬੰਧਕ ਕਮੇਟੀਆਂ ਦਾ ਹੁੰਦਾ ਹੈ। ਵਿਭਾਗ ਨੇ ਫੈਸਲਾ ਕਰ ਲਿਆ ਕਿ ਕਮੇਟੀਆਂ ਦੀ ਥਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਖੁਲ੍ਹਵਾ ਕੇ ਨਗਦ ਪੈਸਾ ਉਨ੍ਹਾਂ 'ਚ ਜਮ੍ਹਾਂ ਕਰਾ ਦਿੱਤਾ ਜਾਵੇ। ਸਕੂਲ ਅਧਿਆਪਕਾਂ ਅਤੇ ਮਾਪਿਆਂ ਨੂੰ ਬੈਂਕ ਖਾਤੇ ਖੁੱਲ੍ਹਵਾਉਣ ਦੇ ਕੰਮ ਉਤੇ ਲਗਾ ਦਿੱਤਾ ਗਿਆ। ਮਹਿਜ਼ ਇਕ ਵਾਰ ਛੇ ਸੌ ਰੁਪਏ ਪਿੱਛੇ ਬੈਂਕ ਖਾਤੇ ਖੋਲ੍ਹਣ ਵਿਚ ਬੈਂਕ ਸਟਾਫ ਦੀ ਵੀ ਖਾਸ ਦਿਲਚਸਪੀ ਨਹੀਂ ਸੀ। ਕੰਮ ਲੰਬਾ ਹੁੰਦਾ ਦੇਖਦਿਆਂ ਵਿਭਾਗ ਨੇ ਮੁੜ ਫੈਸਲਾ ਕਰ ਲਿਆ ਕਿ ਵਰਦੀਆਂ ਸਕੂਲ ਪ੍ਰਬੰਧਕ ਕਮੇਟੀਆਂ ਰਾਹੀਂ ਹੀ ਦੇ ਦਿੱਤੀਆਂ ਜਾਣ ਅਤੇ 31 ਜਨਵਰੀ ਤੱਕ ਸਾਰੀ ਪ੍ਰਕਿਰਿਆ ਪੂਰੀ ਕਰਨ ਦੀਆਂ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ। ਇਸੇ ਦੌਰਾਨ ਮੁੜ ਫੈਸਲਾ ਬਦਲ ਲਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਬੰਧਕ ਕਮੇਟੀਆਂ ਰਾਹੀਂ ਖਰੀਦ ਵਿਚ ਹੇਰਾਫੇਰੀ ਦੀਆਂ ਸੂਚਨਾਵਾਂ ਮਿਲਣ ਕਰ ਕੇ ਅਜਿਹਾ ਕੀਤਾ ਗਿਆ ਹੈ।

ਸਰਬ ਸਿੱਖਿਆ ਅਭਿਆਨ ਦੇ ਨਿਯਮਾਂ ਮੁਤਾਬਕ ਵਰਦੀਆਂ ਦੀ ਖਰੀਦ ਅਤੇ ਵੰਡਣ ਦਾ ਕੰਮ ਸਕੂਲ ਪੱਧਰ ਉਤੇ ਹੋਣਾ ਜ਼ਰੂਰੀ ਹੈ। ਪੰਜਾਬ ਦੇ ਸਿੱਖਿਆ ਵਿਭਾਗ ਨੇ ਕੇਂਦਰ ਨੂੰ ਤਜਵੀਜ਼ ਭੇਜ ਕੇ ਸੂਬਾ ਪੱਧਰੀ ਇਕੋ ਟੈਂਡਰ ਰਾਹੀਂ ਵਰਦੀਆਂ ਦੀ ਖਰੀਦ ਦੀ ਮਨਜ਼ੂਰੀ ਲੈ ਲਈ। ਹੁਣ ਮਨਜ਼ੂਰੀ ਆਉਣ 'ਤੇ ਡੀ.ਜੀ.ਐਸ.ਈ. ਦਫਤਰ ਨੇ ਨਵੇਂ ਸਿਰਿਉਂ ਟੈਂਡਰ ਮੰਗਣ ਦਾ ਫੈਸਲਾ ਕਰ ਲਿਆ। ਇਸ ਲਈ ਵਰਦੀ ਦੇ ਰੰਗ ਵੀ ਕੇਂਦਰ ਪੱਧਰ ਉਤੇ ਹੀ ਨਿਰਧਾਰਤ ਕਰਨ ਦਾ ਫੈਸਲਾ ਹੋ ਗਿਆ। ਇਕ ਸੀਨੀਅਰ ਅਧਿਕਾਰੀ ਅਨੁਸਾਰ ਵਰਦੀਆਂ ਵਿਚ ਦੇਰੀ ਤਾਂ ਹੋ ਹੀ ਗਈ ਤੇ ਸਿਆਲ ਨਿਕਲ ਗਿਆ। ਹੁਣ ਦੋ ਮਹੀਨੇ ਹੋਰ ਲੱਗ ਜਾਣਗੇ ਤਾਂ ਵੀ ਕੋਈ ਵੱਡਾ ਫਰਕ ਨਹੀਂ ਪਵੇਗਾ। ਇਕ ਸਕੂਲ ਅਧਿਆਪਕ ਨੇ ਕਿਹਾ ਕਿ ਸਕੂਲ ਪ੍ਰਬੰਧਕ ਕਮੇਟੀਆਂ ਨੇ ਜਦੋਂ 400 ਰੁਪਏ ਵਰਦੀ ਦੇ ਦਿੱਤੇ ਸਨ ਤਾਂ ਉਨ੍ਹਾਂ ਕੋਲੋਂ ਪੈਸੇ ਪਾ ਕੇ ਵਰਦੀਆਂ ਖਰੀਦੀਆਂ ਸਨ ਜਦਕਿ ਸੂਬਾਈ ਪੱਧਰ ਉਤੇ ਵੱਡੇ ਘਪਲੇ ਦੀ ਸੰਭਾਵਨਾ ਹੈ। ਵਰਦੀਆਂ ਤੇ ਹੋਰ ਸਾਮਾਨ ਦੀ ਖਰੀਦ ਵਿਚ ਘਪਲੇ ਦੇ ਦੋਸ਼ ਅਕਾਲੀ-ਭਾਜਪਾ ਸਰਕਾਰ ਮੌਕੇ ਵੀ ਲੱਗਦੇ ਰਹੇ ਹਨ।

# ਕੇਂਦਰ ਨੇ ਸਰਹੱਦ ਨੇੜਲੇ ਖੇਤਰ ਦੇ ਵਿਕਾਸ ਲਈ 638 ਕਰੋੜ ਕੀਤੇ ਜਾਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ (ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ) ਤਹਿਤ ਮੌਜੂਦਾ ਵਿੱਤੀ ਵਰ੍ਹੇ 'ਚ ਹੁਣ ਤੱਕ ਕਰੀਬ 638 ਕਰੋੜ ਰੁਪਏ ਜਾਰੀ ਕੀਤੇ। ਇਸ ਪ੍ਰੋਗਰਾਮ ਨੂੰ ਸਰਹੱਦ ਨੇੜਲੇ ਦੂਰ ਦੁਰਾਡੇ ਦੇ ਸਥਾਨਾਂ 'ਤੇ ਰਹਿਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਲਾਗੂ ਕੀਤਾ ਜਾ ਰਿਹਾ ਹੈ।


ਅਧਿਕਾਰੀਆਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਅੰਤਰਰਾਸ਼ਟਰੀ ਸਰਹੱਦ ਦੇ 50 ਕਿੱਲੋਮੀਟਰ ਦੇ ਦਾਇਰੇ 'ਚ ਰਹਿਣ ਵਾਲੇ ਲੋਕਾਂ ਉਤੇ ਧਿਆਨ ਕੇਂਦਰਤ ਕਰਦਿਆਂ 2018-19 ਦੌਰਾਨ 17 ਰਾਜਾਂ ਨੂੰ ਸਰਹੱਦੀ ਖੇਤਰ ਦੇ ਲੋਕਾਂ ਦੀਆਂ ਵਿਸ਼ੇਸ਼ ਵਿਕਾਸ ਦੀਆਂ ਲੋੜਾਂ ਦੀ ਪੂਰਤੀ ਲਈ 637.98 ਕਰੋੜ ਰੁਪਏ ਜਾਰੀ ਕੀਤੇ।

ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ 2017-18 ਵਿਚ ਮੰਤਰਾਲੇ ਨੇ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਮੁਕੰਮਲ ਵਿਕਾਸ ਲਈ 1100 ਕਰੋੜ ਰੁਪਏ ਜਾਰੀ ਕੀਤੇ ਸਨ।

ਬੀ.ਏ.ਡੀ.ਪੀ. ਸਰਹੱਦੀ ਖੇਤਰ ਦੇ ਲੋਕਾਂ ਦੀਆਂ ਵਿਸ਼ੇਸ਼ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਲਈ 17 ਰਾਜਾਂ ਦੇ 111 ਸਰਹੱਦੀ ਜ਼ਿਲ੍ਹਿਆਂ ਨੂੰ ਕਵਰ ਕਰਦਾ ਹੈ। ਬੀ.ਏ.ਡੀ.ਪੀ. ਤਹਿਤ ਮੁਢਲੇ ਸਿਹਤ ਕੇਂਦਰਾਂ, ਸਕੂਲਾਂ ਦਾ ਨਿਰਮਾਣ, ਪੀਣ ਵਾਲੇ ਪਾਣੀ ਦੀ ਸਪਲਾਈ, ਕਮਿਊਨਿਟੀ ਸੈਂਟਰ, ਕਨੈਕਟੀਵਿਟੀ, ਜਲ ਨਿਕਾਸ ਆਦਿ ਯੋਜਨਾਵਾਂ ਆਉਂਦੀਆਂ ਹਨ।

# 'ਵਿਰਾਸਤ-ਏ-ਖਾਲਸਾ' ਦਾ ਨਾਂ ਲਿਮਕਾ ਬੁੱਕ ਆਫ ਰਿਕਾਰਡਜ਼ ਵਿਚ ਦਰਜ

**ਚੰਡੀਗੜ੍ਹ:** ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਸਥਿਤ 'ਵਿਰਾਸਤ-ਏ-ਖਾਲਸਾ' ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡਜ਼ ਵਿਚ ਦਰਜ ਹੋਇਆ ਹੈ। ਪੰਜਾਬ ਦੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਲਈ ਇਹ ਮਾਣ ਵਾਲੀ ਗੱਲ ਹੈ ਕਿ 'ਵਿਰਾਸਤ-ਏ-ਖਾਲਸਾ' ਸਮੁੱਚੇ ਭਾਰਤ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ ਹੈ। ਇਥੇ ਸੈਲਾਨੀਆਂ ਦੀ ਗਿਣਤੀ ਮਹਿਜ਼ 7 ਸਾਲਾਂ ਵਿਚ 97 ਲੱਖ ਤੋਂ ਵੀ ਪਾਰ ਹੋ ਚੁੱਕੀ ਹੈ।



ਖਾਸ ਗੱਲ ਇਹ ਹੈ ਕਿ 2018 'ਚ ਬੀਤੇ ਤਿੰਨ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਸੈਲਾਨੀ 'ਵਿਰਾਸਤ-ਏ-ਖਾਲਸਾ' ਵੇਖਣ ਲਈ ਆਏ ਹਨ, ਇਸੇ ਕਰ ਕੇ ਲਿਮਕਾ ਬੁੱਕ ਆਫ ਰਿਕਾਰਡਜ਼ ਵੱਲੋਂ 'ਵਿਰਾਸਤ-ਏ-ਖਾਲਸਾ' ਨੂੰ ਦੇਸ਼ ਦਾ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਮਿਊਜ਼ੀਅਮ ਮੰਨਿਆ ਗਿਆ ਹੈ। ਲਿਮਕਾ ਬੁੱਕ ਆਫ ਰਿਕਾਰਡਜ਼ ਦੇ ਦਫਤਰ ਅਨੁਸਾਰ ਫਰਵਰੀ ਮਹੀਨੇ 'ਚ ਆਉਣ ਵਾਲੇ ਐਡੀਸ਼ਨ 'ਚ ਇਸ ਬਾਰੇ ਛਾਪਣ ਦੀ ਪੁਸ਼ਟੀ ਵਿਭਾਗ ਕੋਲ ਕੀਤੀ ਗਈ ਹੈ। ਇਥੇ ਸੈਲਾਨੀਆਂ ਦੀ ਗਿਣਤੀ ਮਹਿਜ਼ 7 ਸਾਲਾਂ ਵਿਚ ਹੁਣ ਤੱਕ 97 ਲੱਖ ਤੋਂ ਵੀ ਜ਼ਿਆਦਾ ਹੋ ਚੁੱਕੀ ਹੈ। ਸਾਲ 2018 'ਚ ਬੀਤੇ ਤਿੰਨ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ ਸੈਲਾਨੀ ਵਿਰਾਸਤ-ਏ-ਖਾਲਸਾ ਵੇਖਣ ਲਈ ਆਏ ਹਨ। ਇਸੇ ਕਰਕੇ 'ਲਿਮਕਾ ਬੁੱਕ ਆਫ ਰਿਕਾਰਡਜ਼' ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣੇ 'ਵਿਰਾਸਤ-ਏ-ਖਾਲਸਾ' ਨੂੰ ਦੇਸ਼ ਦਾ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਮਿਊਜ਼ੀਅਮ ਮੰਨਿਆ ਗਿਆ ਹੈ। ਸਾਲ 2011 ਤੋਂ ਲੈ ਕੇ ਹੁਣ ਤੱਕ 97.01 ਲੱਖ ਸੈਲਾਨੀ ਵਿਰਾਸਤ-ਏ-ਖਾਲਸਾ ਦੇ ਦਰਸ਼ਨ ਕਰ ਚੁੱਕੇ ਹਨ ਜਿਨ੍ਹਾਂ 'ਚ ਮੁੱਖ ਤੌਰ ਉਤੇ ਕੈਨੇਡਾ ਦੇ ਪ੍ਰਧਾਨ ਮੰਤਰੀ, ਮੌਰੀਸ਼ਸ ਦੇ ਰਾਸ਼ਟਰਪਤੀ, ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀ ਸਣੇ ਵੱਖ-ਵੱਖ ਦੇਸ਼ਾਂ ਦੇ ਮੈਂਬਰ ਪਾਰਲੀਮੈਂਟ ਅਤੇ ਰਾਜਦੂਤ ਸਾਹਿਬਾਨ ਆਦਿ ਮਿਊਜ਼ੀਅਮ ਦਾ ਦੌਰਾ ਕਰਕੇ ਬਕਾਇਦਾ ਤੌਰ ਉਤੇ ਇਸ ਦੀ ਤਾਰੀਫ ਕਰ ਚੁੱਕੇ ਹਨ। ਰੋਜ਼ਾਨਾ ਔਸਤਨ 5262 ਤੋਂ ਵੱਧ ਸੈਲਾਨੀ ਦਰਸ਼ਨ ਕਰਨ ਲਈ ਆਉਂਦੇ ਹਨ।

# ਪਾਕਿਸਤਾਨ ਸਰਕਾਰ ਨੇ ਫੋਕੇ ਲਾਰਿਆਂ ਵਿਚ ਹੀ ਕੀਤਾ ਅਨੰਦ ਕਾਰਜ ਬਿੱਲ ਲਾਗੂ

**ਇਸਲਾਮਾਬਾਦ:** ਅਨੰਦ ਕਾਰਜ ਬਿੱਲ ਸਿੱਖ ਭਾਈਚਾਰੇ ਦਾ ਇਕ ਮਹੱਤਵਪੂਰਨ ਮਾਮਲਾ ਹੈ ਅਤੇ ਪਾਕਿਸਤਾਨ ਸਰਕਾਰ ਵੱਲੋਂ ਸਾਲ 2006 ਤੋਂ ਇਥੋਂ ਦੇ ਸਿੱਖ ਭਾਈਚਾਰੇ ਨੂੰ ਅਨੰਦ ਮੈਰਿਜ ਐਕਟ ਲਾਗੂ ਕੀਤੇ ਜਾਣ ਦਾ ਭਰੋਸਾ ਦੇ ਕੇ ਉਨ੍ਹਾਂ ਦੇ ਜਜ਼ਬਾਤਾਂ ਨਾਲ ਖੇਡਿਆ ਜਾ ਰਿਹਾ ਹੈ। ਵਿਸ਼ਵ ਭਰ ਦੇ ਸਿੱਖ ਭਾਈਚਾਰੇ ਨੂੰ ਗੁੰਮਰਾਹ ਕਰਨ ਲਈ ਇਹ ਬਿੱਲ ਪਾਕਿ ਦੀਆਂ ਸੂਬਾਈ ਅਸੈਂਬਲੀ 'ਚ ਪੇਸ਼ ਕਰਨ ਅਤੇ ਇਸ ਨੂੰ ਲਾਗੂ ਕੀਤੇ ਜਾਣ ਦੇ ਦਾਅਵੇ ਪਾਕਿ ਸਰਕਾਰ ਅਤੇ ਇਥੋਂ ਦੇ ਸਿੱਖ ਆਗੂਆਂ ਵੱਲੋਂ ਕਈ ਵਾਰ ਕੀਤੇ ਜਾਂਦੇ ਰਹੇ ਹਨ, ਜਦਕਿ ਹਕੀਕਤ 'ਚ ਪਾਕਿਸਤਾਨ ਦੀ ਕਿਸੇ ਵੀ ਸੂਬਾਈ ਅਸੈਂਬਲੀ ਵੱਲੋਂ ਇਹ ਬਿਲ ਲਾਗੂ ਨਹੀਂ ਕੀਤਾ ਗਿਆ ਹੈ।

ਪਾਕਿ ਵਿਚ ਰਹਿੰਦੇ ਸਿੱਖਾਂ ਨੂੰ ਵਿਆਹ ਦੇ ਸਰਟੀਫਿਕੇਟ ਵਜੋਂ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਆਦਿ ਵੱਲੋਂ ਗੁਰਮੁਖੀ 'ਚ ਤਿਆਰ ਕੀਤਾ ਨਿਕਾਹਨਾਮਾ ਦਿੱਤਾ ਜਾ ਰਿਹਾ ਹੈ, ਜਿਸ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪਿਛਲੇ ਵਰ੍ਹੇ 14 ਮਾਰਚ ਨੂੰ ਵੀ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਦੇਣ ਲਈ ਪੰਜਾਬ ਅਸੈਂਬਲੀ ਦੇ 34ਵੇਂ ਸੈਸ਼ਨ 'ਚ ਅਨੰਦ ਕਾਰਜ ਐਕਟ ਨੂੰ ਲਾਗੂ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ।

ਇਹ ਬਿੱਲ 24 ਅਕਤੂਬਰ 2017 ਨੂੰ ਪੰਜਾਬ ਵਿਧਾਨ ਸਭਾ ਦੇ 32ਵੇਂ ਸੈਸ਼ਨ 'ਚ ਪੇਸ਼ ਕੀਤਾ ਗਿਆ ਸੀ। ਉਕਤ ਅਸੈਂਬਲੀ ਸੈਸ਼ਨ 'ਚ ਪਾਕਿ ਪੰਜਾਬ ਵਿਧਾਨ ਸਭਾ ਦੇ ਮੁੱਖ ਸੈਨੇਟਰ ਨੇ ਦਾਅਵਾ ਕੀਤਾ ਸੀ ਕਿ ਪਾਕਿ ਸਰਕਾਰ ਵੱਲੋਂ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿੰਦਿਆਂ ਮੁੱਖ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ ਨੇ ਸਿੱਖ ਅਨੰਦ ਕਾਰਜ ਐਕਟ ਦੀ ਮਨਜ਼ੂਰੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦੇ ਬਾਅਦ ਸਾਬਕਾ ਐਮ.ਪੀ. ਏ. ਰਮੇਸ਼ ਸਿੰਘ ਅਰੋੜਾ ਨੇ ਖੁਦ ਹੀ ਆਪਣੀ ਪਿੱਠ ਥਪ-ਥਪਾਉਂਦਿਆਂ ਕਿਹਾ ਸੀ ਕਿ ਪੰਜਾਬ ਅਸੈਂਬਲੀ ਦੀ ਮਨਜ਼ੂਰੀ ਪਿਛੋਂ ਪਾਕਿਸਤਾਨ ਦੁਨੀਆਂ ਭਰ 'ਚ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਰਜਿਸਟਰਡ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ, ਜਦਕਿ ਪਾਕਿਸਤਾਨ 'ਚ ਇਹ ਬਿਲ ਅਜੇ ਵੀ ਅੱਧ ਵਿਚਾਲੇ ਲਟਕਿਆ ਹੋਇਆ ਹੈ।

# ਪਾਕਿਸਤਾਨ ਵਿਚ ਬਸੰਤ ਪੰਚਮੀ ਮਨਾਉਣ ਤੋਂ ਪਾਬੰਦੀ ਹਟਾਈ

**ਇਸਲਾਮਾਬਾਦ:** ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਬਸੰਤ ਪੰਚਮੀ ਦੇ ਤਿਉਹਾਰ ਸਬੰਧੀ ਵੱਡਾ ਫੈਸਲਾ ਲਿਆ ਹੈ। ਸਰਕਾਰ ਨੇ ਬਸੰਤ ਪੰਚਮੀ ਤਿਉਹਾਰ ਦੁਬਾਰਾ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧੀ ਹਿੰਦੂ ਮੁਸਲਮਾਨ ਭਾਈਚਾਰਾ ਕਾਫੀ ਖੁਸ਼ ਨਜ਼ਰ ਆ ਰਿਹਾ ਹੈ। ਇਸ ਦੇ ਨਾਲ ਹੀ ਭਾਰਤੀ ਲੋਕਾਂ ਨੇ ਵੀ ਸਰਕਾਰ ਕੋਲੋਂ ਇਸ ਪਰੰਪਰਾਗਤ ਸਮਾਗਮ ਵਿਚ ਹਿੱਸਾ ਲੈਣ ਲਈ ਪਾਕਿਸਤਾਨ ਅੰਬੈਸੀ ਨੂੰ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਪੰਜਾਬੀਆਂ ਨੂੰ ਵੀਜ਼ਾ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ।

ਯਾਦ ਰਹੇ, ਪਾਕਿਸਤਾਨ ਦੀ ਤਤਕਾਲੀ ਸਰਕਾਰ ਨੇ ਕੱਟੜਪੰਥੀ ਸੰਗਠਨਾਂ ਖਾਸ ਕਰ ਕੇ ਮੁੰਬਈ ਹਮਲਿਆਂ ਦੇ ਮਾਸਟਰਮਾਈਂਡ ਹਾਫਿਜ਼ ਸਈਦ ਦੇ ਸੰਗਠਨ ਜਮਾਤ-ਉਦ-ਦਾਵਾ ਦੇ ਦਬਾਅ ਵਿਚ ਆ ਕੇ 2007 ਵਿਚ ਬਸੰਤ ਪੰਚਮੀ ਮਨਾਉਣ ਉਤੇ ਪਾਬੰਦੀ ਲਾਈ ਸੀ। ਤਰਕ ਇਹ ਦਿੱਤਾ ਗਿਆ ਸੀ ਕਿ ਤਿਉਹਾਰ ਗੈਰ ਇਸਲਾਮਕ ਹੈ। ਹਾਲਾਂਕਿ ਇਸ ਨੂੰ ਦੋਵੇਂ ਤਬਕੇ ਮਿਲ ਕੇ ਮਨਾਉਂਦੇ ਹਨ। ਇਸ ਤਿਉਹਾਰ ਨੂੰ ਨੈਸ਼ਨਲ ਕਾਈਟ-ਡੇਅ ਵਜੋਂ ਵੀ ਜਾਣਿਆ ਜਾਂਦਾ ਹੈ। ਪੰਜਾਬ ਪ੍ਰਾਂਤ ਦੇ ਸੂਚਨਾ ਤੇ ਸੰਸਕ੍ਰਿਤੀ ਮੰਤਰੀ ਫੈਯਾਜ਼ੁਲ ਹਸਨ ਕੋਹਨ ਨੇ ਇਸ ਪਾਬੰਦੀ ਨੂੰ ਹਟਾਉਣ ਦਾ ਐਲਾਨ ਕੀਤਾ ਹੈ।

## ਸਿੱਖ ਅਫਸਰ ਦੀ ਲਹਿੰਦੇ ਪੰਜਾਬ ਦੇ ਰਾਜਪਾਲ ਦੇ ਲੋਕ ਸੰਪਰਕ ਅਫਸਰ ਵਜੋਂ ਨਿਯੁਕਤੀ

**ਇਸਲਾਮਾਬਾਦ:** ਪਾਕਿਸਤਾਨ ਦੇ ਪੰਜਾਬ ਸੂਬੇ ਦੇ ਰਾਜਪਾਲ ਦਾ ਲੋਕ ਸੰਪਰਕ ਅਧਿਕਾਰੀ ਇਕ ਸਿੱਖ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲਾ ਪਵਨ ਸਿੰਘ ਅਰੋੜਾ ਪਹਿਲਾ ਸਿੱਖ ਹੈ। ਉਹ ਲਹਿੰਦੇ ਪੰਜਾਬ ਦੇ ਰਾਜਪਾਲ ਚੌਧਰੀ ਮੁਹੰਮਦ ਸਰਵਰ ਦੇ ਲੋਕ ਸੰਪਰਕ ਅਧਿਕਾਰੀ ਹੋਣਗੇ। ਅਰੋੜਾ ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਜ਼ਿਲ੍ਹੇ ਦੇ ਲੋਕ ਸੰਪਰਕ ਅਧਿਕਾਰੀ ਸਨ।

# ਕੇ.ਪੀ.ਐਸ. ਗਿੱਲ ਖਿਲਾਫ ਪੁਸਤਕ ਹੱਥੋ-ਹੱਥ ਵਿਕਣ ਦਾ ਦਾਅਵਾ

**ਜਲੰਧਰ:** ਲੇਖਕ ਸਰਬਜੀਤ ਸਿੰਘ ਘੁਮਾਣ ਦੀ ਕਿਤਾਬ 'ਪੰਜਾਬ ਦਾ ਬੁੱਚੜ' ਹੱਥੋ-ਹੱਥੀ ਵਿਕਣ ਦਾ ਦਾਅਵਾ ਕੀਤਾ ਗਿਆ ਹੈ। ਪ੍ਰਕਾਸ਼ਕ ਇਸ ਕਿਤਾਬ ਦੇ ਦੂਜੇ ਐਡੀਸ਼ਨ ਦੀ ਤਿਆਰੀ ਵਿਚ ਜੁਟ ਗਿਆ ਹੈ।



ਲੇਖਕ ਸਰਬਜੀਤ ਸਿੰਘ ਘੁਮਾਣ ਨੇ ਦੱਸਿਆ ਕਿ 'ਪੰਜਾਬ ਦਾ ਬੁੱਚੜ ਕੇ.ਪੀ.ਐਸ. ਗਿੱਲ' ਕਿਤਾਬ 8 ਜਨਵਰੀ ਨੂੰ ਅਕਾਲ ਤਖਤ ਸਾਹਿਬ 'ਤੇ ਰਿਲੀਜ਼ ਕੀਤੀ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਕਿਤਾਬ ਰਿਲੀਜ਼ ਹੋਣ ਤੋਂ ਪਹਿਲਾਂ ਹੀ 80 ਫੀਸਦੀ ਕਾਪੀਆਂ ਵਿਕ ਚੁੱਕੀਆਂ ਸਨ। ਉਨ੍ਹਾਂ ਕਿਹਾ ਕਿ ਪਹਿਲੀ ਕਿਤਾਬ ਮਾਰਕੀਟ 'ਚੋਂ ਖਰੀਦਣ ਲਈ ਸੇਵਾ ਮੁਕਤ ਆਈ.ਪੀ.ਐਸ. ਹਰਭਜਨ ਸਿੰਘ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ, ਜੋ ਉਤਰ ਪ੍ਰਦੇਸ਼ ਵਿਚ ਰਹਿੰਦੇ ਹਨ। ਇਹ ਕਿਤਾਬ ਖਾਲਸਾ ਫਤਹਿਨਾਮਾ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਛਾਪੀ ਗਈ ਹੈ। ਇਸ ਦੇ ਪ੍ਰਕਾਸ਼ਕ ਰਣਜੀਤ ਸਿੰਘ ਨੇ ਦੱਸਿਆ ਕਿ ਕਿਤਾਬ ਖਰੀਦਣ ਲਈ ਉਨ੍ਹਾਂ ਨੂੰ ਕਈ ਆਈ.ਪੀ.ਐਸ. ਅਫਸਰਾਂ ਦੇ ਫੋਨ ਆਏ ਹਨ ਤੇ ਹੋਰ ਵੀ ਕਈ ਅਫਸਰਾਂ ਨੇ ਕਿਤਾਬਾਂ ਮੰਗਵਾਈਆਂ ਹਨ। ਇਸ ਮੌਕੇ ਸਰਬਜੀਤ ਸਿੰਘ ਘੁਮਾਣ ਨੇ ਪੁਲਿਸ ਅਫਸਰਾਂ ਨੂੰ ਅਪੀਲ ਕੀਤੀ ਕਿ ਉਹ ਇਹ ਕਿਤਾਬ ਪੜ੍ਹਨ।

# ਜਲਿਆਂਵਾਲਾ ਬਾਗ: ਆਜ਼ਾਦੀ ਅੰਦੋਲਨ ਨਾਲ ਜੁੜੇ ਸਥਾਨਾਂ 'ਤੇ ਮਸ਼ਾਲ ਲਿਜਾਣ ਦੀ ਯੋਜਨਾ

**ਚੰਡੀਗੜ੍ਹ:** ਇਸੇ ਸਾਲ 13 ਅਪਰੈਲ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਸ਼ਤਾਬਦੀ ਵਰ੍ਹਾ ਹੈ ਤੇ ਸ਼ਤਾਬਦੀ ਵਰ੍ਹੇ ਵਿਚ ਪੰਜਾਬ ਸਰਕਾਰ ਵੱਲੋਂ ਆਜ਼ਾਦੀ ਦੇ ਪਰਵਾਨਿਆਂ ਦੀ ਯਾਦ ਵਿਚ ਸਾਰਾ ਸਾਲ ਚੱਲਣ ਵਾਲੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਤੇ ਜਲਿਆਂਵਾਲਾ ਬਾਗ ਤੋਂ ਇਕ ਮਸ਼ਾਲ ਉਨ੍ਹਾਂ ਸਾਰੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਲਿਜਾਣ ਦਾ ਪ੍ਰੋਗਰਾਮ ਹੈ ਜਿਨ੍ਹਾਂ ਦੇ ਵਾਸੀਆਂ ਨੇ ਜੰਗ-ਏ-ਆਜ਼ਾਦੀ ਦੇ ਅੰਦੋਲਨ ਵਿਚ ਹਿੱਸਾ ਲਿਆ ਸੀ।

ਸ਼ਤਾਬਦੀ ਵਰ੍ਹੇ ਵਿਚ ਕਈ ਤਰ੍ਹਾਂ ਦੇ ਪ੍ਰੋਗਰਾਮ ਕਰਨ ਦੀ ਯੋਜਨਾ ਦਾ ਮੁਢਲਾ ਖਾਕਾ ਉਲੀਕਿਆ ਗਿਆ ਹੈ, ਜਿਸ ਤਹਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਦੇ ਮਾਹਿਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ, ਜਿਹੜੀ ਸਭਿਆਚਾਰਕ ਸਰਗਰਮੀਆਂ ਅਤੇ ਹੋਰ ਪ੍ਰੋਗਰਾਮਾਂ ਲਈ ਅਗਵਾਈ ਅਤੇ ਮਾਰਗ ਦਰਸ਼ਨ ਕਰੇਗੀ। ਸ਼ਤਾਬਦੀ ਵਰ੍ਹੇ ਵਿਚ ਆਜ਼ਾਦੀ ਸੰਗਰਾਮ ਦੇ ਯੋਧਿਆਂ ਅਤੇ ਖਾਸ ਕਰ ਕੇ ਖਟਕੜ ਕਲਾਂ, ਸੁਨਾਮ, ਸਰਾਭਾ ਆਦਿ ਕਸਬਿਆਂ ਵਿਚ ਵਿਸ਼ੇਸ਼ ਸਭਿਆਚਾਰਕ ਪ੍ਰੋਗਰਾਮ ਕਰਨ ਦੀ ਤਜਵੀਜ਼ ਹੈ। ਇਨ੍ਹਾਂ ਪ੍ਰੋਗਰਾਮਾਂ ਦੀ ਵਿਉਂਤਬੰਦੀ ਲਈ ਉਤਰੀ ਖੇਤਰੀ ਸਭਿਆਚਾਰਕ ਜ਼ੋਨ, ਪੰਜਾਬ ਆਰਟਸ ਕੌਂਸਲ ਅਤੇ ਸੰਗੀਤ ਨਾਟਕ ਅਕਾਦਮੀ ਦਾ ਸਹਿਯੋਗ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ ਵਿਚ ਸ਼ਹੀਦੀ ਸਨਮਾਨ ਦਿਵਸ ਮਨਾਉਣ ਦੀ ਯੋਜਨਾ ਹੈ, ਜਿਸ ਵਿਚ ਤਾਮਰ ਪੱਤਰ ਜੇਤੂਆਂ ਤੋਂ ਇਲਾਵਾ ਪਹਿਲੀ, ਦੂਜੀ ਵਿਸ਼ਵ ਜੰਗ, 1962, 65, 71 ਅਤੇ 1999 ਦੀ ਕਾਰਗਿਲ ਜੰਗ ਵਿਚ ਹਿੱਸਾ ਲੈਣ ਵਾਲੇ ਜਵਾਨਾਂ ਨੂੰ ਸਨਮਾਨਿਆ ਜਾਵੇਗਾ।

ਆਜ਼ਾਦੀ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਯੋਧਿਆਂ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਤੋਂ ਮਿੱਟੀ ਲਿਆਂਦੀ ਜਾਵੇ ਜਿਹੜੀ ਆਜ਼ਾਦੀ ਅੰਦੋਲਨ ਨੂੰ ਸਮਰਪਤ ਕੀਤੀ ਜਾਵੇ। ਜਲਿਆਂਵਾਲਾ ਬਾਗ ਦੇ ਸਾਕੇ ਨੂੰ ਸਮਰਪਿਤ ਇਕ ਵੈੱਬਸਾਈਟ ਤਿਆਰ ਕੀਤੀ ਜਾਵੇ, ਜਿਸ ਵਿਚ ਆਜ਼ਾਦੀ ਸੰਗਰਾਮ ਵਿਚ ਪੰਜਾਬੀਆਂ ਦੇ ਯੋਗਦਾਨ ਅਤੇ ਖਾਸ ਤੌਰ ਉਤੇ ਜਲ੍ਹਿਆਂਵਾਲਾ ਬਾਗ ਸਾਕੇ ਦਾ ਜ਼ਿਕਰ ਕੀਤਾ ਜਾਵੇ। ਇਸ ਵੈੱਬਸਾਈਟ ਦਾ ਸੰਪਰਕ ਪਹਿਲਾਂ ਤੋਂ ਚੱਲ ਰਹੀਆਂ ਵੈੱਬਸਾਈਟਾਂ ਨਾਲ ਜੋੜਿਆ ਜਾਵੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਇਕ ਇਮਾਰਤ ਜਲ੍ਹਿਆਂਵਾਲਾ ਬਾਗ ਸਾਕੇ ਨੂੰ ਸਮਰਪਤ ਕੀਤੀ ਜਾਵੇ। ਇਕ ਸ਼ਾਨਦਾਰ ਪੁਸਤਕ ਤਿਆਰ ਕਰਨ ਦੀ ਯੋਜਨਾ ਵੀ ਉਲੀਕੀ ਗਈ ਹੈ। ਜਲ੍ਹਿਆਂਵਾਲਾ ਬਾਗ ਸਾਕੇ ਦੀ ਯਾਦ ਵਿਚ ਰੇਡੀਓ, ਟੀਵੀ ਉਤੇ ਟਾਕ ਸ਼ੋਅ, ਦਸਤਾਵੇਜ਼ੀ ਫਿਲਮ ਆਦਿ ਦੀ ਯੋਜਨਾ ਹੈ। ਇਸ ਯੋਜਨਾ ਨੂੰ ਮੰਤਰੀਆਂ ਦੀ ਕਮੇਟੀ ਕੋਲੋਂ ਪ੍ਰਵਾਨਗੀ ਮਿਲਣੀ ਬਾਕੀ ਹੈ ਤੇ ਇਸ ਵਿਚ ਅਜੇ ਕਈ ਹੋਰ ਪ੍ਰੋਗਰਾਮ ਜੋੜੇ ਜਾਣ ਦੀ ਸੰਭਾਵਨਾ ਹੈ।

# ਫੂਲਕਾ ਵੱਲੋਂ ਸਿੱਖ ਸੇਵਕ ਸੰਗਠਨ ਦੀ ਕਾਇਮੀ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਚੁੱਕੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਸਿਆਸਤ ਦੀ ਘੁਸਪੈਠ ਬੰਦ ਕਰਨ ਅਤੇ ਪੰਜਾਬ ਨੂੰ ਨਸ਼ਾ-



ਮੁਕਤ ਕਰਨ ਲਈ ਉਹ ਵਾਲੰਟੀਅਰਾਂ ਦੀ ਫੌਜ ਤਿਆਰ ਕਰਨਗੇ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਾਬਕਾ ਜੱਜ ਕੁਲਦੀਪ ਸਿੰਘ ਦੀ ਸਰਪ੍ਰਸਤੀ ਹੇਠ ਸਿੱਖ ਸੇਵਕ ਸੰਗਠਨ ਦੇ ਨਾਮ ਹੇਠ ਬੁੱਧੀਜੀਵੀ ਵਿੰਗ ਕਾਇਮ ਕੀਤਾ ਜਾਵੇਗਾ। ਸ੍ਰੀ ਫੂਲਕਾ ਨੇ ਕਿਹਾ ਕਿ ਉਹ ਲੋਕ ਸਭਾ ਦੀ ਚੋਣ ਲੜਨ ਦੀ ਥਾਂ ਇਸ ਮਿਸ਼ਨ ਨੂੰ ਪਹਿਲ ਦੇਣਗੇ। ਉਨ੍ਹਾਂ ਦੱਸਿਆ ਕਿ ਵਾਲੰਟੀਅਰਾਂ ਦੀ ਫੌਜ ਦੇ ਦੋ ਯੂਨਿਟ ਹੋਣਗੇ। ਪਹਿਲੇ ਯੂਨਿਟ ਵਿਚ ਸਿਰਫ ਸਾਬਤ ਸੂਰਤ ਸਿੱਖ ਹੀ ਹੋਣਗੇ ਜਦਕਿ ਦੂਸਰੇ ਯੂਨਿਟ ਵਿਚ ਨਸ਼ਿਆਂ ਖਿਲਾਫ ਲੜਾਈ ਲੜਨ ਵਾਲਾ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਫੌਜ ਦੀ ਰਜਿਸਟਰੇਸ਼ਨ ਦੀ ਸ਼ੁਰੂਆਤ 12 ਜਨਵਰੀ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰ ਕੇ ਕੀਤੀ ਜਾਵੇਗੀ। ਇਸ ਲਈ ਇਕ ਚੋਣ ਕਮੇਟੀ ਵੀ ਬਣਾਈ ਜਾਵੇਗੀ, ਜੋ ਵਾਲੰਟੀਅਰਾਂ ਦੀ ਚੋਣ ਕਰੇਗੀ।

# ਪ੍ਰੀਖਿਆਵਾਂ ਵੇਲੇ ਧਾਰਮਿਕ ਚਿੰਨ੍ਹ ਪਹਿਨਣ ਦੀ ਮਿਲੇਗੀ ਇਜਾਜ਼ਤ

**ਨਵੀਂ ਦਿੱਲੀ:** ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਸ਼ਹਿਰ ਦੇ ਸਰਕਾਰੀ ਵਿਭਾਗਾਂ ਨੂੰ ਘੱਟ ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਤੇ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਨੂੰ ਉਨ੍ਹਾਂ ਦੇ ਧਾਰਮਿਕ ਅਕੀਦੇ ਮੁਤਾਬਕ ਕੱਪੜੇ ਤੇ ਧਾਰਮਿਕ ਚਿੰਨ੍ਹ ਪਹਿਨਣ ਦੀ ਇਜਾਜ਼ਤ ਦੇਣ ਲਈ ਕਿਹਾ ਹੈ।

ਕਮਿਸ਼ਨ ਦੇ ਹੁਕਮ ਤੋਂ ਬਾਅਦ ਜਨਰਲ ਪ੍ਰਸ਼ਾਸਨ ਵਿਭਾਗ ਨੇ ਸਾਰੇ ਪ੍ਰਿੰਸੀਪਲ ਸਕੱਤਰਾਂ ਤੇ ਵਿਭਾਗ ਮੁਖੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ। ਸਬੰਧਤ ਵਿਭਾਗਾਂ ਨੂੰ ਅਕਾਦਮਿਕ ਤੇ ਨੌਕਰੀ ਪ੍ਰੀਖਿਆਵਾਂ ਸਬੰਧੀ ਨੇਮ ਬਣਾ ਕੇ 'ਬਣਦੀ ਕਾਰਵਾਈ' ਲਈ ਕਿਹਾ ਗਿਆ ਹੈ। ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜ਼ਫਰਉਲ ਇਸਲਾਮ ਖਾਨ ਨੇ ਕਿਹਾ ਕਿ ਸ਼ਿਕਾਇਤਾਂ ਮਿਲਣ ਤੋਂ ਬਾਅਦ ਅਜਿਹਾ ਕੀਤਾ ਗਿਆ ਹੈ।

ਆਪਣੇ ਹੁਕਮ ਵਿਚ ਕਮਿਸ਼ਨ ਨੇ ਕਿਹਾ ਹੈ ਕਿ ਮੁਸਲਿਮ ਔਰਤਾਂ ਨੂੰ ਹਿਜਾਬ ਪਹਿਨਣ ਦੇ ਹੱਕ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ। ਉਹ ਪੂਰੀਆਂ ਬਾਂਹਾਂ ਦੀਆਂ ਕਮੀਜ਼ਾਂ ਵੀ ਇਮਤਿਹਾਨ ਦੌਰਾਨ ਪਹਿਨ ਸਕਦੀਆਂ ਹਨ। ਇਸੇ ਤਰ੍ਹਾਂ ਸਿੱਖ ਵੀ ਜਾਇਜ਼ ਲੰਬਾਈ ਦੀ ਕਿਰਪਾਨ ਧਾਰਨ ਕਰ ਕੇ ਪ੍ਰੀਖਿਆ ਦੇ ਸਕਦੇ ਹਨ। ਹਾਲਾਂਕਿ ਕਮਿਸ਼ਨ ਨੇ ਕਿਹਾ ਹੈ ਕਿ ਸੁਰੱਖਿਆ ਇੰਤਜ਼ਾਮ ਜ਼ਰੂਰੀ ਹਨ ਤੇ ਤਲਾਸ਼ੀ ਲਈ ਜਾ ਸਕਦੀ ਹੈ, ਪਰ ਇਸ ਲਈ ਉਮੀਦਵਾਰਾਂ ਨੂੰ ਸਮੇਂ ਤੋਂ ਪਹਿਲਾਂ ਸੱਦਿਆ ਜਾਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਤਲਾਸ਼ੀ ਲੈਣ ਵੇਲੇ ਸਟਾਫ ਕਿਸੇ ਦੇ ਮਾਣ ਨੂੰ ਠੇਸ ਨਾ ਪਹੁੰਚਾਏ। ਕਮਿਸ਼ਨ ਨੇ ਕਿਹਾ ਕਿ ਨੇਮ ਨਾ ਨਵਿਆਉਣ ਵਾਲੇ ਵਿਭਾਗਾਂ ਖਿਲਾਫ ਕਾਰਵਾਈ ਹੋਵੇਗੀ।

# ਚੀਫ ਖਾਲਸਾ ਦੀਵਾਨ ਚੋਣਾਂ ਦਾ ਰਾਹ ਪੱਧਰਾ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀਆਂ ਬੋਗਸ ਵੋਟਾਂ ਦੀ ਸੁਣਵਾਈ ਦੌਰਾਨ ਅਦਾਲਤ ਨੇ ਚੋਣਾਂ 'ਤੇ ਰੋਕ ਹਟਾ ਦਿੱਤੀ ਹੈ। ਦੀਵਾਨ ਦੀਆਂ ਚੋਣਾਂ ਫਰਵਰੀ ਵਿਚ ਹੋਣ ਦੀ ਸੰਭਾਵਨਾ ਹੈ। ਅਦਾਲਤ ਵੱਲੋਂ ਤਿੰਨ ਦਿਨਾਂ ਤੋਂ ਲਗਾਤਾਰ ਇਸ ਮਾਮਲੇ ਦੀ ਕੀਤੀ ਜਾ ਰਹੀ ਸੁਣਵਾਈ ਦੌਰਾਨ ਇਸ ਮਾਮਲੇ 'ਚ ਫੈਸਲਾ ਸੁਣਾਇਆ ਗਿਆ ਹੈ, ਜਿਸ ਤਹਿਤ ਚੋਣਾਂ 'ਤੇ ਲਾਈ ਰੋਕ ਖਤਮ ਕਰ ਦਿੱਤੀ ਗਈ ਹੈ ਅਤੇ ਬੋਗਸ ਵੋਟਾਂ ਦੀ ਜਾਂਚ ਸਬੰਧੀ ਚੱਲ ਰਹੀ ਸੁਣਵਾਈ ਦੀ ਅਗਲੀ ਤਰੀਕ 30 ਜਨਵਰੀ ਨਿਰਧਾਰਤ ਕੀਤੀ ਹੈ।

ਇਸ ਦੀ ਪੁਸ਼ਟੀ ਕਰਦਿਆਂ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਕੀਤੀ। ਉਨ੍ਹਾਂ ਦੱਸਿਆ ਕਿ ਹੁਣ ਜਲਦੀ ਹੀ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦੀ ਜਾਵੇਗੀ, ਜਿਸ ਵਿਚ ਆਮ ਚੋਣਾਂ ਦੀ ਤਰੀਕ ਬਾਰੇ ਵਿਚਾਰ ਕਰ ਕੇ ਜਨਰਲ ਹਾਊਸ ਦੀ ਚੋਣਾਂ ਸਬੰਧੀ ਮੀਟਿੰਗ ਸੱਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਫਰਵਰੀ ਦੇ ਪਹਿਲੇ ਹਫਤੇ ਵਿਚ ਚੋਣਾਂ ਹੋਣ ਦੀ ਸੰਭਾਵਨਾ ਹੈ। ਉਂਜ ਵੀ ਮੌਜੂਦਾ ਹਾਊਸ ਦੀ ਮਿਆਦ 9 ਫਰਵਰੀ ਨੂੰ ਖਤਮ ਹੋ ਰਹੀ ਹੈ। ਇਸ ਲਈ ਫਰਵਰੀ ਪਹਿਲੇ ਜਾਂ ਦੂਜੇ ਹਫਤੇ ਵਿਚ ਚੋਣ ਹੋਵੇਗੀ। ਇਸ ਦੌਰਾਨ ਅਦਾਲਤ ਵੱਲੋਂ ਬਣਾਈ ਗਈ ਸਾਂਝੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਸਾਂਝੀ ਕਮੇਟੀ ਵੱਲੋਂ ਸੋਧੀ ਹੋਈ ਵੋਟਰ ਸੂਚੀ ਅਦਾਲਤ ਵਿਚ ਪੇਸ਼ ਕੀਤੀ ਗਈ ਸੀ, ਜਿਸ ਤੋਂ ਬਾਅਦ ਅਦਾਲਤ ਨੇ ਆਮ ਚੋਣਾਂ 'ਤੇ ਲਾਈ ਰੋਕ ਹਟਾ ਦਿੱਤੀ ਹੈ, ਜਿਸ ਨਾਲ ਚੋਣਾਂ ਦਾ ਰਾਹ ਪੱਧਰਾ ਹੋ ਗਿਆ ਹੈ।

# ਸੁੱਚੇ ਲਾਂਘੇ ਤੋਂ ਬਾਹਰ ਦਾ ਪਾਕਿਸਤਾਨ

**ਸਾਂਝਾਂ**

*ਹਿੰਦੋਸਤਾਨ ਅਤੇ ਪਾਕਿਸਤਾਨ ਵਿਚਕਾਰ ਕਰਤਾਰਪੁਰ ਲਾਂਘੇ ਬਾਰੇ ਬਣ ਰਹੇ ਰਾਬਤੇ ਦੇ ਬਹਾਨੇ ਉਘੇ ਲੇਖਕ ਗੁਲਜ਼ਾਰ ਸਿੰਘ ਸੰਧੂ ਨੇ ਪਾਕਿਸਤਾਨ ਦੌਰਿਆਂ ਨਾਲ ਜੁੜੀਆਂ ਆਪਣੀਆਂ ਕੁਝ ਯਾਦਾਂ ਫਰੋਲੀਆਂ ਹਨ। ਇਨ੍ਹਾਂ ਯਾਦਾਂ ਵਿਚ ਦੋਹਾਂ ਪੰਜਾਬਾਂ ਦੇ ਲੋਕਾਂ ਦਾ ਆਪਸੀ ਮੋਹ-ਮੁਹੱਬਤ ਠਾਠਾਂ ਮਾਰਦਾ ਦਿਸਦਾ ਹੈ। ਇਹ ਯਾਦਾਂ ਦੋਹੀਂ ਪਾਸੀਂ ਵੱਸਦੇ ਲੋਕਾਂ ਦਾ ਪੈਗਾਮ-ਏ-ਮੁਹੱਬਤ ਹਨ, ਜੋ ਦੋਹਾਂ ਮੁਲਕਾਂ ਵਿਚ 'ਦੁਸ਼ਮਣੀ' ਦੇ ਬਾਵਜੂਦ ਇਕ-ਦੂਜੇ ਦਾ ਸਾਥ ਬਣਦਾ ਹੈ। -ਸੰਪਾਦਕ*

ਸੰਨ ਸੰਤਾਲੀ 'ਚ ਹਿੰਦੋਸਤਾਨ ਦੇ ਦੋ ਟੁਕੜੇ ਹੋ ਗਏ, ਪਰ ਵੰਡ ਦੀ ਲਕੀਰ ਦੋਹਾਂ ਮੁਲਕਾਂ ਦੇ ਆਵਾਮ ਦੇ ਆਪਸੀ ਮੋਹ ਨੂੰ ਵੰਡ ਨਾ ਸਕੀ। ਇਹ ਲੇਖ ਪਾਕਿਸਤਾਨ ਦੀਆਂ ਵੱਖ ਵੱਖ ਯਾਤਰਾਵਾਂ ਸਮੇਂ ਉਥੋਂ ਦੇ ਲੋਕਾਂ ਤੋਂ ਮਿਲੇ ਮੋਹ ਤੇ ਸਤਿਕਾਰ ਦਾ ਜ਼ਿਕਰ ਕਰਦਿਆਂ ਵੰਡ ਵੇਲੇ ਮਿਲੇ ਜ਼ਖਮਾਂ ਦੇ ਬਾਵਜੂਦ ਆਪਸੀ ਸਾਂਝ ਦਾ ਸੁਨੇਹਾ ਦਿੰਦਾ ਹੈ।

ਮੈਂ ਪਾਕਿਸਤਾਨ ਤੇ ਉਥੋਂ ਦੇ ਵਸਨੀਕਾਂ ਨੂੰ ਕਈ ਰੂਪਾਂ ਵਿਚ ਵੇਖਿਆ ਹੈ: 1947 ਵਿਚ ਏਧਰਲੇ ਪੰਜਾਬ ਤੋਂ ਓਧਰ ਜਾਂਦਿਆਂ ਨੂੰ ਹਿੰਦੂ-ਸਿੱਖਾਂ ਹੱਥੋਂ ਬੇਰਹਿਮੀ ਨਾਲ ਕਤਲ ਹੁੰਦਿਆਂ ਵੀ, ਤੇ 1965 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਭਾਰਤੀ ਸੈਨਾ ਵਲੋਂ ਜਿੱਤੇ ਪਿੰਡਾਂ 'ਚ ਘਰਾਂ ਦੇ ਦਰ ਦਰਵਾਜੇ ਖੁੱਲ੍ਹੇ ਛੱਡ ਕੇ ਸੁਰੱਖਿਅਤ ਥਾਂਵਾਂ 'ਤੇ ਜਾ ਕੇ ਸ਼ਰਨ ਲੈਂਦਿਆਂ ਵੀ; 1971 ਦੀ ਜੰਗ ਤੋਂ ਅੱਗੇ-ਪਿੱਛੇ ਰਾਵੀ ਪਾਰ ਤੋਂ ਤੈਰ ਕੇ ਏਧਰਲੇ ਪੰਜਾਬੀਆਂ ਲਈ ਕਿੰਨੂ-ਸੰਗਤਰੇ ਲਿਆ ਕੇ ਉਨ੍ਹਾਂ ਬਦਲੇ ਰੰਮ ਦੀਆਂ ਬੋਤਲਾਂ ਲੈ ਕੇ ਜਾਂਦਿਆਂ ਵੀ; ਉਸ ਪਿੱਛੋਂ 1998 ਵਿਚ ਲਾਹੌਰ, ਕਸੂਰ, ਲਾਇਲਪੁਰ (ਫੈਸਲਾਬਾਦ), ਨਨਕਾਣਾ ਸਾਹਿਬ, ਰਾਵਲਪਿੰਡੀ

**ਗੁਲਜ਼ਾਰ ਸਿੰਘ ਸੰਧੂ**

(ਇਸਲਾਮਾਬਾਦ), ਕੋਹਮਰੀ ਤੇ ਮੁਲਤਾਨ ਵੀ। ਹੁਣ ਕਰਤਾਰਪੁਰ ਸਾਹਿਬ ਦੇਖਣ ਦੀ ਸੰਭਾਵਨਾ ਬਣ ਗਈ ਹੈ। ਦੇਖੋ, ਸਬੱਬ ਕਿਵੇਂ ਬਣਦਾ ਹੈ।

ਹੁਣ ਤੱਕ ਵੇਖੇ ਦੀ ਗੱਲ ਕਰਦੇ ਹਾਂ।

ਸੰਨ ਸੰਤਾਲੀ ਦਾ ਕਤਲੇਆਮ ਇਤਿਹਾਸ ਦਾ ਅੰਗ ਬਣ ਚੁਕਾ ਹੈ। 1965 ਵਿਚ ਮੈਂ ਤੇ ਮੇਰਾ ਕਵੀ ਮਿੱਤਰ ਤਾਰਾ ਸਿੰਘ (ਕਾਮਿਲ) ਭਾਰਤੀ ਫੌਜ ਦੇ ਜਿੱਤੇ ਇਲਾਕੇ ਦੇਖਣ ਪੰਜਾਬ ਆਏ। ਮੇਰੀ ਦਿੱਲੀ ਦੀ ਜਾਣੂ ਡਾ. ਸੁਰਜੀਤ ਕੌਰ ਪੰਨੂੰ ਆਪਣੇ ਜੱਦੀ ਪਿੰਡ ਨੌਸ਼ਹਿਰਾ ਪੰਨੂਆਂ ਗਈ ਹੋਈ ਸੀ। ਤਰਨਤਾਰਨ ਤਹਿਸੀਲ ਦਾ ਇਹ ਪਿੰਡ ਦੋਹਾਂ ਦੇਸ਼ਾਂ ਦੀ ਸਰਹੱਦ ਦੇ ਨੇੜੇ ਸੀ। ਨੌਸ਼ਹਿਰਾ ਪੰਨੂਆਂ ਰਾਤ ਦਾ ਖਾਣਾ ਖਾਂਦਿਆਂ ਡਾ. ਪੰਨੂੰ ਦਾ ਭਰਾ ਗੁਰਬਚਨ ਸਿੰਘ ਮੇਰੇ ਮਿੱਤਰ ਤਾਰਾ ਸਿੰਘ ਦੇ ਰੌਣਕੀ ਸੁਭਾਅ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਦਾ ਵੀ ਜਿੱਤੇ ਹੋਏ ਪਿੰਡ ਵੇਖਣ ਨੂੰ ਜੀਅ ਕਰ ਆਇਆ। ਅਸੀਂ ਚਾਰੇ ਇਹ ਪਿੰਡ ਦੇਖਣ ਤੁਰ ਪਏ।

ਰਸਤੇ ਵਿਚ ਅਸੀਂ ਪਾਕਿਸਤਾਨੀ ਫੌਜ ਦੇ ਰੁੱਖਾਂ ਵਿਚ ਫਸੇ ਜਾਂ ਖੂਹਾਂ ਟੋਭਿਆਂ ਵਿਚ ਧਸੇ ਹੋਏ ਪੈਟਨ ਟੈਂਕ ਹੀ ਨਹੀਂ ਵੇਖੇ, ਉਨ੍ਹਾਂ ਦੇ ਚਾਲਕਾਂ ਦੀਆਂ ਫੌਜੀ ਬੂਟਾਂ ਵਾਲੀਆਂ ਲੱਤਾਂ ਬਾਹਵਾਂ ਵੀ ਤੱਕੀਆਂ। ਪਿੰਡਾਂ ਦੇ ਘਰਾਂ ਦੇ ਦਰਵਾਜੇ ਖੁੱਲ੍ਹੇ ਸਨ ਤੇ ਉਨ੍ਹਾਂ ਵਿਚਲਾ ਸਮਾਨ ਖੇਰੂੰ ਖੇਰੂੰ। ਸਭ ਦਰ ਦੀਵਾਰਾਂ ਢੱਠੀਆਂ ਪਈਆਂ ਸਨ। ਗਲੀਆਂ ਤੇ ਬਾਜ਼ਾਰਾਂ ਵਿਚ ਪਾੜ੍ਹੇ ਬਾਲਕਾਂ ਦੀਆਂ ਫੱਟੀਆਂ, ਸਲੇਟਾਂ ਅਤੇ ਕਾਪੀਆਂ 'ਤੇ ਲਿਖੇ ਲੇਖ ਮਜ਼ਮੂਨ ਵੀ ਪੜ੍ਹੇ। ਕੁਝ ਘਰਾਂ ਵਿਚ ਉਹ ਬਜ਼ੁਰਗ ਵੀ ਮਿਲੇ, ਜਿਨ੍ਹਾਂ ਨੂੰ ਉਨ੍ਹਾਂ ਦੀ ਔਲਾਦ ਚੁੱਕ ਕੇ ਸੁਰੱਖਿਅਤ ਥਾਂਵਾਂ 'ਤੇ ਨਹੀਂ ਸੀ ਲਿਜਾ ਸਕੀ। ਉਨ੍ਹਾਂ ਦੀ ਦੇਖ-ਭਾਲ ਭਾਰਤੀ ਫੌਜੀ ਕਰ ਰਹੇ ਸਨ। ਸਾਡੇ ਮਨਾਂ ਵਿਚ ਉਜਾੜੇ ਦਾ ਦੁੱਖ ਤਾਂ ਸੀ ਪਰ ਅਸੀਂ ਸਾਰੇ ਹੀ ਭਾਰਤੀ ਸੈਨਿਕਾਂ ਦੇ ਬਲਿਹਾਰੇ ਜਾ ਰਹੇ ਸਾਂ, ਜਿਨ੍ਹਾਂ ਨੇ ਦੁਸ਼ਮਣ ਫੌਜ ਨੂੰ ਵੱਡੀ ਭਾਂਜ ਦਿੱਤੀ ਸੀ। ਲਾਹੌਰ ਵਲੋਂ ਅੰਮ੍ਰਿਤਸਰ ਨੂੰ ਪਰਤਦੇ ਸਮੇਂ ਅਸੀਂ ਅਟਾਰੀ ਵਿਖੇ ਸ਼ਾਮ ਸਿੰਘ ਅਟਾਰੀ ਦੀ ਸਮਾਧ ਵੇਖਣ ਲੱਗੇ ਤਾਂ ਸਾਡੀ ਨਜ਼ਰ ਸਮਾਧ 'ਤੇ ਲਿਖੇ ਇਨ੍ਹਾਂ ਬੰਦਾਂ ਉਤੇ ਪਈ:

ਆਈਆਂ ਪਲਟਣਾਂ ਬੀੜ ਕੇ ਤੋਪਖਾਨੇ
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸੇਵਾ ਸਿੰਘ ਤੇ ਮਾਖੇ ਖਾਂ ਦੀ ਸਾਂਝ ਨੇ ਮੇਰਾ ਭਾਰਤੀ ਫੌਜਾਂ ਦੀ ਜਿੱਤ ਨਾਲ ਚੜ੍ਹਿਆ ਨਸ਼ਾ ਉਤਾਰ ਦਿੱਤਾ ਸੀ। ਕਰਤਾਰਪੁਰ ਦਾ ਲਾਂਘਾ 1965 ਵਾਲੇ ਨਸ਼ੇ ਦਾ ਹੈਂਗਓਵਰ (ਤੋਟ) ਲਾਹੁਣ ਵਾਲਾ ਵੀ ਹੈ।

ਉਂਜ 1965 ਵਾਲੀ ਫੇਰੀ ਮਗਰੋਂ ਮੈਂ ਤੇ ਸੁਰਜੀਤ ਪੰਨੂੰ ਜੀਵਨ ਭਰ ਦੇ ਸਾਥੀ ਬਣ ਗਏ। 1966 ਤੋਂ ਚਲੇ ਆ ਰਹੇ ਹਾਂ। 1971 ਵਾਲਾ ਵਰਤਾਰਾ ਵੀ ਅਸੀਂ ਇਕੱਠਿਆਂ ਵੇਖਿਆ ਤੇ 1998 ਵਿਚ ਰਲ ਕੇ ਪਾਕਿਸਤਾਨ ਵੀ ਗਏ।

--

1998 ਵਾਲੀ ਫੇਰੀ ਵਿਸਥਾਰ ਮੰਗਦੀ ਹੈ, ਖਾਸ ਕਰ ਕਰਤਾਰਪੁਰ ਸਾਹਿਬ ਵਾਲੇ ਲਾਂਘੇ ਦੇ ਪ੍ਰਸੰਗ ਵਿਚ।

ਅਪਰੈਲ 1998 ਵਿਚ ਗੋਆ ਦੇ ਸਾਬਕਾ ਲੈਫਟੀਨੈਂਟ ਗਵਰਨਰ ਕਰਨਲ ਪ੍ਰਤਾਪ ਸਿੰਘ ਗਿੱਲ ਨੇ ਸੰਤਾਲੀ ਦੀ ਵੰਡ ਸਮੇਂ ਇਕ ਦੂਜੇ ਤੋਂ ਵਿਛੜੇ ਸੱਜਣਾਂ ਤੇ ਪਰਿਵਾਰਾਂ ਨੂੰ ਮਿਲਾਉਣ ਹਿੱਤ ਇੰਡੋ-ਪਾਕਿ ਮਿਲਾਪ ਟਰਸਟ ਕਾਇਮ ਕੀਤਾ ਅਤੇ ਉਸ ਵੇਲੇ ਦੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਪੇਂਡੂ ਸਾਂਝ ਵੀ ਕੱਢ ਲਈ ਸੀ, ਜਿਸ ਨਾਲ ਓਧਰ ਜਾ ਕੇ ਘੁੰਮਣਾ ਫਿਰਨਾ



*ਪਾਕਿਸਤਾਨ ਵਾਲੇ ਪਾਸਿਓਂ ਦਿਸਦਾ ਵਾਹਗਾ ਬਾਰਡਰ।*

ਸਹਿਲ ਹੋ ਗਿਆ। ਅਸੀਂ ਨਵਾਜ਼ ਸ਼ਰੀਫ ਦੇ ਮਹਿਮਾਨ ਜੁ ਬਣ ਗਏ ਸਾਂ।

ਅਸੀਂ ਚੰਡੀਗੜ੍ਹ ਤੋਂ ਆਪਣੇ ਨਾਲ ਇਕ ਮੋਟਰ ਗਰਾਜ ਦੇ ਮਾਲਕ ਅਮਰ ਸਿੰਘ ਨੂੰ ਲੈ ਕੇ ਜਾਣਾ ਸੀ, ਜੋ ਦੇਸ਼ ਵੰਡ ਸਮੇਂ ਛੇ ਮਹੀਨੇ ਦਾ ਸੀ ਤੇ ਆਪਣਾ ਜਨਮ ਸਥਾਨ ਦੇਖ ਕੇ ਆਉਣਾ ਚਾਹੁੰਦਾ ਸੀ। ਕੁਰੂਕਸ਼ੇਤਰ ਵਾਲੀ ਧਰਮ ਕੌਰ ਆਪਣੀ ਧੀ ਨੂੰ ਮਿਲਣਾ ਚਾਹੁੰਦੀ ਸੀ, ਜੋ ਵੰਡ ਸਮੇਂ ਚਾਰ ਸਾਲ ਦੀ ਸੀ। ਧਰਮ ਕੌਰ ਹਫੜਾ-ਦਫੜੀ ਵਿਚ ਉਸ ਨੂੰ ਆਪਣੀ ਨਰਸ ਸਹੇਲੀ ਕੋਲ ਛੱਡ ਆਈ ਸੀ। ਉਸ ਨੇ ਹੀ ਪਾਲੀ ਤੇ ਵਿਆਹੀ ਸੀ ਅਤੇ ਸ਼ੇਖੂਪੁਰਾ ਦੇ ਮੁਸਲਮਾਨ ਵਪਾਰੀਆਂ ਦੀ ਨੂੰਹ ਬਣ ਚੁਕੀ ਸੀ। ਪਾਣੀਪਤ ਵਾਲਾ ਨਿਰੰਜਣ ਸਿੰਘ ਆਪਣੀ ਭੈਣ ਨੂੰ ਮਿਲਣਾ ਚਾਹੁੰਦਾ ਸੀ, ਜਿਸ ਨੂੰ ਓਧਰ ਹੀ ਰਹਿਣਾ ਪੈ ਗਿਆ ਸੀ। ਉਹ ਵੀ ਸ਼ੇਖੂਪੁਰੇ ਸੀ। ਕਰਨਲ ਗਿੱਲ ਕੋਲ ਗੁਰਮਿੰਦਰ ਸਿੰਘ ਨਾਂ ਦਾ ਕਾਰ ਸੇਵਕ ਪਹਿਲਾਂ ਹੀ ਪਹੁੰਚ ਚੁਕਾ ਸੀ। ਮੁਸਲਮਾਨ ਮਾਪਿਆਂ ਦੇ ਘਰ ਜੰਮਿਆ ਸੀ, ਪਰ ਵੰਡ ਸਮੇਂ ਏਧਰ ਰਹਿ ਗਿਆ ਤੇ ਵੰਡ ਪਿੱਛੋਂ ਅੰਮ੍ਰਿਤਧਾਰੀ ਹੋ ਚੁਕਾ ਸੀ। ਇਨ੍ਹਾਂ ਸਭ ਨੂੰ ਮਿਲਾਉਣ ਦਾ ਕੰਮ ਮੈਨੂੰ ਸੌਂਪਿਆ ਗਿਆ ਤੇ ਮੇਰੀ ਪਤਨੀ ਸੁਰਜੀਤ ਦੂਜੇ ਟੋਲੇ ਨਾਲ ਰਲ ਗਈ। ਸਾਡੀ ਫੋਟੋਗ੍ਰਾਫਰ ਵੀ ਉਹੀਓ ਸੀ।

ਅਸੀਂ ਵਾਹਗਾ ਪਾਰ ਕੀਤਾ ਤਾਂ ਦੋ ਤਿੰਨ ਕਾਰਾਂ ਤੇ ਇਕ ਵੱਡੀ ਕੋਚ ਸਾਡੀ ਉਡੀਕ ਕਰ ਰਹੀ ਸੀ। ਅਸੀਂ ਅਠਾਰਾਂ ਜਣੇ ਸਾਂ। ਵਾਹਗੇ ਚਾਹ ਪੀਂਦਿਆਂ ਅਤੇ ਲਾਹੌਰ ਜਾ ਕੇ ਫੈਡਰਲ ਗੈਸਟ ਹਾਊਸ ਵਿਚ ਖਾਣਾ ਖਾਂਦਿਆਂ ਅਸੀਂ ਇਕ ਦੂਜੇ ਨਾਲ ਘੁਲ-ਮਿਲ ਗਏ।

ਥੋੜ੍ਹਾ ਆਰਾਮ ਕਰਕੇ ਬਾਜ਼ਾਰ ਗਏ ਤਾਂ ਉਥੋਂ ਦਾ ਨਜ਼ਾਰਾ ਵੇਖਣ ਵਾਲਾ ਸੀ। ਮੇਰੇ ਲਈ ਦੁਕਾਨਾਂ ਦੀ ਅੰਦਰਲੀ ਸ਼ਾਨ ਤੇ ਸਾਜ਼ੋ-ਸਾਮਾਨ ਨਾਲੋਂ ਫਾਰਸੀ ਅੱਖਰਾਂ ਵਿਚ ਲਿਖੇ ਫੱਟੇ ਬੜੀ ਖਿੱਚ ਰੱਖਦੇ ਸਨ। ਦੁਕਾਨਾਂ ਵਿਚ ਚੀਜ਼ਾਂ ਦੀ ਕੀਮਤ ਖੂਬਸੂਰਤ ਤੇ ਖੁਸ਼ਖਤ ਫਾਰਸੀ ਅੱਖਰਾਂ ਵਿਚ ਲਿਖ ਕੇ ਚਿਪਕਾ ਰੱਖੀ ਸੀ। ਮੈਨੂੰ ਲੱਗਾ ਜਿਵੇਂ ਮੈਂ 1947 ਤੋਂ ਪਹਿਲਾਂ ਦੇ ਹਿੰਦੋਸਤਾਨ 'ਚ ਦਾਖਲ ਹੋ ਰਿਹਾ ਹੋਵਾਂ।

--

ਲਾਹੌਰ ਤੋਂ ਅੱਗੇ ਦੋਹਾਂ ਟੋਲਿਆਂ ਨੇ ਵੱਖ ਹੋ ਜਾਣਾ ਸੀ।

ਪਾਕਿਸਤਾਨ ਜਾਂਦੇ ਸਮੇਂ ਅਸੀਂ ਕੁਰਾਨ ਸ਼ਰੀਫ ਦੀਆਂ ਤਿੰਨ ਜਿਲਦਾਂ ਖਰੀਦ ਕੇ ਲੈ ਗਏ ਸਾਂ ਤਾਂ ਕਿ ਜਿਥੇ ਕਿਧਰੇ ਵੀ ਕੋਈ ਮਾਈ, ਭਾਈ ਜਾਂ ਬੀਬੀ ਆਪਣਾ ਧਰਮ ਬਦਲ ਕੇ ਮੁਸਲਮਾਨ ਹੋ ਗਈ ਹੋਵੇ, ਉਸ ਨੂੰ ਭੇਟ ਕਰ ਸਕੀਏ; ਭਾਵ ਇਹ ਕਿ ਸਾਨੂੰ ਮਿਲ ਕੇ ਉਸ ਦੇ ਮਨ ਵਿਚ ਇਹ ਗੱਲ ਨਾ ਆਵੇ ਕਿ ਸਾਨੂੰ ਉਸ ਦਾ ਧਰਮ ਬਦਲਣਾ ਚੰਗਾ ਨਹੀਂ ਸੀ ਲੱਗਾ। ਅਸੀਂ ਉਨ੍ਹਾਂ ਦੇ ਸਾਹਸ ਤੇ ਭਾਵਨਾ ਉਤੇ ਫੁੱਲ ਚੜ੍ਹਾਉਣਾ ਚਾਹੁੰਦੇ ਸਾਂ, ਜਿਸ ਵਿਚੋਂ ਲੰਘ ਕੇ ਉਹ ਪੂਰੇ ਪੰਜਾਹ ਸਾਲ ਉਧਰੋਂ ਇਧਰ ਆਏ ਭੈਣਾਂ, ਭਾਈਆਂ ਤੇ ਮਾਪਿਆਂ ਦੇ ਹੁੰਦਿਆਂ ਵੀ ਉਨ੍ਹਾਂ ਨੂੰ ਮਿਲ ਨਹੀਂ ਸਨ ਸਕੇ।

ਨਿਰੰਜਣ ਸਿੰਘ ਦੀ ਭੈਣ ਜ਼ਿਲਾ ਸ਼ੇਖੂਪੁਰ ਦੇ ਪਿੰਡ ਪੰਧੇਰ ਵਿਚ ਸੀ। ਉਹ ਇਕ ਵਾਰ ਪਹਿਲਾਂ ਵੀ ਪੰਧੇਰ ਜਾ ਚੁਕਾ ਸੀ। ਇਕ ਛੋਟਾ ਜਿਹਾ ਕਸਬਾ ਆਇਆ ਤਾਂ ਨਿਰੰਜਣ ਸਿੰਘ ਨੇ ਗੱਡੀ ਰੋਕਣ ਲਈ ਕਿਹਾ। ਕਸਬੇ ਦੇ ਦੁਕਾਨਦਾਰ ਨਿਰੰਜਣ ਸਿੰਘ ਦੀ ਸ਼ਕਲ ਤੋਂ ਵਾਕਫ ਸਨ। ਉਨ੍ਹਾਂ ਨੇ ਭੈਣ ਦੇ ਪਿੰਡ ਆਏ ਮਹਿਮਾਨਾਂ ਦਾ ਧਿਆਨ ਰੱਖਦਿਆਂ ਸਾਨੂੰ ਠੰਢੀਆਂ ਬੋਤਲਾਂ ਦਾ ਮਿੱਠਾ ਪਾਣੀ ਪਿਲਾਇਆ ਤੇ ਅਸੀਂ ਪੰਧੇਰ ਜਾ ਪਹੁੰਚੇ। ਘਰ ਕੋਈ ਜ਼ਿੰਮੇਵਾਰ ਬੰਦਾ ਨਹੀਂ ਸੀ, ਜੀਜਾ ਅਬਦੁੱਲਾ ਵੀ ਨਹੀਂ, ਪਰ ਨਾਲ ਦੇ ਘਰ ਦੀ ਸੁਆਣੀ ਸਾਨੂੰ ਇਸ ਤਰ੍ਹਾਂ ਉਸ ਘਰ ਲੈ ਵੜੀ ਜਿਵੇਂ ਇਹ ਉਸ ਦਾ ਹੀ ਘਰ ਸੀ। ਖੁਸ਼ੀ 'ਚ ਉਹਦੀ ਅੱਡੀ ਨਹੀਂ ਸੀ ਲੱਗ ਰਹੀ।

ਹਵਾ ਬੰਦ ਸੀ ਪਰ ਮਕਾਨ ਕੱਚਾ ਹੋਣ ਕਰਕੇ ਗਰਮੀ ਏਨੀ ਮਾਰ ਨਹੀਂ ਸੀ ਕਰ ਰਹੀ। ਅਸੀਂ ਚਾਹ ਪੀ ਰਹੇ ਸਾਂ ਕਿ ਨਿਰੰਜਣ ਸਿੰਘ ਦੀ ਭੈਣ ਤੇ ਜੀਜਾ ਅਬਦੁੱਲਾ ਵੀ ਆ ਗਏ। ਭੈਣ ਭਰਾ ਇਕ ਦੂਜੇ ਨੂੰ ਰੱਜ ਕੇ ਮਿਲੇ ਵੀ ਨਹੀਂ ਸਨ ਕਿ ਵਿਦਾ ਮੰਗਣ ਦਾ ਸਮਾਂ ਹੋ ਗਿਆ। ਸਮੇਂ ਦੀ ਨਜ਼ਾਕਤ ਨੂੰ ਭਾਂਪਦਿਆਂ ਮੈਂ ਭੈਣ ਨੂੰ ਕੁਰਾਨ ਸ਼ਰੀਫ ਦੀ ਕਾਪੀ ਭੇਟ ਕੀਤੀ ਤਾਂ ਉਸ ਨੇ ਬਹੁਤ ਹੀ ਅਦਬ ਨਾਲ ਪ੍ਰਵਾਨ ਕੀਤੀ। ਦੋਵੇਂ ਭਾਵੁਕ ਹੋ ਗਏ।

ਜਦੋਂ ਅਸੀਂ ਨਮਕ ਦੇ ਵਪਾਰੀਆਂ ਦੀ ਨੂੰਹ ਬਣ ਚੁਕੀ ਧਰਮ ਕੌਰ ਦੀ ਧੀ ਨੂੰ ਕੁਰਾਨ ਸ਼ਰੀਫ ਦੀ ਜਿਲਦ ਭੇਟ ਕੀਤੀ ਤਾਂ ਉਸ ਦੀਆਂ ਅੱਖਾਂ ਵੀ ਸ਼ੁਕਰਾਨੇ ਦੇ ਹੰਝੂਆਂ ਨਾਲ ਤਰ ਸਨ।

ਇਸ ਤੋਂ ਅਗਲੇ ਦਿਨ ਗੁਰਮਿੰਦਰ ਸਿੰਘ ਨੂੰ ਉਸ ਦੇ ਪਰਿਵਾਰ ਕੋਲ ਲੈ ਕੇ ਜਾਣਾ ਸੀ, ਜੋ ਖਾਨੇਵਾਲ ਜ਼ਿਲ੍ਹੇ ਵਿਚ ਸੀ ਪਰ ਖਾਨੇਵਾਲ ਤੋਂ ਕਈ ਕਿਲੋਮੀਟਰ ਦੂਰ ਜਹਾਨੀਆਂ ਵਿਚ। ਲਾਹੌਰ ਤੋਂ ਜਹਾਨੀਆਂ ਦਾ ਸਫਰ ਕਾਫੀ ਲੰਮਾ ਹੈ। ਰਸਤੇ ਵਿਚ ਰਾਏਵਿੰਡ, ਓਕਾੜਾ, ਸਾਹੀਵਾਲ-ਕਈ ਪ੍ਰਸਿਧ ਥਾਂਵਾਂ ਆਉਂਦੀਆਂ ਹਨ। ਓਕਾੜਾ ਦੀ ਖੰਡ ਮਿੱਲ ਮਸ਼ਹੂਰ ਹੈ ਤੇ ਸਾਹੀਵਾਲ ਦੀਆਂ ਮੱਝਾਂ-ਗਊਆਂ, ਇਲਾਕੇ ਦੀ ਗਰਮੀ ਤੇ ਰੇਤਾ। ਕਣਕ ਦੀ ਲਹਿਲਹਾਉਂਦੀ ਫਸਲ, ਸੜਕ ਦੇ ਕੰਢੇ ਉਸਰੇ ਵੱਡੇ ਪਿੰਡ ਤੇ ਊਠਾਂ ਵਾਲੇ ਓਡ।


ਸੜਕਾਂ ਦੇ ਕੰਢੇ ਬੁਰਜੀਨੁਮਾ ਮੀਲ ਪੱਥਰਾਂ ਦੇ ਸੱਜੇ-ਖੱਬੇ ਤੇ ਅੱਗੇ-ਪਿੱਛੇ ਕਾਸ਼ਤਕਾਰਾਂ ਲਈ ਹਦਾਇਤਾਂ ਲਿਖੀਆਂ ਹੋਈਆਂ ਸਨ। ਫਸਲ ਦੀਆਂ ਉਨਤ ਕਿਸਮਾਂ ਦੇ ਨਾਂ, ਕੁਦਰਤੀ ਆਫਤਾਂ ਤੋਂ ਬਚਾਅ ਦੇ ਤਰੀਕੇ ਅਤੇ ਵੇਲੇ ਸਿਰ ਸਿੰਜਾਈ ਤੇ ਖਾਦ ਨਾਲ ਸਬੰਧਤ ਨੁਕਤੇ। ਇਹ ਮੀਲ ਪੱਥਰ ਗ੍ਰਾਮ ਸੇਵਕਾਂ ਦਾ ਕੰਮ ਦਿੰਦੇ ਸਨ।

ਵੇਖਣ ਵਿਚ ਆਇਆ ਕਿ ਸਮੁੱਚੇ ਤੌਰ 'ਤੇ ਪਿੰਡਾਂ 'ਚ ਨਿੱਘ ਤੇ ਅਪਣੱਤ ਹੈ। ਤੁਰੇ ਜਾਂਦੇ ਰਾਹੀ ਨੂੰ ਬਾਹੋਂ ਫੜ ਕੇ ਰੋਕ ਲੈਣਾ ਤੇ ਸਲਾਮ ਕਹਿ ਕੇ ਪੁੱਛਣਾ ਕਿ ਕਿਥੋਂ ਆਇਆ ਹੈਂ, ਆਮ ਜਿਹੀ ਗੱਲ ਹੈ। ਮਿੰਟਾਂ-ਸਕਿੰਟਾਂ ਵਿਚ ਬੱਚੇ, ਬਜ਼ੁਰਗ ਤੇ ਔਰਤਾਂ ਇਸ ਤਰ੍ਹਾਂ ਇਕੱਠੇ ਹੋ ਜਾਂਦੇ, ਜਿਵੇਂ ਉਨ੍ਹਾਂ ਦਾ 50 ਵਰ੍ਹਿਆਂ ਤੋਂ ਡੱਕਿਆ ਗੱਚ ਗਲ ਤਕ ਭਰ ਆਇਆ ਹੋਵੇ। ਉਨ੍ਹਾਂ ਦੀ ਤਸੱਲੀ ਨਿਰੀ ਗੱਲ ਕਰਨ ਤਕ ਹੀ ਸੀਮਿਤ ਨਹੀਂ ਸੀ, ਉਹ ਕੋਲ ਖੜੋਣਾ ਚਾਹੁੰਦੇ ਹਨ, ਬਹੁਤ ਨੇੜੇ। ਮਰਦ ਲੋਕ ਜੱਫੀਆਂ ਪਾ ਕੇ ਮਿਲਦੇ, ਅਜਿਹੀਆਂ ਜੱਫੀਆਂ ਜਿਨ੍ਹਾਂ ਵਿਚ ਉਹ ਢਿੱਲ੍ਹ ਨਹੀਂ ਸੀ ਆਉਣ ਦਿੰਦੇ। ਜਿਵੇਂ ਵਿਛੜੇ ਵੀਰਾਂ ਨੂੰ ਮਿਲਿਆਂ ਕਰੀਦਾ ਹੈ, ਕਮਰ ਬਾਜਵਾ ਤੇ ਨਵਜੋਤ ਸਿੱਧੂ ਦੀ ਜੱਫੀ ਵਾਂਗ।

ਗੁਰਮਿੰਦਰ ਸਿੰਘ ਮੁਸਲਮਾਨਾਂ ਦਾ ਪੁੱਤ ਸੀ। ਉਸ ਵੇਲੇ ਗੁਰਮਿੰਦਰ ਦੀ ਉਮਰ ਛੇ ਸਾਲ ਸੀ ਤੇ ਨਾਂ ਅਮਾਨਤ ਅੱਲਾ। ਬਾਪ ਵੰਡ ਸਮੇਂ ਕਤਲ ਹੋ ਗਿਆ ਸੀ ਪਰ ਮਾਂ ਵੱਡੇ ਬੱਚਿਆਂ ਸਮੇਤ ਓਧਰ ਜਾਣ ਵਿਚ ਸਫਲ ਹੋ ਗਈ ਸੀ। ਉਸ ਨੂੰ ਪਿੰਡ ਦੇ ਕਿਸੇ ਜੱਟ ਨੇ ਆਪਣੇ ਘਰ ਰੱਖ ਕੇ ਉਸ ਦਾ ਨਾਂ ਗੁਰਮਿੰਦਰ ਸਿੰਘ ਰੱਖ ਦਿੱਤਾ। 1998 ਤੱਕ ਉਹ ਕਾਰ ਸੇਵਾ ਕਰਨ ਵਾਲੀ ਸੰਸਥਾ ਦਾ ਉਘਾ ਮੈਂਬਰ ਬਣ ਚੁਕਾ ਸੀ। ਹਰ ਸਵੇਰ ਜਪੁਜੀ ਸਾਹਿਬ ਤੇ ਅਨੰਦ ਸਾਹਿਬ ਦਾ ਪਾਠ ਕਰਕੇ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਪੜ੍ਹ ਕੇ ਸੁਖ ਦੀ ਨੀਂਦ ਸੌਂਦਾ। ਉਸ ਨੂੰ ਸਾਰੇ ਬਾਬਾ ਜੀ ਕਹਿ ਕੇ ਬੁਲਾਉਂਦੇ।

ਸਾਡੀ ਕਾਰ ਦਾ ਡਰਾਈਵਰ ਪਾਕਿਸਤਾਨ ਦੇ ਮੰਤਰੀਆਂ ਦੀਆਂ ਕਾਰਾਂ ਚਲਾਉਂਦਾ ਰਿਹਾ ਸੀ। ਉਸ ਨੂੰ ਸਾਰੇ ਰਾਹ ਆਉਂਦੇ ਸਨ। ਡਰਾਈਵਰ ਨੇ ਨੇੜਲੇ ਥਾਣੇ ਦੀ ਚੌਕੀ ਤੋਂ ਪਿੰਡ ਦਾ ਰਾਹ ਪੁੱਛਣਾ ਚਾਹਿਆ। ਪਿੱਪਲ ਦੇ ਰੁੱਖ ਥੱਲੇ ਤਾਸ਼ ਖੇਡਦਾ ਬਜ਼ੁਰਗ ਤਾਸ਼ ਦੇ ਪੱਤੇ ਸੁੱਟ ਕੇ ਪੱਕੇ ਚੌਤਰੇ ਤੋਂ ਛਾਲ ਮਾਰ ਕੇ ਉਤਰ ਆਇਆ, "ਅਸੀਂ ਤਾਂ ਦੁਪਹਿਰ ਦੇ ਉਡੀਕ ਰਹੇ ਹਾਂ ਤੁਹਾਨੂੰ।" ਉਸ ਨੇ ਇਕ ਤਰ੍ਹਾਂ ਗਿਲਾ ਕੀਤਾ ਤੇ ਆਗਿਆ ਲਏ ਬਿਨਾ ਹੀ ਡਰਾਈਵਰ ਦੇ ਨਾਲ ਕਾਰ ਦੀ ਅਗਲੀ ਸੀਟ 'ਤੇ ਬੈਠ ਗਿਆ।

ਬਜ਼ੁਰਗ ਦਾ ਨਾਂ ਮੁਹੰਮਦ ਅਸ਼ਰਫ ਰੰਧਾਵਾ ਸੀ। ਉਹ ਮੁਰੱਬਿਆਂ ਦਾ ਮਾਲਕ ਸੀ। ਪਿੰਡ ਵਿਚ ਉਸ ਨੇ ਆਪਣੇ ਨਾਂ ਦਾ ਪਬਲਿਕ ਸਕੂਲ ਖੋਲ੍ਹਿਆ ਹੋਇਆ ਸੀ।



*ਦੂਰੋਂ ਦਿਸਦਾ ਲਾਹੌਰ।*

ਗੁਰਮਿੰਦਰ ਸਿੰਘ ਉਰਫ ਅਮਾਨਤ ਅੱਲਾ ਦੀ ਭਾਣਜੀ ਘਰ ਹੀ ਸੀ। ਉਹ ਮੁਸਲਮਾਨ ਤੋਂ ਸਿੱਖ ਹੋਏ ਆਪਣੇ ਮਾਮੂ ਜਾਨ ਦੀ ਉਡੀਕ ਕਰ ਰਹੀ ਸੀ। ਭਾਣਜੀ ਨੇ ਮਾਮੇ ਨੂੰ ਬਿਸਤਰ ਵਿਛੇ ਮੰਜੇ ਉਤੇ ਬਿਠਾਇਆ ਤੇ ਦੋਵੇਂ ਪੁਰਾਣੀਆਂ ਗੱਲਾਂ ਕਰਨ ਲੱਗ ਪਏ। ਮੈਨੂੰ ਇਕੱਲਾ ਦੇਖ ਪਿੰਡ ਦਾ ਇਕ ਬੰਦਾ ਆਪਣੀ ਵਿਥਿਆ ਦੱਸਣ ਲੱਗ ਪਿਆ। ਉਸ ਦੇ ਮਾਪੇ ਦਿੱਲੀ ਤੋਂ ਸਨ। ਉਹ ਖੱਤਰੀ ਸਨ। 1928 ਵਿਚ ਏਸ ਪਿੰਡ ਆਏ ਸਨ। ਉਨ੍ਹਾਂ ਨੂੰ ਆਪਣੇ ਪਿਤਾ ਦੀ ਫੌਜ ਵਿਚ ਨੌਕਰੀ ਦਾ ਮੁਰੱਬਾ ਮਿਲਿਆ ਸੀ। ਵੰਡ ਸਮੇਂ ਆਪਣੇ ਬਜ਼ੁਰਗਾਂ ਦੀ ਵਸਾਈ ਨਗਰੀ ਛੱਡਣ ਤੇ ਮੌਤ ਦੇ ਮੂੰਹ ਵਿਚ ਪੈਣ ਦੀ ਥਾਂ ਉਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਸੀ। ਵਿਥਿਆ ਦੱਸਣ ਵਾਲਾ ਵੰਡ ਸਮੇਂ ਦਸ ਕੁ ਸਾਲਾਂ ਦਾ ਸੀ। ਉਦੋਂ ਉਸ ਦਾ ਨਾਂ ਚਮਨ ਲਾਲ ਸੀ। ਉਹ ਚਮਨ ਲਾਲ ਤੋਂ ਇਲਮ ਦੀਨ ਬਣਿਆ ਸੀ। ਫਿਰ ਅਚਾਨਕ ਹੀ ਇਲਮ ਦੀਨ ਲੋਪ ਹੋ ਗਿਆ। ਪਤਾ ਲੱਗਾ ਕਿ ਉਹ ਘਰ ਦੇ ਨੇੜੇ ਪੈਂਦੀ ਮਸਜਿਦ ਵਿਚ ਜਾ ਵੜਿਆ ਸੀ। ਉਸ ਦੀ ਨਮਾਜ਼ ਦਾ ਵਕਤ ਹੋ ਗਿਆ ਸੀ।

ਏਧਰ ਗੁਰਮਿੰਦਰ ਸਿੰਘ ਵਾਪਸ ਮੁੜਨ ਲਈ ਕਾਹਲਾ ਸੀ। ਉਹ ਮੁੜ ਮੁੜ ਘੜੀ ਵੱਲ ਤੱਕ ਰਿਹਾ ਸੀ ਜਿਵੇਂ ਉਸ ਦਾ ਸਬਰ ਜਵਾਬ ਦੇ ਰਿਹਾ ਹੋਵੇ।

ਗਰਮ ਗਰਮ ਸਮੋਸੇ ਤੇ ਜਲੇਬੀਆਂ ਆਈਆਂ ਤਾਂ ਗੁਰਮਿੰਦਰ ਸਿੰਘ ਨੇ ਖਾਣ ਕਮਰੇ ਵਿਚ ਜਾਣ ਦੀ ਥਾਂ ਆਲਾ-ਦੁਆਲਾ ਦੇਖ ਕੇ ਸਭ ਨੂੰ ਚਾਹ ਪਾਣੀ ਪੀਣ ਦੀ ਬੇਨਤੀ ਕੀਤੀ ਤੇ ਆਪ ਪੰਦਰਾਂ ਵੀਹ ਮਿੰਟ ਦੀ ਛੁੱਟੀ ਮੰਗੀ। ਰਹਿਰਾਸ ਦੇ ਪਾਠ ਦਾ ਵਕਤ ਹੋ ਗਿਆ ਸੀ। ਉਹ ਕਾਰ ਦੇ ਦਰਵਾਜੇ ਬੰਦ ਕਰਕੇ ਪਾਠ ਕਰ ਸਕਦਾ ਸੀ।

ਏਧਰ ਇਲਮ ਦੀਨ ਵੀ ਨਮਾਜ਼ ਪੜ੍ਹ ਕੇ ਵਾਪਸ ਆ ਚੁਕਾ ਸੀ। ਉਸ ਨੇ ਵੀ ਰਸੂਖ ਵਰਤਿਆ ਤੇ ਗੁਰਮਿੰਦਰ ਸਿੰਘ ਨੂੰ ਕਾਰ ਅੰਦਰ ਬਿਠਾ ਕੇ ਏ. ਸੀ. ਚਾਲੂ ਕਰਨ ਦਿੱਤਾ। ਉਸ ਨੇ ਪਾਠ ਪੂਰਾ ਹੋਣ ਪਿੱਛੋਂ ਗੁਰਮਿੰਦਰ ਸਿੰਘ ਨੂੰ ਚਾਹ-ਪਾਣੀ ਵਾਲੀ ਮੇਜ ਉਤੇ ਪਹੁੰਚਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ।

ਗੁਰਮਿੰਦਰ ਸਿੰਘ ਪਿੱਛੋਂ ਮੋਟਰ ਗਰਾਜ ਵਾਲੇ ਅਮਰ ਸਿੰਘ ਦੀ ਵਾਰੀ ਸੀ। ਉਸ ਦਾ ਪਿੰਡ ਇਸਮਾਈਲਾ ਪਿਸ਼ਾਵਰ ਦੇ ਰਾਹ ਵਿਚ ਹੋਤੀ ਮਰਦਾਨ ਦੇ ਨੇੜੇ ਸੀ। ਅਮਰ ਸਿੰਘ ਦੇ ਪਿਤਾ ਭਾਈ ਸੰਤ ਰਾਮ ਉਸ ਪਿੰਡ ਵਿਚ ਕਰਿਆਨੇ ਦੀ ਦੁਕਾਨ ਤੋਂ ਬਿਨਾ ਬਾਗਾਂ ਦੇ ਠੇਕੇ ਲਿਆ ਕਰਦੇ ਸਨ। ਵੰਡ ਸਮੇਂ ਅਮਰ ਸਿੰਘ ਛੇ ਮਹੀਨੇ ਦਾ ਸੀ।

ਵਿੰਗੀਆਂ ਟੇਢੀਆਂ ਗਲੀਆਂ ਵਿਚੋਂ ਤੁਰਦੇ ਅਸੀਂ ਸੂਆ ਪਾਰ ਕਰਕੇ ਪਿੰਡ ਦੇ ਉਸ ਹਿੱਸੇ ਵਿਚ ਪਹੁੰਚ ਗਏ, ਜਿਥੇ ਅਮਰ ਸਿੰਘ ਦੇ ਪੁਰਖਿਆਂ ਦੇ ਘਰ ਹੁੰਦੇ ਸਨ। ਪੁਣਛਾਣ ਪਿੱਛੋਂ ਸਾਨੂੰ ਪਿੰਡ ਦਾ ਸੁਨਿਆਰਾ ਮਿਲ ਗਿਆ, ਜਿਸ ਨੂੰ ਇਸਮਾਈਲਾ ਵਾਲੇ ਜ਼ਰਗਰ ਕਹਿੰਦੇ ਸਨ। ਉਸ ਦੇ ਘਰ ਨੂੰ ਜਾਣ ਵਾਲੀ ਗਲੀ ਉਹੀਓ ਸੀ, ਜਿਸ ਵਿਚ ਅਮਰ ਸਿੰਘ ਹੋਰਾਂ ਦੇ ਘਰ ਹੋਇਆ ਕਰਦੇ ਸਨ। ਜ਼ਰਗਰ ਨੇ ਦੱਸਿਆ ਕਿ ਘਰ ਦਾ ਦਰਵਾਜਾ ਤਾਂ ਕਾਇਮ ਸੀ, ਪਰ ਇਸ ਦਾ ਵਿਹੜਾ ਖੁੱਲ੍ਹਾ ਹੋਣ ਕਾਰਨ ਹੁਣ ਇਹ ਕੋਲਿਆਂ ਦਾ ਡਿਪੂ ਬਣ ਚੁਕਾ ਹੈ। ਜਦੋਂ ਅਮਰ ਸਿੰਘ ਨੇ ਆਪਣੇ ਘਰ ਨੇੜਲੇ ਗੁਰਦੁਆਰੇ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਗੁਰਦੁਆਰਾ ਤਾਂ ਹੁਣ ਮਦਰੱਸਾ ਬਣ ਚੁਕਾ ਹੈ। ਅਮਰ ਸਿੰਘ ਦੀ ਤਸੱਲੀ ਹੋ ਗਈ।


ਗੱਲਾਂ ਖਤਮ ਹੋਈਆਂ ਤਾਂ ਸਾਡੇ ਤੁਰਨ ਸਮੇਂ ਬਾਹਰੋਂ ਦੋ ਬਜ਼ੁਰਗ ਹੋਰ ਆ ਗਏ। "ਆ ਅਬਦੁਲ ਕਯੂਮਾ ਤੈਨੂੰ ਖਾਸ-ਉਲ-ਖਾਸ ਮਹਿਮਾਨ ਮਿਲਾਵਾਂ। ਦੇਖ ਕੌਣ ਹੈ?" ਜ਼ਰਗਰ ਨੇ ਆਵਾਜ਼ ਦਿੱਤੀ। "ਠੇਕੇਦਾਰ ਸੰਤ ਰਾਮ ਦਾ ਪੁੱਤ ਏ। ਇੰਡੀਆ ਤੋਂ ਆਪਣੀ ਜਨਮ ਭੋਂ ਦੇਖਣ ਆਇਆ ਏ।" ਅਮਰ ਸਿੰਘ ਨੇ ਬਾਹਰੋਂ ਆਏ ਬਜ਼ੁਰਗਾਂ ਨੂੰ ਸਲਾਮ ਕਹੀ ਜਿਵੇਂ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਜਾਣਦਾ ਹੋਵੇ। ਉਨ੍ਹਾਂ ਵਿਚੋਂ ਇਕ ਨੇ ਅਮਰ ਸਿੰਘ ਨੂੰ ਗਹੁ ਨਾਲ ਵੇਖਦਿਆਂ ਕਿਹਾ ਕਿ ਉਸ ਦੀਆਂ ਅੱਖਾਂ ਆਪਣੇ ਪਿਤਾ ਵਰਗੀਆਂ ਹਨ ਤੇ ਉਸ ਨੇ ਅਮਰ ਸਿੰਘ ਨੂੰ ਬੁੱਕਲ ਵਿਚ ਲੈ ਕੇ ਏਦਾਂ ਪਿਆਰ ਕੀਤਾ ਜਿਵੇਂ ਵਿਛੜੇ ਪੁੱਤਰ ਨੂੰ ਮਿਲਿਆ ਹੋਵੇ।

ਜਦੋਂ ਮੈਂ ਸ਼ੇਖੂਪੁਰਾ, ਖਾਨੇਵਾਲ ਤੇ ਮੁਲਤਾਨ ਘੁੰਮ ਰਿਹਾ ਸਾਂ ਤਾਂ ਮੇਰੀ ਪਤਨੀ ਸੁਰਜੀਤ ਛਾਂਗਾ-ਮਾਂਗਾ ਨੇੜੇ ਆਪਣਾ ਨਾਨਕਾ ਪਿੰਡ ਵੇਖਣ ਗਈ

*(ਅਗਲੇ ਸਫੇ 'ਤੇ ਜਾਰੀ)*

# ਵਿਕਾਸ ਦੇ ਅੰਕੜਿਆਂ ਦੀ ਲੁਭਾਉਣੀ ਸਿਆਸਤ ਦਾ ਕੋਹਜ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਰਾਜਨੀਤੀ ਉਸ ਪੜਾਅ 'ਤੇ ਪਹੁੰਚ ਗਈ ਹੈ, ਜਿੱਥੇ ਮੀਡੀਆ ਵਾਲਿਆਂ ਨੇ ਅਗਲੇ ਪੰਜ ਸਾਲਾਂ ਲਈ ਰਾਜ ਕਰਨ ਵਾਲਿਆਂ ਦੇ ਨਕਸ਼ ਪਛਾਣਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਲੋਕ ਅਜੇ ਤੱਕ ਇਸ ਸਭ ਤੋਂ ਬੇਫਿਕਰ ਦੋ ਡੰਗ ਦੀ ਰੋਟੀ ਦੇ ਜੁਗਾੜ ਵਿਚ ਰੁੱਝੇ ਦਿਖਾਈ ਦਿੰਦੇ ਹਨ। ਪਿਛਲੇ ਦਿਨੀਂ ਮੀਡੀਆ ਦੀ ਇੱਕ ਟੀਮ ਜਦੋਂ ਲੋਕਾਂ ਦੇ ਵਿਚਾਰ ਪੁੱਛ ਰਹੀ ਸੀ ਕਿ ਅਗਲੀ ਵਾਰੀ ਕਿਸ ਦੀ ਸਰਕਾਰ ਚਾਹੀਦੀ ਹੈ ਤਾਂ ਮੱਧ ਭਾਰਤੀ ਰਾਜਾਂ ਵਿਚੋਂ ਇੱਕ ਹਿੰਦੀ ਬੋਲਣ ਵਾਲੇ ਆਦਮੀ ਨੇ ਕਿਹਾ, "ਦੋਨੋਂ ਮੇਂ ਸੇ ਕੋਈ ਆ ਜਾਏ, ਚੁਲਹਾ ਜਲਾਨੇ ਕੇ ਲੀਏ ਪਸੀਨਾ ਤੋ ਹਮੇਂ ਬਹਾਨਾ ਹੀ ਪੜੇਗਾ, ਗਰੀਬ ਕੋ ਰੋਟੀ ਕੋਈ ਨਹੀਂ ਦੇਤਾ।" ਉਸ ਦੀ ਇਹ ਗੱਲ ਜਿਉਣ ਦਾ ਸੰਘਰਸ਼ ਕਰਦੇ ਦੇਸ਼ ਦੇ ਆਮ ਲੋਕਾਂ ਦਾ ਹਉਕਾ ਜਾਪਦੀ ਸੀ, ਉਸ ਬਹੁਗਿਣਤੀ ਦਾ, ਜਿਨ੍ਹਾਂ ਕੋਲ ਹਰ ਨੇਤਾ ਇਹ ਕਹਿਣ ਆਉਂਦਾ ਹੈ ਕਿ ਅਸਮਾਨ ਤੋਂ ਤਾਰੇ ਤੋੜ ਕੇ ਲਿਆ ਦਿਆਂਗੇ; ਪਰ ਏਦਾਂ ਕਦੇ ਨਹੀਂ ਹੁੰਦਾ।

ਇਸ ਵੇਲੇ ਦੇਸ਼ ਜਦੋਂ ਇੱਕ ਹੋਰ ਸਰਕਾਰ ਚੁਣਨ ਵੱਲ ਵਧ ਰਿਹਾ ਹੈ, ਸਰਕਾਰ ਚਲਾ ਰਹੇ ਗੱਠਜੋੜ ਦੇ ਮੋਹਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ, ਮੇਰੀ ਸਰਕਾਰ ਨੇ ਉਹ ਵੀ ਕੰਮ ਕਰ ਦਿੱਤੇ ਹਨ, ਜੋ ਪਿਛਲੀਆਂ ਸਰਕਾਰਾਂ ਨੇ 70 ਸਾਲਾਂ ਵਿਚ ਨਹੀਂ ਸਨ ਕੀਤੇ। ਜਵਾਬ ਵਿਚ ਇੱਕ ਹੋਰ ਆਗੂ ਦਾ ਬਿਆਨ ਸੀ, ਨਰਿੰਦਰ ਮੋਦੀ ਨੂੰ ਉਹ ਕੰਮ ਵੀ ਗਿਣਾ ਦੇਣੇ ਚਾਹੀਦੇ ਹਨ, ਜੋ ਉਨ੍ਹਾਂ 70 ਸਾਲਾਂ ਦੌਰਾਨ ਚੱਲੀਆਂ ਸਰਕਾਰਾਂ ਨੇ ਕੀਤੇ ਸਨ ਤੇ ਮੋਦੀ ਨੂੰ ਆ ਕੇ ਕਰਨੇ ਨਹੀਂ ਪਏ। ਅਹਿਸਾਨ ਜਤਾਉਣ ਵਾਂਗ ਮੋਦੀ ਸਾਹਿਬ ਕਹਿੰਦੇ ਹਨ ਕਿ ਮੇਰੇ ਰਾਜ ਵਿਚ ਐਨੇ ਕਿਲੋਮੀਟਰ ਨਵੀਂ ਰੇਲ ਪਟੜੀ ਵਿਛਾਈ ਗਈ, ਪਰ ਇਹ ਨਹੀਂ ਦੱਸਦੇ ਕਿ ਉਸ ਤੋਂ ਪਹਿਲਾਂ ਦੀਆਂ ਸਰਕਾਰਾਂ ਵਿਚੋਂ ਵੀ ਹਰ ਕਿਸੇ ਦੇ ਰਾਜ 'ਚ ਉਸ ਤੋਂ ਪਹਿਲਿਆਂ ਨਾਲੋਂ ਵੱਧ ਕੰਮ ਹੋਣ ਦਾ ਦਾਅਵਾ ਕੀਤਾ ਜਾਂਦਾ ਸੀ।

ਰਾਜੀਵ ਗਾਂਧੀ ਨੇ ਕਿਹਾ ਸੀ, ਮੇਰੀ ਸਰਕਾਰ ਤੋਂ ਪਹਿਲਾਂ ਕਿਸੇ ਸਰਕਾਰ ਨੇ ਫਲਾਣਾ ਕੰਮ ਕਰਨ ਲਈ ਸੋਚਿਆ ਤੱਕ ਨਹੀਂ ਸੀ। ਇੱਕ ਸੰਸਦ ਮੈਂਬਰ ਨੇ ਉਠ ਕੇ ਕਿਹਾ ਸੀ ਕਿ ਇਹ ਕਹਿਣ ਤੋਂ ਪਹਿਲਾਂ ਇਹ ਵੀ ਸੋਚ ਲੈਣਾ ਸੀ ਕਿ ਜਿਹੜੇ ਆਗੂ ਪਹਿਲਾਂ ਰਾਜ ਕਰਦੇ ਸਨ ਤੇ ਜਿਨ੍ਹਾਂ ਨੂੰ ਤੁਸੀਂ ਅੱਜ ਭੰਡ ਰਹੇ ਹੋ, ਉਨ੍ਹਾਂ ਵਿਚ ਸ੍ਰੀਮਤੀ ਇੰਦਰਾ ਗਾਂਧੀ ਵੀ ਹੁੰਦੀ ਸੀ ਤੇ ਉਹ ਤੁਹਾਡੀ ਮਾਤਾ ਸੀ, ਤੁਸੀਂ ਉਸ ਨੂੰ ਵੀ ਨਿੰਦਣ ਲੱਗ ਪਏ ਹੋ। ਅੱਜ ਭਾਜਪਾ ਦਾ ਸਭ ਤੋਂ ਵੱਡਾ ਆਗੂ ਨਰਿੰਦਰ ਮੋਦੀ ਜਦੋਂ 70 ਸਾਲਾਂ ਦੇ ਸਾਰੇ ਹਾਕਮਾਂ ਨੂੰ ਭੰਡਦਾ ਹੈ ਤਾਂ ਉਹ ਆਪਣੇ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਹੀ ਨਹੀਂ, ਖੁਦ ਆਪਣੇ ਰਾਜ ਦੇ ਪਹਿਲੇ ਤਿੰਨ ਸਾਲਾਂ ਨੂੰ ਵੀ ਰੱਦ ਕਰ ਛੱਡਦਾ ਹੈ, ਉਸ ਨੇ ਕਮਾਨ ਜਦੋਂ ਸਾਂਭੀ ਸੀ, ਉਦੋਂ ਆਜ਼ਾਦੀ ਨੂੰ 67 ਸਾਲ ਬਣਦੇ ਸਨ ਤੇ ਉਸ ਦੇ 3 ਸਾਲ ਪਾ ਕੇ ਹੀ 70 ਬਣਦੇ ਹਨ।

ਇੰਨੇ ਸਿਆਣੇ ਮੋਦੀਆਂ ਤੇ ਰਾਜੀਵ ਗਾਂਧੀਆਂ ਦੇ ਰਾਜ ਵਿਚ ਵੀ ਭਾਰਤ ਨੇ ਤਰੱਕੀ ਕੀਤੀ ਸੀ, ਪਰ ਤਰੱਕੀ ਕਰਨ ਪਿਛੋਂ ਵੀ ਸੰਸਾਰ ਦਰਜਾਬੰਦੀ ਵਿਚ ਅਜੇ ਕਈ ਗੱਲਾਂ ਵਿਚ ਬੜਾ ਪਿੱਛੇ ਹੈ। ਸਾਡੇ ਪਿੱਛੋਂ ਆਜ਼ਾਦ ਹੋਏ ਦੁਨੀਆਂ ਦੇ ਕਈ ਦੇਸ਼ ਵਿਕਾਸ ਤੇ ਕਿਰਦਾਰ ਪੱਖੋਂ ਅੱਗੇ ਨਿਕਲ ਗਏ ਹਨ। ਸਾਨੂੰ ਕਦੇ ਕਦਾਈਂ ਸੰਸਾਰ ਦੇ ਉਨ੍ਹਾਂ ਦੇਸ਼ਾਂ ਨਾਲ ਇਸ ਦੇਸ਼ ਦੀ ਤੁਲਨਾ ਕਰਨ ਵਾਲੇ ਅੰਕੜੇ ਤੇ ਚਾਰਟ ਵੇਖ ਲੈਣੇ ਚਾਹੀਦੇ ਹਨ, ਜਿਸ ਤੋਂ ਸਾਰੀ ਸਥਿਤੀ ਦਾ ਪਤਾ ਲੱਗਦਾ ਹੈ। ਅਸੀਂ ਜਿਸ ਪ੍ਰੈਸ ਦੀ ਆਜ਼ਾਦੀ ਨਾਲ ਅੰਦਰੂਨੀ ਹਾਲਾਤ ਦੀਆਂ ਕੌੜੀਆਂ ਹਕੀਕਤਾਂ ਤੋਂ ਜਾਣੂ ਹੋਇਆ ਕਰਦੇ ਹਾਂ, ਉਸ ਪੱਖੋਂ ਭਾਰਤ ਦਾ ਦਰਜਾ ਸਾਰੇ ਸੰਸਾਰ ਵਿਚ ਕਦੇ 80ਵਾਂ ਹੁੰਦਾ ਸੀ ਤੇ ਪਿਛਲੇ 17 ਸਾਲਾਂ ਦੌਰਾਨ ਹੀ ਬਹੁਤਾ ਵਿਗੜਦਾ ਗਿਆ ਹੈ।

ਵਾਜਪਾਈ ਸਰਕਾਰ ਦੇ ਤੀਜੇ ਸਾਲ ਦੌਰਾਨ ਇਸ ਦਾ ਵਿਗਾੜ ਸ਼ੁਰੂ ਹੋਇਆ ਸੀ ਤੇ ਸਿਰਫ ਇੱਕ ਸਾਲ ਪਿਛੋਂ 80ਵੇਂ ਤੋਂ ਭਾਰਤ 128ਵੇਂ ਥਾਂ ਜਾ ਡਿੱਗਾ ਸੀ। ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਪਹਿਲੇ ਸਾਲ ਵਿਚ ਇਹ ਕੁਝ ਸੁਧਰ ਕੇ 106 ਨੰਬਰ 'ਤੇ ਆ ਗਿਆ ਤਾਂ ਚੰਗਾ ਲੱਗਾ ਸੀ, ਪਰ ਫਿਰ ਡਿੱਗਣ ਲੱਗ ਪਿਆ। ਜਦੋਂ ਮੋਦੀ ਰਾਜ ਸ਼ੁਰੂ ਹੋਣਾ ਸੀ, ਉਦੋਂ ਨੂੰ 140ਵੇਂ ਥਾਂ ਜਾ ਡਿੱਗਾ ਸੀ।

ਅਜੋਕੇ ਭਾਰਤ ਦੀ ਹਾਲਤ ਇਹ ਹੈ ਕਿ ਮਨੁੱਖੀ ਵਿਕਾਸ ਪੱਖੋਂ ਪਹਿਲੇ ਨੰਬਰ 'ਤੇ ਨਾਰਵੇ ਦਾ ਨਾਂ ਲਿਖਿਆ ਹੈ, ਫਿਰ ਹੋਰਨਾਂ ਦੇਸ਼ਾਂ ਦੇ ਨਾਂ ਪੜ੍ਹਦੇ ਜਾਈਏ ਤਾਂ ਬੜੇ ਪੱਛੜੇ ਦੇਸ਼ਾਂ ਵਿਚਾਲੇ ਭਾਰਤ ਦਾ ਨਾਂ 130ਵੇਂ ਥਾਂ ਦਰਜ ਹੈ। ਅਗਲੀ ਗੱਲ ਇਹ ਕਿ ਲੋਕਾਂ ਨੂੰ ਰੋਟੀ ਦੇਣ ਪੱਖੋਂ ਉਹੋ ਭਾਰਤ 103 ਨੰਬਰ 'ਤੇ ਜਾ ਡਿੱਗਾ ਹੈ, ਜਿਸ ਦੇ ਕਿਸਾਨ ਦੀ ਫਸਲ ਇਹ ਕਹਿ ਕੇ ਖਰੀਦੀ ਨਹੀਂ ਜਾਂਦੀ ਕਿ ਲੋੜ ਤੋਂ ਵੱਧ ਪੈਦਾ ਹੋ ਗਈ ਹੈ। ਸਿਹਤ ਦੇ ਅੰਕੜੇ ਸਵਿਟਜ਼ਰਲੈਂਡ ਨੂੰ ਇੱਕ ਨੰਬਰ ਲਿਖ ਕੇ ਸ਼ੁਰੂ ਕੀਤੇ ਜਾਂਦੇ ਹਨ ਤੇ ਭਾਰਤ ਦਾ ਨਾਂ ਅੰਤ ਦੇ ਪੱਛੜੇ ਦੇਸ਼ਾਂ ਵਿਚਾਲੇ 154 ਨੰਬਰ 'ਤੇ ਪੜ੍ਹਨ ਨੂੰ ਮਿਲਦਾ ਹੈ। ਦਿਲ ਦੁਖਾਉਂਦੀ ਇਸ ਤਸਵੀਰ ਬਾਰੇ ਕਦੇ ਕੋਈ ਆਗੂ ਗੱਲ ਹੀ ਨਹੀਂ ਕਰਦਾ।

ਗੱਲ ਕਰਨ ਦੀ ਕਿਸੇ ਨੂੰ ਬਹੁਤੀ ਲੋੜ ਵੀ ਨਹੀਂ, ਜਦੋਂ ਧੌਕੜ ਮਾਰ ਕੇ ਲੋਕਾਂ ਤੋਂ ਵੋਟਾਂ ਲਈਆਂ ਜਾਣ ਦਾ ਰਿਵਾਜ ਪੈ ਚੁਕਾ ਹੈ ਤਾਂ ਏਦਾਂ ਦੀ ਖੇਚਲ ਬੇਲੋੜੀ ਹੋ ਜਾਂਦੀ ਹੈ। ਮਿਸਾਲ ਵਜੋਂ ਪ੍ਰਧਾਨ ਮੰਤਰੀ ਮੋਦੀ ਤੇ ਉਨ੍ਹਾਂ ਦੀ ਪਾਰਟੀ ਦੇ ਆਗੂ ਬਿਆਨਾਂ ਵਿਚ ਇਹ ਹਵਾਲੇ ਦੇ ਲੈਂਦੇ ਹਨ ਕਿ ਸੰਸਾਰ ਪ੍ਰਸਿਧ ਸੰਸਥਾ ਫੋਰਬਸ ਨੇ ਵੀ ਫਲਾਣੇ ਕੇਸ ਵਿਚ ਭਾਰਤ ਨੂੰ ਉਪਰ ਰੱਖਿਆ ਤੇ ਐਨੇ ਲੋਕ ਭਾਰਤ ਵਿਚ ਉਦਯੋਗ ਲਾਉਣ ਪੱਖੋਂ ਸੰਸਾਰ ਭਰ ਵਿਚ ਮੋਹਰੀ ਹਨ, ਪਰ ਕਈ ਹੋਰ ਪੱਖ ਲੁਕਾਏ ਜਾਂਦੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਉਤਰ ਪ੍ਰਦੇਸ਼ ਬਾਰੇ ਜਦੋਂ ਕਿਹਾ ਸੀ ਕਿ ਕਈ ਇਲਾਕਿਆਂ ਵਿਚ ਅੱਜ ਤੱਕ ਕਿਸੇ ਨੇ ਬਿਜਲੀ ਨਹੀਂ ਸੀ ਪੁਚਾਈ ਤੇ ਮੇਰੀ ਸਰਕਾਰ ਨੇ ਪੁਚਾਈ ਹੈ ਅਤੇ ਸਾਰੇ ਦੇਸ਼ ਦੇ ਹਰ ਪਿੰਡ ਨੂੰ ਬਿਜਲੀ ਦੀ ਤਾਰ ਮੇਰੇ ਰਾਜ ਵਿਚ ਪੁੱਜੀ ਹੈ ਤਾਂ ਓਸੇ ਫੋਰਬਸ ਦੀ ਇੱਕ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਭਾਰਤ ਵਿਚ 42 ਫੀਸਦੀ ਲੋਕ ਅਜੇ ਵੀ ਬਿਜਲੀ ਦੀ ਸਹੂਲਤ ਤੋਂ ਵਾਂਝੇ ਹਨ, ਜਿਨ੍ਹਾਂ ਵਿਚ ਜੰਗਲੀ ਕਬੀਲਿਆਂ ਵਾਲੇ ਵੀ ਹਨ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਗਰੀਬੀ ਮਾਰੇ ਮੁਹੱਲਿਆਂ ਦੇ ਵਾਸੀ ਵੀ ਹਨ। ਉਤਰ ਪ੍ਰਦੇਸ਼ ਦਾ ਝਾਂਸੀ ਜ਼ਿਲਾ ਜੰਗਲ ਦੇ ਕਿਸੇ ਪੱਛੜੇ ਖੇਤਰ ਵਿਚ ਨਹੀਂ, ਸੰਸਾਰ ਪ੍ਰਸਿੱਧ ਤਾਜ ਮਹਿਲ ਵਾਲੇ ਆਗਰੇ ਨਾਲ ਜੁੜਦਾ ਹੈ ਤੇ ਉਸ ਦੇ 28 ਫੀਸਦੀ ਲੋਕ ਸੱਤਰ ਸਾਲਾਂ ਦੀ ਆਜ਼ਾਦੀ ਮਾਣਨ ਦੇ ਬਾਵਜੂਦ ਬਿਜਲੀ ਨਾਲ ਲਾਟੂ ਜਗਾਉਣ ਜੋਗੇ ਨਹੀਂ ਹੋ ਸਕੇ।

ਜਿਸ ਗੱਲ ਵਿਚ ਭਾਰਤ ਇੱਕ ਨੰਬਰ 'ਤੇ ਹੈ, ਉਹ ਹੈ, ਵਿਦੇਸ਼ਾਂ ਨੂੰ ਪਰਵਾਸ ਕਰਨ ਦੇ ਮਾਮਲੇ ਵਿਚ ਭਾਰਤ ਜਿੰਨੀ ਦੌੜ ਕਿਸੇ ਦੇਸ਼ ਦੇ ਲੋਕ ਨਹੀਂ ਲਾ ਰਹੇ। ਇਥੋਂ ਜਵਾਨੀ ਬਾਹਰ ਨੂੰ ਭੱਜ ਰਹੀ ਹੈ। ਮਾਪੇ ਚਾਹੁੰਦੇ ਹਨ ਕਿ ਬੱਚੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਰਹਿਣ, ਪਰ ਪੁਰਾਤਨ ਯੁੱਗ ਤੋਂ ਮਨੁੱਖਤਾ ਦਾ ਇਤਿਹਾਸ ਇਹੋ ਹੈ ਕਿ ਜਦੋਂ ਕਿਸੇ ਜਗ੍ਹਾ ਪੇਟ ਭਰਨ ਦਾ ਜੁਗਾੜ ਨਹੀਂ ਹੋ ਸਕਦਾ, ਉਦੋਂ ਜੰਗਲੀ ਜੀਵ ਤੇ ਪੰਖੇਰੂ ਵੀ ਉਡਾਰੀਆਂ ਲਾ ਕੇ ਦੂਸਰੇ ਆਸਰੇ ਭਾਲਣ ਨਿਕਲ ਤੁਰਦੇ ਹਨ ਤੇ ਮਨੁੱਖ ਏਦਾਂ ਹੀ ਪਰਵਾਸ ਕਰਦਾ ਰਿਹਾ ਹੈ। ਆਰਿਆਈ ਲੋਕ ਵੀ ਇਸੇ ਕਾਰਨ ਭਾਰਤ ਆਏ, ਕਈ ਹੋਰ ਵੀ ਆਉਂਦੇ ਰਹੇ ਸਨ। ਭਾਰਤ ਮਾਂ ਆਪਣੇ ਬੱਚਿਆਂ ਦਾ ਪੇਟ ਭਰਨ ਜੋਗੀ ਹੋਵੇ ਤਾਂ ਇਨ੍ਹਾਂ ਨੂੰ ਬਾਹਰ ਵੱਲ ਭੱਜਣ ਦੀ ਲੋੜ ਨਹੀਂ, ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਦੇ ਪੱਲੇ ਸਿਆਸੀ ਲੀਡਰਾਂ ਨੇ ਛੱਡਿਆ ਕੁਝ ਨਹੀਂ!

ਅੱਜ ਦੋਹਾਂ ਵੱਡੀਆਂ ਸਿਆਸੀ ਧਿਰਾਂ ਦੇ ਆਗੂ ਇਸ ਤ੍ਰਾਸਦੀ ਵਾਲੀ ਹਾਲਤ ਲਈ ਇੱਕ-ਦੂਜੇ ਸਿਰ ਭਾਂਡਾ ਭੰਨ ਰਹੇ ਹਨ, ਦੋਵੇਂ ਹੀ ਦੂਜੇ ਵੱਲ ਉਂਗਲ ਠੀਕ ਉਠਾ ਕੇ ਆਪਣਾ ਕੋਝਾਪਣ ਲੁਕਾਉਂਦੇ ਹਨ ਤੇ ਦੋਹਾਂ ਦੀ ਆਪਸ ਵਿਚ ਬਣਦੀ ਨਹੀਂ। ਫਰਜ਼ ਕਰੋ, ਉਨ੍ਹਾਂ ਦੋਹਾਂ ਦੀ ਆਪੋ ਵਿਚ ਬਣਦੀ ਹੋਵੇ, ਦੋਵੇਂ ਪਾਰਟੀਆਂ ਦੇ ਆਗੂ ਇੱਕ ਦਿਨ ਖਾਣੇ ਲਈ ਇੱਕੋ ਘਰ ਇਕੱਠੇ ਹੋ ਜਾਣ ਤੇ ਫਿਰ ਇਹ ਸਲਾਹ ਕਰਨ ਲੱਗ ਜਾਣ ਕਿ ਕਿਸੇ ਦੇਸ਼ ਦਾ ਭੱਠਾ ਕਿਵੇਂ ਬਿਠਾਇਆ ਜਾ ਸਕਦਾ ਹੈ? ਜਿੰਨਾ ਭੱਠਾ ਉਹ ਬਿਠਾ ਚੁਕੇ ਹਨ, ਇਸ ਤੋਂ ਵੱਧ ਵੀ ਕਿਸੇ ਦੇਸ਼ ਦਾ ਬਿਠਾਇਆ ਜਾ ਸਕਦਾ ਹੈ? ਇਹੋ ਵੱਡਾ ਸਵਾਲ ਹੈ, ਜੋ ਸਾਡੀ ਪੀੜ੍ਹੀ ਦੇ ਲੋਕ ਸੋਚ ਨਹੀਂ ਸਕੇ, ਜਾਂ ਸੋਚਣ ਦਾ ਸਮਾਂ ਨਹੀਂ ਕੱਢ ਸਕੇ, ਪਰ ਅਗਲੀ ਪੀੜ੍ਹੀ ਜਦੋਂ ਏਦਾਂ ਦਾ ਸਵਾਲ ਸੋਚਣ ਬੈਠ ਗਈ ਤਾਂ ਭਾਰਤ ਦੇ ਲੀਡਰਾਂ ਬਾਰੇ ਕਿਸ ਸਿੱਟੇ 'ਤੇ ਪੁੱਜੇਗੀ, ਕਹਿਣ ਦੀ ਲੋੜ ਨਹੀਂ।

# ਸੁੱਚੇ ਲਾਂਘੇ ਤੋਂ ਬਾਹਰ ਦਾ ਪਾਕਿਸਤਾਨ

*(ਪਿਛਲੇ ਸਫੇ ਤੋਂ ਜਾਰੀ)*

ਹੋਈ ਸੀ। ਪੁਲਿਸ ਦਾ ਇਕ ਸਿਪਾਹੀ ਪਾਕਿਸਤਾਨੀ ਸਰਕਾਰ ਨੇ ਉਨ੍ਹਾਂ ਦੀ ਹਿਫਾਜ਼ਤ ਲਈ ਨਾਲ ਤੋਰਿਆ ਸੀ।

ਉਸ ਦੇ ਨਾਨਕਾ ਘਰ ਦੇ ਬਾਹਰ ਗੁਲਾਮ ਹੈਦਰ ਨਾਂ ਦਾ ਬਜ਼ੁਰਗ ਮਿਲ ਗਿਆ। "ਮੇਰਾ ਨਾਂ ਸੁਰਜੀਤ ਹੈ। ਮੈਂ ਵਕੀਲਾਂ ਦੀ ਵੱਡੀ ਬੀਬੀ ਬਚਿੰਤ ਕੌਰ ਦੀ ਧੀ ਹਾਂ, ਜੋ ਨੌਸ਼ਹਿਰਾ ਪੰਨੂਆਂ ਵਿਆਹੀ ਹੋਈ ਸੀ।" ਸੁਰਜੀਤ ਨੇ ਜਾਣ-ਪਛਾਣ ਕਰਵਾਈ ਤੇ ਆਪਣਾ ਨਾਨਕਾ ਘਰ ਵੇਖਣ ਦੀ ਇੱਛਾ ਪ੍ਰਗਟਾਈ। ਜਦੋਂ ਸੁਰਜੀਤ ਵਕੀਲਾਂ ਦੀ ਹਵੇਲੀ ਦੇ ਵੱਡੇ ਦਰਵਾਜੇ ਉਤੇ ਪਹੁੰਚੀ ਤਾਂ ਉਸ ਦੀਆਂ ਅੱਖਾਂ 'ਚ ਹੰਝੂ ਆ ਗਏ। ਉਸ ਅਨੁਸਾਰ ਦਰਵਾਜੇ ਵਿਚ ਜਦੋਂ ਉਹ ਪੌੜੀਆਂ ਚੜ੍ਹਿਆ ਤਾਂ ਉਸ ਦੇ ਕਦਮਾਂ ਵਿਚ ਨੌਜਵਾਨੀ ਫੁਰਤੀ ਸੀ।

"ਚੌਧਰੀ ਸਾਬ੍ਹ, ਤੁਸੀਂ ਆਪਣੇ ਆਪ ਨੂੰ ਬੁੱਢਾ ਕਹਿ ਰਹੇ ਹੋ ਪਰ ਤੁਹਾਡੀ ਚਾਲ ਤਾਂ ਜਵਾਨਾਂ ਵਾਲੀ ਹੈ।" ਸੁਰਜੀਤ ਨੇ ਕਿਹਾ।

"ਇਹ ਸ਼ਕਤੀ ਤੁਹਾਡੇ ਕਾਰਨ ਆਈ ਹੈ। ਪਿੰਡ ਦੀ ਦੋਹਤਰੀ ਅੱਧੀ ਸਦੀ ਪਿੱਛੋਂ ਆਪਣੇ ਨਾਨਕੇ ਪਿੰਡ ਆਵੇ ਤਾਂ ਅਸੀਂ ਹਰਕਤ ਵਿਚ ਨਾ ਆਈਏ, ਫੇਰ ਅਸੀਂ ਕਾਹਦੇ ਮਨੁੱਖ ਹੋਏ?" ਗੁਲਾਮ ਹੈਦਰ ਨੇ ਪੌੜੀਆਂ ਚੜ੍ਹ ਕੇ ਸਾਹ ਲੈਂਦਿਆਂ ਉਤਰ ਦਿੱਤਾ।

ਵਡੇਰੀ ਉਮਰ ਦੀ ਇਕ ਔਰਤ ਨੇ ਵੀ ਆਪਣੇ ਪੇਕੇ ਪਿੰਡ ਦਾ ਨਾਂ ਦੱਸ ਕੇ ਸੁਰਜੀਤ ਨੂੰ ਜੱਫੀ ਵਿਚ ਲੈ ਕੇ ਏਨਾ ਹੀ ਕਿਹਾ, "ਕੀ ਅਸੀਂ ਵੀ ਕਦੀ ਆਪਣਾ ਪਿੰਡ ਦੇਖਣ ਓਧਰ ਆ ਸਕਦੇ ਹਾਂ?" ਉਸ ਦੇ ਬੋਲਾਂ ਵਿਚ ਲਾਚਾਰੀ ਸੀ। ਉਹ ਜਾਣਦੀ ਸੀ ਕਿ ਦੋਹਾਂ ਮੁਲਕਾਂ ਵਿਚ ਅਜਿਹੀ ਕੰਧ ਉਸਰ ਚੁਕੀ ਸੀ, ਜਿਸ ਨੂੰ ਪਾਰ ਕਰਨ ਲਈ ਸੌ ਕਿਸਮ ਦੇ ਦਕਵੰਜ ਰਚਣੇ ਪੈਂਦੇ ਸਨ। ਉਹ ਪਸੀਨੇ ਵਿਚ ਭਿੱਜੀ ਸੁਰਜੀਤ ਕੌਰ ਨੂੰ ਏਸ ਤਰ੍ਹਾਂ ਜੱਫੀ ਵਿਚ ਲੈ ਕੇ ਖੜ੍ਹੀ ਸੀ ਜਿਵੇਂ ਉਸ ਦਾ ਛੱਡਣ ਨੂੰ ਜੀਅ ਹੀ ਨਾ ਕਰ ਰਿਹਾ ਹੋਵੇ।

ਤੁਰਨ ਦਾ ਵਕਤ ਹੋਇਆ ਤਾਂ "ਜਾ ਧੀਏ ਜਾ" ਕਹਿ ਕੇ ਗੁਲਾਮ ਹੈਦਰ ਨੇ ਬੇਦਿਲੇ ਜਿਹੇ ਹੱਥ ਨਾਲ ਪਿੰਡ ਦੀ ਦੋਹਤੀ ਦਾ ਸਿਰ ਪਲੋਸਿਆ ਤੇ ਤੋਰ ਦਿੱਤਾ।

ਇਕ ਹੋਰ ਥਾਂ ਦੀ ਮਿਲਣੀ ਵੀ ਦੱਸਣ ਵਾਲੀ ਹੈ, ਜਿਥੇ ਸਾਡੇ ਆਲੇ-ਦੁਆਲੇ ਬਹੁਤ ਭੀੜ ਹੋ ਗਈ ਸੀ। ਉਸ ਵੇਲੇ ਮੈਂ ਤੇ ਸੁਰਜੀਤ ਇਕੱਠੇ ਸਾਂ। ਏਧਰੋਂ ਜਾ ਕੇ ਓਧਰ ਵਸਣ ਵਾਲੇ ਮੁਸਲਮਾਨ ਸਾਡੇ ਵਿਚੋਂ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ, ਜੋ ਉਸ ਇਲਾਕੇ ਦੇ ਸਨ, ਜਿਸ ਨੂੰ ਉਨ੍ਹਾਂ ਦੇ ਪੁਰਖੇ ਏਧਰ ਛੱਡ ਕੇ ਗਏ ਸਨ। ਪਾਣੀਪਤ ਵਾਲੇ ਨਿਰੰਜਣ ਸਿੰਘ ਨਾਲ ਗੱਲਾਂ ਕਰਨ ਲੱਗ ਪਏ, ਕੁਰੂਕਸ਼ੇਤਰ ਵਾਲੀ ਧਰਮ ਕੌਰ ਨਾਲ, ਤਰਨਤਾਰਨ ਵਾਲੀ ਸੁਰਜੀਤ ਨਾਲ ਤੇ ਹੋਤੀ ਮਰਦਾਨ ਵਾਲੇ ਅਮਰ ਸਿੰਘ ਨਾਲ। ਬਹੁਤੀ ਭੀੜ ਸੁਰਜੀਤ ਦੁਆਲੇ ਹੋ ਗਈ, ਤਰਨਤਾਰਨ ਵਾਲੀ ਹੋਣ ਕਾਰਨ।

"ਤੁਸੀਂ ਸਾਰੇ ਤਰਨਤਾਰਨ ਵਾਲੀ ਦੇ ਪਿੱਛੇ ਹੀ ਨਾ ਲੱਗੇ ਰਹੋ, ਮੈਂ ਹੁਸ਼ਿਆਰਪੁਰ ਦਾ ਹਾਂ।" ਉਨ੍ਹਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਮੈਂ ਕਿਹਾ। ਹੁਸ਼ਿਆਰਪੁਰ ਦਾ ਨਾਂ ਸੁਣਦੇ ਸਾਰ ਪੱਕੇ ਜਿਹੇ ਰੰਗ ਤੇ ਛੋਟੀ ਉਮਰ ਦੀ ਭੰਗਣ ਕੁੜੀ "ਮੇਰੇ ਅੱਬਾ ਅਜਤਾਮ ਦੇ ਸਨ" ਕਹਿ ਕੇ ਆਪਮੁਹਾਰੀ ਭਾਤੂ ਸਮੇਤ ਮੇਰੇ ਨਾਲ ਲੱਗ ਕੇ ਖੜ੍ਹ ਗਈ, ਜਿਵੇਂ ਉਹ ਮੈਨੂੰ ਬਚਪਨ ਤੋਂ ਜਾਣਦੀ ਹੋਵੇ। ਉਸ ਦੇ ਮਾਪੇ ਅਜਤਾਮ ਦੀਆਂ ਕਿੰਨੀਆਂ ਹੀ ਗੱਲਾਂ ਕਰਦੇ ਹੁੰਦੇ ਸਨ। ਗਲੀਆਂ, ਮੁਹੱਲੇ, ਖੇਤ, ਫਸਲਾਂ ਤੇ ਚੋਅ। ਇਸ ਕੁੜੀ ਨੂੰ ਇਹ ਵੀ ਨਹੀਂ ਸੀ ਪਤਾ ਕਿ ਅਜਤਾਮ ਹੁਸ਼ਿਆਰਪੁਰ ਤੋਂ ਕਿੰਨੀ ਦੂਰ ਹੈ। ਉਹ ਤਾਂ ਕੇਵਲ ਏਨਾ ਹੀ ਜਾਣਦੀ ਸੀ ਕਿ ਉਸ ਦੇ ਅੱਬਾ ਦਾ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦਾ ਸੀ ਤੇ ਉਸ ਦੇ ਪਿੰਡ ਵਾਲਿਆਂ ਨੇ ਉਸ ਦੇ ਅੱਬਾ ਦੇ ਸਾਰੇ ਪਰਿਵਾਰ ਨੂੰ ਆਪਣੀਆਂ ਅੱਖਾਂ 'ਤੇ ਬਿਠਾ ਕੇ ਕੈਂਪ ਤਕ ਲਿਆਂਦਾ ਸੀ। ਆਂਢ-ਗੁਆਂਢ ਦੇ ਸਾਰੇ ਲੋਕ ਮੁਸ਼ਕਿਲ ਵੇਲੇ ਇਸੇ ਤਰ੍ਹਾਂ ਭੈਣਾਂ-ਭਰਾਵਾਂ ਨਾਲੋਂ ਵਧ ਕੇ ਮਦਦ ਕਰਦੇ ਸਨ। ਮੈਨੂੰ ਏਦਾਂ ਜਾਪਿਆ ਜਿਵੇਂ ਮੇਰੇ ਨਾਲ ਖੜੋਣ ਨਾਲ ਉਸ ਨੂੰ ਮੇਰੇ ਵਿਚੋਂ ਆਪਣੇ ਅੱਬਾ ਦਾ ਨਿੱਘ ਆ ਰਿਹਾ ਹੋਵੇ। ਮੈਨੂੰ ਵੀ ਉਸ ਵਿਚੋਂ ਕਿਸੇ ਵਿਛੜੀ ਧੀ ਵਾਲੀ ਭਾਵਨਾ ਮਿਲ ਰਹੀ ਸੀ।



*ਮੁਲਤਾਨ ਦੇ ਚੌਕ ਬਾਜ਼ਾਰ ਦੀ ਝਲਕ।*

ਪਹਿਲਾਂ ਵਾਲੀ ਚਮਕ ਦਮਕ ਨਹੀਂ ਸੀ।

"ਘਰਾਂ ਵਾਲਿਓ, ਹਵੇਲੀ ਦੇ ਅਸਲ ਮਾਲਕ ਆਏ ਹਨ।" ਗੁਲਾਮ ਹੈਦਰ ਨੇ ਉਸ ਘਰ ਵਾਲੇ ਪਰਿਵਾਰ ਨੂੰ ਚੇਤੰਨ ਕਰ ਦਿੱਤਾ। ਇਸ ਇਕੋ ਵਾਕ ਨੇ ਸੁਰਜੀਤ ਦੀ ਉਦਾਸੀ ਖਤਮ ਕਰ ਦਿੱਤੀ। ਇਸ ਘਰ ਵਿਚ ਰਹਿਣ ਵਾਲੇ ਵੀ ਗੁਲਾਮ ਹੈਦਰ ਦਾ ਏਨਾ ਮਾਣ ਕਰ ਰਹੇ ਸਨ ਕਿ ਉਹ ਜਿਧਰ ਜੀਅ ਚਾਹੇ ਜਾ ਸਕਦਾ ਸੀ। ਹਵੇਲੀ ਦੇ ਚੁਬਾਰਿਆਂ ਨੂੰ ਜਾਂਦੀਆਂ ਪੌੜੀਆਂ ਵੀ ਉਸ ਲਈ ਖੁੱਲ੍ਹੀਆਂ ਸਨ।

ਗੁਲਾਮ ਹੈਦਰ ਵਾਰ ਵਾਰ ਆਪਣੀ ਵਡੇਰੀ ਉਮਰ ਦਾ ਹਵਾਲਾ ਦੇ ਕੇ ਕਹਿ ਰਿਹਾ ਸੀ, ਹੁਣ ਜਿਸਮ ਸਾਥ ਨਹੀਂ ਦੇ ਰਿਹਾ ਪਰ ਸੁਰਜੀਤ ਨੋਟ ਕਰ ਰਹੀ ਸੀ ਕਿ ਉਸ ਨੂੰ ਕਿਸੇ ਵੀ ਮਾਮੇ ਦਾ ਨਾਂ ਨਹੀਂ ਸੀ ਭੁੱਲਿਆ। ਸੁਰਜੀਤ ਨੇ ਵੇਖਿਆ ਕਿ

ਓਧਰਲਾ ਪੰਜਾਬ ਤੇ ਓਧਰਲੀ ਧਰਤੀ ਰੰਗ, ਰੂਪ ਤੇ ਦਿੱਖ ਵਜੋਂ ਕਈ ਗੱਲਾਂ ਵਿਚ ਸਾਡੇ ਨਾਲੋਂ ਵੱਖਰੀ ਹੈ ਤੇ ਬਹੁਤ ਉਘੜਵੀਂ। ਸਭ ਤੋਂ ਵੱਡੀ ਗੱਲ ਅੰਗਰੇਜ਼ੀ ਪਹਿਰਾਵਾ, ਪੈਂਟ, ਬੁਸ਼ਰਟ ਤੇ ਸਫਾਰੀ ਸੂਟ ਬਹੁਤ ਹੀ ਘੱਟ ਲੋਕਾਂ ਦੇ ਪਹਿਨਿਆ ਮਿਲਿਆ। ਇਕ ਗੱਲ ਬੜੀ ਉਭਰ ਕੇ ਸਾਹਮਣੇ ਆਈ, ਲੋਕਾਂ ਦਾ ਸਿਰ ਤੋਂ ਪੈਰਾਂ ਤਕ ਢਕੇ ਹੋਣਾ। ਕੋਈ ਵਿਰਲਾ ਆਦਮੀ ਤੇ ਔਰਤ ਵੇਖਣ ਨੂੰ ਮਿਲੀ, ਜਿਸ ਦਾ ਗੁੱਟ ਜਾਂ ਗਿੱਟਾ ਨੰਗਾ ਹੋਵੇ।

ਆਮ ਪਹਿਰਾਵਾ ਸਲਵਾਰ ਤੇ ਕਮੀਜ਼ ਹੈ। ਪਹਿਰਾਵੇ ਦੀ ਇਕਸਾਰਤਾ ਦਾ ਵੱਖਰਾ ਜਲਵਾ ਸੀ। ਮਰਦਾਂ ਦਾ ਪਹਿਰਾਵਾ ਚਿੱਟਾ ਅਤੇ ਬੱਚਿਆਂ ਤੇ ਔਰਤਾਂ ਦਾ ਰੰਗ ਰੰਗੀਲਾ ਪ੍ਰਿੰਟ, ਚੈਕ ਜਾਂ ਧਾਰੀਦਾਰ। ਉਂਜ ਸਭ ਔਰਤਾਂ ਸਰੀਰ ਦੀਆਂ ਇਕਹਿਰੀਆਂ ਤੇ ਸੁਭਾਅ ਦੀਆਂ ਸ਼ਰਮਾਕਲ। ਪਰਦਾ ਕਰਨ ਦਾ ਅੰਦਾਜ਼ ਵੀ ਆਪਣਾ ਹੀ ਹੈ। ਆਪਣੇ ਦੁਪੱਟੇ ਨੂੰ ਇਕ ਵਾਰੀ ਮੱਥੇ ਉਤੋਂ ਦੀ ਵਲ ਦੇ ਦੂਜੀ ਵਾਰ ਇੰਜ ਵਲ ਦਿੰਦੀਆਂ ਹਨ ਕਿ ਨੱਕ ਤਾਂ ਢਕਿਆ ਜਾਂਦਾ ਹੈ ਪਰ ਅੱਖਾਂ ਨੰਗੀਆਂ ਰਹਿ ਜਾਂਦੀਆਂ ਹਨ। ਅੱਖਾਂ ਦੀ ਸਿੱਧੀ ਪੱਟੀ ਤੋਂ ਬਿਨਾ ਚਿਹਰੇ ਦਾ ਸਾਰਾ ਹਿੱਸਾ ਹਰ ਵੇਲੇ ਢਕਿਆ ਰਹਿੰਦਾ ਹੈ।

ਜਿਥੋਂ ਤਕ ਮਰਦਾਂ ਦਾ ਸਬੰਧ ਹੈ, ਗਰਦਨ ਤੋਂ ਉਤੇ ਸਿਰ ਢਕਣ ਦਾ ਆਪੋ-ਆਪਣਾ ਅੰਦਾਜ਼ ਹੈ। ਪਗੜੀ ਬੰਨਣ ਦਾ ਅੰਦਾਜ਼, ਕੁੱਲ੍ਹਾ ਪਹਿਨਣ ਦਾ ਰਿਵਾਜ, ਤੁਰਕੀ ਟੋਪੀ ਦਾ ਸ਼ੌਕ ਜਾਂ ਸਿਰ ਉਤੇ ਛੱਨੇ ਵਰਗੀ ਬਹੁਤ ਪਤਲੀ ਚੀਨੀ ਟੋਪੀ ਆਮ ਹੈ। ਪਗੜੀ ਦਾ ਰਿਵਾਜ ਵੱਡੀ ਉਮਰ ਦੇ ਲੋਕਾਂ ਵਿਚ ਵਧੇਰੇ ਹੈ। ਉਨ੍ਹਾਂ ਦਾ ਮੱਤ ਹੈ ਕਿ ਖੇਤਾਂ ਵਿਚ ਕੰਮ ਕਰਨ ਵਾਲਿਆਂ ਦੇ ਗਿੱਟੇ-ਗੋਡੇ ਢਕੇ ਹੋਣਾ ਸਰੀਰ ਨੂੰ ਧੁੱਪ ਤੋਂ ਬਚਾਉਂਦਾ ਹੈ ਤੇ ਪਗੜੀ ਸਰੀਰ ਦੇ ਅਤਿਅੰਤ ਅਹਿਮ ਹਿੱਸੇ ਸਿਰ ਨੂੰ ਢਕਦੀ ਹੈ।

ਕਸੂਰ, ਸ਼ੇਖੂਪੁਰਾ ਤੇ ਪੁਰਾਣੇ ਮਾਝੇ ਦੇ ਇਲਾਕੇ ਵਿਚ ਪਿੰਡਾਂ ਦੇ ਲੋਕ ਤਹਿਮਤ ਵਧੇਰੇ ਪਸੰਦ ਕਰਦੇ ਹਨ। ਨੌਸ਼ਹਿਰਾ, ਹੋਤੀ ਮਰਦਾਨ ਤੇ ਪਿਸ਼ਾਵਰ ਵਿਚ ਤਹਿਮਤ ਦੀ ਥਾਂ ਸਲਵਾਰ ਪ੍ਰਧਾਨ ਹੈ। ਪਿਸ਼ੌਰ ਜਾਂ ਕਹੋ ਮਰੀ ਦੇ ਪਹਾੜੀ ਲੋਕਾਂ ਦਾ ਪਹਿਰਾਵਾ ਬਾਕੀ ਲੋਕਾਂ ਨਾਲੋਂ ਵੱਖਰੇ ਅੰਦਾਜ਼ ਦਾ ਹੈ। ਪਿਸ਼ਾਵਰ ਦੇ ਐਨ ਮਰਕਜ਼ ਵਿਚ ਸਿੱਖ ਸਰਦਾਰ ਪਗੜੀ ਤੋਂ ਬਿਨਾ ਲਗਭਗ ਉਹੀਓ ਪਹਿਰਾਵਾ ਪਹਿਨਦੇ ਹਨ, ਜੋ ਉਨ੍ਹਾਂ ਦੇ ਮੁਸਲਮਾਨ ਹਮਉਮਰ ਤੇ ਸਾਥੀ। ਔਰਤਾਂ ਖੇਤਾਂ ਵਿਚ ਕੰਮ ਕਰਦੀਆਂ ਹਨ ਪਰ ਗਲੀਆਂ-ਬਾਜ਼ਾਰਾਂ ਵਿਚ ਸਾਡੇ ਵਾਂਗ ਖੁੱਲ੍ਹਮ-ਖੁੱਲ੍ਹਾ ਨਹੀਂ ਫਿਰਦੀਆਂ।

1947 ਪਿੱਛੋਂ ਦੋਹਾਂ ਦੇਸ਼ਾਂ ਦੀ ਧਾਰਮਕ ਸਾਂਝ ਹੀ ਨਹੀਂ ਟੁੱਟੀ, ਇਤਿਹਾਸਕ, ਸਭਿਆਚਾਰਕ ਤੇ ਭਾਸ਼ਾਈ ਸਾਂਝ ਵੀ ਖਤਮ ਹੋ ਗਈ ਹੈ। ਗੁਰਮੁਖੀ ਲਿਪੀ ਵਿਚ ਲਿਖੀ ਜਾਣ ਕਾਰਨ ਪੰਜਾਬੀ ਸਿੱਖਾਂ ਨਾਲ ਜੁੜ ਕੇ ਰਹਿ ਗਈ ਹੈ। ਏਧਰਲੇ ਪੰਜਾਬੀ ਸਾਹਿਤਕਾਰ ਹਿੰਦੀ, ਸੰਸਕ੍ਰਿਤ ਦੇ ਨੇੜੇ ਜਾ ਰਹੇ ਹਨ ਤੇ ਓਧਰਲੇ ਪੰਜਾਬੀ ਅਦੀਬ ਆਲੋਚਨਾ ਨੂੰ ਤਨਕੀਦ, ਰਚਨਾ ਨੂੰ ਤਸਨੀਫ, ਰੋਸ ਨੂੰ ਇਹਤਜਾਜ਼, ਰਾਜਧਾਨੀ ਨੂੰ ਦਾਰਉਲ-ਖਲਾਫਾ ਤੇ ਹੀਣ ਭਾਵ ਨੂੰ ਅਹਿਸਾਸ-ਏ-ਕਮਤਰੀ ਇੰਜ ਬੋਲਦੇ ਹਨ ਜਿਵੇਂ ਇਹ ਪੰਜਾਬੀ ਦੇ ਸ਼ਬਦ ਹੋਣ।

ਉਥੋਂ ਦੇ ਪੜ੍ਹੇ-ਲਿਖੇ, ਸਾਹਿਤ ਤੇ ਕਲਾ ਦੇ ਮਿੱਤਰਾਂ ਲਈ ਵੀ ਪੰਜਾਬੀ ਲੇਖਕ ਬਾਬਾ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਹਾਸ਼ਮ, ਵਾਰਿਸ ਜਾਂ ਵੱਧ ਤੋਂ ਵੱਧ ਮੁਕਬਲ ਹਨ। ਉਨ੍ਹਾਂ ਦੀ ਧਰਤੀ ਵਿਚ ਜੰਮੇ ਪਲੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ ਜਾਂ ਗੁਰਬਖਸ਼ ਸਿੰਘ ਉਨ੍ਹਾਂ ਲਈ ਬਹੁਤੇ ਅਰਥ ਨਹੀਂ ਰੱਖਦੇ। ਨਵੀਂ ਪੀੜ੍ਹੀ ਦੇ ਸ਼ਿਵ ਕੁਮਾਰ ਜਾਂ ਸੁਰਜੀਤ ਪਾਤਰ ਤਾਂ ਕਿਸੇ ਨੂੰ ਚਿੱਤ-ਚੇਤੇ ਵੀ ਨਹੀਂ।

ਅਸੀਂ ਵਾਪਸ ਆਉਂਦਿਆਂ ਲਾਹੌਰ ਨੇੜੇ ਹਜ਼ਰਤ ਬਾਬਾ ਮੀਆਂ ਮੀਰ ਦਾ ਮਜ਼ਾਰ ਵੀ ਵੇਖਣ ਗਏ, ਜੋ ਹਾਸ਼ਮਪੁਰਾ ਦੇ ਉਸ ਪਿੰਡ ਵਿਚ ਹੈ, ਜਿਸ ਨੂੰ ਦਾਰਾ ਸ਼ਿਕੋਹ ਦੇ ਹੁਕਮ ਤਹਿਤ ਢਾਹ ਢੇਰੀ ਕਰ ਦਿੱਤਾ ਗਿਆ ਸੀ। ਇਹ ਸਥਾਨ ਸ਼ੇਰਸ਼ਾਹ ਸੂਰੀ ਮਾਰਗ ਤੋਂ ਥੋੜ੍ਹਾ ਹਟਵਾਂ ਹੈ।

ਸਾਡਾ ਟੋਲਾ ਮੀਆਂ ਮੀਰ ਦੇ ਮਕਬਰੇ ਵੱਲ ਵਧ ਰਿਹਾ ਸੀ ਤਾਂ ਸੁਰਜੀਤ ਹਰ ਪਾਸੇ ਤੋਂ ਤਸਵੀਰਾਂ ਲੈ ਰਹੀ ਸੀ। ਉਹ ਦੂਜੇ ਮਹਿਮਾਨਾਂ ਦੇ ਨਾਲ ਆਪਣੀ ਜੁੱਤੀ ਉਤਾਰ ਕੇ ਅਭੋਲ ਹੀ ਮਜ਼ਾਰ ਦੀ ਫੋਟੋ ਖਿੱਚਣ ਮਜ਼ਾਰ ਦੀ ਦਹਿਲੀਜ਼ ਪਾਰ ਕਰ ਗਈ। ਪ੍ਰਬੰਧਕਾਂ ਨੇ ਇਕਦਮ ਸੁਰਜੀਤ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਮੁਸਲਿਮ ਮਰਿਆਦਾ ਔਰਤ ਨੂੰ ਮਸਜਿਦ ਅੰਦਰ ਜਾਣ ਦੀ ਆਗਿਆ ਨਹੀਂ ਦਿੰਦੀ।

ਮਸਜਿਦਾਂ, ਮਜ਼ਾਰਾਂ ਵਿਚ ਔਰਤਾਂ ਨੂੰ ਮਨਾਹੀ ਦਾ ਸਪਸ਼ਟੀਕਰਨ ਦੇਣਾ ਵੀ ਸੌਖਾ ਨਹੀਂ ਸੀ। ਧਾਰਮਕ ਮਰਿਆਦਾ ਸਪਸ਼ਟੀਕਰਨ ਦੇ ਘੇਰੇ ਵਿਚ ਆ ਹੀ ਨਹੀਂ ਸਕਦੀ। ਇਕ ਧਰਮ ਔਰਤ ਨੂੰ ਇਬਾਦਤਗਾਹ ਦੇ ਅੰਦਰ ਜਾਣ ਦੀ ਆਗਿਆ ਦਿੰਦਾ ਹੈ ਤੇ ਦੂਜਾ ਕਿਉਂ ਨਹੀਂ ਦਿੰਦਾ? ਕੀ ਇਹ ਦੋਵੇਂ ਔਰਤਾਂ ਇਕੋ ਧਰਤੀ ਦੀਆਂ ਵਸਨੀਕ ਨਹੀਂ? ਇਸ ਬਹਿਸ ਨੂੰ ਤੂਲ ਦੇਣਾ ਸਥਿਤੀ ਨੂੰ ਬੇਮਜ਼ਾ ਬਣਾਉਣਾ ਸੀ। ਮਜ਼ਾਰ ਦੇ ਮੁਖੀ ਨੇ ਇਸ ਦਾ ਹੱਲ ਇਹ ਲੱਭਿਆ ਕਿ ਉਹ ਸੁਰਜੀਤ ਪ੍ਰਤੀ ਵਧੇਰੇ ਹਲੀਮੀ ਤੇ ਸੁਹਿਰਦਤਾ ਨਾਲ ਵਿਚਰਨ ਲੱਗਾ।

—

ਮੈਂ ਆਪਣੀ 1998 ਵਾਲੀ ਫੇਰੀ ਸਮੇਂ ਸ਼ੇਰਸ਼ਾਹ ਸੂਰੀ ਮਾਰਗ ਉਤੇ ਵਾਹਗਾ ਪਾਰ ਦੀਆਂ ਮੋਟਰ ਗੱਡੀਆਂ ਵੇਖੀਆਂ ਤਾਂ ਉਨ੍ਹਾਂ ਉਤਲੀ ਚਿੱਤਰਕਾਰੀ ਵੇਖਣ ਵਾਲੀ ਸੀ। ਜਿਧਰ ਵੀ ਜਾਈਏ ਟਰੱਕ, ਬੱਸਾਂ, ਟੈਂਪੂ, ਥਰੀ-ਵ੍ਹੀਲਰ ਤੇ ਸਕੂਟਰ ਹੀ ਨਹੀਂ, ਸਾਈਕਲ ਵੀ ਸ਼ਿੰਗਾਰੇ ਹੋਏ ਸਨ। ਮਾਲਕਾਂ ਨੇ ਆਪਣੇ ਨਾਂ ਵੀ ਗੱਡੀਆਂ ਦੇ ਸੱਜੇ-ਖੱਬੇ ਲਿਖਵਾ ਛੱਡੇ ਸਨ। ਉਦੋਂ ਮੈਨੂੰ ਇਹ ਸੋਚ ਕੇ ਬੜਾ ਦੁੱਖ ਹੋਇਆ ਸੀ ਕਿ ਉਹ ਵਾਲੇ ਵਾਹਨ ਸਾਡੇ ਪਾਸੇ ਨਹੀਂ ਸਨ ਆ ਸਕਦੇ ਅਤੇ ਸਾਡੇ ਵਾਲੇ ਓਧਰ ਨਹੀਂ ਸਨ ਜਾ ਸਕਦੇ। ਦੇਸ਼ ਵੰਡ ਨੇ ਸ਼ੇਰਸ਼ਾਹ ਸੂਰੀ ਦਾ ਧੜ ਕੱਟ ਦਿੱਤਾ ਸੀ।

ਮੈਂ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ੇਰਸ਼ਾਹ ਸੂਰੀ ਮਾਰਗ ਨੂੰ ਕਤਲ ਕਰਨ ਵਾਲਿਆਂ ਦੇ ਵਾਰਿਸਾਂ ਵਲੋਂ ਪਛਤਾਵੇ ਦਾ ਚਿੰਨ੍ਹ ਸਮਝਦਾ ਹਾਂ।

ਪੰਜਾਬ ਟਾਈਮਜ਼

*ਸਨਿਚਰਵਾਰ, 19 ਜਨਵਰੀ 2019*

# ਚੁਣਾਵੀ ਦੌੜ ਅਤੇ ਜੋੜ-ਤੋੜ

ਭਾਰਤ ਵਿਚ ਲੋਕ ਸਭਾ ਚੋਣਾਂ ਜਿਉਂ-ਜਿਉਂ ਨੇੜੇ ਢੁੱਕ ਰਹੀਆਂ ਹਨ, ਸਿਆਸੀ ਪਾਰਟੀ ਤੇਜ਼ੀ ਫੜ ਰਹੀਆਂ ਹਨ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਉਚ ਜਾਤੀਆਂ ਨੂੰ 10 ਫੀਸਦੀ ਕੋਟਾ ਦੇ ਕੇ ਆਪਣੇ ਵੱਲੋਂ ਵੱਡਾ ਮਾਅਰਕਾ ਮਾਰਨ ਦਾ ਦਾਅਵਾ ਕੀਤਾ ਹੈ। ਇਹ ਕੰਮ ਬਹੁਤ ਤੇਜ਼ੀ ਨਾਲ ਅਤੇ ਪਹਿਲਾਂ ਬਿਨਾ ਕੋਈ ਭਿਣਕ ਪੈਣ ਤੋਂ ਕੀਤਾ ਗਿਆ ਹੈ। ਲੋਕ ਸਭਾ ਅਤੇ ਰਾਜ ਸਭਾ ਤੋਂ ਕੋਟਾ ਬਿਲ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਨੇ ਵੀ ਅੱਖ ਝਪਕਣ ਦੇ ਫੋਰ ਵਿਚ ਇਹ ਬਿੱਲ ਪਾਸ ਕਰਕੇ ਦਰਸਾ ਦਿੱਤਾ ਹੈ ਕਿ ਮੋਦੀ ਸਰਕਾਰ ਇਸ ਬਿੱਲ ਬਾਰੇ ਕਿੰਨੀ ਕਾਹਲ ਮਚਾ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜੱਦੀ ਸੂਬੇ ਗੁਜਰਾਤ, ਜਿਥੇ ਅੱਜ ਕੱਲ੍ਹ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ, ਨੇ ਤਾਂ ਇਹ ਕਾਨੂੰਨ ਲਾਗੂ ਵੀ ਕਰ ਦਿੱਤਾ ਹੈ ਅਤੇ ਇਉਂ ਇਹ ਕਾਨੂੰਨ ਲਾਗੂ ਕਰਨ ਵਾਲਾ ਦੇਸ਼ ਭਰ ਵਿਚ ਪਹਿਲਾ ਸੂਬਾ ਬਣ ਗਿਆ ਹੈ। ਅਸਲ ਵਿਚ ਪਿਛੇ ਜਿਹੇ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਹੋਈ ਹਾਰ ਨਾਲ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਦਾ ਫਿਕਰ ਬਹੁਤ ਸਤਾ ਰਿਹਾ ਹੈ। ਉਪਰੋਂ ਵਿਰੋਧੀ ਧਿਰ ਦਾ ਬਣਨ ਵਾਲਾ ਗੱਠਜੋੜ ਵੀ ਇਸ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਸਿਆਸੀ ਮਾਹਿਰਾਂ ਦੀਆਂ ਕਿਆਸਆਰਾਈਆਂ ਹਨ ਕਿ ਜਿਥੇ-ਜਿਥੇ ਵਿਰੋਧੀ ਧਿਰ ਦੀਆਂ ਵੋਟਾਂ ਇਕਜੁੱਟ ਰਹਿ ਗਈਆਂ, ਉਥੇ ਭਾਰਤੀ ਜਨਤਾ ਪਾਰਟੀ ਦਾ ਜਿੱਤ ਸਕਣਾ ਮੁਸ਼ਕਿਲ ਹੋਵੇਗਾ। ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿਚ ਅਜਿਹੇ ਹਾਲਾਤ ਬਣ ਰਹੇ ਹਨ, ਜਿਨ੍ਹਾਂ ਕਾਰਨ ਭਾਰਤੀ ਜਨਤਾ ਪਾਰਟੀ ਦੀ ਹਾਲਤ ਪਤਲੀ ਪੈਂਦੀ ਜਾ ਰਹੀ ਹੈ। ਇਸੇ ਕਰਕੇ ਹੀ ਹੁਣ ਇਸ ਪਾਰਟੀ ਦੀ ਸਰਕਾਰ ਵੱਲੋਂ ਉਚ ਜਾਤੀਆਂ ਲਈ 10 ਫੀਸਦੀ ਕੋਟੇ ਵਰਗੇ ਪਾਪੜ ਵੇਲੇ ਜਾ ਰਹੇ ਹਨ। ਹੁਣ ਤਾਂ ਕੈਬਨਿਟ ਮੰਤਰੀ ਪ੍ਰਕਾਸ਼ ਜਾਵੜੇਕਰ ਦਾ ਇਹ ਬਿਆਨ ਵੀ ਆ ਗਿਆ ਹੈ ਕਿ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿਚ ਰਾਖਵਾਂਕਰਨ ਇਸੇ ਸਾਲ ਜੁਲਾਈ ਤੋਂ ਲਾਗੂ ਕਰ ਦਿੱਤਾ ਜਾਵੇਗਾ। ਯਾਦ ਰਹੇ, ਇਸ ਸਬੰਧੀ ਸੰਵਿਧਾਨਕ ਸੋਧ 12 ਸਾਲ ਪਹਿਲਾਂ ਕੀਤੀ ਗਈ ਸੀ ਪਰ ਵੋਟਾਂ ਦਾ ਲਾਹਾ ਲੈਣ ਲਈ ਭਾਰਤੀ ਜਨਤਾ ਪਾਰਟੀ ਨੇ ਹੱਥਾਂ ਦੀਆਂ ਪਾ ਲਈਆਂ ਹਨ ਅਤੇ ਇਹ ਚੋਣਾਂ ਦੇ ਐਲਾਨ ਤੋਂ ਪਹਿਲਾਂ-ਪਹਿਲਾਂ ਅਜਿਹੇ ਲੋਕ-ਲੁਭਾਊ ਐਲਾਨਾਂ ਦੇ ਸਿਰ ਉਤੇ ਆਪਣੀ ਪਤਲੀ ਹੋਈ ਹਾਲਤ ਨੂੰ ਸੁਧਾਰਨ ਦੇ ਯਤਨ ਕਰ ਰਹੀ ਹੈ।

ਭਾਰਤੀ ਜਨਤਾ ਪਾਰਟੀ ਨੂੰ ਸਭ ਤੋਂ ਵੱਡੀ ਮੁਸ਼ਕਿਲ ਉਤਰ ਪ੍ਰਦੇਸ਼ ਵਿਚ ਪੈ ਗਈ ਜਾਪਦੀ ਹੈ, ਜਿਥੇ ਪਾਰਟੀ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਹੂੰਝਾ ਹੀ ਫੇਰ ਦਿੱਤਾ ਸੀ। ਹੁਣ ਇਸ ਸੂਬੇ ਵਿਚ ਦੋ ਵੱਡੀਆਂ ਪਾਰਟੀਆਂ-ਸਮਾਜਵਾਦੀ ਪਾਰਟੀ (ਸਪਾ) ਤੇ ਬਹੁਜਨ ਸਮਾਜ ਪਾਰਟੀ (ਬਸਪਾ) ਰਲ ਕੇ ਚੋਣਾਂ ਲੜਨ ਦਾ ਐਲਾਨ ਕਰ ਚੁਕੀਆਂ ਹਨ। ਇਸ ਸੂਬੇ ਵਿਚ ਇਨ੍ਹਾਂ ਦੋਹਾਂ ਪਾਰਟੀਆਂ ਦੇ ਮਜ਼ਬੂਤ ਗੱਠਜੋੜ ਨੇ ਭਾਵੇਂ ਕੌਮੀ ਪੱਧਰ 'ਤੇ ਬਣਨ ਵਾਲੇ ਮਹਾਂਗਠਜੋੜ ਨੂੰ ਇਕ ਤਰ੍ਹਾਂ ਨਾਲ ਧੱਕਾ ਹੀ ਲਾਇਆ ਹੈ ਅਤੇ ਕਾਂਗਰਸ ਨੇ ਇਸ ਸੂਬੇ ਦੀਆਂ ਸਾਰੀਆਂ 80 ਸੀਟਾਂ ਉਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ ਪਰ ਹਾਲਾਤ ਇਹ ਹਨ ਕਿ ਉਤਰ ਪ੍ਰਦੇਸ਼ ਵਿਚ ਕਾਂਗਰਸ ਦੇ ਪੈਰ ਚਿਰਾਂ ਦੇ ਉਖੜੇ ਹੋਏ ਹਨ। ਪਿਛਲੀ ਵਾਰ ਵੀ ਇਹ ਇਸ ਸੂਬੇ ਵਿਚੋਂ ਸਿਰਫ ਦੋ ਸੀਟਾਂ ਹੀ ਜਿੱਤ ਸਕੀ ਸੀ। ਫਿਰ ਵੀ ਕਿਆਸ ਕੀਤਾ ਜਾ ਰਿਹਾ ਹੈ ਕਿ ਐਤਕੀਂ ਸੂਬਾਈ ਪੱਧਰੀ ਖੇਤਰੀ ਪਾਰਟੀਆਂ ਲੋਕ ਸਭਾ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਪ੍ਰਸੰਗ ਵਿਚ ਪੱਛਮੀ ਬੰਗਾਲ, ਤਾਮਿਲਨਾਡੂ ਆਦਿ ਦੇ ਨਾਂ ਲਏ ਜਾ ਰਹੇ ਹਨ।

ਲੋਕ ਸਭਾ ਚੋਣਾਂ ਦੇ ਪ੍ਰਭਾਵ ਤੋਂ ਪੰਜਾਬ ਵੀ ਕਿਸੇ ਤੋਂ ਪਿਛੇ ਨਹੀਂ, ਸਗੋਂ ਕਿਹਾ ਜਾ ਸਕਦਾ ਹੈ ਕਿ ਸੂਬੇ ਵਿਚ ਅੱਜ ਕੱਲ੍ਹ ਸਾਰੀ ਸਿਆਸੀ ਸਰਗਰਮੀ ਅਤੇ ਬਣ-ਬਿਗਸ ਰਹੇ ਨਵੇਂ-ਨਵੇਂ ਮੰਚ ਆਦਿ ਲੋਕ ਸਭਾ ਚੋਣਾਂ ਲੜਨ ਦੀ ਤਿਆਰੀ ਵਜੋਂ ਹੀ ਹਨ। ਸ਼੍ਰੋਮਣੀ ਅਕਾਲੀ ਦਲ ਵਿਚੋਂ ਵੱਖ ਹੋ ਕੇ ਬਾਗੀ ਅਕਾਲੀ ਆਗੂ 'ਸ਼੍ਰੋਮਣੀ ਅਕਾਲੀ ਦਲ (ਟਕਸਾਲੀ)' ਬਣਾ ਚੁਕੇ ਹਨ, ਜਿਨ੍ਹਾਂ ਦਾ ਤਾਲਮੇਲ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਕੇ ਵੱਖਰੀ ਪਾਰਟੀ ਬਣਾਉਣ ਵਾਲੇ ਆਗੂ ਸੁਖਪਾਲ ਸਿੰਘ ਖਹਿਰਾ ਨਾਲ ਬਣਿਆ ਹੋਇਆ ਹੈ। ਇਸੇ ਦੌਰਾਨ ਆਮ ਆਦਮੀ ਪਾਰਟੀ ਦਾ ਤਾਲਮੇਲ ਵੀ ਟਕਸਾਲੀ ਅਕਾਲੀ ਦਲ ਨਾਲ ਹੈ। ਉਡਦੀ ਨਜ਼ਰੇ ਦੇਖਿਆਂ ਆਮ ਆਦਮੀ ਪਾਰਟੀ, ਆਮ ਆਦਮੀ ਪਾਰਟੀ ਦੇ ਬਾਗੀ (ਸਮੇਤ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ) ਅਤੇ ਅਕਾਲੀ ਦਲ ਦੇ ਬਾਗੀ ਸਮਝੋ ਇਕੋ ਮੰਚ ਉਤੇ ਇੱਕਠੇ ਹੋਣ ਦੇ ਰਾਹ ਪਏ ਹੋਏ ਹਨ। ਕਾਂਗਰਸ ਅੰਦਰਲਾ ਜੋੜ-ਤੋੜ ਟਿਕਟਾਂ ਦੀ ਵੰਡ ਵੇਲੇ ਸਾਹਮਣੇ ਆਉਣਾ ਹੈ। ਕੁਝ ਸਿਆਸੀ ਮਾਹਿਰਾਂ ਨੇ ਸੂਬੇ ਵਿਚ ਤੀਜੇ ਫਰੰਟ ਦੇ ਨਾਲ-ਨਾਲ ਚੌਥੇ ਫਰੰਟ ਬਾਰੇ ਭਵਿੱਖਵਾਣੀ ਵੀ ਕਰ ਛੱਡੀ ਹੈ। ਇਸ ਸੂਰਤ ਵਿਚ ਕਾਂਗਰਸ ਨੂੰ ਚੋਣਾਵੀ ਲਾਭ ਮਿਲਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ, ਹਾਲਾਂਕਿ ਪਿਛਲੇ ਦੋ ਸਾਲਾਂ ਦੌਰਾਨ ਕੈਪਟਨ ਸਰਕਾਰ ਨੇ ਡੱਕਾ ਵੀ ਤੋੜ ਕੇ ਦੂਹਰਾ ਨਹੀਂ ਕੀਤਾ ਹੈ। ਅਸਲ ਵਿਚ ਟਕਸਾਲੀ ਅਕਾਲੀ ਦਲ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਮਿਲਣ ਦੀ ਆਸ ਸੀ, ਉਹ ਆਵਾਮ ਨੇ ਭਰਿਆ ਨਹੀਂ ਹੈ। ਸੂਬੇ ਦੇ ਸਿਆਸੀ ਪਿੜ ਵਿਚ ਵਾਰ-ਵਾਰ ਕੀਤੀਆਂ ਗਲਤੀਆਂ ਕਾਰਨ ਹਰ ਵਾਰ ਪਛੜਦੀ ਰਹੀ ਆਮ ਆਦਮੀ ਪਾਰਟੀ ਦੇ ਲੀਡਰ ਵੀ ਹੁਣ ਕਿਤੇ ਜਾ ਕੇ ਸੂਬੇ ਵੱਲ ਵੱਧ ਧਿਆਨ ਦੇਣ ਲੱਗੇ ਹਨ ਅਤੇ ਪਾਰਟੀ ਇਕਾਈ ਨਾਲ ਜੁੜੇ ਕੇਂਦਰੀ ਆਗੂ ਇਕ ਵਾਰ ਫਿਰ ਸਰਗਰਮੀ ਫੜ ਰਹੇ ਹਨ। ਵਿਧਾਨ ਸਭਾ ਚੋਣਾਂ ਦੌਰਾਨ ਇਸ ਪਾਰਟੀ ਦੇ ਆਗੂਆਂ ਉਤੇ ਪੰਜਾਬ ਤੋਂ ਪੈਸੇ ਇਕੱਠੇ ਕਰਨ ਦੇ ਦੋਸ਼ ਲੱਗੇ ਸਨ ਅਤੇ ਤਿੱਖੇ ਵਿਰੋਧ ਤੋਂ ਬਾਅਦ ਪਾਰਟੀ ਨੂੰ ਉਦੋਂ ਸਬੰਧਤ ਕੇਂਦਰੀ ਆਗੂਆਂ ਨੂੰ ਪਿਛਾਂਹ ਹਟਾਉਣਾ ਪੈ ਗਿਆ ਸੀ। ਜਾਹਰ ਹੈ ਕਿ ਸਾਰੀਆਂ ਪਾਰਟੀਆਂ ਦਾ ਧਿਆਨ ਹੁਣ ਲੋਕ ਸਭਾ ਚੋਣਾਂ ਉਤੇ ਹੀ ਹੈ। ਊਠ ਕਿਸ ਕਰਵਟ ਬੈਠਦਾ ਹੈ, ਇਹ ਤਾਂ ਆਉਣ ਵਾਲੇ ਸਮੇਂ ਨੇ ਹੀ ਦੱਸਣਾ ਹੈ ਪਰ ਫਿਲਹਾਲ ਲੋਕ ਸਭਾ ਚੋਣਾਂ ਨੇ ਸਿਆਸੀ ਪਾਰਟੀਆਂ ਨੂੰ ਕੰਮੀਂ-ਕਾਰੀਂ ਲਾ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬੀ ਏਕਤਾ?*

ਆਏ ਸੀ ਤੂਫਾਨ ਵਾਂਗੂੰ 'ਤੀਸਰਾ ਬਦਲ' ਬਣ, ਪਾਟੋ ਧਾੜੀ ਪਾ ਕੇ ਖਿੱਲੀ ਆਪਣੀ ਉਡਾਈ ਐ।
ਤਿੰਨਾਂ ਵਿਚੋਂ ਕੋਈ ਦਿਲ ਸਕਿਆ ਨਾ ਜਿੱਤ ਯਾਰੋ, ਪੰਜੇ, ਝਾੜੂ, ਤੱਕੜੀ ਨਿਰਾਸ਼ਾ ਵਧਾਈ ਐ।
ਉਨੀ ਦੇ ਨਤੀਜੇ ਕਰ ਦੇਣਗੇ ਭਵਿੱਖਵਾਣੀ, ਕਿਸ ਦੇ ਲਈ ਤਾਜ ਲੈ ਕੇ ਖੜ੍ਹਾ ਅੱਗੇ 'ਬਾਈ' ਐ।
'ਕਾਲੀ, ਟਕਸਾਲੀ, ਕਾਂਗਰਸੀ, ਹੋਰ ਦੂਜੇ-ਤੀਜੇ, ਲੱਗਦਾ ਅਜੀਬ ਹੋਣੀ ਜ਼ੋਰ-ਅਜ਼ਮਾਈ ਐ।
ਚਾਹ ਦੇ ਸੜੇ ਹੋਏ ਫੂਕਾਂ ਮਾਰਨਗੇ ਲੱਸੀ ਨੂੰ ਵੀ, ਸਮਾਂ ਦੱਸੂ ਲੋਕਾਂ ਦੇ ਕਿੰਨੀ ਕੁ ਮਨ ਭਾਈ ਐ।
ਰਹਿੰਦੀ 'ਬੀਬੀ ਏਕਤਾ' ਪੰਜਾਬੀਆਂ ਤੋਂ ਦੂਰ, ਤਦੇ 'ਏਕਤਾ ਪੰਜਾਬੀ' ਖਹਿਰੇ ਖਿੱਚ ਕੇ ਬਣਾਈ ਐ!

# ਸ਼ਬਦ ਨਾਲ ਸਾਂਝ ਬਨਾਮ ਗਿਆਨ ਦੀ ਜਗਿਆਸਾ

***ਪੰਜਾਬ ਦੀ ਧਰਤੀ 'ਤੇ ਸ਼ਬਦ ਨੂੰ ਗੁਰੂ ਦਾ ਰੁਤਬਾ ਹਾਸਿਲ ਹੈ ਜੋ ਸ਼ਬਦਾਂ ਦੇ ਸਤਿਕਾਰ ਦੀ ਸਭ ਤੋਂ ਮਹਾਨ ਉਦਾਹਰਣ ਹੈ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਜਿਸ ਧਰਤੀ ਉਪਰ ਸ਼ਬਦ ਦੀ ਸ਼ਕਤੀ ਨਾਲ ਇਤਿਹਾਸ ਦੇ ਰੁਖ ਨੂੰ ਪੰਜ ਸਦੀਆਂ ਪਹਿਲਾਂ ਮੋੜਾ ਦਿੱਤਾ ਗਿਆ ਸੀ; ਅੱਜ ਉਸ ਧਰਤੀ ਦੇ ਲੋਕ ਹੀ ਸ਼ਬਦਾਂ ਤੋਂ ਮੂੰਹ ਮੋੜੀ ਬੈਠੇ ਹਨ। ਪਟਿਆਲਾ ਦੇ ਮੁਲਤਾਨੀ ਮੱਲ ਮੋਦੀ ਕਾਲਜ ਵਿਚ ਪੜ੍ਹਾ ਰਹੇ ਡਾ. ਦਵਿੰਦਰ ਸਿੰਘ ਨੇ ਸ਼ਬਦ ਅਤੇ ਸਾਹਿਤ ਤੋਂ ਬੇਮੁਖ ਹੋਏ ਅੱਜ ਦੇ ਮਨੁੱਖ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਸਾਡੀ ਨਸਲ ਲਈ ਸਾਹਿਤ ਪੜ੍ਹਨਾ ਸਾਹ ਲੈਣ ਜਿੰਨਾ ਜ਼ਰੂਰੀ ਹੈ ਪਰ ਅਸੀਂ ਮੌਸਮੀ ਫਲਾਂ ਵਾਂਗ ਇਸ ਦਾ ਵੀ ਲੁਤਫ਼ ਲੈਣਾ ਛੱਡ ਦਿੱਤਾ ਹੈ। ਸ਼ਬਦ ਤੋਂ ਟੁੱਟਣ ਕਾਰਨ ਮਨੁੱਖ ਵਜੋਂ ਸਾਡੀ ਪੀੜ੍ਹੀ ਦਾ ਸਾਹ ਉਖੜਿਆ ਪਿਆ ਹੈ। ਦਰਅਸਲ, ਕੁਝ ਲੋੜਾਂ ਸਾਡੇ ਸਰੀਰ ਦੀਆਂ ਹੁੰਦੀਆਂ ਹਨ ਅਤੇ ਕੁਝ ਮਨ ਦੀਆਂ। ਸਰੀਰ ਦੀਆਂ ਲੋੜਾਂ ਪੂਰੀਆਂ ਹੋਣ ਤੋਂ ਬਾਅਦ ਮਨ ਦੀਆਂ ਲੋੜਾਂ ਨੂੰ ਸੁਚੱਜੇ ਢੰਗ ਨਾਲ ਸ਼ਬਦ ਨਾਲ ਜੁੜ ਕੇ ਹੀ ਪੂਰਿਆਂ ਕੀਤਾ ਜਾ ਸਕਦਾ ਹੈ। ਸਰੀਰਕ ਲੋੜਾਂ ਦੀ ਪੂਰਤੀ ਵੀ ਭਾਵੇਂ ਸਿੱਧੇ-ਅਸਿੱਧੇ ਰੂਪ ਵਿਚ ਸ਼ਬਦ-ਗਿਆਨ ਅਤੇ ਭਾਸ਼ਾ ਨਾਲ ਹੀ ਜੁੜੀ ਹੋਈ ਹੈ। ਗਿਆਨ ਦੀ ਭੁੱਖ ਅਤੇ ਨਵਾਂ ਜਾਣਨ ਦੀ ਜਗਿਆਸਾ ਮਨੁੱਖੀ ਮਨ

ਡਾ. ਦਵਿੰਦਰ ਸਿੰਘ
ਫੋਨ: +91-94174-38285

ਦੀਆਂ ਸੁਭਾਵਿਕ ਤੇ ਕੁਦਰਤੀ ਰੁਚੀਆਂ ਹਨ। ਇਹ ਸ਼ਬਦ ਨਾਲ ਜੁੜ ਕੇ ਹੀ ਪੂਰੀਆਂ ਹੋ ਸਕਦੀਆਂ ਹਨ ਪਰ ਪਦਾਰਥ-ਪੈਸੇ ਦੀ ਮਹੱਤਤਾ ਅਤੇ ਲਾਲਸਾ ਵਾਲੇ ਇਸ ਯੁੱਗ ਵਿਚ ਅਸੀਂ ਆਪਣੀਆਂ ਮਾਨਸਿਕ ਲੋੜਾਂ ਨੂੰ ਵੀ ਪੈਸੇ ਅਤੇ ਪਦਾਰਥਕ ਸਹੂਲਤਾਂ ਨਾਲ ਪੂਰੀਆਂ ਕਰਨੀਆਂ ਚਾਹੁੰਦੇ ਹਾਂ। ਇਸੇ ਵਿਚ ਸਾਡੀ ਮੌਜੂਦਾ ਪੀੜ੍ਹੀ ਦਾ ਸਾਰਾ ਦੁਖਾਂਤ ਛੁਪਿਆ ਹੋਇਆ ਹੈ।

ਦਰਅਸਲ, ਬਾਜ਼ਾਰ ਨੇ ਸਾਡੇ ਦਿਮਾਗ ਅਤੇ ਸੋਚਣ ਵਿਚਾਰਨ ਦੀ ਸ਼ਕਤੀ ਨੂੰ ਸਾਧਨਾਂ, ਤਕਨਾਲੋਜੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਹੁਣ ਸਾਡੀਆਂ ਇੱਛਾਵਾਂ ਜਾਂ ਲੋੜਾਂ ਸਚਮੁਚ ਸਾਡੀਆਂ ਨਾ ਹੋ ਕੇ ਬਾਜ਼ਾਰ ਵਲੋਂ ਸਾਡੇ ਮਨ ਵਿਚ ਪੈਦਾ ਕੀਤੀਆਂ ਹੋਈਆਂ ਹਨ। ਬਿਨਾਂ ਕੁਝ ਸੋਚੇ ਵਿਚਾਰੇ ਸਾਡਾ ਜ਼ੋਰ ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਤੇ ਇਕੱਠਾ ਕਰਨ 'ਤੇ ਲੱਗਾ ਹੋਇਆ ਹੈ। ਜਦੋਂ ਇਹ ਵਸਤਾਂ ਮਿਲਣ ਤੋਂ ਬਾਅਦ ਵੀ ਸਾਨੂੰ ਤਸਕੀਨ ਨਹੀਂ ਮਿਲਦੀ ਤਾਂ ਅਸੀਂ ਪਹਿਲਾਂ ਮੌਜੂਦ ਸ਼ੈਆਂ ਨੂੰ ਭੁੱਲ ਕੇ ਹੋਰ ਨਵੀਆਂ ਅਤੇ ਦਿਲਕਸ਼ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਹੋੜ ਵਿਚ ਲੱਗ ਜਾਂਦੇ ਹਾਂ। ਜੋ ਅਸੀਂ ਆਪਣੀਆਂ ਸੂਝ-ਸਮਝ ਵਾਲੀਆਂ ਸ਼ਕਤੀਆਂ ਨੂੰ ਵਰਤਣ ਤੋਂ ਇਸੇ ਤਰ੍ਹਾਂ ਕਿਨਾਰਾਕਸ਼ੀ ਕਰੀ ਰੱਖੀ ਤਾਂ ਇਹ ਸਿਲਸਿਲਾ ਅਨੰਤ ਅਤੇ ਨਿਰੰਤਰ ਚਲਦਾ ਰਹੇਗਾ। ਅੱਜ ਪ੍ਰਬੰਧ ਰਾਹੀਂ ਸੰਗਠਿਤ ਤੇ ਦਿਲਕਸ਼ ਢੰਗ ਨਾਲ ਸਾਡੀ ਅਕਲ ਨੂੰ ਅਗਵਾ ਕਰ ਲਿਆ ਗਿਆ ਹੈ।

ਇਤਿਹਾਸ ਗਵਾਹ ਹੈ ਕਿ ਅਗਿਆਨ, ਅਨਿਆਂ ਅਤੇ ਜ਼ੁਲਮ ਦੀ ਕੰਧ 'ਚ ਮੋਰੇ ਸ਼ਬਦ-ਸਾਧਕਾਂ ਨੇ ਹੀ ਕੀਤੇ ਹਨ। ਮੱਧਕਾਲ 'ਚ ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣੀ ਸਭਿਆਚਾਰਕ ਅਤੇ ਮੁਗਲ ਰਾਜਨੀਤਕ ਜ਼ੁਲਮ-ਜਬਰ ਦਾ ਵਿਰੋਧ ਸ਼ਬਦਾਂ ਦੇ ਹਥਿਆਰ ਨਾਲ ਹੀ ਕੀਤਾ ਸੀ। ਮਨੁੱਖ ਨੂੰ ਮਨੁੱਖ ਭਾਸ਼ਾ ਨੇ ਬਣਾਇਆ ਹੈ ਅਤੇ ਸਾਹਿਤ ਨੇ ਉਸ ਦੇ ਸਭ ਤੋਂ ਡੂੰਘੇ ਅਨੁਭਵਾਂ ਨੂੰ ਕਲਾਤਮਕ ਜਾਮਾ ਪਹਿਨਾ ਕੇ ਮਨੁੱਖਤਾ ਦੀ ਮਹਾਨ ਵਿਰਾਸਤ ਵਜੋਂ ਸੰਭਾਲਿਆ ਅਤੇ ਉਸ ਦੇ ਹਿਰਦੇ 'ਤੇ ਅੰਕਿਤ ਕੀਤਾ ਹੈ। ਮਨੁੱਖੀ ਅਨੁਭਵਾਂ, ਸੋਚਾਂ, ਕਲਪਨਾਵਾਂ ਦੀ ਸਭ ਤੋਂ ਘੱਟ ਗ਼ੈਰ-ਮਿਲਾਵਟੀ ਪੇਸ਼ਕਾਰੀ ਸਾਨੂੰ ਮਹਾਨ ਸਾਹਿਤ ਵਿਚ ਹੀ ਮਿਲ ਸਕਦੀ ਹੈ। ਇਹ ਮਹਾਨ ਸਾਹਿਤ ਹੀ ਮਨੁੱਖ ਲਈ ਚਾਨਣ-ਮੁਨਾਰੇ ਦਾ ਕਾਰਜ ਕਰਦਾ ਹੈ। ਜਿਨ੍ਹਾਂ ਕੌਮਾਂ ਕੋਲ ਮਹਾਨ ਸਾਹਿਤ ਦਾ ਖਜ਼ਾਨਾ ਹੈ ਉਹ ਅਨੇਕਾਂ ਹਾਰਾਂ ਅਤੇ ਸੰਕਟਾਂ ਦੇ ਬਾਵਜੂਦ ਆਪਣੇ ਸਾਹਿਤ ਵਿਚੋਂ ਊਰਜਾ ਪ੍ਰਾਪਤ ਕਰਕੇ ਮੁੜ ਉਠ ਖਲੋਂਦੀਆਂ ਹਨ। ਇਸ ਦੀਆਂ ਸੰਸਾਰ ਪੱਧਰ 'ਤੇ ਕੌਮਾਂ ਦੇ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਹਨ।

ਇਸ ਭੌਤਿਕ ਸੰਸਾਰ ਵਿਚ ਇਕ ਦੁਨੀਆਂ ਨੂੰ ਮਨੁੱਖ ਨੇ ਆਪਣੀ ਭਾਸ਼ਾ ਰਾਹੀਂ ਸਿਰਜਿਆ ਹੈ। ਇਸ ਮਨੁੱਖ ਸਿਰਜਤ ਦੁਨੀਆਂ ਵਿਚ ਮੁੱਢ ਤੋਂ ਹੀ ਸੱਤਾ ਦੁਆਰਾ ਦੂਜੇ ਮਨੁੱਖ ਨੂੰ ਭਾਸ਼ਾ ਰਾਹੀਂ ਕਾਬੂ ਕਰਨ ਦੀ ਰਵਾਇਤ ਚੱਲੀ ਆ ਰਹੀ ਹੈ। ਮਨੁੱਖ ਨੂੰ ਸੱਤਾ ਦੁਆਰਾ ਕਾਬੂ 'ਚ ਰੱਖਣ ਦੀ ਇਹ ਰੀਤ ਤਕਨਾਲੋਜੀ ਆਧਾਰਿਤ ਪੂੰਜੀਵਾਦੀ ਯੁੱਗ ਵਿਚ ਆਪਣੀ ਸਿਖਰ ਛੂੰਹਦੀ ਹੈ। ਅੱਜ ਦੇ ਮਨੁੱਖ ਬਾਰੇ ਕਿਹਾ ਜਾਂਦਾ ਹੈ ਕਿ ਇਹ ਇਤਿਹਾਸ ਦੇ ਸਭ ਯੁੱਗਾਂ ਤੋਂ ਵੱਧ ਨਿਯੰਤਰਤ ਮਨੁੱਖ ਹੈ। ਇਸ ਨੂੰ ਕਾਬੂ ਜਾਂ ਕੰਟਰੋਲ ਹੇਠ ਕਰਨ ਦੀ ਕਵਾਇਦ ਇਸ ਦੇ ਜਨਮ ਤੋਂ ਹੀ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਅਨੇਕਾਂ ਤਰ੍ਹਾਂ ਦੀਆਂ ਰਜਿਸਟ੍ਰੇਸ਼ਨਾਂ, ਜਨਮ ਸਰਟੀਫਿਕੇਟ, ਵੋਟਰ ਕਾਰਡ, ਆਧਾਰ ਕਾਰਡ 'ਚ ਦਰਜ ਹੁੰਦਾ ਹੋਇਆ, ਹਰ ਸਮੇਂ ਸੀ.ਸੀ.ਟੀ.ਵੀ. ਕੈਮਰਿਆਂ ਅਤੇ ਬਣਾਉਟੀ ਉਪਗ੍ਰਹਿਆਂ ਦੀ ਨਿਗਰਾਨੀ 'ਚ ਵਿਚਰਦੇ ਹੋਏ ਇਸ ਅਖੌਤੀ ਆਜ਼ਾਦ ਮਨੁੱਖ ਦੇ ਹਰ ਸਾਹ ਦਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ। ਇਸ ਤੋਂ ਇਲਾਵਾ ਪਰਿਵਾਰ, ਸਕੂਲ, ਸਮਾਜ ਅਤੇ ਅਨੇਕਾਂ ਸਮਾਜਿਕ ਸੰਸਥਾਵਾਂ ਹਰ ਸਮੇਂ ਇਤਿਹਾਸ, ਰਾਜਨੀਤੀ, ਸਮਾਜ, ਧਰਮ ਆਦਿ ਦੇ ਅਨੇਕਾਂ ਸੱਚੇ-ਝੂਠੇ ਲੇਖੇ ਇਸ ਦੇ ਮਨ 'ਤੇ ਅੰਕਿਤ ਕਰਕੇ ਇਸ ਨੂੰ ਸੱਤਾ ਅਨੁਸਾਰ ਜੀਵਨ ਜਿਉਣ ਲਈ 'ਸੋਧਣ' ਦਾ ਕਾਰਜ ਕਰਦੇ ਰਹਿੰਦੇ ਹਨ। ਇਸ ਪ੍ਰਕਿਰਿਆ ਵਿਚ ਇਸ ਮਨੁੱਖ ਦੀ ਮੌਲਿਕਤਾ ਅਤੇ ਕੁਦਰਤੀਪਣ ਮਧੋਲਿਆ ਜਾਂਦਾ ਹੈ। ਉਹ ਇਸ ਗਲਤ ਸਮਾਜਿਕ ਪ੍ਰਬੰਧ ਦੇ ਝੂਠੇ ਨਿਯਮਾਂ ਦਾ ਅਨੁਸਾਰੀ ਹੋਣ ਲਈ ਆਪਣੇ ਜੀਵਨ ਦੇ ਸਹਿਜ ਨੂੰ ਛਿੱਕੇ ਟੰਗੀ ਰੱਖਦਾ ਹੈ।

ਮਨੁੱਖ ਨੇ ਸਮਾਜ ਸਿਰਜਣਾ ਚਾਹਿਆ ਸੀ, ਪਰ ਉਸ ਨੇ ਇਕ ਅਰਥਚਾਰਾ ਸਿਰਜ ਲਿਆ ਹੈ ਜਿਸ ਵਿਚ ਇਸ ਸਮਾਜ ਦੇ ਹਰ ਜ਼ਿੰਦਾ ਮੁਰਦਾ ਜੁਜ਼ ਨੂੰ ਇਸ ਦੇ ਬਾਲਣ ਵਜੋਂ ਬਲਣਾ ਪੈਂਦਾ ਹੈ। ਪ੍ਰਬੰਧ ਦੇ ਇਸ ਤਰ੍ਹਾਂ ਦੇ ਢਾਂਚੇ ਵਿਚ ਮਨੁੱਖ ਵਜੋਂ ਵਿਚਰਨਾ ਅੰਤਾਂ ਦਾ ਮੁਸ਼ਕਿਲ ਕੰਮ ਹੈ ਕਿਉਂਕਿ ਇਹ ਢਾਂਚਾ ਹਰ ਸਮੇਂ ਤੁਹਾਡੀਆਂ ਮਨੁੱਖਤਾ ਨੂੰ ਮਨਫ਼ੀ ਕਰਕੇ ਤੁਹਾਨੂੰ ਇਸ ਵਿਚ ਫਿੱਟ ਕਰਨ ਲਈ ਤਤਪਰ ਤੇ ਵਚਨਬੱਧ ਹੈ। ਸਵੈ ਤੇ ਸਮਾਜ ਨੂੰ ਇਸ ਵਰਤਾਰੇ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਲਈ ਸਾਹਿਤ ਹੀ ਸਾਡਾ ਸਹਾਰਾ ਤੇ ਰਾਹ ਦਸੇਰਾ ਬਣ ਸਕਦਾ ਹੈ। ਸੰਵੇਦਨਾ, ਹਮਦਰਦੀ, ਕਰੁਣਾ, ਉਤਸ਼ਾਹ, ਭਾਈਚਾਰਾ ਅਤੇ ਤਿਆਗ ਵਰਗੇ ਭਾਵਾਂ ਨੂੰ ਪ੍ਰਚੰਡ ਕਰਨ ਵਿਚ ਸਾਹਿਤ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨੁੱਖ ਨੂੰ ਗਿਆਨ ਮੁਹੱਈਆ ਕਰਨ ਅਤੇ ਵਿਚਾਰਵਾਨ ਬਣਾਉਣ ਵਿਚ ਤਾਂ ਇਸ ਦੀ ਭੂਮਿਕਾ ਹਮੇਸ਼ਾ ਹੀ ਰਹੀ ਹੈ। ਅੱਜ ਦੇ ਯੁੱਗ ਵਿਚ ਸਾਨੂੰ ਸਿਰਫ ਡਾਕਟਰਾਂ, ਇੰਜਨੀਅਰਾਂ ਜਾਂ ਹੋਰ ਕਿੱਤਾ ਮਾਹਿਰਾਂ ਦੀ ਹੀ ਲੋੜ ਨਹੀਂ ਸਗੋਂ ਅਜਿਹੇ ਡਾਕਟਰਾਂ, ਵਕੀਲਾਂ ਜਾਂ ਅਧਿਆਪਕਾਂ ਦੀ ਲੋੜ ਹੈ ਜਿਨ੍ਹਾਂ ਦੇ ਦਿਲ ਮਨੁੱਖਤਾ ਪ੍ਰਤੀ ਲਗਾਅ ਤੇ ਸੇਵਾ ਭਾਵਨਾ ਨਾਲ ਭਰੇ ਹੋਣ।



ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਤੋਂ ਬਿਲਕੁਲ ਉਲਟ ਵਾਪਰ ਰਿਹਾ ਹੈ। ਜ਼ਿਆਦਾਤਰ ਡਾਕਟਰਾਂ ਨੂੰ ਮਰੀਜ਼ਾਂ ਨਾਲ ਕੋਈ ਹਮਦਰਦੀ ਨਹੀਂ ਰਹੀ ਅਤੇ ਬਹੁਤੇ ਵਕੀਲ ਨਿਆਂ ਨੂੰ ਆਮ ਬੰਦੇ ਦੀ ਪਹੁੰਚ ਤੋਂ ਦੂਰ ਕਰਨ 'ਚ ਲੱਗੇ ਹੋਏ ਹਨ। ਅਧਿਆਪਕਾਂ ਰਾਹੀਂ ਵਿੱਦਿਆ ਦਾ ਵਪਾਰ ਕੀਤਾ ਜਾ ਰਿਹਾ ਹੈ। ਸਾਰੇ ਕਿੱਤਿਆਂ ਦਾ ਤਕਰੀਬਨ ਇਹੀ ਹਾਲ ਹੈ। ਇਨ੍ਹਾਂ ਸਭ ਸਮੱਸਿਆਵਾਂ ਦੇ ਅਨੇਕਾਂ ਕਾਰਨ ਹੋਣਗੇ ਪਰ ਸ਼ਬਦਾਂ ਤੋਂ ਸਾਡੀ ਬੇਮੁਖਤਾ ਇਸ ਸਭ ਦੀਆਂ ਜੜ੍ਹਾਂ ਵਿਚ ਸਮਾਈ ਹੋਈ ਹੈ। ਅਗਿਆਨ ਤੇ ਲਾਲਚ ਨੂੰ ਮਨੁੱਖੀ ਦੁੱਖਾਂ ਦੇ ਵੱਡੇ ਕਾਰਨ ਮੰਨਿਆ ਜਾਂਦਾ ਹੈ। ਜੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਖਤਮ ਨਾ ਵੀ ਕੀਤਾ ਜਾ ਸਕੇ ਤਾਂ ਵੀ ਸ਼ਬਦ ਤੇ ਸਾਹਿਤ ਸਾਧਨਾ ਦੁਆਰਾ ਘਟਾਇਆ ਜ਼ਰੂਰ ਜਾ ਸਕਦਾ ਹੈ। ਪੰਜਾਬ ਦੀ ਧਰਤੀ 'ਤੇ ਸ਼ਬਦ ਨੂੰ ਗੁਰੂ ਦਾ ਰੁਤਬਾ ਹਾਸਿਲ ਹੈ ਜੋ ਸ਼ਬਦਾਂ ਦੇ ਸਤਿਕਾਰ ਦੀ ਸਭ ਤੋਂ ਮਹਾਨ ਉਦਾਹਰਣ ਹੈ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਜਿਸ ਧਰਤੀ ਉਪਰ ਸ਼ਬਦ ਦੀ ਸ਼ਕਤੀ ਨਾਲ ਇਤਿਹਾਸ ਦੇ ਰੁਖ ਨੂੰ ਪੰਜ ਸਦੀਆਂ ਪਹਿਲਾਂ ਮੋੜਾ ਦਿੱਤਾ ਗਿਆ ਸੀ; ਅੱਜ ਉਸ ਧਰਤੀ ਦੇ ਲੋਕ ਹੀ ਸ਼ਬਦਾਂ ਤੋਂ ਮੂੰਹ ਮੋੜੀ ਬੈਠੇ ਹਨ। ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਨੂੰ ਨਵੇਂ ਹਾਲਾਤ ਦੇ ਸਨਮੁੱਖ ਵਿਚਾਰਨ ਦੀ ਲੋੜ ਹੈ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥

***ਬਾਜ਼ਾਰ ਨੇ ਸਾਡੇ ਦਿਮਾਗ ਅਤੇ ਸੋਚਣ ਵਿਚਾਰਨ ਦੀ ਸ਼ਕਤੀ ਨੂੰ ਸਾਧਨਾਂ, ਤਕਨਾਲੋਜੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਹੁਣ ਸਾਡੀਆਂ ਇੱਛਾਵਾਂ ਜਾਂ ਲੋੜਾਂ ਸਚਮੁਚ ਸਾਡੀਆਂ ਨਾ ਹੋ ਕੇ ਬਾਜ਼ਾਰ ਵਲੋਂ ਸਾਡੇ ਮਨ ਵਿਚ ਪੈਦਾ ਕੀਤੀਆਂ ਹੋਈਆਂ ਹਨ। ਬਿਨਾਂ ਕੁਝ ਸੋਚੇ ਵਿਚਾਰੇ ਸਾਡਾ ਜ਼ੋਰ ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਅਤੇ ਇਕੱਠਾ ਕਰਨ 'ਤੇ ਲੱਗਿਆ ਹੋਇਆ ਹੈ। ਜਦੋਂ ਇਹ ਵਸਤਾਂ ਮਿਲਣ ਤੋਂ ਬਾਅਦ ਵੀ ਸਾਨੂੰ ਤਸਕੀਨ ਨਹੀਂ ਮਿਲਦੀ ਤਾਂ ਅਸੀਂ ਪਹਿਲਾਂ ਮੌਜੂਦ ਸ਼ੈਆਂ ਨੂੰ ਭੁੱਲ ਕੇ ਹੋਰ ਨਵੀਆਂ ਅਤੇ ਦਿਲਕਸ਼ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਹੋੜ ਵਿਚ ਲੱਗ ਜਾਂਦੇ ਹਾਂ।***

# ਹਿੰਦੂ ਰਾਸ਼ਟਰਵਾਦੀਆਂ ਦੀ ਪ੍ਰਚਾਰ ਸਮੱਗਰੀ ਦਾ ਲੇਖਾ-ਜੋਖਾ

**ਸ਼ਿਸ਼ਿਰ ਅਗਰਵਾਲ**
**ਅਨੁਵਾਦ: ਬੂਟਾ ਸਿੰਘ**

ਭਾਰਤ ਦੇ ਲੋਕ ਦੋ ਚੀਜ਼ਾਂ ਦੇ ਲਈ ਹੱਦ ਦਰਜੇ ਦੇ ਦੀਵਾਨੇ ਹਨ - ਪਹਿਲਾ ਕ੍ਰਿਕਟ ਅਤੇ ਦੂਸਰਾ ਸਿਨੇਮਾ। ਆਲਮ ਇਹ ਹੈ ਕਿ ਇਕ ਪਾਸੇ ਜਿਥੇ ਸਚਿਨ ਤੇਂਦੁਲਕਰ ਦਾ ਸੌਵਾਂ ਸੈਂਕੜਾ ਛੇਤੀ ਪੂਰਾ ਹੋ ਜਾਵੇ, ਇਸ ਦੇ ਲਈ ਦੁਆ ਕਰਨ ਦੇ ਨਾਲ-ਨਾਲ ਲੋਕਾਂ ਨੇ ਵਰਤ ਰੱਖੇ; ਦੂਸਰੇ ਪਾਸੇ, ਰਜਨੀਕਾਂਤ ਦਾ ਮੰਦਰ ਬਣਾ ਕੇ ਉਸ ਦੀ ਪੂਜਾ ਤਕ ਕੀਤੀ ਗਈ। ਸਚਿਨ ਦੇ ਛੱਕੇ ਹੋਣ ਜਾਂ ਰਜਨੀਕਾਂਤ ਦਾ ਐਕਸ਼ਨ, ਲੋਕਾਂ ਦਰਮਿਆਨ ਇਹ ਸਭ ਟੈਲੀਵਿਜ਼ਨ ਰਾਹੀਂ ਹੀ ਪਹੁੰਚ ਰਿਹਾ ਹੈ। ਸੋ, ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤੀ ਅਵਾਮ ਵਿਚ ਧਾਰਨਾਵਾਂ ਅਤੇ ਵਿਚਾਰ ਬਣਾਉਣ ਵਿਚ ਟੀ.ਵੀ. ਅਹਿਮ ਭੂਮਿਕਾ ਨਿਭਾਉਂਦਾ ਹੈ।

ਭਾਰਤ ਵਿਚ ਟੀ.ਵੀ. ਦਾ ਇਤਿਹਾਸ ਬਹੁਤਾ ਲੰਮਾ ਨਹੀਂ, ਲੇਕਿਨ ਰੌਚਕ ਜ਼ਰੂਰ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਟੀ.ਵੀ. ਬੇਹਦ ਪ੍ਰਭਾਵਸ਼ਾਲੀ ਜਨ-ਸੰਚਾਰ ਮਾਧਿਅਮ ਹੈ। ਭਾਰਤ ਵਿਚ ਟੀ.ਵੀ. ਦੇ ਵਿਕਾਸ ਨੂੰ ਜਦੋਂ ਵੀ ਚੇਤੇ ਕੀਤਾ ਜਾਂਦਾ ਹੈ ਤਾਂ 1987-88 ਦੌਰਾਨ ਆਏ ਸੀਰੀਅਲ 'ਰਾਮਾਇਣ' ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਘਰ ਦੇ ਸਿਆਣਿਆਂ-ਬਜ਼ੁਰਗਾਂ ਨਾਲ ਗੱਲ ਕਰੋਗੇ ਤਾਂ ਪਤਾ ਲੱਗਦਾ ਹੈ ਕਿ ਜਦੋਂ ਇਹ ਸੀਰੀਅਲ ਪ੍ਰਸਾਰਿਤ ਹੁੰਦਾ ਸੀ ਤਾਂ ਨਾ ਸਿਰਫ ਸੜਕਾਂ ਖਾਲੀ ਹੋ ਜਾਂਦੀਆਂ ਸਨ, ਬਲਕਿ ਇਹ ਉਹ ਦੌਰ ਸੀ ਜਦੋਂ ਟੈਲੀਵਿਜ਼ਨ ਨੂੰ ਤਿਲਕ ਲਗਾ ਕੇ ਉਸ ਨੂੰ ਪੂਜਿਆ ਵੀ ਗਿਆ।

ਇਸ ਪ੍ਰਸੰਗ ਵਿਚ ਅਰਵਿੰਦ ਰਾਜਗੋਪਾਲ ਦੀ ਕਿਤਾਬ 'ਪਾਲਿਟਿਕਸ ਆਫਟਰ ਟੈਲੀਵਿਜ਼ਨ' ਪੜ੍ਹਨੀ ਚਾਹੀਦੀ ਹੈ। ਇਸ ਕਿਤਾਬ ਰਾਹੀਂ ਲੇਖਕ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਭਾਰਤ ਵਿਚ ਸੱਜੇਪੱਖੀ ਸਿਆਸਤ ਦੇ ਪੈਰ ਜਮਾਉਣ ਲਈ ਟੈਲੀਵਿਜ਼ਨ ਜ਼ਿੰਮੇਦਾਰ ਰਿਹਾ ਹੈ। ਇਸ ਦੌਰਾਨ ਉਹ ਇਹ ਵੀ ਦੱਸਦਾ ਹੈ ਕਿ ਕਿਸ ਤਰ੍ਹਾਂ ਭਾਰਤ ਵਿਚ ਹਿੰਦੂਤਵ ਦਾ ਮਾਹੌਲ ਬਣਾਉਣ ਲਈ 1987-88 ਦੇ ਦੌਰਾਨ ਆਇਆ ਰਾਮਾਇਣ ਸੀਰੀਅਲ ਵੀ ਜ਼ਿੰਮੇਦਾਰ ਰਿਹਾ ਹੈ। ਜਦੋਂ ਲੋਕ ਸੀਰੀਅਲ ਦੇ ਪਾਤਰਾਂ ਨੂੰ ਹੀ ਭਗਵਾਨ ਮੰਨੀ ਬੈਠੇ ਹੋਣ, ਤਾਂ ਟੈਵੀਵਿਜ਼ਨ ਰਾਹੀਂ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਫੀਲਡ ਵਿਚ ਸਟੀਕ ਤਰੀਕੇ ਨਾਲ ਲਿਜਾਇਆ ਜਾ ਸਕਦਾ ਸੀ। ਇਉਂ ਸੱਜੇਪੱਖੀ ਤਾਕਤਾਂ ਨੇ ਟੀ.ਵੀ. ਦੇ ਵਿਕਾਸ ਨੂੰ ਆਪਣੇ ਹੱਕ ਵਿਚ ਖੂਬ ਭੁਗਤਾਇਆ। ਫਿਰ ਉਨ੍ਹਾਂ ਦੇਸ਼ ਵਿਚ ਜੋ ਮਾਹੌਲ ਬਣਾਇਆ, ਉਸੇ ਦਾ ਨਤੀਜਾ ਸੀ ਕਿ 1992 ਵਿਚ ਕਾਰ ਸੇਵਕਾਂ ਨੇ ਬਾਬਰੀ ਮਸਜਿਦ ਢਹਿ-ਢੇਰੀ ਕਰ ਦਿੱਤੀ।

2014 ਵਿਚ ਕੇਂਦਰ ਵਿਚ ਜੋ ਸਰਕਾਰ ਬਣੀ, ਉਸ ਨੇ ਤਮਾਮ ਜ਼ਰੂਰੀ ਮਸਲਿਆਂ ਨੂੰ ਇਕ ਪਾਸੇ ਕਰਦੇ ਹੋਏ ਰਾਸ਼ਟਰਵਾਦ ਨੂੰ ਜ਼ੋਰ-ਸ਼ੋਰ ਨਾਲ ਉਠਾਇਆ ਅਤੇ ਇਹ ਜਾਅਲੀ ਰਾਸ਼ਟਰਵਾਦ ਦਾ ਮਾਹੌਲ ਬਣਾਉਣ ਵਿਚ ਕਾਮਯਾਬ ਵੀ ਹੋ ਗਏ। ਸਰਜੀਕਲ ਸਟਰਾਈਕ ਤੋਂ ਬਾਅਦ ਰਾਸ਼ਟਰਵਾਦ ਦੀ ਪ੍ਰੀਭਾਸ਼ਾ ਪਾਕਿਸਤਾਨ ਦਾ ਵਿਰੋਧ, ਫੌਜ ਦੀ ਬਹਾਦਰੀ ਅਤੇ ਹਿੰਦੂ ਸੰਸਕ੍ਰਿਤੀ (ਜਿਸ ਨੂੰ ਸੱਜੇਪੱਖੀ ਭਾਰਤੀ ਸੰਸਕ੍ਰਿਤੀ ਸਾਬਤ ਕਰਨ 'ਤੇ ਤੁਲੇ ਹੋਏ ਹਨ) ਦੇ ਆਲੇ-ਦੁਆਲੇ ਘੁੰਮਣ ਲੱਗੀ। ਇਸ ਹਾਲਤ ਵਿਚ ਇਨ੍ਹਾਂ ਸਾਲਾਂ ਵਿਚ ਦੇਸ਼ ਵਿਚ ਆਈਆਂ ਕੁਝ ਖਾਸ ਤਰ੍ਹਾਂ ਦੀਆਂ ਫਿਲਮਾਂ ਉਪਰ ਨਜ਼ਰ ਮਾਰਨੀ ਜ਼ਰੂਰੀ ਹੈ। ਛੋਟੀਆਂ-ਵੱਡੀਆਂ ਸਾਰੀਆਂ ਫਿਲਮਾਂ ਨੂੰ ਮਿਲਾ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ 4 ਸਾਲਾਂ 'ਚ ਭਰਪੂਰ 'ਰਾਸ਼ਟਰਵਾਦੀ' ਫਿਲਮਾਂ ਆਈਆਂ ਹਨ।

'ਬੇਬੀ' ਤੋਂ ਲੈ ਕੇ 'ਰਾਜ਼ੀ' ਤਕ ਹਰ ਫਿਲਮ ਦੇਸ਼ਭਗਤੀ ਨਾਲ ਭਰਪੂਰ ਸੀ। ਇਨ੍ਹਾਂ ਫਿਲਮਾਂ ਨੇ ਨਾ ਸਿਰਫ ਬਾਕਸ ਆਫਿਸ ਉਪਰ ਭਰਪੂਰ ਕਮਾਈ ਕੀਤੀ, ਬਲਕਿ ਇਸ ਨਾਲ ਸਰਕਾਰ ਦੇ ਉਸ ਕਥਿਤ ਰਾਸ਼ਟਰਵਾਦ ਨੂੰ ਵੀ ਤਕੜਾਈ ਮਿਲੀ ਜਿਸ ਦੀ ਆੜ ਵਿਚ ਟੀ.ਵੀ. ਉਪਰ ਹਿੰਦੂਤਵ ਦਾ ਏਜੰਡਾ ਸੌਖਿਆਂ ਹੀ ਸੈੱਟ ਕਰ ਦਿੱਤਾ ਗਿਆ। ਇਸ ਮਾਹੌਲ ਦਾ ਨਤੀਜਾ ਇਹ ਹੋਇਆ ਕਿ ਤੁਸੀਂ ਚਾਹੁੰਦੇ ਹੋਏ ਵੀ ਮਨੀਪੁਰ ਵਿਚ 2004 ਵਿਚ ਔਰਤਾਂ ਦੁਆਰਾ ਭਾਰਤੀ ਫੌਜ ਦੇ ਵਿਰੋਧ ਵਿਚ ਕੀਤੇ ਗਏ ਨਗਨ ਪ੍ਰਦਰਸ਼ਨ ਦੀ ਗੱਲ ਜ਼ੁਬਾਨ ਉਪਰ ਨਹੀਂ ਲਿਆ ਸਕੋਗੇ। ਕਸ਼ਮੀਰ ਮਸਲੇ ਉਪਰ ਗੱਲ ਕਰਦੇ ਹੋਏ ਜੇ ਭੁੱਲ ਕੇ ਵੀ ਤੁਸੀਂ 'ਅਫਸਪਾ' ਹਟਾਉਣ ਦੀ ਗੱਲ ਕਹਿ ਦਿੱਤੀ ਤਾਂ ਤੁਹਾਨੂੰ ਦੇਸ਼ਧ੍ਰੋਹੀ ਕਰਾਰ ਦੇ ਦਿੱਤਾ ਜਾਵੇਗਾ।

ਸਿਨੇਮਾ ਘਰਾਂ ਵਿਚ ਪ੍ਰਦਰਸ਼ਿਤ ਹੋ ਰਹੀਆਂ ਤਿੰਨ ਫਿਲਮਾਂ 'ਉੜੀ ਅਟੈਕ', 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਅਤੇ 'ਠਾਕਰੇ' ਨੂੰ ਵੀ ਇਸੇ ਸਾਂਚੇ ਵਿਚ ਰੱਖ ਕੇ ਦੇਖਣਾ ਚਾਹੀਦਾ ਹੈ। ਰਾਫਾਲ, ਨੋਟਬੰਦੀ ਤੇ ਜੀ.ਐਸ.ਟੀ. ਜਿਹੇ ਮੁੱਦਿਆਂ 'ਤੇ ਸੱਤਾਧਾਰੀ ਧਿਰ ਫਿਲਹਾਲ ਘਿਰੀ ਹੋਈ ਹੈ। ਹਾਲੀਆ ਚੋਣ ਨਤੀਜਿਆਂ ਨੇ ਮੋਦੀ ਸਰਕਾਰ ਦੀ ਚਿੰਤਾ ਵਧਾਈ ਹੈ। ਇਨ੍ਹਾਂ ਹਾਲਾਤ ਵਿਚ ਜਦੋਂ ਚੋਣਾਂ ਨੇੜੇ ਆ ਰਹੀਆਂ ਹੋਣ ਤਾਂ ਪ੍ਰਚਾਰ ਤਾਂ ਹੋਵੇਗਾ ਹੀ। 2014 ਦੀਆਂ ਚੋਣਾਂ ਦੇ ਬਾਰੇ ਕਿਹਾ ਗਿਆ ਕਿ ਇਹ ਚੋਣਾਂ ਟੀ.ਵੀ. ਉਪਰ ਲੜੀਆਂ ਗਈਆਂ ਸਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅਗਾਮੀ ਚੋਣਾਂ ਵੀ ਟੀ.ਵੀ. ਉਪਰ ਹੀ ਲੜੀਆਂ ਜਾਣਗੀਆਂ ਜਿਸ ਦਾ ਆਗਾਜ਼ 'ਪ੍ਰਧਾਨ ਸੇਵਕ' ਨੇ ਨਵੇਂ ਸਾਲ ਵਿਚ ਇੰਟਰਵਿਊ ਦੇ ਕੇ ਕਰ ਦਿੱਤਾ ਹੈ।

ਜਦੋਂ ਮਾਹੌਲ ਵਿਚ ਸੱਤਾ ਵਿਰੋਧੀ ਰੁਝਾਨ ਵਧ ਰਿਹਾ ਹੋਵੇ ਤਾਂ ਕੀਤਾ ਕੀ ਜਾਵੇ? ਐਸੀ ਹਾਲਤ ਵਿਚ ਮੀਡੀਆ ਨੂੰ ਆਪਣੇ ਪੱਖ ਵਿਚ ਮਾਹੌਲ ਬਣਾਉਣ ਦੀ ਜ਼ਿੰਮੇਦਾਰੀ ਸੌਂਪੀ ਜਾਂਦੀ ਹੈ। ਮੌਜੂਦਾ ਹਾਲਾਤ ਨੂੰ ਦੇਖ ਕੇ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕੰਮ ਨਾ ਸਿਰਫ ਪ੍ਰਾਈਮ ਟਾਈਮ ਅਤੇ ਸ਼ਾਮ ਨੂੰ ਸਟੂਡੀਓ ਵਿਚ ਹੋਣ ਵਾਲੀਆਂ ਬਹਿਸਾਂ ਜ਼ਰੀਏ ਹੋਵੇਗਾ, ਬਲਕਿ ਫਿਲਮ ਇੰਡਸਟਰੀ ਦਾ ਵੀ ਖੂਬ ਇਸਤੇਮਾਲ ਕੀਤਾ ਜਾਵੇਗਾ। ਸੰਨ 2014 ਵਿਚ ਜੋ ਬਹੁਮਤ ਭਾਜਪਾ ਨੂੰ ਮਿਲਿਆ, ਉਸ ਦਾ ਵੱਡਾ ਕਾਰਨ ਤਤਕਾਲੀ ਪ੍ਰਧਾਨ ਮੰਤਰੀ ਖਿਲਾਫ ਜਨਤਾ ਦਾ ਰੋਹ ਸੀ।



ਜਾਹਰ ਹੈ, ਇਸ ਵਾਰ ਜਦੋਂ 2019 ਦਾ ਚੋਣ ਯੁੱਧ ਹੋਵੇਗਾ, ਤਾਂ ਮੋਦੀ ਸਰਕਾਰ ਨੂੰ ਆਪਣਾ ਰਿਪੋਰਟ ਕਾਰਡ ਪੇਸ਼ ਕਰਨਾ ਪਵੇਗਾ। ਸਰਕਾਰ ਦਾ ਰਿਪੋਰਟ ਕਾਰਡ ਕਿਉਂਕਿ ਓਨਾ ਚੰਗਾ ਨਹੀਂ ਹੈ, ਸੋ ਕੋਸ਼ਿਸ਼ ਹੋਵੇਗੀ ਕਿ ਜਨਤਾ ਨੂੰ ਯੂ.ਪੀ.ਏ. ਸਰਕਾਰ ਦਾ ਫਲੈਸ਼-ਬੈਕ ਦਿਖਾ ਕੇ ਭੈਭੀਤ ਕੀਤਾ ਜਾਵੇ। ਐਸਾ ਦਾਅਪੇਚ ਭਾਜਪਾ ਮੱਧ ਪ੍ਰਦੇਸ ਵਿਚ ਵੀ ਖੇਡਦੀ ਰਹੀ ਹੈ ਜਿਥੇ ਜਨਤਾ ਨੂੰ ਦਿਗਵਿਜੈ ਸਿੰਘ ਸਰਕਾਰ ਦੀ ਯਾਦ ਦਿਵਾ ਕੇ ਡਰਾਉਣ ਦਾ ਕੰਮ ਕੀਤਾ ਗਿਆ। ਇਸ ਹਾਲਤ 'ਚ ਮੋਦੀ ਸਰਕਾਰ ਦੇ ਕਾਰਜਕਾਲ ਦੇ ਸਾਹਮਣੇ ਸਿੱਧੇ ਤੌਰ 'ਤੇ ਮਨਮੋਹਨ ਸਿੰਘ ਸਰਕਾਰ ਦੇ ਕਾਰਜਕਾਲ ਨੂੰ ਖੜ੍ਹਾ ਕਰਕੇ ਜਨਤਾ ਵਿਚ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜੇ ਇਸ ਵਾਰ ਵੀ ਸਾਨੂੰ ਨਹੀਂ ਚੁਣਿਆ ਤਾਂ ਉਹੀ ਲੋਕ ਵਾਪਸ ਸੱਤਾ 'ਚ ਆ ਜਾਣਗੇ ਤੇ ਘੁਟਾਲਿਆਂ ਦਾ ਦੌਰ ਫਿਰ ਸ਼ੁਰੂ ਹੋ ਜਾਵੇਗਾ। ਇਹ ਖੇਡ 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਦੇ ਜ਼ਰੀਏ ਖੇਡੀ ਜਾਵੇਗੀ।

ਰਾਸ਼ਟਰੀ ਸਵੈਮਸੇਵਕ ਸੰਘ ਦੇ ਪ੍ਰਚਾਰਕ ਰਹਿ ਚੁੱਕੇ ਮੋਦੀ ਦੀ ਛਵੀ ਹਿੰਦੂਤਵਵਾਦੀ ਆਗੂ ਦੀ ਰਹੀ ਹੈ। 2002 ਤੋਂ ਬਾਅਦ ਦੇਸ਼ ਦੇ ਬਹੁ ਗਿਣਤੀ ਤਬਕੇ ਦੇ ਦਿਲ ਵਿਚ ਮੋਦੀ ਦੀ ਛਵੀ 'ਹਿੰਦੂ ਹਿਰਦੇ ਸਮਰਾਟ' ਦੀ ਬਣਾਈ ਗਈ। ਰਾਮ ਮੰਦਰ ਅਤੇ ਹਿੰਦੂਤਵ ਦਾ ਪੱਤਾ ਵੀ ਭਾਜਪਾ ਹਰ ਚੋਣ ਤੋਂ ਪਹਿਲਾਂ ਅਕਸਰ ਖੇਡਦੀ ਆਈ ਹੈ, ਇਸ ਵਾਰ ਐਸਾ ਨਾ ਹੋਵੇ, ਇਹ ਹੋ ਹੀ ਨਹੀਂ ਸਕਦਾ। ਕੁਝ ਹੀ ਦਿਨਾਂ ਵਿਚ ਆਉਣ ਵਾਲੀ ਫਿਲਮ 'ਠਾਕਰੇ' ਇਸ ਮਾਹੌਲ ਨੂੰ ਸੈੱਟ ਕਰਨ ਵਿਚ ਕਾਫੀ ਹੱਦ ਤਕ ਮਦਦ ਕਰ ਸਕਦੀ ਹੈ। ਫਿਲਮਾਂ ਦੇ ਜ਼ਰੀਏ ਕਿਸੇ ਵੀ ਇਨਸਾਨ ਦੀ ਛਵੀ ਬਣਾਈ ਜਾਂ ਵਿਗਾੜੀ ਜਾ ਸਕਦੀ ਹੈ। 2016 ਵਿਚ ਆਈ ਫਿਲਮ 'ਅਜ਼ਹਰ' ਇਸ ਦੀ ਸਟੀਕ ਮਿਸਾਲ ਹੈ।

ਇਸ ਫਿਲਮ ਵਿਚ ਮੁਹੰਮਦ ਅਜ਼ਹਰੂਦੀਨ ਨੂੰ ਪਾਕ-ਸਾਫ ਦਿਖਾਇਆ ਗਿਆ ਸੀ। ਹੋ ਸਕਦਾ ਹੈ ਕਿ ਆਉਣ ਵਾਲੀ ਫਿਲਮ 'ਠਾਕਰੇ' ਵਿਚ ਵੀ ਸ਼ਿਵ ਸੈਨਾ ਦੇ ਬਾਨੀ ਅਤੇ ਬਾਬਰੀ ਮਸਜਿਦ ਨੂੰ ਢਾਹੁਣ ਵਿਚ ਆਪਣੀ ਭੂਮਿਕਾ ਨੂੰ ਖੁੱਲ੍ਹੇ ਤੌਰ 'ਤੇ ਸਵੀਕਾਰ ਕਰਨ ਵਾਲੇ ਬਾਲਾ ਸਾਹਿਬ ਠਾਕਰੇ ਨੂੰ ਵੀ ਸਹੀ ਠਹਿਰਾ ਦਿੱਤਾ ਜਾਵੇ। ਇਹ ਸੰਭਾਵਨਾ ਇਸ ਲਈ ਵੀ ਹੈ ਕਿਉਂਕਿ ਇਸ ਫਿਲਮ ਵਿਚ ਬਾਲ ਠਾਕਰੇ ਦੀ ਪਾਰਟੀ ਸ਼ਿਵ ਸੈਨਾ ਕਾਫੀ ਰੁਚੀ ਲੈ ਰਹੀ ਹੈ। ਮੌਜੂਦਾ ਸਿਆਸਤ ਉਪਰ ਨਜ਼ਰ ਮਾਰਨ 'ਤੇ ਇਹ ਗੱਲ ਜ਼ਿਹਨ ਵਿਚ ਆਉਂਦੀ ਹੈ ਕਿ ਬੇਸ਼ੱਕ ਇਹ ਫਿਲਮ ਬਾਲ ਠਾਕਰੇ ਉਪਰ ਹੋਵੇ, ਲੇਕਿਨ ਕਿਤੇ ਨਾ ਕਿਤੇ ਇਹ ਮੌਜੂਦਾ ਸਰਕਾਰ ਨੂੰ ਵੀ ਫਾਇਦਾ ਪਹੁੰਚਾਏਗੀ। ਹੋ ਸਕਦਾ ਹੈ ਕਿ ਇਸ ਨਾਲ ਮਹਾਂਰਾਸ਼ਟਰ ਵਿਚ ਸ਼ਿਵ ਸੈਨਾ ਨੂੰ ਫਾਇਦੇ ਹੋਵੇ, ਲੇਕਿਨ ਦੇਸ਼ ਦੇ ਬਾਕੀ ਹਿੱਸਿਆਂ ਵਿਚ ਇਹ ਫਿਲਮ ਭਾਜਪਾ ਲਈ ਹੀ ਕਾਰਗਰ ਹੋਵੇਗੀ, ਕਿਉਂਕਿ ਮੋਦੀ ਤੋਂ ਇਲਾਵਾ ਦੇਸ਼ ਦੀ ਸਿਆਸਤ ਵਿਚ ਐਸਾ ਕੋਈ ਰਾਸ਼ਟਰੀ ਆਗੂ ਨਜ਼ਰ ਨਹੀਂ ਆਉਂਦਾ ਜਿਸ ਨੂੰ ਜਨਤਾ 'ਹਿੰਦੂ ਹਿਰਦੇ ਸਮਰਾਟ' ਦੀ ਨਜ਼ਰ ਨਾਲ ਦੇਖ ਸਕੇ।

ਇਸੇ ਕੜੀ ਵਿਚ 'ਉੜੀ ਅਟੈਕ' ਨੂੰ ਵੀ ਦੇਖਿਆ ਜਾਣਾ ਚਾਹੀਦਾ ਹੈ। ਸਰਜੀਕਲ ਸਟਰਾਈਕ ਭਾਰਤੀ ਫੌਜ ਵੱਲੋਂ ਪਾਕਿਸਤਾਨ ਉਪਰ ਕੀਤੀ ਜਵਾਬੀ ਕਾਰਵਾਈ ਸੀ, ਲੇਕਿਨ ਮੌਜੂਦਾ ਸਰਕਾਰ ਅਤੇ ਇਸ ਨਾਲ ਜੁੜੀਆਂ ਤਮਾਮ ਸੱਜੇਪੱਖੀ ਤਾਕਤਾਂ ਨੇ ਇਸ ਨੂੰ ਆਪਣੇ ਫਾਇਦੇ ਲਈ ਇਸਤੇਮਾਲ ਕੀਤਾ। ਲੋਕਤੰਤਰ ਵਿਚ ਐਸੀ ਕੋਈ ਸੰਸਥਾ ਨਹੀਂ ਹੈ ਜਿਸ ਨੂੰ ਜਨਤਾ ਸਵਾਲ ਨਾ ਕਰ ਸਕੇ, ਲੇਕਿਨ ਸੱਤਾਧਾਰੀ ਧਿਰ ਨੇ ਜੋ ਮਾਹੌਲ ਬਣਾ ਦਿੱਤਾ ਹੈ, ਉਸ ਵਿਚ ਫੌਜ ਨੂੰ ਸਵਾਲ ਕਰਨਾ ਹੀ ਦੇਸ਼ਧ੍ਰੋਹ ਬਰਾਬਰ ਬਣਾ ਦਿੱਤਾ ਗਿਆ ਹੈ। ਤੁਸੀਂ ਕਸ਼ਮੀਰ ਵਿਚ ਮਾਸੂਮਾਂ ਉਪਰ ਪੈਲਟ ਗੰਨਾਂ ਦੇ ਹਮਲਿਆਂ ਬਾਬਤ ਸਵਾਲ ਕਰੋਗੇ ਤਾਂ ਸਰਕਾਰ ਤੁਹਾਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਪਾਕਿਸਤਾਨ ਦਾ ਏਜੰਟ ਕਰਾਰ ਦੇ ਦੇਵੇਗੀ। ਇਸ ਤਰ੍ਹਾਂ ਫੌਜ ਦੀ ਆੜ ਵਿਚ ਜਿਸ ਜਾਅਲੀ ਰਾਸ਼ਟਰਵਾਦ ਦਾ ਹਿੰਸਾਤਮਕ ਪਰਦਾ ਬਣਾਇਆ ਜਾ ਰਿਹਾ ਹੈ, ਉਸ ਨੂੰ ਇਹ ਫਿਲਮ ਮਜ਼ਬੂਤ ਕਰੇਗੀ। ਨਤੀਜਾ ਇਹ ਹੋਵੇਗਾ ਕਿ ਬਹੁਤ ਅਸਾਨੀ ਨਾਲ ਦਹਿਸ਼ਤਵਾਦ, ਗ਼ਰੀਬੀ, ਬੇਰੁਜ਼ਗਾਰੀ ਵਰਗੇ ਮੁੱਦੇ ਪਿਛਾਂਹ ਧੱਕ ਦਿੱਤੇ ਜਾਣਗੇ।

ਇਹ ਤਿੰਨੇ ਫਿਲਮਾਂ ਉਮਦਾ ਮਿਸਾਲ ਹਨ ਕਿ ਕੋਈ ਪ੍ਰਚਾਰ ਘੜਨ ਅਤੇ ਉਸ ਨੂੰ ਮਜ਼ਬੂਤ ਕਰਨ ਵਿਚ ਸਰਮਾਏਦਾਰੀ ਕਿਸ ਤਰ੍ਹਾਂ ਸਟੇਟ ਦਾ ਸਾਥ ਦਿੰਦੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਨਾ ਸਿਰਫ ਰੈਲੀਆਂ ਤੇ ਗੋਦੀ ਮੀਡੀਆ ਦੇ ਜ਼ਰੀਏ ਪ੍ਰਾਪੇਗੰਡਾ ਸਮੱਗਰੀ ਨਾਲ ਜਨਤਾ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਬਲਕਿ ਫਿਲਮ ਇੰਡਸਟਰੀ ਦੇ ਜ਼ਰੀਏ ਐਸਾ ਮਾਹੌਲ ਬਣਾਇਆ ਜਾਵੇਗਾ ਜਿਸ ਨਾਲ ਤੁਸੀਂ ਮੂਲ ਮੁੱਦੇ ਭੁੱਲ ਕੇ ਸਟੇਟ ਦੇ ਪ੍ਰਚਾਰ ਵਿਚ ਉਲਝ ਕੇ ਰਹਿ ਜਾਵੋਗੇ। ਇਹ ਸਵਾਲ ਕਰਨਾ ਭੁੱਲ ਜਾਵੋਗੇ ਕਿ ਤੁਹਾਡੇ ਬੱਚੇ ਨੂੰ ਨੌਕਰੀ ਕਿਉਂ ਨਹੀਂ ਮਿਲੀ, ਦੇਸ਼ 'ਚ ਭੁੱਖਮਰੀ ਅਜੇ ਤਕ ਖਤਮ ਕਿਉਂ ਨਹੀਂ ਹੋਈ। ਐਸੇ ਸਵਾਲ ਜਿਨ੍ਹਾਂ ਨਾਲ ਤੁਸੀਂ ਸਿੱਧੇ ਪ੍ਰਭਾਵਿਤ ਹੁੰਦੇ ਹੋ, ਦਰਕਿਨਾਰ ਕਰ ਦਿੱਤੇ ਜਾਣਗੇ। ਜਨਤਾ ਨੂੰ ਇਕ ਵਾਰ ਫਿਰ ਮਜ਼ਬੂਤ ਪ੍ਰਚਾਰ ਤੰਤਰ ਦਾ ਸ਼ਿਕਾਰ ਬਣਾ ਦਿੱਤਾ ਜਾਵੇਗਾ। ਨਤੀਜਾ ਇਹ ਹੋਵੇਗਾ ਕਿ ਤਮਾਮ ਲੁੱਟ ਬਾਦਸਤੂਰ ਜਾਰੀ ਰਹੇਗੀ, ਬਦਲੇਗਾ ਕੁਝ ਵੀ ਨਹੀਂ।

# ਸੀ.ਬੀ.ਆਈ. ਦਾ ਮਸਲਾ: ਸਰਕਾਰ ਦਾ ਟੀਰ ਅਤੇ ਪ੍ਰਚਾਰ-ਤੰਤਰ

**ਰਵੀਸ਼ ਕੁਮਾਰ**
**ਅਨੁਵਾਦ: ਬੂਟਾ ਸਿੰਘ**

ਹਿੰਦੀ ਅਖਬਾਰਾਂ ਦੇ ਸੰਪਾਦਕਾਂ ਨੇ ਆਪਣੇ ਪਾਠਕਾਂ ਦੀ ਹੱਤਿਆ ਦਾ ਪਲਾਨ ਬਣਾ ਲਿਆ ਹੈ। ਅਖਬਾਰ ਕੂੜੇ ਦੇ ਢੇਰ 'ਚ ਬਦਲਦੇ ਜਾ ਰਹੇ ਹਨ। ਅਖਬਾਰ ਹੁਣ ਪ੍ਰਾਪੇਗੰਡਾ ਦਾ ਹੀ ਸਮਾਨ ਢੋਂਦੇ ਨਜ਼ਰ ਆਉਂਦੇ ਹਨ। ਪਿਛਲੇ ਸਾਢੇ ਚਾਰ ਸਾਲ ਵਿਚ ਹਿੰਦੀ ਅਖਬਾਰਾਂ ਜਾਂ ਚੈਨਲਾਂ ਵਲੋਂ ਕੋਈ ਵੱਡੀ ਖਬਰ ਸਾਹਮਣੇ ਨਹੀਂ ਆਈ। ਸਾਹਿਤ ਦੀਆਂ ਕਿਤਾਬਾਂ ਤੋਂ ਚੋਰੀ ਕੀਤੀ ਵਿਡੰਬਨਾਵਾਂ ਦੀ ਭਾਸ਼ਾ ਅਤੇ ਰੂਪਕਾਂ ਦੇ ਸਹਾਰੇ ਹਿੰਦੀ ਦੇ ਪੱਤਰਕਾਰ ਪਾਠਕਾਂ ਦੀ ਨਜ਼ਰ ਤੋਂ ਬਚ ਕੇ ਨਿਕਲ ਜਾਂਦੇ ਹਨ। ਖਬਰ ਨਹੀਂ ਹੈ। ਕੇਵਲ ਭਾਸ਼ਾ ਦੀ ਖੇਡ ਹੈ।

ਆਖਿਰ ਜਦੋਂ ਮਾਮਲਾ ਖਬਰਾਂ ਨੂੰ ਖੋਜਣ ਅਤੇ ਪਹਿਲੇ ਪੰਨੇ ਉਪਰ ਛਾਪਣ ਦੇ ਲਈ ਲਗਾਤਾਰ ਪੜਤਾਲ ਕੀਤੀ ਹੁੰਦਾ ਹੈ ਤਾਂ ਹਿੰਦੀ ਦਾ ਪੱਤਰਕਾਰ ਕਿਉਂ ਨਜ਼ਰ ਨਹੀਂ ਆਉਂਦਾ ਹੈ?

ਐਸਾ ਨਹੀਂ ਹੈ ਕਿ ਉਹਦੇ ਕੋਲ ਖਬਰ ਨਹੀਂ ਹੈ, ਉਹਦੀ ਯੋਗਤਾ ਕਿਸੇ ਤੋਂ ਘੱਟ ਨਹੀਂ ਹੈ, ਲੇਕਿਨ ਅਖਬਾਰਾਂ ਦੇ ਮਾਲਕ ਅਤੇ ਗ਼ੁਲਾਮ ਸੰਪਾਦਕ ਉਨ੍ਹਾਂ ਦੀ ਧਾਰ ਖੁੰਢੀ ਕਰ ਦਿੰਦੇ ਹਨ। ਕੀ ਤੁਹਾਡਾ ਹਿੰਦੀ ਅਖਬਾਰ ਜਾਂ ਚੈਨਲ ਆਲੋਕ ਵਰਮਾ (ਹਾਲ ਹੀ ਵਿਚ ਸੀ.ਬੀ.ਆਈ. ਦੇ ਹਟਾਏ ਗਏ ਡਾਇਰੈਕਟਰ) ਦੇ ਮਾਮਲੇ ਦੀ ਖੁਦ ਕਿਸੇ ਤਰ੍ਹਾਂ ਦੀ ਪੜਤਾਲ ਕਰ ਰਿਹਾ ਹੈ?

ਅੱਧੀ ਰਾਤ ਤੋਂ ਪਹਿਲਾਂ ਉਚ ਤਾਕਤੀ ਕਮੇਟੀ ਬੈਠਦੀ ਹੈ। ਆਲੋਕ ਵਰਮਾ ਨੂੰ ਹਟਾ ਦਿੱਤਾ ਜਾਂਦਾ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਖੁਦ ਨੂੰ ਉਸ ਕਮੇਟੀ ਤੋਂ ਅਲੱਗ ਕਰ ਲੈਂਦੇ ਹਨ; ਇਸ ਆਧਾਰ 'ਤੇ ਕਿ ਫੈਸਲਾ ਉਸ ਨੇ ਲਿਖਿਆ ਹੈ; ਲੇਕਿਨ ਉਸ ਕਮੇਟੀ ਵਿਚ ਪ੍ਰਧਾਨ ਮੰਤਰੀ ਬੈਠ ਜਾਂਦੇ ਹਨ, ਜਦਕਿ ਸ਼ੱਕ ਦੀ ਸੂਈ ਖੁਦ ਪ੍ਰਧਾਨ ਮੰਤਰੀ 'ਤੇ ਹੈ ਕਿ ਉਹ ਖੁਦ ਨੂੰ ਤੇ ਅੰਬਾਨੀ ਨੂੰ ਬਚਾਉਣ ਲਈ ਰਾਫਾਲ ਮਾਮਲੇ ਨੂੰ ਦਬਾ ਸਕਦੇ ਹਨ। ਕਾਇਦੇ ਦੇ ਹਿਸਾਬ ਨਾਲ ਪ੍ਰਧਾਨ ਮੰਤਰੀ ਨੂੰ ਵੀ ਇਸ ਕਮੇਟੀ ਤੋਂ ਅਲੱਗ ਹੋ ਜਾਣਾ ਚਾਹੀਦਾ ਸੀ। ਕਹਿਣਾ ਚਾਹੀਦਾ ਸੀ ਕਿ ਸੁਪਰੀਮ ਕੋਰਟ ਹੀ ਫੈਸਲਾ ਕਰੇ ਤਾਂ ਜੋ ਜਨਤਾ ਨੂੰ ਕੋਈ ਸ਼ੱਕ ਨਾ ਹੋਵੇ। ਜਿਸ ਸੀ.ਵੀ.ਸੀ. (ਕੇਂਦਰੀ ਵਿਜੀਲੈਂਸ ਕਮਿਸ਼ਨ) ਦੀ ਰਿਪੋਰਟ ਦੇ ਆਧਾਰ 'ਤੇ ਫੈਸਲਾ ਹੋਇਆ, ਉਸ ਉਪਰ ਫੈਸਲਾ ਸੁਪਰੀਮ ਕੋਰਟ ਵੀ ਕਰ ਸਕਦੀ ਸੀ।

ਆਨਲਾਈਨ ਨਿਊਜ਼ ਬਲਾਗ 'ਦਿ ਵਾਇਰ' ਵਿਚ ਰੋਹਿਣੀ ਸਿੰਘ ਦਾ ਖੁਲਾਸਾ ਤਾਂ ਹੋਰ ਵੀ ਗੰਭੀਰ ਹੈ। ਰੋਹਿਣੀ ਸਿੰਘ ਨੇ ਲਿਖਿਆ ਹੈ ਕਿ ਕੇਂਦਰੀ ਵਿਜੀਲੈਂਸ ਕਮਿਸ਼ਨਰ ਕੇ.ਵੀ. ਚੌਧਰੀ ਆਲੋਕ ਵਰਮਾ ਦੇ ਘਰ ਗਏ ਸਨ। ਚੌਧਰੀ ਚਾਹੁੰਦੇ ਸਨ ਕਿ ਆਲੋਕ ਵਰਮਾ ਰਾਕੇਸ਼ ਅਸਥਾਨਾ (ਮੋਦੀ ਸਰਕਾਰ ਵਲੋਂ ਨਿਯੁਕਤ ਕੀਤਾ ਸੀ.ਬੀ.ਆਈ. ਦਾ ਸਪੈਸ਼ਲ ਡਾਇਰੈਕਟਰ) ਖਿਲਾਫ ਆਪਣੀ ਸ਼ਿਕਾਇਤ ਵਾਪਸ ਲੈ ਲਵੇ। ਆਲੋਕ ਵਰਮਾ ਨੇ ਇਹ ਗੱਲ ਜਸਟਿਸ ਪਟਨਾਇਕ ਨੂੰ ਲਿਖ ਕੇ ਦੇ ਦਿੱਤੀ ਸੀ। ਜਦੋਂ ਰਾਕੇਸ਼ ਅਸਥਾਨਾ ਨੇ ਵਰਮਾ ਉਪਰ ਇਲਜ਼ਾਮ ਲਗਾਏ ਤਾਂ ਸੁਪਰੀਮ ਕੋਰਟ ਨੇ ਜਸਟਿਸ ਪਟਨਾਇਕ ਨੂੰ ਕੰਮ ਦਿੱਤਾ ਕਿ ਵਰਮਾ ਉਪਰ ਲੱਗੇ ਇਲਜ਼ਾਮਾਂ ਦੀ ਜਾਂਚ ਕੀਤੀ ਜਾਵੇ। ਰੋਹਿਣੀ ਸਿੰਘ ਦੀ ਖਬਰ ਦਾ ਅਜੇ ਤਕ ਕੇਂਦਰੀ ਜਾਂਚ ਕਮਿਸ਼ਨਰ ਚੌਧਰੀ ਨੇ ਖੰਡਨ ਤਕ ਨਹੀਂ ਕੀਤਾ। ਜ਼ਰਾ ਸੋਚੋ, ਇਹ ਤਾਂ ਹਾਲਤ ਹੋ ਗਈ ਹੈ।

ਰੋਹਿਣੀ ਸਿੰਘ ਨੇ ਲਿਖਿਆ ਹੈ ਕਿ ਆਲੋਕ ਵਰਮਾ ਪ੍ਰਧਾਨ ਮੰਤਰੀ ਦਫਤਰ ਦੇ ਇਕ ਅਫਸਰ ਭਾਸਕਰ ਕੁਲਬੇ ਉਪਰ ਮੁਕੱਦਮਾ ਦਾਇਰ ਕਰਨ ਦਾ ਫੈਸਲਾ ਕਰਨ ਵਾਲੇ ਸਨ। ਉਹ ਕੋਲਾ ਘੁਟਾਲੇ ਵਿਚ ਭਾਸਕਰ ਕੁਲਬੇ ਦੀ ਭੂਮਿਕਾ ਦੀ ਜਾਂਚ ਕਰਨਾ ਕਰਨਾ ਚਾਹੁੰਦੇ ਸਨ। ਰਾਕੇਸ਼ ਅਸਥਾਨਾ ਇਸ ਦਾ ਵਿਰੋਧ ਕਰ ਰਹੇ ਸਨ। ਇਸ ਨੂੰ ਲੈ ਕੇ ਵਰਮਾ ਅਤੇ ਅਸਥਾਨਾ ਵਿਚ ਲੜਾਈ ਛਿੜ ਗਈ। ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਜਦੋਂ 36 ਘੰਟਿਆਂ ਲਈ ਆਲੋਕ ਵਰਮਾ ਦੀ ਬਹਾਲੀ ਹੋਈ ਤਾਂ ਉਸ ਨੇ ਭਾਸਕਰ ਕੁਲਬੇ ਖਿਲਾਫ ਫੈਸਲਾ ਕਰ ਲਿਆ, ਲੇਕਿਨ ਉਸ ਨੂੰ ਹਟਾਏ ਜਾਣ ਦੀ ਦੇਰ ਸੀ, ਨਵੇਂ ਕਾਰਜਕਾਰੀ ਡਾਇਰੈਕਟਰ ਨੇ ਵਰਮਾ ਦੇ ਸਾਰੇ ਫੈਸਲੇ ਉਲਟਾ ਦਿੱਤੇ।

ਰੋਹਿਣੀ ਸਿੰਘ ਲਿਖਦੀ ਹੈ ਕਿ ਕੇਂਦਰੀ ਵਿਜੀਲੈਂਸ ਕਮਿਸ਼ਨਰ ਕੇ.ਵੀ. ਚੌਧਰੀ ਨੇ ਸੁਪਰੀਮ ਕੋਰਟ ਤੋਂ ਵੀ ਇਹ ਗੱਲ ਛੁਪਾਈ ਕਿ ਉਹ ਆਲੋਕ ਵਰਮਾ ਦੇ ਘਰ ਗਿਆ ਸੀ ਅਤੇ ਉਥੇ ਉਸ ਨੇ ਅਸਥਾਨਾ ਦੀ ਤਰਫੋਂ ਗੱਲ ਕੀਤੀ ਸੀ। ਇਹ ਜਾਣਕਾਰੀ ਇਸ ਲਈ ਵੀ ਮਹੱਤਵਪੂਰਨ ਹੈ ਕਿ ਵਰਮਾ ਦੇ ਖਿਲਾਫ ਸੀ.ਵੀ.ਸੀ. ਨੇ ਜੋ ਰਿਪੋਰਟ ਦਿੱਤੀ ਹੈ, ਉਹ ਪੂਰੀ ਤਰ੍ਹਾਂ ਅਸਥਾਨਾ ਦੀਆਂ ਸ਼ਿਕਾਇਤਾਂ ਦੇ ਆਧਾਰ ਉਪਰ ਹੈ। ਚੌਧਰੀ ਚਾਹੁੰਦੇ ਸਨ ਕਿ ਅਸਥਾਨਾ ਦੀ ਸਾਲਾਨਾ ਕਰੀਅਰ ਰਿਪੋਰਟ ਵਿਚ ਜੋ ਪ੍ਰਤੀਕੂਲ ਟਿੱਪਣੀ ਕੀਤੀ ਗਈ ਹੈ, ਵਰਮਾ ਉਸ ਨੂੰ ਬਦਲ ਦੇਵੇ।

ਪ੍ਰਤੀਕੂਲ ਟਿੱਪਣੀ ਕਾਰਨ ਤਰੱਕੀ ਰੁਕ ਜਾਂਦੀ ਹੈ। ਆਲੋਕ ਵਰਮਾ ਦੇ ਨਾਂਹ ਕਰ ਦੇਣ ਤੋਂ ਬਾਅਦ ਰਾਕੇਸ਼ ਅਸਥਾਨਾ ਨੇ ਕੇਂਦਰੀ ਵਿਜੀਲੈਂਸ ਕਮਿਸ਼ਨਰ ਨੂੰ ਵਰਮਾ ਖਿਲਾਫ ਸ਼ਿਕਾਇਤਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਉਸੇ ਦੇ ਆਧਾਰ 'ਤੇ ਵਰਮਾ ਨੂੰ ਹਟਾਇਆ ਗਿਆ। ਵਰਮਾ ਨੇ ਅਸਥਾਨਾ ਦੇ ਖਿਲਾਫ ਜੋ ਸ਼ਿਕਾਇਤਾਂ ਕੀਤੀਆਂ, ਉਸ ਉਪਰ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ।

ਜਸਟਿਸ ਪਟਨਾਇਕ ਨੇ ਵੀ ਇੰਡੀਅਨ ਐਕਸਪ੍ਰੈੱਸ ਦੀ ਪ੍ਰਤੀਨਿਧ ਸੀਮਾ ਚਿਸ਼ਤੀ ਨੂੰ ਕਿਹਾ ਹੈ ਕਿ ਕੇਂਦਰੀ ਵਿਜੀਲੈਂਸ ਕਮਿਸ਼ਨ ਦੀ ਰਿਪੋਰਟ 'ਚ ਜੋ ਦੋਸ਼ ਹਨ, ਉਹ ਸਹੀ ਨਹੀਂ, ਬੇਬੁਨਿਆਦ ਹਨ। ਜਸਟਿਸ ਪਟਨਾਇਕ ਨੇ ਰੋਹਿਣੀ ਸਿੰਘ ਨੂੰ ਵੀ ਕਿਹਾ ਹੈ ਕਿ ਉਸ ਨੇ ਜੋ ਇੰਡੀਅਨ ਐਕਸਪ੍ਰੈੱਸ ਨੂੰ ਕਿਹਾ ਹੈ, ਉਹ ਉਸ 'ਤੇ ਦ੍ਰਿੜ ਹੈ। ਅਸਥਾਨਾ ਖਿਲਾਫ ਸੀ.ਬੀ.ਆਈ. ਵਿਚ ਜਾਂਚ ਦੇ ਛੇ-ਛੇ ਮਾਮਲੇ ਲਟਕੇ ਹੋਏ ਹਨ। ਅਸਥਾਨਾ ਦਿੱਲੀ ਹਾਈਕੋਰਟ ਗਏ ਸਨ ਕਿ ਐਫ. ਆਈ. ਆਰ. ਖਾਰਜ ਕੀਤੀ ਜਾਵੇ, ਲੇਕਿਨ ਹਾਈਕੋਰਟ ਨੇ ਉਲਟਾ ਸੀ.ਬੀ.ਆਈ. ਨੂੰ ਹੀ ਦਸ ਹਫਤੇ ਦੇ ਅੰਦਰ ਜਾਂਚ ਕਰਨ ਦੇ ਆਦੇਸ਼ ਦੇ ਦਿੱਤੇ।

ਹੁਣ ਤੁਸੀਂ ਦੱਸੋ, ਕੀ ਤੁਹਾਨੂੰ ਲੱਗਦਾ ਹੈ ਕਿ ਆਲੋਕ ਵਰਮਾ ਨੂੰ ਹਟਾਉਣ ਦੇ ਫੈਸਲੇ ਵਿਚ ਪ੍ਰਧਾਨ ਮੰਤਰੀ ਨੂੰ ਪੈਣਾ ਚਾਹੀਦਾ ਸੀ? ਨੈਤਿਕਤਾ ਦਾ ਤਕਾਜ਼ਾ ਕੀ ਕਹਿੰਦਾ ਹੈ? ਕੀ ਅੰਬਾਨੀ ਲਈ ਹਕੂਮਤਾਂ ਕੁਝ ਵੀ ਕਰ ਦੇਣਗੀਆਂ? ਹੁਣ ਇਸੇ ਖਬਰ ਨੂੰ ਤੁਸੀਂ ਆਪਣੇ ਕਿਸੇ ਵੀ ਹਿੰਦੀ ਅਖਬਾਰ ਵਿਚ ਖੋਜੋ। ਕੀ ਕੋਈ ਅਖਬਾਰ ਇਸ ਖਬਰ ਦਾ ਪਿੱਛਾ ਕਰ ਰਿਹਾ ਹੈ? ਐਸਾ ਨਹੀਂ ਹੈ ਕਿ ਹਿੰਦੀ ਅਖਬਾਰਾਂ ਕੋਲ ਹੰਢੇ ਹੋਏ ਪੱਤਰਕਾਰ ਨਹੀਂ, ਲੇਕਿਨ ਉਥੇ ਐਸੀਆਂ ਖਬਰਾਂ ਕਿਥੇ ਹਨ? ਸਰਕਾਰ ਅਤੇ ਸੀਵੀਸੀ ਨੂੰ ਫਰਕ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਐਸੀਆਂ ਖਬਰਾਂ ਹਿੰਦੀ ਅਖਬਾਰਾਂ ਅਤੇ ਚੈਨਲਾਂ ਦੇ ਜ਼ਰੀਏ ਜਨਤਾ ਤਕ ਪਹੁੰਚਣਗੀਆਂ ਹੀ ਨਹੀਂ।

ਅੱਜ ਟੈਲੀਗ੍ਰਾਫ ਅਖਬਾਰ (ਕੋਲਕਾਤਾ ਤੋਂ ਛਪਦੇ ਰੋਜ਼ਾਨਾ ਅੰਗਰੇਜ਼ੀ ਅਖਬਾਰ) ਵਿਚ ਸਾਬਕਾ ਚੀਫ ਜਸਟਿਸ ਟੀ.ਐਸ. ਠਾਕੁਰ ਨੇ ਵੀ ਕਿਹਾ ਹੈ ਕਿ ਆਲੋਕ ਵਰਮਾ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣਾ ਚਾਹੀਦਾ ਹੈ। ਜੇ ਮੀਡੀਆ ਹੀ ਆਜ਼ਾਦ ਨਹੀਂ ਹੈ ਤਾਂ ਫਿਰ ਤੁਸੀਂ ਕਿਸ ਸੂਚਨਾ ਦੇ ਆਧਾਰ 'ਤੇ ਉਸ ਸਰਕਾਰ ਦਾ ਮੁਲੰਕਣ ਕਰ ਰਹੇ ਹੋ, ਇਹ ਸਵਾਲ ਖੁਦ ਨੂੰ ਪੁੱਛੋ ਅਤੇ ਆਪਣੇ ਹਿੰਦੀ ਅਖਬਾਰ ਅਤੇ ਨਿਊਜ਼ ਚੈਨਲਾਂ ਨੂੰ ਪੁੱਛੋ। ਸਭ ਕੁਝ ਬਰਬਾਦ ਹੋ ਜਾਏ, ਇਸ ਤੋਂ ਪਹਿਲਾਂ ਹੀ ਇਹ ਸਵਾਲ ਜ਼ਰੂਰ ਪੁੱਛੋ।

**ਨੋਟ:** ਇਹ ਅਫਵਾਹ ਫੈਲਾਈ ਜਾ ਰਹੀ ਹੈ ਕਿ ਆਲੋਕ ਵਰਮਾ ਨੇ ਵਿਜੈ ਮਾਲਿਆ ਨੂੰ ਭਜਾਉਣ ਵਿਚ ਮਦਦ ਕੀਤੀ। ਤੱਥ ਇਹ ਹੈ ਕਿ ਵਰਮਾ ਤਾਂ ਮਾਲਿਆ ਨੂੰ ਭਜਾਉਣ ਤੋਂ ਇਕ ਸਾਲ ਪਿਛੋਂ ਚੀਫ ਬਣੇ। ਮਾਲਿਆ ਪੂਰੀ ਸਰਕਾਰ ਦੇ ਤੰਤਰ ਦੀ ਮਦਦ ਨਾਲ ਭੱਜਿਆ ਸੀ। ਐਨੇ ਵੀ ਭੋਲ਼ੇ ਨਾ ਬਣੋ। ਕੋਈ ਮੂਰਖ ਬਣਾਏ ਤਾਂ ਘੱਟੋ-ਘੱਟ ਮੂਰਖ ਨਾ ਬਣੋ।

# ਆਟਾ ਦਾਲ ਸਕੀਮ ਦੇ ਸੱਤ ਲੱਖ ਲਾਭਪਾਤਰੀ ਲਾਪਤਾ

**ਬਠਿੰਡਾ:** ਆਟਾ-ਦਾਲ ਸਕੀਮ ਦੇ ਤਕਰੀਬਨ ਸੱਤ ਲੱਖ ਲਾਭਪਾਤਰੀ ਲਾਪਤਾ ਹੋ ਗਏ ਹਨ ਜਿਨ੍ਹਾਂ ਨੂੰ ਹੁਣ ਸਰਕਾਰੀ ਅਫਸਰ ਤੇ ਮੁਲਾਜ਼ਮ ਲੱਭਣਗੇ। ਇਨ੍ਹਾਂ ਦੀ ਬਦੌਲਤ ਕਰੀਬ 84 ਕਰੋੜ ਦਾ ਰਗੜਾ ਹਰ ਵਰ੍ਹੇ ਖਜ਼ਾਨੇ ਨੂੰ ਲੱਗ ਰਿਹਾ ਸੀ। ਪੰਜਾਬ ਸਰਕਾਰ ਨੇ ਹੁਣ ਲਾਪਤਾ ਹੋਏ ਨੀਲੇ ਕਾਰਡ ਹੋਲਡਰਾਂ ਦੀ ਪੈੜ ਨੱਪਣ ਲਈ ਪੜਤਾਲ ਦੇ ਹੁਕਮ ਦਿੱਤੇ ਹਨ।



ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਜਦੋਂ ਆਖਰੀ ਵਾਰ ਆਟਾ-ਦਾਲ ਸਕੀਮ ਦੇ ਅਨਾਜ ਦੀ ਈ-ਪੋਸ ਮਸ਼ੀਨਾਂ (ਪੁਆਇੰਟ ਆਫ ਸੇਲ) ਨਾਲ ਵੰਡ ਕੀਤੀ ਸੀ ਤਾਂ ਹੈਰਾਨੀ ਵਾਲੇ ਤੱਥ ਸਾਹਮਣੇ ਆਏ ਸਨ। ਅਕਤੂਬਰ 2018 ਤੱਕ (ਛੇ ਮਹੀਨੇ ਦਾ) ਦਾ ਅਨਾਜ ਲੈਣ ਲਈ ਪੰਜਾਬ ਭਰ ਵਿਚੋਂ ਕਰੀਬ 1.76 ਲੱਖ ਨੀਲੇ ਕਾਰਡ ਹੋਲਡਰ ਨਹੀਂ ਆਏ ਜਿਨ੍ਹਾਂ ਵੱਲੋਂ 7.04 ਲੱਖ ਪਰਿਵਾਰਕ ਮੈਂਬਰਾਂ ਦਾ ਅਨਾਜ ਪਹਿਲਾਂ ਨਿਯਮਤ ਤੌਰ ਉਤੇ ਲਿਆ ਜਾਂਦਾ ਸੀ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਨੇ 7 ਜਨਵਰੀ ਨੂੰ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਦੀ ਸ਼ਨਾਖਤ ਕਰਨ ਦੇ ਹੁਕਮ ਜਾਰੀ ਕੀਤੇ ਹਨ ਅਤੇ 15 ਫਰਵਰੀ ਤੱਕ ਪੜਤਾਲ ਮੁਕੰਮਲ ਕਰਨ ਦਾ ਟੀਚਾ ਦਿੱਤਾ ਗਿਆ ਹੈ।

ਪੰਜਾਬ ਵਿਚ ਕਰੀਬ 35.26 ਲੱਖ ਨੀਲੇ ਕਾਰਡ ਹਨ ਜਿਨ੍ਹਾਂ ਉਤੇ 1.41 ਕਰੋੜ ਲਾਭਪਾਤਰੀ ਅਨਾਜ ਲੈ ਰਹੇ ਹਨ। ਕੈਪਟਨ ਸਰਕਾਰ ਨੇ ਜਦੋਂ ਹੁਣ ਈ-ਪੋਸ ਮਸ਼ੀਨਾਂ ਨਾਲ (ਅੰਗੂਠਾ ਲਵਾ ਕੇ) ਰਾਸ਼ਨ ਵੰਡਣਾ ਸ਼ੁਰੂ ਕੀਤਾ ਤਾਂ 33.50 ਲੱਖ ਪਰਿਵਾਰਾਂ ਨੇ ਰਾਸ਼ਨ ਲਿਆ ਜਦੋਂ ਕਿ ਬਾਕੀ 1.76 ਲੱਖ ਪਰਿਵਾਰ ਰਾਸ਼ਨ ਲੈਣ ਹੀ ਨਹੀਂ ਪੁੱਜੇ ਜੋ ਹੁਣ ਸ਼ੱਕ ਦੇ ਦਾਇਰੇ 'ਚ ਆ ਗਏ ਹਨ। ਪੰਜਾਬ ਸਰਕਾਰ ਹੁਣ ਆਟਾ-ਦਾਲ ਸਕੀਮ ਦੀ ਛੇਵੀਂ ਵਾਰ ਪੜਤਾਲ ਕਰਵਾਏਗੀ, ਜਿਸ ਵਿਚ ਗੁੰਮ ਹੋਏ ਕਾਰਡ ਹੋਲਡਰਾਂ ਦਾ ਸੱਚ ਜਾਣਿਆ ਜਾਵੇਗਾ।

ਪ੍ਰਾਪਤ ਵੇਰਵਿਆਂ ਅਨੁਸਾਰ ਸਾਲ 2011 ਦੀ ਜਨਗਣਨਾ ਨੂੰ ਆਧਾਰ ਮੰਨੀਏ ਤਾਂ ਪੰਜਾਬ ਦੀ 49.50 ਫੀਸਦੀ ਆਬਾਦੀ ਆਟਾ-ਦਾਲ ਸਕੀਮ ਦਾ ਫਾਇਦਾ ਲੈ ਰਹੀ ਹੈ ਜਿਨ੍ਹਾਂ ਵਿਚ 44.88 ਫੀਸਦੀ ਸ਼ਹਿਰੀ ਅਤੇ 54.60 ਫੀਸਦੀ ਆਬਾਦੀ ਪੇਂਡੂ ਹੈ। ਸਰਹੱਦੀ ਜ਼ਿਲ੍ਹਿਆਂ ਵਿਚ 80 ਫੀਸਦੀ ਆਬਾਦੀ ਕੋਲ ਆਟਾ-ਦਾਲ ਸਕੀਮ ਦੇ ਕਾਰਡ ਹਨ। ਖਜ਼ਾਨਾ ਮੰਤਰੀ ਦੇ ਹਲਕਾ ਬਠਿੰਡਾ ਵਿਚ 39 ਹਜ਼ਾਰ ਨੀਲੇ ਕਾਰਡ ਬਣੇ ਹੋਏ ਸਨ ਜਿਨ੍ਹਾਂ ਵਿਚੋਂ 22 ਹਜ਼ਾਰ ਕਾਰਡ ਅਯੋਗ ਨਿਕਲੇ ਸਨ। ਖੁਰਾਕ ਤੇ ਸਪਲਾਈ ਮੰਤਰੀ ਤਾਂ ਇਥੋਂ ਤੱਕ ਦੱਸਦੇ ਹਨ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੌਰਾਨ ਅਯੋਗ ਕਾਰਡ ਵੱਡੀ ਗਿਣਤੀ ਵਿਚ ਬਣੇ ਹਨ। ਉਨ੍ਹਾਂ ਅਨੁਸਾਰ ਮਜੀਠਾ ਹਲਕੇ ਵਿਚ 98 ਫੀਸਦੀ ਆਬਾਦੀ, ਜਲਾਲਾਬਾਦ ਵਿਚ 75 ਫੀਸਦੀ ਅਤੇ ਪੱਟੀ ਵਿਚ 72 ਫੀਸਦੀ ਆਬਾਦੀ ਆਟਾ-ਦਾਲ ਸਕੀਮ ਕਾਰਡ ਧਾਰਕ ਹੈ।

ਦੱਸਣਯੋਗ ਹੈ ਕਿ ਚੋਣਾਂ ਤੋਂ ਪਹਿਲਾਂ ਬਠਿੰਡਾ ਤੇ ਮਾਨਸਾ ਵਿਚ ਧੜਾਧੜ ਆਟਾ-ਦਾਲ ਸਕੀਮ ਦੇ ਕਾਰਡ ਬਣਦੇ ਰਹੇ ਹਨ। ਹੁਣ ਬਠਿੰਡਾ ਵਿਚ ਇਸ ਸਕੀਮ ਦੇ 1.78 ਲੱਖ ਅਤੇ ਮਾਨਸਾ ਵਿਚ 1.06 ਲੱਖ ਨੀਲੇ ਕਾਰਡ ਹਨ। ਪੰਜਾਬ ਸਰਕਾਰ ਵੱਲੋਂ ਆਟਾ-ਦਾਲ ਸਕੀਮ ਤਹਿਤ ਪ੍ਰਤੀ ਕਾਰਡ ਧਾਰਕ ਨੂੰ ਔਸਤ 4 ਮੈਂਬਰਾਂ ਦਾ ਸਾਲਾਨਾ ਅਨਾਜ 2.40 ਕੁਇੰਟਲ (ਕਣਕ) ਦਿੱਤਾ ਹੈ। ਇਹ ਕਣਕ ਦੋ ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਇਸ ਲਿਹਾਜ਼ ਨਾਲ ਸਰਕਾਰ 1.76 ਲੱਖ ਕਾਰਡ ਧਾਰਕਾਂ (ਜੋ ਹੁਣ ਗੁੰਮ ਹਨ), ਨੂੰ ਸਾਲਾਨਾ 84 ਕਰੋੜ ਦੀ ਕਣਕ ਵੰਡਦੀ ਰਹੀ ਹੈ।

ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ 1.76 ਲੱਖ ਕਾਰਡ ਧਾਰਕ ਲਾਪਤਾ ਹਨ ਜਿਨ੍ਹਾਂ ਦੀ ਭਾਲ ਦੇ ਹੁਕਮ ਦਿੱਤੇ ਗਏ ਹਨ। ਇਹ ਕਾਰਡ ਡਬਲ ਹੋ ਸਕਦੇ ਹਨ ਅਤੇ ਨਾਜਾਇਜ਼ ਕਾਰਡ ਬਣੇ ਹੋਣ ਦਾ ਦਾ ਸ਼ੱਕ ਵੀ ਹੈ। ਪੜਤਾਲ ਦੌਰਾਨ ਅਨਾਜ ਦੀ ਵੰਡ ਜਾਰੀ ਰਹੇਗੀ ਅਤੇ ਪੂਰੇ ਪੰਜਾਬ ਵਿਚ ਕਾਰਡਾਂ ਦੀ ਵੰਡ ਸਾਵੀਂ ਕੀਤੀ ਜਾਵੇਗੀ ਕਿਉਂਕਿ ਇਸ ਵੇਲੇ ਕਿਤੇ ਜ਼ਿਆਦਾ ਤੇ ਕਿਤੇ ਘੱਟ ਕਾਰਡ ਹੋਲਡਰ ਹਨ।

### ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਵੀ ਮਿਲੇਗਾ ਆਟਾ-ਦਾਲ

ਖੁਦਕੁਸ਼ੀ ਕਰਨ ਵਾਲੇ ਕਿਸਾਨਾਂ/ਭੂਮੀਹੀਣ ਪਰਿਵਾਰਾਂ ਨੂੰ ਵੀ ਆਟਾ-ਦਾਲ ਸਕੀਮ ਦਾ ਲਾਭ ਮਿਲੇਗਾ। ਨਵੀਂ ਹਦਾਇਤ ਜਾਰੀ ਕਰ ਕੇ ਅਜਿਹੇ ਪਰਿਵਾਰਾਂ ਨੂੰ ਸਕੀਮ ਵਿਚ ਸ਼ਾਮਲ ਕਰਨ ਲਈ ਆਖਿਆ ਗਿਆ ਹੈ ਜਿਨ੍ਹਾਂ ਦੇ ਕਮਾਊ ਜੀਅ ਤੰਗੀ ਕਰ ਕੇ ਖੁਦਕੁਸ਼ੀ ਕਰ ਗਏ ਹਨ। ਇਸੇ ਤਰ੍ਹਾਂ ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਆਸ਼ਰਿਤ ਵੀ ਇਸ ਸਕੀਮ ਵਿਚ ਸ਼ਾਮਲ ਹੋਣਗੇ ਜਿਨ੍ਹਾਂ ਦੀ ਸਾਲਾਨਾ ਆਮਦਨ ਪੈਨਸ਼ਨ ਤੋਂ ਇਲਾਵਾ 60 ਹਜ਼ਾਰ ਰੁਪਏ ਤੋਂ ਘੱਟ ਬਣਦੀ ਹੋਵੇਗੀ। ਏਡਜ਼ ਤੇ ਕੋਹੜ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਵੀ ਇਹ ਸਹੂਲਤ ਦਿੱਤੀ ਜਾਣੀ ਹੈ।

## ਜਾਗੋ ਕੱਢਦੇ ਸਮੇਂ ਗੋਲੀ ਚੱਲਣ ਕਾਰਨ ਫੋਟੋਗ੍ਰਾਫਰ ਦੀ ਮੌਤ

**ਦਸੂਹਾ:** ਨੇੜਲੇ ਪਿੰਡ ਹਰਦੋਥਲਾਂ 'ਚ ਇਕ ਵਿਆਹ ਸਮਾਗਮ ਮੌਕੇ ਕੱਢੀ ਗਈ ਜਾਗੋ ਦੌਰਾਨ ਅਚਾਨਕ ਚੱਲੀ ਗੋਲੀ ਕਾਰਨ ਫੋਟੋਗ੍ਰਾਫਰ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸਵਿੰਦਰ ਸਿੰਘ ਉਰਫ ਜੱਸੀ (22) ਪੁੱਤਰ ਕਮਲਜੀਤ ਸਿੰਘ ਵਾਸੀ ਮਨਸੂਰਪੁਰ ਵਜੋਂ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਹਰਦੋਥਲਾਂ ਵਿਚ ਉਪਜੀਤ ਸਿੰਘ ਉਰਫ ਟੀਟੂ ਦੀ ਲੜਕੀ ਦਾ ਵਿਆਹ ਸੀ ਤੇ ਜਿਸ ਸਬੰਧੀ ਰਾਤ ਕਰੀਬ 8.30 ਵਜੇ ਜਾਗੋ ਕੱਢੀ ਜਾ ਰਹੀ ਸੀ ਕਿ ਇਸ ਰਿਸ਼ਤੇਦਾਰ ਵੱਲੋਂ ਅਚਾਨਕ ਚਲਾਈ ਗਈ ਗੋਲੀ ਜਾਗੋ ਦੀ ਮੂਵੀ ਬਣਾ ਰਹੇ ਫੋਟੋਗ੍ਰਾਫਰ ਜਸਵਿੰਦਰ ਸਿੰਘ ਦੇ ਜਾ ਵੱਜੀ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਹਵਾ ਪ੍ਰਦੂਸ਼ਣ ਘਟਾਉਣ ਲਈ 43 ਸਮਾਰਟ ਸ਼ਹਿਰਾਂ 'ਚ ਪੰਜਾਬ ਦੇ ਸ਼ਹਿਰ ਵੀ ਸ਼ਾਮਲ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਦੇ 43 ਉਨ੍ਹਾਂ ਸ਼ਹਿਰਾਂ ਨੂੰ ਕੌਮੀ ਸਾਫ ਹਵਾ ਪ੍ਰੋਗਰਾਮ 'ਚ ਸ਼ਾਮਲ ਕੀਤਾ ਗਿਆ ਹੈ ਜਿਹੜੇ ਕਿ ਸਮਾਰਟ ਸ਼ਹਿਰਾਂ ਦੀ ਸੂਚੀ 'ਚ ਵੀ ਸ਼ਾਮਲ ਕੀਤੇ ਗਏ ਸਨ। ਇਨ੍ਹਾਂ 'ਚ ਪੰਜਾਬ ਦੇ ਦੋ ਸ਼ਹਿਰ ਲੁਧਿਆਣਾ ਅਤੇ ਜਲੰਧਰ ਦਾ ਹਵਾ ਪ੍ਰਦੂਸ਼ਣ ਘਟਾਉਣ ਦੀ ਯੋਜਨਾ 'ਚ ਸ਼ਾਮਿਲ ਕੀਤਾ ਗਿਆ ਹੈ। ਕੇਂਦਰ ਨੇ ਕੁਝ ਦਿਨ ਪਹਿਲਾਂ ਪੰਜਾਬ ਦੇ ਦੋ ਸ਼ਹਿਰਾਂ (ਲੁਧਿਆਣਾ ਤੇ ਜਲੰਧਰ) ਸਮੇਤ 102 ਸ਼ਹਿਰਾਂ 'ਚ ਕੌਮੀ ਸਵੱਛ ਹਵਾ ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਸ ਤਹਿਤ ਇਕ ਕਾਰਜ ਯੋਜਨਾ ਬਣਾ ਕੇ ਆਉਂਦੇ ਪੰਜ ਸਾਲਾਂ 'ਚ ਇਨ੍ਹਾਂ ਸ਼ਹਿਰਾਂ ਦੇ ਪ੍ਰਦੂਸ਼ਣ ਨੂੰ ਘਟਾਉਣ ਦਾ ਕੰਮ ਕਰਨਾ ਹੈ।

ਮੰਤਰਾਲੇ ਦੇ ਮੰਤਰੀ ਨੇ ਕੁਝ ਦਿਨ ਪਹਿਲਾਂ ਦਿੱਲੀ 'ਚ ਇਸ ਬਾਰੇ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਸੀ। ਲੁਧਿਆਣਾ ਨੂੰ ਜਿਥੇ ਸਨਅਤੀ ਨਗਰ ਕਿਹਾ ਜਾਂਦਾ ਹੈ ਤੇ ਇਸ ਨਾਲ ਹਵਾ ਪ੍ਰਦੂਸ਼ਣ 'ਚ ਵੀ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ ਜਦਕਿ ਜਲੰਧਰ ਕਦੇ ਸਾਫ ਵਾਤਾਵਰਨ ਵਾਲਾ ਸ਼ਹਿਰ ਵੀ ਗਿਣਿਆ ਜਾਂਦਾ ਸੀ ਪਰ ਹਵਾ ਪ੍ਰਦੂਸ਼ਣ ਦੀ ਮਾਤਰਾ ਵਧਣ ਨਾਲ ਕੇਂਦਰ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਇੰਜੀ. ਅਰੁਣ ਕੱਕੜ ਨੇ ਇਸ ਯੋਜਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਵਾ ਪ੍ਰਦੂਸ਼ਣ ਕਿਸ ਤਰ੍ਹਾਂ ਨਾਲ ਘਟਾਉਣਾ ਹੈ, ਇਸ ਲਈ ਕੇਂਦਰ ਨੇ ਉਨ੍ਹਾਂ ਕੋਲ ਸਾਰੀਆਂ ਰਿਪੋਰਟਾਂ ਮੰਗੀਆਂ ਹਨ। ਉਂਜ ਅਜੇ ਤੱਕ ਮਿਲੀਆਂ ਹਦਾਇਤਾਂ 'ਚ ਹਵਾ ਪ੍ਰਦੂਸ਼ਣ ਘਟਾਉਣ ਲਈ ਕਈ ਕਦਮ ਉਠਾਏ ਜਾਣਗੇ ਜਿਨ੍ਹਾਂ 'ਚ ਕੱਚੇ ਰਸਤਿਆਂ ਨੂੰ ਪੱਕਾ ਕਰਨਾ ਅਤੇ ਜਿਹੜੀਆਂ ਖਰਾਬ ਸੜਕਾਂ ਹਨ, ਉਨ੍ਹਾਂ ਨੂੰ ਠੀਕ ਕਰਵਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ ਇਮਾਰਤਾਂ ਦੇ ਮਲਬੇ ਅਤੇ ਉਸ ਸਾਮਾਨ 'ਤੇ ਕੰਟਰੋਲ ਕਰਨਾ ਹੋਵੇਗਾ ਜਿਸ ਦੀ ਧੂੜ ਉੱਡ ਕੇ ਪ੍ਰਦੂਸ਼ਣ ਫੈਲਾਉਂਦੀ ਰਹੀ ਹੈ।

# ਮਹਿੰਗੇ ਪੈਟਰੋਲ ਨੇ ਪੰਜਾਬ ਸਰਕਾਰ ਦੇ ਖਜਾਨੇ ਨੂੰ ਦਿਵਾਇਆ ਸਾਹ

**ਜਲੰਧਰ:** ਪਿਛਲੇ ਸਾਲ ਅਪਰੈਲ ਮਹੀਨੇ ਤੋਂ ਸਤੰਬਰ ਤੱਕ ਸਭ ਤੋਂ ਮਹਿੰਗੇ ਵਿਕਣ ਵਾਲੇ ਪੈਟਰੋਲ, ਡੀਜ਼ਲ ਨਾਲ ਕਾਂਗਰਸ ਸਮੇਤ ਹੋਰ ਵਿਰੋਧੀਆਂ ਪਾਰਟੀਆਂ ਨੇ ਜੰਮ ਕੇ ਕੇਂਦਰ ਦਾ ਵਿਰੋਧ ਕੀਤਾ ਸੀ ਪਰ ਉਨ੍ਹਾਂ ਦਿਨਾਂ 'ਚ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਕਾਫੀ ਫਾਇਦਾ ਹੋਇਆ ਸੀ। ਅੰਕੜਿਆਂ ਵਿਚ ਅਪਰੈਲ 2018 ਤੋਂ ਲੈ ਕੇ ਸਤੰਬਰ 2018 ਤੱਕ ਕੁੱਲ 800 ਕਰੋੜ ਰੁਪਏ ਦਾ ਫਾਇਦਾ ਸਰਕਾਰ ਨੂੰ ਹੋਇਆ ਸੀ। ਪਿਛਲੇ ਸਾਲ ਦੇ 6 ਮਹੀਨੇ ਵਿਚ ਤਾਂ ਨਾ ਸਿਰਫ ਪੰਜਾਬ ਵਿਚ ਪੈਟਰੋਲ, ਡੀਜ਼ਲ ਤੋਂ ਵੈਟ ਵਸੂਲੀ ਵਧ ਗਈ ਸੀ ਜਦਕਿ ਦੂਜੇ ਕਈ ਰਾਜਾਂ ਦੀ ਵੈਟ ਵਸੂਲੀ ਵਿਚ ਵਾਧਾ ਹੋ ਗਿਆ ਸੀ।

ਅਕਤੂਬਰ 2018 ਤੋਂ ਜਦੋਂ ਪੈਟਰੋਲ, ਡੀਜ਼ਲ ਸਸਤਾ ਹੋਣਾ ਸ਼ੁਰੂ ਹੋ ਗਿਆ ਸੀ ਤਾਂ ਚਾਰ ਮਹੀਨੇ ਵਿਚ ਵੈਟ ਵਸੂਲੀ ਵਿਚ ਵੀ ਕਮੀ ਆ ਗਈ ਸੀ। ਇਸੇ ਤਰ੍ਹਾਂ ਨਾਲ ਹਿਮਾਚਲ ਪ੍ਰਦੇਸ਼ ਦਾ 1329 ਕਰੋੜ 'ਤੇ 791 ਕਰੋੜ, ਜੰਮੂ-ਕਸ਼ਮੀਰ ਦਾ 1329 ਕਰੋੜ 'ਤੇ 791 ਕਰੋੜ, ਪੰਜਾਬ ਦਾ 5658 ਕਰੋੜ ਤੇ ਅਪਰੈਲ ਤੋਂ ਸਤੰਬਰ ਤੱਕ ਹੀ ਜਦੋਂ ਕਿ ਪੈਟਰੋਲ, ਡੀਜ਼ਲ ਸਭ ਤੋਂ ਮਹਿੰਗਾ ਸੀ ਤਾਂ ਉਸ ਵੇਲੇ ਮਾਲੀਆ 3485 ਕਰੋੜ ਰੁਪਏ ਪ੍ਰਾਪਤ ਹੋਇਆ ਸੀ। ਚੰਡੀਗੜ੍ਹ 54 ਕਰੋੜ 'ਤੇ 30 ਕਰੋੜ ਰੁਪਏ ਦਾ ਮਾਲੀਆ ਮਿਲਿਆ ਸੀ। ਅਕਤੂਬਰ 2018 ਤੋਂ ਲੈ ਕੇ ਹੁਣ ਤੱਕ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਵਿਚ ਕਰੀਬ 12 ਤੋਂ 13 ਰੁਪਏ ਪ੍ਰਤੀ ਲੀਟਰ ਤੱਕ ਘੱਟ ਚੁੱਕਾ ਹੈ। ਜਥੇਬੰਦੀ ਦੇ ਬੁਲਾਰੇ ਮਾਟੀ ਸਹਿਗਲ ਦਾ ਕਹਿਣਾ ਸੀ ਕਿ ਵੈਟ ਦੀਆਂ ਦਰਾਂ ਘਟਾਉਣ ਲਈ ਤਾਂ ਵਿੱਤ ਮੰਤਰੀ ਨੂੰ ਉਹ ਅੰਕੜਿਆਂ ਸਮੇਤ ਸਾਰੀ ਜਾਣਕਾਰੀ ਦੇ ਚੁੱਕੇ ਹਨ ਤੇ ਜਨਵਰੀ ਮਹੀਨੇ ਵਿਚ ਇਸ ਮੁੱਦੇ 'ਤੇ ਮੀਟਿੰਗ ਕਰਨ ਲਈ ਸੱਦਾ ਦਿੱਤਾ ਗਿਆ ਸੀ ਪਰ ਅਜੇ ਤੱਕ ਇਸ ਬਾਰੇ ਸੱਦਾ ਨਹੀਂ ਆਇਆ ਹੈ।



ਪੰਜਾਬ ਦੇ ਮੁਕਾਬਲੇ ਗੁਆਂਢੀ ਰਾਜਾਂ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਦਰਾਂ ਸਸਤੀਆਂ ਹੋਣ ਕਰਕੇ ਪੈਟਰੋਲ ਅਤੇ ਡੀਜ਼ਲ ਕਾਫੀ ਸਸਤਾ ਹੋਣ ਨਾਲ ਤਾਂ ਪੰਜਾਬ ਦੇ ਪੈਟਰੋਲ ਪੰਪ ਮਾਲਕਾਂ ਦਾ ਦੋਹਰਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਇਕ ਤਾਂ ਉਨ੍ਹਾਂ ਦੀ ਵਿਕਰੀ 30 ਫੀਸਦੀ ਤੋਂ ਜ਼ਿਆਦਾ ਘਟੀ ਹੈ, ਦੂਜਾ ਗੁਆਂਢੀ ਰਾਜਾਂ ਤੋਂ ਛੋਟੇ ਟੈਂਕਰਾਂ ਤੋਂ ਤੇਲ ਤਸਕਰੀ ਰਾਹੀਂ ਲਿਆ ਕੇ ਵਿਕਰੀ ਜ਼ਿਆਦਾ ਪ੍ਰਭਾਵਿਤ ਕੀਤੀ ਜਾ ਰਹੀ ਹੈ।

## ਟੈਕਸ ਚੋਰੀ: ਸਰੀ ਦੇ ਪੰਜਾਬੀ ਵਕੀਲ ਨੂੰ ਕੈਦ ਤੇ ਜੁਰਮਾਨਾ

**ਵੈਨਕੂਵਰ:** ਕੈਨੇਡਾ ਰੈਵੇਨਿਊ ਏਜੰਸੀ ਵੱਲੋਂ ਆਮਦਨ ਕਰ 'ਚ ਹੇਰਾਫੇਰੀ ਦੇ ਦੋਸ਼ ਵਿਚ ਸਰੀ ਦੇ ਇਕ ਪੰਜਾਬੀ ਵਕੀਲ ਨੂੰ ਕੈਦ ਤੇ ਜੁਰਮਾਨਾ ਕੀਤਾ ਗਿਆ ਹੈ। ਵਕੀਲ ਬਲਦੇਵ ਸਿੰਘ ਘੱਗ ਨੂੰ 22 ਮਹੀਨੇ ਕੈਦ ਅਤੇ 418866 ਡਾਲਰ (ਕਰੀਬ ਢਾਈ ਕਰੋੜ ਰੁਪਏ) ਜੁਰਮਾਨਾ ਕੀਤਾ ਗਿਆ ਹੈ। ਕੈਦ ਤਹਿਤ ਉਸ ਨੂੰ ਅੱਠ ਮਹੀਨੇ ਘਰ ਅੰਦਰ ਰਹਿਣਾ ਵੀ ਸ਼ਾਮਲ ਹੈ।

ਇਸ ਵਕੀਲ ਨੇ 2005 ਤੋਂ 2008 ਤੱਕ 1284255 ਡਾਲਰ ਆਮਦਨ ਸਰਕਾਰ ਤੋਂ ਲੁਕਾਈ ਤੇ ਉਸ 'ਤੇ ਬਣਦਾ ਟੈਕਸ ਚੋਰੀ ਕੀਤਾ ਸੀ। ਰੈਵੇਨਿਊ ਏਜੰਸੀ ਅਨੁਸਾਰ ਬਲਦੇਵ ਸਿੰਘ ਘੱਗ ਵੱਲੋਂ ਕੁਝ ਫਰਮਾਂ ਨਾਲ ਵਿੱਤੀ ਲੈਣ-ਦੇਣ ਕੀਤਾ ਗਿਆ, ਪਰ ਉਸ ਵੱਲੋਂ ਇਸ ਦੀ ਜਾਣਕਾਰੀ ਸਰਕਾਰ ਨੂੰ ਨਾ ਦੇ ਕੇ ਵਿੱਤੀ ਹੇਰਾਫੇਰੀ ਕੀਤੀ ਗਈ, ਜਿਸ ਬਦਲੇ ਉਸ ਨੂੰ ਸਜ਼ਾ ਤੇ ਜੁਰਮਾਨਾ ਕੀਤਾ ਗਿਆ ਹੈ। ਇਸ ਦੌਰਾਨ ਏਜੰਸੀ ਦੇ ਬੁਲਾਰੇ ਨੇ ਦੱਸਿਆ ਪਹਿਲੀ ਅਪਰੈਲ 2013 ਤੋਂ 31 ਮਾਰਚ 2018 ਤੱਕ 307 ਲੋਕਾਂ ਨੂੰ ਸਾਢੇ ਤੇਰਾਂ ਕਰੋੜ ਡਾਲਰ ਦੇ ਟੈਕਸ ਘੁਟਾਲੇ ਬਦਲੇ ਕੁੱਲ 246 ਸਾਲ ਦੀ ਕੈਦ ਦੀ ਸਜ਼ਾ ਅਤੇ ਪੌਣੇ ਚਾਰ ਕਰੋੜ ਡਾਲਰ ਜੁਰਮਾਨਾ ਕੀਤਾ ਗਿਆ ਹੈ।

# ਕੈਨੇਡਾ ਤੋਂ ਪਰਤਦਾ ਲਾੜਾ ਪੁਲਿਸ ਨੇ ਦਿੱਲੀ ਏਅਰਪੋਰਟ 'ਤੇ ਹੀ ਦਬੋਚਿਆ

**ਜਗਰਾਉਂ:** ਕੈਨੇਡਾ ਤੋਂ ਪਰਤਦਾ ਲਾੜਾ ਪੁਲਿਸ ਨੇ ਦਿੱਲੀ ਏਅਰਪੋਰਟ ਉਤੇ ਹੀ ਦਬੋਚ ਲਿਆ। ਜ਼ਿਕਰਯੋਗ ਹੈ ਕਿ ਅਮਨਦੀਪ ਸਿੰਘ ਖਿਲਾਫ ਉਸ ਦੀ ਐਨ.ਆਰ.ਆਈ. ਪਤਨੀ ਪਰਮਿੰਦਰ ਕੌਰ ਵੱਲੋਂ 2015 'ਚ ਐਨ.ਆਰ.ਆਈ. ਥਾਣੇ 'ਚ ਧੋਖਾਧੜੀ ਦਾ ਮੁਕੱਦਮਾ ਦਰਜ ਕਰਵਾਇਆ ਗਿਆ ਸੀ ਤੇ ਕੁਝ ਮਹੀਨੇ ਪਹਿਲਾਂ ਹੀ ਇਸ ਮੁਕੱਦਮੇ 'ਚ ਦਾਜ-ਦਹੇਜ ਦੀ ਧਾਰਾ ਦਾ ਵੀ ਵਾਧਾ ਕੀਤਾ ਜਾ ਚੁੱਕਾ ਹੈ।



ਪੁਲਿਸ ਅਨੁਸਾਰ ਅਮਨਦੀਪ ਬਾਰੇ ਦਿੱਲੀ ਏਅਰਪੋਰਟ 'ਤੇ ਐਲ.ਓ.ਸੀ. ਜਾਰੀ ਕਰਵਾਈ ਹੋਈ ਸੀ ਤੇ ਜਦੋਂ ਉਹ ਦਿੱਲੀ ਏਅਰਪੋਰਟ ਉਤੇ ਉਤਰਿਆ ਤਾਂ ਉਥੋਂ ਦੀ ਪੁਲਿਸ ਨੇ ਉਸ ਨੂੰ ਰੋਕ ਕੇ ਇਸ ਬਾਰੇ ਐਨ. ਆਰ. ਆਈ. ਥਾਣਾ ਜਗਰਾਉਂ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ। ਜਦੋਂ ਐਨ. ਆਰ. ਆਈ. ਥਾਣੇ 'ਚ ਦਰਜ ਇਸ ਮਾਮਲੇ ਦੀ ਕਹਾਣੀ ਫਰੋਲੀ ਤਾਂ ਇਕ ਹੋਰ ਤੱਥ ਵੀ ਸਾਹਮਣੇ ਆਇਆ ਕਿ ਪੀੜਤ ਮਹਿਲਾ ਵੱਲੋਂ ਇਸ ਤੋਂ ਪਹਿਲਾਂ ਪਿੰਡ ਰਾਜੋਆਣਾ ਦੇ ਜਸਵੀਰ ਸਿੰਘ ਨੂੰ ਵਿਦੇਸ਼ ਲਿਜਾਣ ਦਾ ਲਾਰਾ ਲਾਇਆ ਸੀ ਤੇ ਜਸਵੀਰ ਸਿੰਘ ਵੱਲੋਂ ਵੀ ਐਨ.ਆਰ.ਆਈ. ਥਾਣੇ 'ਚ ਪਰਮਿੰਦਰ ਕੌਰ ਦੇ ਪਿਤਾ ਅਵਤਾਰ ਸਿੰਘ ਤੇ ਉਸ ਦੀ ਮਾਤਾ ਪਰਮਜੀਤ ਕੌਰ ਖਿਲਾਫ 20 ਲੱਖ ਰੁਪਏ ਦੀ ਧੋਖਾਧੜੀ ਦਾ ਮੁਕੱਦਮਾ ਦਰਜ ਹੈ।

ਦਿੱਲੀ ਏਅਰਪੋਰਟ ਤੋਂ ਕਾਬੂ ਕੀਤੇ ਕੈਨੇਡੀਅਨ ਲਾੜੇ ਅਮਨਦੀਪ ਸਿੰਘ ਦੇ ਪਰਿਵਾਰ ਪਾਸੋਂ ਵੀ ਪੀੜਤ ਪਰਮਿੰਦਰ ਕੌਰ ਵੱਲੋਂ ਤਿੰਨ ਏਕੜ ਜ਼ਮੀਨ ਆਪਣੇ ਨਾਮ ਲਗਵਾ ਕੇ ਵਿਆਹ ਕਰਵਾਉਣ ਦੇ ਤੱਥ ਪੁਲਿਸ ਕੋਲ ਮੌਜੂਦ ਹਨ। ਪੁਲਿਸ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਭਾਵੇਂ ਇਸ ਮਾਮਲੇ 'ਚ ਪਰਮਿੰਦਰ ਕੌਰ ਪੀੜਤ ਹੈ, ਪਰ ਉਸ ਵੱਲੋਂ ਇਸ ਤੋਂ ਪਹਿਲਾਂ ਪਿੰਡ ਧੱਲੇ ਕੇ (ਮੋਗਾ) ਵਾਸੀ ਪਲਵਿੰਦਰ ਸਿੰਘ ਉਰਫ ਰਾਜੂ ਨਾਲ ਵਿਆਹ ਕਰਵਾਉਣ ਦੀ ਖਬਰ ਹੈ।

## ਰਾਸ਼ਟਰਪਤੀ ਵੱਲੋਂ 10 ਫੀਸਦੀ ਰਾਖਵਾਂਕਰਨ ਬਿੱਲ 'ਤੇ ਮੋਹਰ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਜਨਰਲ ਸ਼੍ਰੇਣੀ ਦੇ ਆਰਥਿਕ ਪੱਖੋਂ ਪਛੜੇ ਵਰਗ ਲਈ ਸਿੱਖਿਆ ਤੇ ਸਰਕਾਰੀ ਨੌਕਰੀਆਂ ਵਿਚ 10 ਫੀਸਦੀ ਰਾਖਵਾਂਕਰਨ ਦੇਣ ਦੀ ਸੰਵਿਧਾਨਕ ਵਿਵਸਥਾ 'ਤੇ ਮੋਹਰ ਲਾ ਦਿੱਤੀ। ਰਾਸ਼ਟਰਪਤੀ ਦੀ ਪ੍ਰਵਾਨਗੀ ਮਗਰੋਂ ਬਿੱਲ ਨੇ ਕਾਨੂੰਨ ਦਾ ਰੂਪ ਲੈ ਲਿਆ ਹੈ। ਸੰਸਦ ਨੇ ਸਬੰਧਤ ਬਿੱਲ 9 ਜਨਵਰੀ ਨੂੰ ਪਾਸ ਕਰ ਦਿੱਤਾ ਸੀ।

ਨਿਆਂ ਮੰਤਰਾਲੇ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ ਜੋ ਸਰਕਾਰ ਵੱਲੋਂ ਤੈਅ ਕੀਤੀ ਜਾਣ ਵਾਲੀ ਤਰੀਕ ਤੋਂ ਲਾਗੂ ਹੋਵੇਗਾ।

ਜ਼ਿਕਰਯੋਗ ਹੈ ਕਿ ਇਹ ਘੱਟ ਗਿਣਤੀ ਸਿੱਖਿਆ ਸੰਸਥਾਵਾਂ 'ਤੇ ਲਾਗੂ ਨਹੀਂ ਹੋਵੇਗਾ। ਇਹ ਰਾਖਵਾਂਕਰਨ ਮੌਜੂਦਾ ਰਾਖਵੇਂਕਰਨ ਤੋਂ ਵੱਖ ਹੋਵੇਗਾ ਅਤੇ ਹਰ ਸ਼੍ਰੇਣੀ ਵਿਚ ਕੁੱਲ ਸੀਟਾਂ ਦੀ ਜ਼ਿਆਦਾਤਰ 10 ਫੀਸਦੀ ਸੀਟਾਂ 'ਤੇ ਨਿਰਭਰ ਹੋਵੇਗਾ।

# ਦਿੱਲੀ ਸਿੱਖ ਪ੍ਰਬੰਧਕ ਕਮੇਟੀ 'ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹੋਏ ਭ੍ਰਿਸ਼ਟਾਚਾਰ ਸਬੰਧੀ ਕੇਸ ਦਰਜ ਕਰ ਲਿਆ ਗਿਆ ਹੈ। ਬੀਤੇ ਦਿਨੀਂ ਪਟਿਆਲਾ ਹਾਊਸ ਅਦਾਲਤ ਦੇ ਸੈਸ਼ਨ ਜੱਜ ਵੱਲੋਂ ਦਿੱਲੀ ਕਮੇਟੀ ਦੇ ਸਾਬਕਾ ਜਨਰਲ ਮੈਨੇਜਰ ਸੂਬੇਦਾਰ ਹਰਜੀਤ ਸਿੰਘ ਦੀ ਨਜ਼ਰਸਾਨੀ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ ਜਿਸ ਮਗਰੋਂ ਦਿੱਲੀ ਪੁਲਿਸ ਇਸ ਸਬੰਧੀ ਕੇਸ ਦਰਜ ਕਰਨ ਲਈ ਆਜ਼ਾਦ ਹੋ ਗਈ। ਸ਼ਿਕਾਇਤ 'ਚ ਗੁਰਮੀਤ ਸਿੰਘ ਸ਼ੰਟੀ ਨੇ ਦੋਸ਼ ਲਾਇਆ ਕਿ ਮਨਜੀਤ ਸਿੰਘ ਜੀ.ਕੇ., ਦਿੱਲੀ ਕਮੇਟੀ ਦੇ ਅਸਤੀਫਾ ਦੇ ਚੁੱਕੇ ਸੰਯੁਕਤ ਸਕੱਤਰ ਅਮਰਜੀਤ ਸਿੰਘ ਪੱਪੂ ਤੇ ਸੂਬੇਦਾਰ ਹਰਜੀਤ ਸਿੰਘ ਨੇ ਲੱਖਾਂ ਰੁਪਏ ਦਾ ਘੁਟਾਲਾ ਕੀਤਾ ਹੈ।

ਨਵੀਂ ਦਿੱਲੀ ਦੇ ਨੌਰਥ ਐਵੇਨਿਊ ਦੀ ਥਾਣਾ ਪੁਲਿਸ ਨੇ ਐਫ.ਆਈ.ਆਰ. ਨੰਬਰ 3/19 'ਚ ਦੋਸ਼ੀਆਂ ਵਾਲੇ ਖਾਨੇ 'ਚ ਕਿਸੇ ਮੁਲਜ਼ਮ ਦਾ ਨਾਂ ਸ਼ਾਮਲ ਨਹੀਂ ਕੀਤਾ ਹੈ ਪਰ ਤਹਿਰੀਰ ਵਿਚ ਉਪਰੋਕਤ ਆਗੂਆਂ ਦੇ ਨਾਂ ਤੇ ਹੋਰ ਵੇਰਵੇ ਸ਼ਾਮਲ ਹਨ। 13 ਦਸੰਬਰ 2018 ਨੂੰ ਪਟਿਆਲਾ ਹਾਊਸ ਅਦਾਲਤ ਨੇ ਨੌਰਥ ਐਵੇਨਿਊ ਥਾਣਾ ਪੁਲਿਸ ਨੂੰ ਜੀ.ਕੇ. ਤੇ ਸਾਥੀਆਂ ਖਿਲਾਫ ਕੇਸ ਦਰਜ ਕਰਨ ਦੀ ਹਦਾਇਤ ਕੀਤੀ ਸੀ ਜਿਸ ਨੂੰ ਸੂਬੇਦਾਰ ਵੱਲੋਂ ਸੈਸ਼ਨ ਕੋਰਟ 'ਚ ਚੁਣੌਤੀ ਦਿੱਤੀ ਗਈ ਸੀ। ਉਧਰ, ਗੁਰਮੀਤ ਸਿੰਘ ਸ਼ੰਟੀ ਵੱਲੋਂ ਜਸਟਿਸ ਪ੍ਰੀਤੀ ਪ੍ਰੇਰਾ ਦੀ ਅਦਾਲਤ ਵਿਚ ਅਰਜ਼ੀ ਦੇ ਕੇ ਦੋਸ਼ ਲਾਇਆ ਗਿਆ ਕਿ ਕਥਿਤ ਦੋਸ਼ੀਆਂ ਖਿਲਾਫ ਦਿੱਲੀ ਪੁਲਿਸ ਨੇ ਹਲਕੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ ਅਤੇ ਅਪਰਾਧਿਕ ਕੇਸ ਅਨੁਸਾਰ ਲੋੜੀਂਦੀਆਂ ਧਾਰਾਵਾਂ ਨਹੀਂ ਲਾਈਆਂ ਹਨ।

# Friends Of Punjab Foundation



## 'ਮੇਰਾ ਪਿੰਡ' ਦੇ ਵਾਸੀ ਤੁਹਾਨੂੰ ਹਾਕਾਂ ਮਾਰ ਰਹੇ ਹਨ

**ਗੁਰੂਆਂ ਦੀ ਧਰਤੀ ਦੇ ਵਾਸੀਆਂ ਅਤੇ ਤੁਹਾਡੇ ਬਚਪਨ ਦੀਆਂ ਯਾਦਾਂ ਨੂੰ ਅੱਜ ਤੁਹਾਡੀ ਲੋੜ ਹੈ**

**ਮੇਰਾ ਪਿੰਡ**

ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਮਨੁੱਖਤਾ ਦੀ ਸੇਵਾ ਕੀਤੀ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਾ ਸੁਨੇਹਾ ਸੀ, "ਨਾਮ ਜਪੋ, ਕਿਰਤ ਕਰੋ, ਵੰਡ ਛਕੋ।" ਸਿੱਖੀ ਇਥੋਂ ਹੀ ਸ਼ੁਰੂ ਹੁੰਦੀ ਹੈ। ਸਾਡੇ ਵਿਚੋਂ ਬਹੁਤੇ 'ਨਾਮ ਜਪੋ' ਅਤੇ 'ਕਿਰਤ ਕਰੋ' ਦੇ ਹੁਕਮ 'ਤੇ ਤਾਂ ਪਹਿਰਾ ਦਿੰਦੇ ਹਨ, ਪਰ ਗਰੀਬਾਂ ਦੀ ਮਦਦ, ਖਾਸ ਕਰ ਜੋ ਥੁੜ੍ਹਾਂ ਦੇ ਮਾਰੇ ਹੁੰਦੇ ਹਨ, ਲਈ 'ਵੰਡ ਛਕੋ' ਦੇ ਹੁਕਮ ਨੂੰ ਵਿਸਾਰ ਛੱਡਦੇ ਹਨ।

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਲ ਜੁੜੇ ਪਰਵਾਸੀ ਭਾਰਤੀ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਪਿੰਡਾਂ ਨੂੰ ਅਪਨਾ ਰਹੇ ਹਨ। ਬੇਔਲਾਦ ਗਰੀਬ ਬਜੁਰਗ, ਗਰੀਬ ਵਿਧਵਾਵਾਂ, ਅੰਗਹੀਣ ਅਤੇ ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਮਦਦ ਮਿਲ ਰਹੀ ਹੈ। ਇਸ ਦੀਆਂ ਕੁਝ ਅਸਲ ਮਿਸਾਲਾਂ ਇਸ ਤਰ੍ਹਾਂ ਹਨ:

*ਬੇਜਮੀਨ ਵਿਧਵਾ, ਤਿੰਨ ਮੁਟਿਆਰ ਧੀਆਂ (ਜਿਨ੍ਹਾਂ ਵਿਚੋਂ ਦੋ ਅੰਗਹੀਣ ਹਨ)।

*ਐਮ. ਏ. ਦੀ ਪੜ੍ਹਾਈ ਪੂਰੀ ਕਰ ਰਹੀ ਗਰੀਬ ਨੌਜਵਾਨ ਲੜਕੀ।

*ਗਰੀਬ ਕਿਸਾਨ ਦੀ ਅਪਾਹਜ ਵਿਧਵਾ ਅਤੇ ਉਸ ਦੇ ਦੋ ਬੱਚੇ।

*ਦੋ ਬੱਚਿਆਂ ਦਾ ਬੇਜਮੀਨਾ ਬਾਪ, ਜੋ ਬੁਰੀ ਤਰ੍ਹਾਂ ਜ਼ਖਮੀ ਹੋਈ ਲੱਤ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਕੰਮ ਨਹੀਂ ਕਰ ਸਕਦਾ।

*ਪਿੰਡ ਦੇ ਅਖੌਤੀ ਮੈਡੀਕਲ ਡਾਕਟਰ ਵਲੋਂ ਗਲਤ ਇਲਾਜ ਕੀਤੇ ਜਾਣ ਕਾਰਨ ਗਰੀਬ ਪਰਿਵਾਰ ਦਾ ਇਕ ਨੌਜਵਾਨ ਵਿਦਿਆਰਥੀ, ਜਿਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਚੁਕੇ ਹਨ।

ਇਨ੍ਹਾਂ ਅਤੇ ਕਈ ਹੋਰ ਪਿੰਡਾਂ ਦੇ ਸੈਂਕੜੇ ਲੋਕਾਂ ਦੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਕੀਤੀ ਜਾ ਰਹੀ ਹੈ। ਫਾਊਂਡੇਸ਼ਨ ਆਪ ਕੋਈ ਪੈਸਾ ਇਕੱਠਾ ਨਹੀਂ ਕਰਦੀ, ਸਿਰਫ ਪਰਵਾਸੀ ਭਾਰਤੀਆਂ ਦੀ 'ਮੇਰਾ ਪਿੰਡ' ਯਾਨਿ ਆਪਣਾ ਪਿੰਡ ਅਪਨਾਉਣ ਵਿਚ ਮਦਦ ਕਰਦੀ ਹੈ। ਪੂਰੇ ਵੇਰਵੇ ਸਾਡੀ ਵੈਬ ਸਾਈਟ www.friendsofpunjabfoundation.org ਤੋਂ ਹਾਸਲ ਕੀਤੇ ਜਾ ਸਕਦੇ ਹਨ।

ਸਾਡੇ ਨਾਲ ਫੋਨ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ:

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

E-mail: hundalb@yahoo.com






# Best Truck Driving School

2641 S. Lynhurst Dr., Suite# 511, Indianapolis, IN 46241

**ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!**

## ਸਾਰੀਆਂ 48 ਸਟੇਟਾਂ ਵਿਚ ਮਨਜ਼ੂਰਸ਼ੁਦਾ

- ਆਪਣੀ ਸਟੇਟ ਤੋਂ CDL Learning Permit ਲੈ ਕੇ ਆਓ ਅਤੇ ਇੰਡੀਅਨਐਪੋਲਿਸ (ਇੰਡੀਆਨਾ) ਸਾਡੇ ਸਕੂਲ ਤੋਂ Class A CDL ਟਰੇਨਿੰਗ ਤੇ ਟੈਸਟਿੰਗ ਲਓ।
- CDL Road Test Exam ਪਾਸ ਕਰਨ ਤੋਂ ਬਾਅਦ ਆਪਣੀ ਸਟੇਟ ਤੋਂ ਜਾ ਕੇ CDL License ਦੀ ਫੋਟੋ ਲਵਾਓ ਅਤੇ CDL Class A License ਪਾਓ।
- ਇੰਡੀਅਨਐਪੋਲਿਸ ਵਾਸੀਆਂ ਨੂੰ ਜਾਬ ਛੱਡਣ ਦੀ ਲੋੜ ਨਹੀਂ, ਅਸੀਂ ਤੁਹਾਡੇ Work Schedule ਮੁਤਾਬਕ ਟਰੇਨਿੰਗ ਦੇਵਾਂਗੇ।

**ਫੋਨ: 317-518-3388**

3-



# Noblesville Trucks and Trailers Repair Shop

15203 Stony Creek Way, Noblesville, IN 46060

## ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



**ਵਧੀਆ ਤੇ ਭਰੋਸੇਯੋਗ ਸਰਵਿਸ**

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

**24 ਘੰਟੇ ਰੋਡ ਸਰਵਿਸ**
*(150 ਮੀਲ ਦੇ ਏਰੀਏ ਵਿਚ)*
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




**ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976**

ਫੈਕਸ: 317-774-9665

# ਗੁਰਦੁਆਰਾ ਸੰਤ ਸਾਗਰ ਵਿਖੇ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਪੁਰਬ ਸੰਗਤਾਂ ਨੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਦਸ਼ਮੇਸ਼ ਪਿਤਾ ਸ੍ਰੀ ਗੁਰੂਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਥੇ ਗੁਰਦੁਆਰਾ ਸੰਤ ਸਾਗਰ ਵਿਖੇ ਲੰਘੇ ਸਨਿਚਰਵਾਰ ਸੰਗਤਾਂ ਨੇ ਬੜੇ ਉਤਸ਼ਾਹ ਅਤੇ ਉਮਾਹ ਨਾਲ ਮਨਾਇਆ। ਸੰਗਤਾਂ ਵਿਚ ਸ਼ਰਧਾ ਇਸ ਕਦਰ ਸੀ ਕਿ ਗੁਰੂ ਘਰ ਦਾ ਸਾਰਾ ਮਾਹੌਲ ਇਲਾਹੀ ਰੰਗ ਵਿਚ ਰੰਗਿਆ ਗਿਆ।



ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 5:30 ਵਜੇ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸੱਜਣ ਸਿੰਘ ਦੇ ਜਥੇ ਨੇ ਸੋਦਰ ਦੀ ਚੌਕੀ ਨਾਲ ਕੀਤੀ। 6:00 ਵਜੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ 6:30 ਵਜੇ ਰਾਤ ਦਾ ਦੀਵਾਨ ਅਰੰਭ ਹੋਇਆ, ਜਿਸ ਵਿਚ ਭਾਈ ਸੱਜਣ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਬੁਲੜਵਾਲ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰ ਚਰਨਾਂ ਨਾਲ ਜੋੜਿਆ। ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਨੇ ਗੁਰਇਤਿਹਾਸ ਅਤੇ ਭਾਈ ਰਣਜੀਤ ਸਿੰਘ ਬੰਗਲਾ ਸਾਹਿਬ ਨੇ ਜਨਮ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾਮੰਡੀ ਵਾਲਿਆਂ ਦੇ ਬੀਬੀਆਂ ਦੇ ਢਾਡੀ ਜਥੇ ਨੇ ਜਨਮ ਗਾਥਾ ਵਾਰਾਂ ਰਾਹੀਂ ਸੰਗਤ ਨੂੰ ਸਰਵਣ ਕਰਵਾਈ। ਰਾਤ 12:05 'ਤੇ ਭਾਈ ਸੱਜਣ ਸਿੰਘ ਨੇ ਆਰਤੀ ਕੀਰਤਨ ਕੀਤਾ ਅਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ। ਅਰਦਾਸ ਉਪਰੰਤ ਪੰਜ ਨਗਾਰਿਆਂ ਤੇ ਜੈਕਾਰਿਆਂ ਨਾਲ ਦੀਵਾਨ ਹਾਲ ਗੂੰਜ ਉਠਿਆ।









ਅਗਲੇ ਦਿਨ ਐਤਵਾਰ ਨੂੰ ਸਾਰਾ ਦਿਨ ਦੀਵਾਨ ਚਲਦਾ ਰਿਹਾ। ਸਵੇਰੇ 8:30 ਵਜੇ ਆਸਾ ਦੀ ਵਾਰ ਦਾ ਕੀਰਤਨ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲਿਆਂ ਦੇ ਜਥੇ ਨੇ ਕੀਤਾ। ਉਪਰੰਤ ਅਖੰਡ ਪਾਠ ਦੇ ਭੋਗ ਪਾਏ ਗਏ।

ਦੀਵਾਨ ਬਾਅਦ ਦੁਪਹਿਰ 3 ਵਜੇ ਤੱਕ ਸਜਿਆ ਜਿਸ ਵਿਚ ਭਾਈ ਸੱਜਣ ਸਿੰਘ ਤੇ ਅਮਰੀਕ ਸਿੰਘ ਗੁਰਦਾਸਪੁਰ ਵਾਲੇ ਦੇ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰ ਚਰਨਾਂ ਨਾਲ ਜੋੜਿਆ। ਭਾਈ ਅਜੈਬ ਸਿੰਘ ਕਰਨਾਲ ਵਾਲੇ ਤੇ ਭਾਈ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਵਾਲਿਆਂ ਨੇ ਸੰਗਤ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਦੁਪਹਿਰ 3 ਤੋਂ 5 ਵਜੇ ਤਕ ਇਸਤਰੀ ਸਤਿਸੰਗ ਵਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ।

ਭਾਈ ਸੱਜਣ ਸਿੰਘ ਨੇ ਸਮੂਹ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।



















# 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾ


ਬਹੁ-ਚਰਚਿਤ ਫਿਲਮ 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' ਕਾਂਗਰਸ ਪਾਰਟੀ ਦੇ ਵਿਰੋਧ ਦੇ ਬਾਵਜੂਦ ਸਿਨਮਾ ਘਰਾਂ 'ਚ ਪਹੁੰਚ ਗਈ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਉਨ੍ਹਾਂ ਦੇ ਸਾਬਕਾ ਮੀਡੀਆ ਸਲਾਹਕਾਰ ਪੱਤਰਕਾਰ ਸੰਜਯਾ ਬਾਰੂ ਦੀ ਲਿਖੀ ਚਰਚਿਤ ਪੁਸਤਕ 'ਤੇ ਆਧਾਰਤ ਇਸ ਫਿਲਮ ਵਿਚ ਡਾ. ਮਨਮੋਹਨ ਸਿੰਘ ਦਾ ਕਿਰਦਾਰ ਅਨੁਪਮ ਖੇਰ ਨੇ ਨਿਭਾਇਆ ਹੈ।

## ਫਿਲਮ ਸਮੀਖਿਆ

**ਇਕਬਾਲ ਸਿੰਘ ਚਾਨਾ**

ਫਿਲਮ ਵਿਚ ਵਿਖਾਇਆ ਗਿਆ ਹੈ ਕਿ 10 ਸਾਲ ਤਕ ਭਾਰਤ ਦੇ ਪ੍ਰਧਾਨ ਮੰਤਰੀ ਰਹਿ ਚੁਕੇ ਡਾ. ਮਨਮੋਹਨ ਸਿੰਘ ਕਿਵੇਂ ਗਾਂਧੀ ਪਰਿਵਾਰ ਦੇ ਪ੍ਰਭਾਵ ਹੇਠ ਇਕ ਮਜਬੂਰ ਤੇ ਲਾਚਾਰ ਪ੍ਰਧਾਨ ਮੰਤਰੀ ਬਣ ਕੇ ਰਹਿ ਗਏ ਸਨ। ਕਿਵੇਂ ਉਨ੍ਹਾਂ ਨੂੰ ਸੋਨੀਆ ਗਾਂਧੀ ਤੇ ਪਰਿਵਾਰ ਵੱਲੋਂ ਠੋਸੇ ਗਏ ਹਰ ਫੈਸਲੇ 'ਤੇ ਸਹਿਮਤੀ ਦੇਣੀ ਪੈਂਦੀ ਸੀ ਅਤੇ ਪ੍ਰਾਈਮ ਮਨਿਸਟਰ ਦਾ ਵੱਡਾ ਅਹੁਦਾ ਹੋਣ ਦੇ ਬਾਵਜੂਦ ਉਹ ਕਿੰਨੇ ਦੁਖੀ ਤੇ ਅੰਦਰੋਂ ਟੁੱਟੇ ਹੋਏ ਸਨ।

ਸੰਜਯ ਬਾਰੂ ਨੇ ਆਪਣੀ ਕਿਤਾਬ ਵਿਚ ਜੋ ਕੁਝ ਲਿਖਿਆ ਸੀ, ਉਸ 'ਚੋਂ ਕੁਝ ਟੁਕੜੇ ਉਠਾ ਕੇ ਫਿਲਮੀ ਪਰਦੇ 'ਤੇ ਲਿਆਂਦੇ ਗਏ ਹਨ। ਟੁਕੜੇ ਇਸ ਲਈ ਕਿ ਫਿਲਮ ਦਾ ਸਕਰੀਨ ਪਲੇ ਬੇਹੱਦ




ਕਮਜ਼ੋਰ ਹੈ, ਇਕ ਲੜੀ ਵਿਚ ਪਰੋ ਕੇ ਫਿਲਮ ਵਰਗੀ ਗਤੀ ਦੇਣ ਵਿਚ ਫਿਲਮ ਦੇ ਲੇਖਕ ਮਯੰਕ ਤਿਵਾੜੀ, ਕਰਫ ਦੁੱਨੇ, ਆਦਿਤਿਆ ਸਿਨਹਾ ਅਤੇ ਡਾਇਰੈਕਟਰ ਵਿਜੈ ਰਤਨਾਕਰ ਗੁੱਟੇ ਪੂਰੀ ਤਰ੍ਹਾਂ ਅਸਫਲ ਰਹੇ ਹਨ।

ਡਾ. ਮਨਮੋਹਨ ਸਿੰਘ ਦੇ ਕਿਰਦਾਰ ਵਿਚ ਅਨੁਪਮ ਖੇਰ ਨੇ ਉਨ੍ਹਾਂ ਦੀ ਚਾਲ-ਢਾਲ ਤੇ ਸਰੀਰਕ ਹਾਵ-ਭਾਵ ਵਿਚ ਉਤਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਤੇ ਸਫਲ ਵੀ ਰਿਹਾ ਹੈ। ਉਸ ਦੇ ਮੇਕ-ਅੱਪ 'ਤੇ ਵੀ ਬਹੁਤ ਮਿਹਨਤ ਕੀਤੀ ਗਈ ਹੈ, ਪਰ ਸਭ ਤੋਂ ਵਧੀਆ ਰੋਲ ਸੰਜਯ ਬਾਰੂ ਦੇ ਕਿਰਦਾਰ ਤੇ ਸੂਤਰਧਾਰ ਦੇ ਰੂਪ ਵਿਚ ਅਕਸ਼ੈ ਖੰਨਾ ਦਾ ਲੱਗਾ। ਉਸ ਦੀ ਵਿਅੰਗਮਈ ਮੁਸਕਾਨ ਬਹੁਤ ਜਗ੍ਹਾ ਬਹੁਤ ਕੁਛ ਕਹਿ ਜਾਂਦੀ ਹੈ।

ਵਿਦੇਸ਼ੀ ਐਕਟਰੈਸ ਸੂਜੇਨ ਬਰਨੈਟ ਨੇ ਸੋਨੀਆ ਗਾਂਧੀ ਦੇ ਕਿਰਦਾਰ ਨੂੰ ਬਾਖੂਬੀ ਨਿਭਾਇਆ ਹੈ। ਇਟਾਲੀਅਨ ਸਟਾਈਲ ਵਿਚ ਹਿੰਦੀ ਬੋਲਣ ਤੇ ਹਾਵ-ਭਾਵ ਕਾਰਨ ਉਹ ਸੋਨੀਆ ਦੇ ਨਿੱਜੀ ਸਟਾਈਲ ਦੇ ਬਹੁਤ ਨੇੜੇ ਪਹੁੰਚ ਜਾਂਦੀ ਹੈ।

ਪ੍ਰਿਯੰਕਾ ਗਾਂਧੀ ਦੀ ਭੂਮਿਕਾ ਵਿਚ ਅਹਾਨਾ ਕੁਮਰਾ ਠੀਕ ਠੀਕ ਰਹੀ ਤੇ ਰਾਹੁਲ ਗਾਂਧੀ ਦੇ ਰੂਪ ਵਿਚ ਅਰਜਨ ਮਾਥੁਰ ਸਾਧਾਰਨ। ਹਾਂ, ਉਸ ਦੇ ਪਰਦੇ 'ਤੇ ਆਉਣ ਸਾਰ ਦਰਸ਼ਕਾਂ ਦੇ ਠਹਾਕੇ ਸ਼ੁਰੂ ਹੋ ਜਾਂਦੇ ਹਨ ਤੇ ਕਿਤਿਓਂ ਕਿਤਿਓਂ 'ਪੱਪੂ ਪੱਪੂ' ਦੀਆਂ ਅਵਾਜ਼ਾਂ ਵੀ ਆਉਂਦੀਆਂ ਹਨ।

ਫਿਲਮ ਦੀ ਖਾਸ ਗੱਲ ਇਹ ਹੈ ਕਿ ਇਸ ਵਿਚ ਕਿਤੇ ਵੀ ਡਾ. ਮਨਮੋਹਨ ਸਿੰਘ ਦੇ ਬਾਰੇ ਕੋਈ ਇੱਕ ਵੀ ਅਜਿਹਾ ਦ੍ਰਿਸ਼ ਨਹੀਂ ਹੈ, ਜੋ ਉਨ੍ਹਾਂ ਦੇ ਕਿਰਦਾਰ 'ਤੇ ਕਿੰਤੂ ਕਰਦਾ ਹੋਵੇ। ਉਨ੍ਹਾਂ ਦਾ ਕਿਰਦਾਰ ਇਕ ਸਨਮਾਨਿਤ ਸ਼ਖਸੀਅਤ ਦਾ ਪ੍ਰਭਾਵ ਦਿੰਦਾ ਹੈ, ਜੋ ਗਾਂਧੀ ਪਰਿਵਾਰ ਦੇ ਦਬਾਅ ਕਾਰਨ ਇਕ ਮਜਬੂਰ, ਲਾਚਾਰ ਤੇ ਮਾਯੂਸ ਸ਼ਖਸ ਹੋ ਕੇ ਰਹਿ ਜਾਂਦਾ ਹੈ।

ਫਿਲਮ ਦੇ ਕੁਝ ਡਾਇਲਾਗ ਜਿਵੇਂ "ਪੀ. ਐਮ. ਕੀ ਕੁਰਸੀ ਜ਼ਮੀਨ ਸੇ ਦੂਰ ਕਰ ਦੇਤੀ ਹੈ, ਫਾਈਲਜ਼ ਔਰ ਬਿਊਰੋਕਰੈਟਸ ਹੀ ਨਜ਼ਰ ਆਤੇ ਹੈਂ" ਅਤੇ ਇਕ ਜਗ੍ਹਾ ਉਹ ਸੰਜਯ ਨੂੰ ਆਖਦੇ ਹਨ, "ਤੁਮ ਮੈਡਮ ਕੋ ਕਯੋਂ ਨਹੀਂ ਮਿਲਤੇ, ਮੈਂ ਐਪੁਆਇੰਟਮੈਂਟ ਫਿਕਸ ਕਰੂੰ...।" ਇਹ ਸਭ ਸਾਬਕਾ ਪ੍ਰਧਾਨ ਮੰਤਰੀ ਦੀ ਲਾਚਾਰੀ ਦਰਸਾਉਂਦੇ ਹਨ। ਫਿਲਮ ਵਿਚ ਸਿਰਫ ਗਾਂਧੀ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜੋ ਸ਼ਾਇਦ ਆਉਂਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਕੁਝ ਫਾਇਦਾ ਦੇਣ ਦੀ ਕੋਸ਼ਿਸ਼ ਹੋ ਸਕਦਾ ਹੈ।

ਫਿਲਮ ਦੀ ਗਤੀ ਢਿੱਲੀ ਹੈ। ਸੈਟ ਤੇ ਲੋਕੇਸ਼ਨਾਂ ਵੀ ਅਸਲੀਅਤ ਨਾਲ ਮੇਲ ਨਹੀਂ ਖਾਂਦੀਆਂ ਤੇ ਗਰੇਂਜਰ ਵੀ ਉਹ ਨਹੀਂ ਹੈ, ਜੋ ਅਜਿਹੇ ਵਿਸ਼ਿਆਂ 'ਤੇ ਵਿਦੇਸ਼ੀ ਫਿਲਮਾਂ ਵਿਚ ਵੇਖਣ ਨੂੰ ਮਿਲਦਾ ਹੈ। ਹਾਂ, ਸੰਜਯ ਬਾਰੂ ਦੀ ਕਿਤਾਬ ਬਹੁਤੇ ਲੋਕਾਂ ਨੇ ਨਹੀਂ ਪੜ੍ਹੀ ਹੋਵੇਗੀ, ਮੈਂ ਵੀ ਨਹੀਂ ਪੜ੍ਹੀ ਸੀ, ਇਸ ਲਈ ਸੰਜਯ ਬਾਰੂ ਨੇ ਸਾਬਕਾ ਪ੍ਰਧਾਨ ਮੰਤਰੀ ਦੇ ਨੇੜੇ ਰਹਿ ਕੇ ਜੋ ਕੁਝ ਦੇਖਿਆ ਅਤੇ ਮਹਿਸੂਸ ਕੀਤਾ, ਉਸ ਦੇ ਕੁਝ ਅੰਸ਼ ਫਿਲਮੀ ਪਰਦੇ 'ਤੇ ਪੜ੍ਹਨ ਲਈ ਇਹ ਫਿਲਮ ਵੇਖੀ ਜਾ ਸਕਦੀ ਹੈ।

## ਟਰੰਪ ਵੱਲੋਂ ਐਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਵੱਡੀਆਂ ਤਬਦੀਲੀਆਂ ਦਾ ਦਾਅਵਾ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1 ਬੀ ਵੀਜ਼ਾ ਧਾਰਕਾਂ ਜਿਨ੍ਹਾਂ ਵਿਚੋਂ ਬਹੁਤੇ ਭਾਰਤੀ ਆਈ. ਟੀ. ਪੇਸ਼ਾਵਰ ਹਨ, ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਛੇਤੀ ਹੀ ਨਿਯਮਾਂ ਵਿਚ ਵੱਡੀਆਂ ਤਬਦੀਲੀਆਂ ਕਰੇਗਾ ਜਿਸ ਨਾਲ ਉਹ ਅਮਰੀਕੀ ਨਾਗਰਿਕਤਾ ਹਾਸਲ ਕਰ ਸਕਣਗੇ।

ਟਰੰਪ ਨੇ ਟਵੀਟ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਐਚ-1ਬੀ ਵੀਜ਼ੇ ਬਾਰੇ ਅਮਰੀਕੀ ਨੀਤੀਆਂ ਵਿਚ ਸੁਧਾਰ ਕਰਨ ਦੀ ਯੋਜਨਾ ਬਣਾ ਰਿਹਾ ਹੈ ਜਿਸ ਨਾਲ ਪ੍ਰਤਿਭਾਸ਼ਾਲੀ ਅਤੇ ਮਾਹਿਰ ਲੋਕ ਅਮਰੀਕਾ ਵਿਚ ਆਪਣਾ ਭਵਿੱਖ ਬਣਾਉਣ ਲਈ ਉਤਸ਼ਾਹਿਤ ਹੋਣਗੇ। ਟਰੰਪ ਦਾ ਟਵੀਟ ਭਾਰਤੀ ਪੇਸ਼ਾਵਰਾਂ, ਖਾਸਕਰ ਆਈ. ਟੀ. ਖੇਤਰ ਨਾਲ ਸਬੰਧਤ ਭਾਰਤੀ ਪੇਸ਼ਾਵਰਾਂ ਲਈ ਇਕ ਚੰਗੀ ਖਬਰ ਹੈ, ਜੋ ਮੌਜੂਦਾ ਸਮੇਂ ਦਹਾਕਿਆਂ ਤੋਂ ਗਰੀਨ ਕਾਰਡ ਜਾਂ ਕਾਨੂੰਨੀ ਤੌਰ ਉਤੇ ਸਥਾਈ ਰੂਪ ਵਿਚ ਰਹਿਣ ਦੀ ਇਜਾਜ਼ਤ ਮਿਲਣ ਦਾ ਇੰਤਜ਼ਾਰ ਕਰ ਰਹੇ ਹਨ।

## ਸ਼ੀਲਾ ਦੀਕਸ਼ਤ ਨੂੰ ਦਿੱਲੀ ਕਾਂਗਰਸ ਦਾ ਪ੍ਰਧਾਨ ਬਣਾਇਆ

**ਨਵੀਂ ਦਿੱਲੀ:** ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ (80) ਨੂੰ ਮੁੜ ਦਿੱਲੀ ਕਾਂਗਰਸ ਦੀ ਕਮਾਨ ਸੌਂਪੀ ਗਈ ਹੈ। ਅਜੇ ਮਾਕਨ ਦੇ ਅਸਤੀਫੇ ਪਿਛੋਂ ਉਮੀਦ ਕੀਤੀ ਜਾ ਰਹੀ ਸੀ ਕਿ ਅਨੁਭਵੀ ਸ਼ੀਲਾ ਦੀਕਸ਼ਤ ਨੂੰ ਹੀ ਪਾਰਟੀ ਦੀ ਕਮਾਨ ਸੌਂਪੀ ਜਾਵੇਗੀ। ਆਲ ਇੰਡੀਆ ਕਾਂਗਰਸ ਕਮੇਟੀ ਦੀ ਦਿੱਲੀ ਇਕਾਈ ਦੇ ਇੰਚਾਰਜ ਪੀ.ਸੀ. ਚਾਕੋ ਨੇ ਸ਼ੀਲਾ ਦੀਕਸ਼ਤ ਨੂੰ ਦਿੱਲੀ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਦਾ ਐਲਾਨ ਕੀਤਾ।

## ਬਿਲਾਵਲ ਤੇ ਜ਼ਰਦਾਰੀ 'ਤੇ ਵਿਦੇਸ਼ ਯਾਤਰਾ ਕਰਨ ਦੀ ਪਾਬੰਦੀ ਬਰਕਰਾਰ

**ਇਸਲਾਮਾਬਾਦ:** ਪਾਕਿਸਤਾਨ ਦੀ ਇਮਰਾਨ ਸਰਕਾਰ ਨੇ ਪੀ.ਪੀ.ਪੀ. (ਪਾਕਿਸਤਾਨ ਪੀਪਲਜ਼ ਪਾਰਟੀ) ਦੇ ਪ੍ਰਧਾਨ ਬਿਲਾਵਲ ਭੁੱਟੋ ਅਤੇ ਉਨ੍ਹਾਂ ਦੇ ਪਿਤਾ ਆਸਿਫ ਅਲੀ ਜ਼ਰਦਾਰੀ ਉਤੇ ਵਿਦੇਸ਼ ਯਾਤਰਾ ਕਰਨ ਦੀ ਪਾਬੰਦੀ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਧਾਨਗੀ 'ਚ ਹੋਈ ਇਕ ਕੈਬਨਿਟ ਮੀਟਿੰਗ 'ਚ ਲਿਆ ਗਿਆ। ਮੰਤਰੀ ਮੰਡਲ ਨੇ ਬੀਤੇ ਵਰ੍ਹੇ 27 ਦਸੰਬਰ ਨੂੰ ਫਰਜ਼ੀ ਬੈਂਕ ਖਾਤਿਆਂ ਅਤੇ ਮਨੀ ਲਾਂਡਰਿੰਗ ਮਾਮਲੇ 'ਚ ਸ਼ੱਕੀ ਪਾਏ ਜਾਣ 'ਤੇ ਪੀ.ਪੀ.ਪੀ. ਦੇ ਪ੍ਰਮੁੱਖ ਨੇਤਾਵਾਂ ਅਤੇ ਰੀਅਲ ਅਸਟੇਟ ਕੰਪਨੀ ਬਹਰਿਆ ਟਾਊਨ ਦੇ ਮਾਲਕ ਮਲਿਕ ਰਿਆਜ਼ ਸਮੇਤ 172 ਲੋਕਾਂ ਨੂੰ ਏਕਜ਼ਿਟ ਕੰਟਰੋਲ ਸੂਚੀ (ਈ.ਸੀ.ਐਲ.) 'ਚ ਰੱਖਿਆ ਸੀ।



# ਤਸਲੀਮਾ ਨਸਰੀਨ ਤੇ ਸਾਹਿਤ ਦੀ ਦੁਨੀਆਂ

*ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਵਿਚ 25 ਅਗਸਤ 1966 ਨੂੰ ਜਨਮੀ ਤਸਲੀਮਾ ਨਸਰੀਨ 1994 ਤੋਂ ਮੁਲਕ ਬਦਰ ਹੈ। ਨਾਵਲ ‘ਲੱਜਾ’ ਕਾਰਨ ਕੱਟੜਪੰਥੀਆਂ ਨੇ ਉਸ ਖਿਲਾਫ ਫਤਵਾ ਜਾਰੀ ਕਰ ਦਿੱਤਾ ਸੀ ਅਤੇ ਉਸ ਨੂੰ ਮੁਲਕ ਛੱਡਾ ਪਿਆ ਸੀ। ਉਹ ਭਾਰਤ ਤੇ ਅਮਰੀਕਾ ਸਮੇਤ ਕਈ ਹੋਰ ਮੁਲਕਾਂ ਵਿਚ ਰਹੀ ਪਰ ਉਸ ਨੇ ਆਪਣੀਆਂ ਲਿਖਤਾਂ ਰਾਹੀਂ ਕੱਟੜਤਾ ਦੇ ਖਿਲਾਫ ਅਤੇ ਮਨੁੱਖਤਾ ਤੇ ਔਰਤਾਂ ਦੇ ਹੱਕ ਵਿਚ ਆਵਾਜ਼ ਲਗਾਤਾਰ ਬੁਲੰਦ ਰੱਖੀ। ਬਹੁਤ ਵਾਰੀ ਉਸ ਦੀ ਤੁਲਨਾ ਸਲਮਾਨ ਰਸ਼ਦੀ ਨਾਲ ਕੀਤੀ ਜਾਂਦੀ ਹੈ, ਜਿਸ ਖਿਲਾਫ ਇਰਾਨ ਨੇ ਫਤਵਾ ਜਾਰੀ ਕੀਤਾ ਸੀ। ਉਂਜ ਤਸਲੀਮਾ ਨਸਰੀਨ ਆਪਣੀ ਤੁਲਨਾ ਸਲਮਾਨ ਰਸ਼ਦੀ ਨਾਲ ਕਰਨ ਵਾਲਿਆਂ ਨੂੰ ਬਾਕਾਇਦਾ ਸਵਾਲ ਪੁੱਛਦੀ ਹੈ। ਇਸ ਲੇਖ ਵਿਚ ਉਸ ਨੇ ਆਪਣੇ, ਆਪਣੀਆਂ ਲਿਖਤਾਂ ਅਤੇ ਸਲਮਾਨ ਰਸ਼ਦੀ ਵਿਚਕਾਰ ਵੱਡੇ ਫਰਕਾਂ ਦਾ ਜ਼ਿਕਰ ਕੀਤਾ ਹੈ, ਜੋ ਅਸੀਂ ਆਪਣੇ ਸੁਘੜ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

**ਕਲਾ ਪਰਿਕਰਮਾ**


**ਤਸਲੀਮਾ ਨਸਰੀਨ**
**ਅਨੁਵਾਦ: ਭਜਨਬੀਰ ਸਿੰਘ**

ਲੋਕ ਮੇਰਾ ਨਾਂ ਸਲਮਾਨ ਰਸ਼ਦੀ ਨਾਲ ਜੋੜ ਦਿੰਦੇ ਹਨ। ਦੇਸ਼-ਵਿਦੇਸ਼ ਸਾਰੀਆਂ ਥਾਵਾਂ ‘ਤੇ। ਇਸ ‘ਤੇ ਮੈਨੂੰ ਇਤਰਾਜ਼ ਹੈ। ਮੇਰਾ ਸਲਮਾਨ ਰਸ਼ਦੀ ਨਾਲ ਕੋਈ ਮੇਲ ਨਹੀਂ। ਮੈਨੂੰ ਅਕਸਰ ਔਰਤ ਰਸ਼ਦੀ ਕਹਿ ਦਿੱਤਾ ਜਾਂਦਾ ਹੈ। ਮੈਂ ਪੁੱਛਦੀ ਹਾਂ, ਲੋਕ ਸਲਮਾਨ ਰਸ਼ਦੀ ਨੂੰ ਮਰਦ ਨਸਰੀਨ ਕਿਉਂ ਨਹੀਂ ਕਹਿੰਦੇ? ਜੇ ਫਤਵੇ ਵਾਲੀ ਛੱਡ ਦਈਏ ਤਾਂ ਸਾਡੇ ਦੋਹਾਂ ਵਿਚਕਾਰ ਕੋਈ ਮੇਲ ਨਹੀਂ ਹੈ। ਰਸ਼ਦੀ ਮਰਦ ਹੈ। ਮੈਂ ਔਰਤ ਹਾਂ। ਇਹੀ ਸਭ ਤੋਂ ਵੱਡਾ ਫਰਕ ਹੈ। ਮਰਦ ਹੋਣ ਕਾਰਨ ਉਹ ਸਹੂਲਤਾਂ ਭੋਗ ਰਿਹਾ ਹੈ। ਔਰਤ ਹੋਣ ਕਾਰਨ ਮੈਂ ਸਹੂਲਤਾਂ ਤੋਂ ਵਿਰਵੀ ਹਾਂ।


ਸਾਡੇ ਵਿਚਕਾਰ ਜੋ ਫਰਕ ਹੈ, ਉਹ ਮੈਂ ਹੁਣ ਇਕ ਇਕ ਕਰਕੇ ਗਿਣਵਾਉਂਦੀ ਹਾਂ। ਫਤਵਾ ਜਾਰੀ ਹੋਣ ਪਿਛੋਂ ਸਲਮਾਨ ਰਸ਼ਦੀ ਨੇ ਕੱਟੜਪੰਥੀਆਂ ਤੋਂ ਮੁਆਫੀ ਮੰਗੀ, ਤੌਬਾ ਕਰਕੇ ਪੱਕਾ ਮੁਸਲਮਾਨ ਬਣੇ ਰਹਿਣ ਦੀ ਸਹੁੰ ਖਾਧੀ। ਮੈਂ ਮੁਆਫੀ ਨਹੀਂ ਮੰਗੀ; ਤੇ ਮੈਂ ਮੁਸਲਮਾਨ ਵੀ ਨਹੀਂ ਬਣਨਾ ਚਾਹੁੰਦੀ। ਮੈਂ ਬਚਪਨ ਤੋਂ ਨਾਸਤਿਕ ਹਾਂ। ਹਨੇਰੀ ਆਏ, ਤੂਫਾਨ ਆਏ; ਮੈਂ ਸਿਰ ਉਚਾ ਕਰਕੇ ਨਾਸਤਿਕ ਬਣੀ ਰਹੀ ਹਾਂ।



ਤਸਲੀਮਾ ਨਸਰੀਨ



ਸਲਮਾਨ ਰਸ਼ਦੀ




ਜਿਸ ਇਰਾਨ ਨੇ ਸਲਮਾਨ ਰਸ਼ਦੀ ਦੇ ਖਿਲਾਫ ਫਤਵਾ ਜਾਰੀ ਕੀਤਾ ਸੀ, ਉਸ ਮੁਲਕ ਵਿਚ ਉਹ ਕਦੇ ਨਹੀਂ ਰਿਹਾ ਪਰ ਜਿਸ ਮੁਲਕ ਵਿਚ ਮੈਨੂੰ ਫਾਂਸੀ ਉਤੇ ਚੜ੍ਹਾਉਣ ਦੇ ਮਕਸਦ ਨਾਲ ਸਾਲਾਂ ਬੱਧੀ ਜਨੂੰਨੀਆਂ ਦਾ ਜਲੂਸ ਨਿਕਲਦਾ ਰਿਹਾ, ਜਿਸ ਮੁਲਕ ਦੇ ਕੱਟੜਪੰਥੀ ਮੇਰੀ ਧੌਣ ਮਰੋੜਨ ‘ਤੇ ਤੁਲੇ ਹੋਏ ਸਨ, ਜਿਥੋਂ ਦੀ ਸਰਕਾਰ ਨੇ ਖੁਦ ਮੇਰੇ ਖਿਲਾਫ ਅਪੀਲ ਕੀਤੀ, ਜਿਥੇ ਮੇਰਾ ਹੁਲੀਆ ਜਾਰੀ ਕੀਤਾ ਗਿਆ, ਮੈਂ ਉਸ ਮੁਲਕ ਦੇ ਭੜਕਾਏ ਮਾਹੌਲ ’ਚ ਰਾਤ ਦੇ ਹਨੇਰੇ ਵਿਚ ਲੁਕ ਕੇ ਰਹੀ। ਇਕ ਪਾਸੇ ਸਰਕਾਰ ਅਤੇ ਕੱਟੜਪੰਥੀ, ਦੂਜੇ ਪਾਸੇ ਮੈਂ। ਇਕੱਲੀ।

ਸਲਮਾਨ ਰਸ਼ਦੀ ਦਾ ਮੁਲਕ ਇੰਗਲੈਂਡ ਹੈ। ਫਤਵੇ ਕਾਰਨ ਉਹਨੂੰ ਉਥੇ ਕਿਸੇ ਨੇ ਪੀੜਤ ਨਹੀਂ ਕੀਤਾ। ਮੁਲਕ ’ਚੋਂ ਨਿਕਾਲੇ ਦੀ ਸਜ਼ਾ ਨਹੀਂ ਦਿੱਤੀ ਗਈ। ਉਹ ਜਿਥੋਂ ਦਾ ਸੀ, ਉਥੇ ਹੀ ਰਿਹਾ। ਮੇਰੇ ਖਿਲਾਫ ਬੰਗਲਾਦੇਸ਼ ਵਿਚ 5 ਅਤੇ ਭਾਰਤ ’ਚ 3 ਫਤਵੇ ਜਾਰੀ ਹੋਏ। ਸਭ ਵਿਚ ਮੇਰੇ ਸਿਰ ਦਾ ਮੁੱਲ ਐਲਾਨਿਆ ਗਿਆ। ਲਿਖਣ ਕਾਰਨ ਮੈਨੂੰ ਦੋ ਮੁਲਕਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ। ਰਸ਼ਦੀ ਦੀ ਇਕ ਕਿਤਾਬ ‘ਤੇ ਪਾਬੰਦੀ ਹੈ, ਮੇਰੀ 5 ਕਿਤਾਬਾਂ ’ਤੇ ਹੈ: ਲੱਜਾ, ਮੇਰਾ ਬਚਪਨ, ਉਤਾਲ ਹਵਾ, ਦ੍ਵਿਖੰਡਿਤ ਤੇ ਸਾਰਾ ਅੰਧਕਾਰ।

ਸਲਮਾਨ ਰਸ਼ਦੀ ਨਿੱਜੀ ਜੀਵਨ ਵਿਚ ਜਗੀਰੂ (ਫਿਊਡਲ) ਹੈ। ਮੈਂ ਉਸ ਦੇ ਐਨ ਉਲਟ ਹਾਂ। ਰਸ਼ਦੀ ਇਕ ਪਿਛੋਂ ਇਕ ਕੁੜੀਆਂ ਨੂੰ ਲੱਭਦਾ, ਭੋਗਦਾ ਤੇ ਫਿਰ ਛੱਡ ਦਿੰਦਾ ਹੈ। ਬੁੱਢੀ ਉਮਰ ਵਿਚ ਉਸ ਦੀ ਯੌਨ ਹਵਸ ਨੂੰ ਕੋਈ ਵਿਗਾੜ ਵਜੋਂ ਨਹੀਂ ਦੇਖਦਾ ਸਗੋਂ ਉਸ ਨੂੰ ਵੱਧ ਸਮਰੱਥ, ਸੁੰਦਰ, ਪ੍ਰੇਮੀ ਦੇ ਰੂਪ ਵਿਚ ਮਾਣ ਦਿੱਤਾ ਜਾਂਦਾ ਹੈ ਅਤੇ ਯੌਨ ਭੋਗੀ ਹੋਣੀ ਕਰਕੇ ਉਹ ਮਰਦਾਂ ਲਈ ਈਰਖਾ ਦਾ ਕਾਰਨ ਬਣਿਆ ਹੋਇਆ ਹੈ। ਮੈਂ ਮਰਦ ਸਾਥੀ ਤੋਂ ਬਿਨਾ ਜੀਵਨ ਗੁਜ਼ਾਰਦੀ ਹਾਂ ਪਰ ਮੇਰੀ ਯੌਨਿਕਤਾ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੇ ਕਿੱਸੇ ਕਹਾਣੀਆਂ ਲਿਖੇ ਜਾਂਦੇ ਹਨ। ਮੈਨੂੰ ਵੇਸਵਾ ਅਤੇ ਵਿਗੜੀ ਹੋਈ ਔਰਤ ਕਹਿਣ ਦੱਸਣ ਵਾਲਿਆਂ ਦੀ ਘਾਟ ਨਹੀਂ ਹੈ।

ਮੈਂ ਜਦੋਂ ਦਾ ਲਿਖਣਾ ਸ਼ੁਰੂ ਕੀਤਾ ਹੈ, ਲੋਕਾਂ ਦੀ ਨਿੰਦਾ ਸੁਣਦੀ ਆ ਰਹੀ ਹਾਂ। ਇਸਤਰੀ ਯੌਨ ਆਜ਼ਾਦੀ ਦਾ ਪ੍ਰਸ਼ਨ ਚੁੱਕ ਕੇ ਜਿਵੇਂ ਮੈਂ ਸਮਾਜ ਦੀ ਦੁਸ਼ਮਣੀ ਮੁੱਲ ਲੈ ਲਈ ਹੋਵੇ। ਮਰਦ ਯੌਨ ਜੀਵਨ ਦਾ ਉਪਭੋਗ ਕਰ ਸਕਦਾ ਹੈ। ਜੇ ਔਰਤ ਇੰਜ ਕਰਦੀ ਹੈ ਜਾਂ ਅਜਿਹਾ ਕਰਨ ਦੇ ਹੱਕ ਦੀ ਗੱਲ ਕਰਦੀ ਜਾਂ ਲਿਖਦੀ ਹੈ ਤਾਂ ਉਹ ‘ਵੇਸਵਾ’ ਹੈ।

ਰਸ਼ਦੀ ਅਤੇ ਮੇਰੇ ਵਿਚਕਾਰ ਇਕ ਹੋਰ ਵਚਿੱਤਰ ਮੇਲ ਜਾਂ ਫਰਕ ਇਹ ਹੈ ਕਿ ਜਿਹੜੇ ਸਲਮਾਨ ਰਸ਼ਦੀ ਨੂੰ ਚੰਗਾ ਲੇਖਕ ਮੰਨਦੇ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਨੇ ਉਸ ਦਾ ਲਿਖਿਆ ਪੜ੍ਹਿਆ ਨਹੀਂ ਹੈ; ਤੇ ਜਿਹੜੇ ਲੋਕ ਮੈਨੂੰ ਖਰਾਬ ਲੇਖਕ ਮੰਨਦੇ ਹਨ, ਉਨ੍ਹਾਂ ਵਿਚੋਂ ਵੀ ਜ਼ਿਆਦਾਤਰ ਨੇ ਮੇਰਾ ਲਿਖਿਆ, ਪੜ੍ਹਿਆ ਨਹੀਂ ਹੈ।

ਇਰਾਨ ਤੋਂ ਫਤਵਾ ਜਾਰੀ ਹੋਣ ਪਿਛੋਂ ਸਲਮਾਨ ਰਸ਼ਦੀ ਮਸ਼ਹੂਰ ਨਾਂ ਹੋ ਗਿਆ, ਜਦਕਿ ਮੇਰੇ ਸਿਰ ਦੀ ਕੀਮਤ ਐਲਾਨੇ ਜਾਣ ਪਿਛੋਂ ਬੰਗਲਾਦੇਸ਼ ਅਤੇ ਭਾਰਤ ਦੀ ਸੀਮਾ ‘ਤੇ ਕੁਝ ਲੋਕਾਂ ਨੂੰ ਮੇਰਾ ਨਾਂ ਪਤਾ ਲੱਗਾ। ਜਿਸ ਵੇਲੇ ਮੈਂ ਬੰਗਲਾਦੇਸ਼ ਵਿਚ ਨਜ਼ਰਬੰਦ ਸੀ, ਉਸ ਵੇਲੇ ਮੇਰੇ ਪੱਖ ਵਿਚ ਖੁੱਲ੍ਹੀ ਚਿੱਠੀ ਲਿਖ ਕੇ ਅੰਦੋਲਨ ਚਲਾਉਣ ਵਾਲੇ ਯੂਰਪੀ ਲੇਖਕਾਂ ਵਿਚ ਸਲਮਾਨ ਰਸ਼ਦੀ ਵੀ ਸੀ ਪਰ ਮੁਲਕ ਵਿਚੋਂ ਨਿਕਾਲੇ ਦੌਰਾਨ ਇਕ ਜਰਮਨ ਰਸਾਲੇ ’ਚ ਛਪਿਆ ਮੇਰਾ ਬਿਆਨ ਪੜ੍ਹ ਕੇ ਉਹ ਅੱਗ-ਬਬੂਲਾ ਹੋ ਉਠਿਆ। ਇਸ ਰਸਾਲੇ ਵਿਚ ਮੈਂ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਜੇ ਫਤਵੇ ਦੇ ਡਰ ਨਾਲ ਸਲਮਾਨ ਰਸ਼ਦੀ ਨੇ ਮੁਆਫੀ ਮੰਗੀ ਹੈ ਤਾਂ ਇਸ ਉਸ ਦੀ ਕਾਇਰਤਾ ਹੈ।

ਇਕ ਵਕਤ ਸੀ, ਰਸ਼ਦੀ ਨਿਊ ਯਾਰਕ ਸ਼ਹਿਰ ਵਿਚ ਰਹਿੰਦਾ ਸੀ, ਮੈਂ ਵੀ ਉਥੇ ਹੀ ਰਹਿੰਦੀ ਸਾਂ ਪਰ ਸਾਡੇ ਦੋਵਾਂ ਵਿਚ ਮੁਲਾਕਾਤ ਨਹੀਂ ਹੋਈ। ਉਹ ਅਮਰੀਕੀ ਕਵੀਆਂ, ਲੇਖਕਾਂ ਦੇ ਵੱਡੇ ਸੰਗਠਨ (ਪੈਨ ਕਲੱਬ) ਦਾ ਪ੍ਰਧਾਨ ਹੈ। ਇਹ ਸੰਗਠਨ ਲੇਖਕ ਦੇ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਕਰਦਾ ਹੈ, ਸਮਾਗਮ ਰਚਾਉਂਦਾ ਹੈ। ਸਲਮਾਨ ਰਸ਼ਦੀ ਜਾਣਦਾ ਸੀ ਕਿ ਮੈਂ ਭਾਰਤ ’ਚ ਸਮਾਂ ਸੀਮਾ ਖਤਮ ਹੋਣ ਪਿਛੋਂ ਨਿਊ ਯਾਰਕ ਪੁੱਜੀ ਸਾਂ। ਮੇਰੀ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ‘ਤੇ ਜੋ ਹਮਲਾ ਹੋਇਆ ਹੈ, ਉਹਦੇ ਪਿੱਛੇ ਨਫਰਤ ਤੇ ਬੇਯਕੀਨੀ ਹੈ। ਬੰਗਲਾਦੇਸ਼ ਵਿਚ ਮੇਰੀਆਂ ਸਾਰੀਆਂ ਕਿਤਾਬਾਂ ਉਤੇ ਸਮਾਜਿਕ ਭਾਵ ਨਾਲ ਨਹੀਂ, ਸਰਕਾਰੀ ਤੌਰ ‘ਤੇ ਪਾਬੰਦੀ ਹੈ। ਕੇਵਲ ਬੰਗਲਾਦੇਸ਼ ਤੋਂ ਹੀ ਨਹੀਂ, ਪੱਛਮੀ ਬੰਗਾਲ ਤੋਂ ਵੀ ਮੈਨੂੰ ਕੱਢਿਆ ਜਾ ਚੁੱਕਾ ਹੈ। ਇਹੀ ਨਹੀਂ; ਮੁਲਕ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਸਾਢੇ ਸੱਤ ਮਹੀਨੇ ਤੱਕ ਮੈਨੂੰ ਦਿੱਲੀ ਤੇ ਕੋਲਕਾਤਾ ਵਿਚ ਨਜ਼ਰਬੰਦੀ ਦੀ ਹਾਲਤ ਵਿਚ ਰੱਖਿਆ ਗਿਆ ਪਰ ਮੇਰੇ ਇਸ ਇਤਿਹਾਸ ਨੂੰ ਛਲ, ਤਾਕਤ, ਫਰੇਬ, ਚਲਾਕੀ ਨਾਲ ਨਾ ਕਬੂਲਦਿਆਂ ਹੋਇਆਂ ਸਲਮਾਨ ਰਸ਼ਦੀ ਚੁੱਪ ਹੈ, ਇਹਦਾ ਵਿਰੋਧ ਨਹੀਂ ਕਰ ਰਿਹਾ ਅਤੇ ਆਪਣੀ ਚੌਧਰ ਦਾ ਜਸ਼ਨ ਮਨਾ ਰਿਹਾ ਹੈ।

ਉਹ ਜੋ ਚਾਹੁੰਦਾ ਹੈ, ਕਰਦਾ ਹੈ। ਉਸ ਦੇ ਸੁਰੱਖਿਆ ਕਰਮਚਾਰੀਆਂ ਵਿਚੋਂ ਇਕ ਨੇ ਉਹਦੇ ਖਿਲਾਫ ਕਿਤਾਬ ਲਿਖੀ ਹੈ। ਉਸ ਨੇ ਪ੍ਰਕਾਸ਼ਕਾਂ ਨਾਲ ਗੱਲ ਕਰਕੇ ਇਸ ਕਿਤਾਬ ਨੂੰ ਨਾ ਛਪਣ ਦੇਣ ਪ੍ਰਬੰਧ ਕਰ ਲਿਆ ਹੈ। ਨਾਲ ਇਹ ਵੀ ਕਹੀ ਜਾਂਦਾ ਹੈ ਕਿ ਲੇਖਕ ਨੂੰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ।

ਰਸ਼ਦੀ ਸੱਤਰਾਂ ਨੂੰ ਪਾਰ ਕਰ ਚੁੱਕਾ ਹੈ। ਉਹ ਕੁੜੀਆਂ ਵੱਲ ਲਲਚਾਈਆਂ ਨਜ਼ਰਾਂ ਨਾਲ ਦੇਖਦਾ ਹੈ। ਕੁੜੀਆਂ ਉਸ ‘ਤੇ ਇਲਜ਼ਾਮ ਲਾ ਚੁੱਕੀਆਂ ਹਨ ਕਿ ਰਸ਼ਦੀ ਉਨ੍ਹਾਂ ਨੂੰ ਯੌਨ ਵਸਤੂ ਤੋਂ ਇਲਾਵਾ ਹੋਰ ਕੁਝ ਨਹੀਂ ਸਮਝਦਾ। ਤਦ ਵੀ ਉਹਦੇ ਵਲ ਲੋਕਾਂ ਵਿਚ ਘ੍ਰਿਣਾ ਪੈਦਾ ਨਹੀਂ ਹੁੰਦੀ। ਇਸ ਪ੍ਰਚੰਡ ਮਰਦਵਾਦੀ ਲੇਖਕ ਦਾ ਬਹੁਤ ਵੱਡਾ ਨਾਂ ਹੈ। ਇਸ ਲਈ ਫਤਵੇ ਨੂੰ ਛੱਡ ਕੇ ਉਸ ਨਾਲ ਮੇਰਾ ਹੋਰ ਕੋਈ ਮੇਲ ਨਹੀਂ ਹੈ।

ਦੁਨੀਆਂ ਦੇ ਹਰ ਧਰਮ ਪ੍ਰਤੀ ਮੇਰੇ ਮਨ ਵਿਚ ਬੇਯਕੀਨੀ ਹੈ। ਮੈਂ ਲੰਮੇ ਸਮੇਂ ਤਕ ਧਰਮ ਵਿਚ ਅੰਨ੍ਹੇ ਲੋਕਾਂ ਅਤੇ ਤਾਕਤਵਰ ਸਰਕਾਰ ਦੇ ਅਤਿਆਚਾਰ ਸਹਿਣ ਕੀਤੇ ਹਨ। ਮੈਨੂੰ ਬੇਘਰ ਹੋ ਕੇ ਵਿਦੇਸ਼ ਵਿਚ ਇਕੱਲੀ ਰਹਿ ਕੇ ਖੁਦ ਨੂੰ ਬਚਾਉਣ ਲਈ ਦਿਨ-ਬ-ਦਿਨ ਸੰਘਰਸ਼ ਕਰਨਾ ਪੈ ਰਿਹਾ ਹੈ- ਜੇ ਕੋਈ ਨਾਲ ਹੈ ਤਾਂ ਉਹ ਹੈ ਮੇਰਾ ਆਦਰਸ਼ ਅਤੇ ਵਿਸ਼ਵਾਸ। ਇਹ ਸਭ ਨਜ਼ਰ ਅੰਦਾਜ਼ ਕਰਨ ਵਾਲੀ ਚੀਜ਼ ਨਹੀਂ ਹੈ।

ਧਰਮ ਮੁਕਤ, ਮਜਬੂਰੀ ਰਹਿਤ, ਬਰਾਬਰ ਹੱਕਾਂ ਵਾਲੇ ਸਮਾਜ ਦੀ ਖਾਤਰ ਮੈਂ ਜੋ ਸੰਘਰਸ਼ ਕਰ ਰਹੀ ਹਾਂ ਉਹ ਜੇ ਕਿਸੇ ਨੂੰ ਨਹੀਂ ਦਿਸਦਾ ਤਾਂ ਉਹ ਚਾਹੇ ਜਿੰਨਾ ਵੀ ਮਰਜ਼ੀ ਵੱਡਾ ਲੇਖਕ ਜਾਂ ਕਲਾਕਾਰ ਕਿਉਂ ਨਾ ਹੋਵੇ, ਮੇਰੇ ਆਦਰਸ਼ ਦੇ ਨੇੜੇ ਆਉਣ ਦੀ ਉਸ ’ਚ ਯੋਗਤਾ ਨਹੀਂ ਹੈ।

# ਆਖ ਤਸਵੀਰਾਂ ਬੋਲਦੀਆਂ


*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਜਨਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-361



**ਸਬਰ ਸਬੂਰੀ ਨਾਲ ਸੀ ਕੁੜੀਆਂ ਕੱਚੇ ਕੋਠੇ ਲਿੱਪਦੀਆਂ।**
**ਦੇਖ ਕਿਸੇ ਦੇ ਪੱਕਿਆਂ ਵੱਲੇ ਕਦੇ ਨਹੀਂ ਸਨ ਥੁੱਕਦੀਆਂ।**

## ਕੈਪਸ਼ਨ ਮੁਕਾਬਲਾ-359



ਸਭਿਆਚਾਰ ਦੀ ਝਲਕ ਦਿਖਾਵੇ
ਨੂੰਹ ਰਾਣੀ ਚੌਂਕੇ ਚਾੜ੍ਹੀ।
ਘਿਉ, ਖੰਡ, ਆਟਾ ਬਰਾਬਰ ਪਾਵੇ
ਮੱਠੀ ਅੱਗ ਚੁੱਲ੍ਹੇ ਤਾੜੀ।
ਹੌਲੀ ਭੁੱਜਦਾ ਨਾਲੇ ਮਹਿਕਾਂ ਛੱਡੇ
ਮਨ ਬਾਹਲਾ ਲਲਚਾਵੇ।
ਘਰ ਦੇ ਜੀਅ ਉਡੀਕਣ ਬੈਠੇ
ਕਦੋਂ ਭਰ ਕੇ ਪਲੇਟਾਂ ਆਵੇ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਬਾਂਹੀਂ ਚੂੜਾ, ਹੱਥ ‘ਚ ਕੜਛੀ
ਵਿਚ ਕੜਾਹੀ ਫੇਰੀ ਜਾਵੇ।
ਨਾਲ ਖੁਸ਼ੀ ਦੇ ਮੁਖੜਾ ਖਿੜਿਆ
ਚੀਜ਼ੀ ਮਿੱਠੀ ਜਿਹੀ ਬਣਾਵੇ।
ਚੌਂਕੇ ਚੜ੍ਹੀ ਅੱਜ ਨਵੀਂ-ਨਵੇਲੀ।
ਸਾਰਾ ਟੱਬਰ ਸ਼ਗਨ ਮਨਾਵੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਡੋਲੀ ਤੋਂ ਉਤਾਰੇ, ਚੌਂਕੇ ਚੜ੍ਹਾਵੇ
ਸੱਸੂ ਮਾਂ ਰੱਜ ਸ਼ਗਨ ਮਨਾ ਕੇ।
ਚੱਜ ਪਰਖੇ ਤੇ ਦੇਵੇ ਰਸੋਈ ਸੰਭਾਲ
ਤਿੰਨ ਮੇਲ ਦਾ ਕੜਾਹ ਬਣਵਾ ਕੇ।
ਅਸੀਸਾਂ ਨਾਲ ਝੋਲੀ ਸਭ ਭਰਦੇ
ਨਵੀਂ ਵਹੁਟੀ ਤੋਂ ਮੂੰਹ ਮਿੱਠਾ ਕਰਵਾ ਕੇ।
**-ਦਵਿੰਦਰ ਕੌਰ**

---

ਨਵ-ਵਿਆਹੀ ਚੌਂਕੇ ਚਾੜ੍ਹਨਾ
ਕਦਰ ਦਰਸਾਉਂਦੀ ਸਭਿਅਤਾ ਦੀ।
ਸੰਗਣਾ ਸ਼ਰਮਾਉਣਾ ਬਣਦਾ ਹੀ
ਟਾਹਰਾਂ ਮਾਰਨ ਦਰਾਣੀ, ਜਠਾਣੀ
ਹੈ ਨੂੰਹ ਆਈ ਫਲਾਣਿਆਂ ਦੇ
ਬੜੀ ਤੇਹ, ਅੱਖਾਂ ਨਾਲ ਗੱਲਾਂ ਕਰਦੀ।
ਕਰ ਹੌਸਲਾ ਬਣ ਦਿੱਤਾ ਹਲਵਾ
ਸ਼ਾਬਾਸ਼ ਦੇਣ ਨੂੰ ਸਭ ਮਜਬੂਰ ਹੋਏ
ਰੁਕੇ ਉਦੋਂ ਜਦ ਖਾ ਗਏ ਪਰਾਤ ਸਾਰੀ
ਪੱਛਮੀ ਸਭਿਅਤਾ ਐਨ ਉਲਟ
ਨਵ-ਵਿਆਹੀ, ਅਣ-ਵਿਆਹੀ,
ਚੌਂਕਾ ਚਾਂਕਾ ਇਕੋ ਰੱਸੇ ਨਰੜ ਦਿੰਦੇ।
**-ਦਰਸ਼ਨਪਾਲ ਦੋਸਾਂਝ**

---

ਨਵੀਂ ਵਿਆਹੀ ਦੇ ਚੂੜੇ ਦਾ ਰੰਗ
ਹਾਲੇ ਪਿਆ ਏ ਗੂੜ੍ਹਾ।
ਬੈਠ ਗਈ ਚੁੱਲ੍ਹੇ ਮੂਹਰੇ
ਸੱਜ ਵਿਆਹੀ ਡਾਹ ਕੇ ਮੂੜ੍ਹਾ।
ਕੜਾਹ ਬਣਾਵੇ ਨਵੀਂ ਵਿਆਹੀ
ਪਹਿਲੀ ਵਾਰੀ ਜਦੋਂ ਚੜ੍ਹੇ ਚੁੱਲ੍ਹੇ।
ਮਿੱਠੀ ਮਿੱਠੀ ਹੋ ਗਈ ਪੌਣ
ਤੇ ਆਉਣ ਮਹਿਕ ਦੇ ਬੁੱਲ੍ਹੇ।
ਸ਼ਾਲਾ! ਰਹੇ ਵੱਸਦਾ ਇਸ ਦਾ ਖੇੜਾ
ਮਹਿਕਦਾ ਰਹੇ ਫੁੱਲਾਂ ਨਾਲ ਵਿਹੜਾ।
ਖੁਸ਼ ਰਹੇ ਸਿਰ ਦਾ ਸਾਈਂ ਇਹਦਾ
ਚੂੜੇ ਵਾਲੀ ਦੇ ਮੁੱਖ ‘ਤੇ ਸਦਾ ਰਹੇ ਖੇੜਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਭਾਜਪਾ ਨੂੰ ਟੱਕਰ ਦੇਣ ਲਈ ਮਹਾਗੱਠਜੋੜ ਦੇ ਰਾਹ ਤੁਰੀਆਂ ਸਿਆਸੀ ਧਿਰਾਂ

**ਲਖਨਊ:** ਉਤਰ ਪ੍ਰਦੇਸ਼ ਵਿਚ ਰਵਾਇਤੀ ਵਿਰੋਧੀਆਂ ਵਜੋਂ ਜਾਣੀਆਂ ਜਾਂਦੀਆਂ ਸਮਾਜਵਾਦੀ ਪਾਰਟੀ (ਐਸ.ਪੀ.) ਤੇ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਨੇ ਗੱਠਜੋੜ ਕਰਦਿਆਂ 2019 ਦੀਆਂ ਲੋਕ ਸਭਾ ਚੋਣਾਂ 38-38 ਸੀਟਾਂ ਵੰਡ ਕੇ ਲੜਨ ਦਾ ਐਲਾਨ ਕੀਤਾ ਹੈ। ਦੋਵਾਂ ਧਿਰਾਂ ਨੇ ਕਾਂਗਰਸ ਨੂੰ ਗੱਠਜੋੜ ਤੋਂ ਬਾਹਰ ਹੀ ਰੱਖਿਆ ਹੈ, ਪਰ ਅਮੇਠੀ ਤੇ ਰਾਇ ਬਰੇਲੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਲਈ ਛੱਡ ਦਿੱਤੀਆਂ ਹਨ।



ਇਸ ਤੋਂ ਇਲਾਵਾ ਦੋ ਸੀਟਾਂ ਗੱਠਜੋੜ ਦੇ ਛੋਟੇ ਭਾਈਵਾਲਾਂ ਲਈ ਰੱਖੀਆਂ ਗਈਆਂ ਹਨ ਤੇ ਉਨ੍ਹਾਂ ਦੇ ਨਾਂ ਹਾਲੇ ਨਸ਼ਰ ਨਹੀਂ ਕੀਤੇ ਗਏ। ਸੂਤਰਾਂ ਮੁਤਾਬਕ ਰਾਸ਼ਟਰੀ ਲੋਕ ਦਲ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਗੱਠਜੋੜ ਬਾਰੇ ਐਲਾਨ ਕਰਦਿਆਂ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਤੇ ਬਸਪਾ ਸੁਪਰੀਮੋ ਮਾਇਆਵਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਯੂਪੀ ਦਾ ਇਹ ਗੱਠਜੋੜ 'ਗੁਰੂ ਚੇਲੇ' ਦੀ ਨੀਂਦ ਉਡਾ ਦੇਵੇਗਾ।

ਮਾਇਆਵਤੀ ਨੇ ਕਿਹਾ ਕਿ ਜਿਵੇਂ ਜ਼ਿਮਨੀ ਚੋਣਾਂ ਵਿਚ ਉਨ੍ਹਾਂ ਭਾਜਪਾ ਨੂੰ ਮਾਤ ਦਿੱਤੀ ਸੀ, ਉਸੇ ਤਰ੍ਹਾਂ ਲੋਕ ਸਭਾ ਚੋਣਾਂ ਵਿਚ ਵੀ ਵਾਪਰੇਗਾ। ਭਾਜਪਾ ਨੇ ਗੱਠਜੋੜ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਉੱਤਰ ਪ੍ਰਦੇਸ਼ ਜਾਂ ਦੇਸ਼ ਲਈ ਨਹੀਂ ਬਲਕਿ ਆਪਣੀ ਹੋਂਦ ਬਚਾਉਣ ਲਈ ਇਕੱਠੀਆਂ ਹੋਈਆਂ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਗੱਠਜੋੜ ਦਾ ਸਵਾਗਤ ਕੀਤਾ ਹੈ।

ਸੀ.ਪੀ.ਆਈ. (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਨੇ ਵੀ ਗੱਠਜੋੜ ਦਾ ਸਵਾਗਤ ਕੀਤਾ ਹੈ। ਦੱਸਣਯੋਗ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 71 ਸੀਟਾਂ ਉਤੇ ਜਿੱਤ ਪ੍ਰਾਪਤ ਕੀਤੀ ਸੀ ਤੇ ਇਸ ਦੇ ਭਾਈਵਾਲ ਅਪਨਾ ਦਲ ਨੇ ਦੋ ਸੀਟਾਂ ਜਿੱਤੀਆਂ ਸਨ। ਐਸ.ਪੀ. ਨੂੰ ਉਸ ਵੇਲੇ ਪੰਜ, ਕਾਂਗਰਸ ਨੂੰ ਦੋ ਤੇ ਬੀ.ਐਸ.ਪੀ. ਦਾ ਖਾਤਾ ਤੱਕ ਨਹੀਂ ਸੀ ਖੁੱਲ੍ਹ ਸਕਿਆ। ਕਾਂਗਰਸ ਨੂੰ ਗੱਠਜੋੜ ਦਾ ਹਿੱਸਾ ਨਾ ਬਣਾਏ ਜਾਣ ਬਾਰੇ ਪੁੱਛਣ 'ਤੇ ਮਾਇਆਵਤੀ ਨੇ ਕਿਹਾ ਕਿ ਪਾਰਟੀ ਨੇ ਸਾਲਾਂ ਬੱਧੀ ਮੁਲਕ 'ਤੇ ਰਾਜ ਕੀਤਾ ਹੈ। ਇਸ ਦੌਰਾਨ ਗਰੀਬੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਵਧਿਆ ਅਤੇ ਰੱਖਿਆ ਸੌਦਿਆਂ ਵਿਚ ਵੀ ਘਪਲੇ ਹੋਏ। ਉਨ੍ਹਾਂ ਕਿਹਾ ਕਿ ਜਿਵੇਂ ਬੋਫੋਰਜ਼ ਨੇ ਕਾਂਗਰਸ ਦੇ ਪੈਰ ਉਖਾੜ ਦਿੱਤੇ, ਰਾਫਾਲ ਵੀ ਭਾਜਪਾ ਨੂੰ ਭਾਰੀ ਪਏਗਾ। ਉਨ੍ਹਾਂ ਨਾਲ ਹੀ ਕਿਹਾ ਕਿ ਕਾਂਗਰਸ ਨਾਲ ਪਹਿਲਾਂ ਕੀਤੇ ਗੱਠਜੋੜਾਂ ਦਾ ਬਸਪਾ ਨੂੰ ਕੋਈ ਲਾਭ ਨਹੀਂ ਹੋਇਆ ਜਦਕਿ ਐਸ.ਪੀ. ਨਾਲ ਗੱਠਜੋੜ ਤੋਂ ਬਾਅਦ ਵੋਟਾਂ ਦਾ ਗਣਿਤ ਫਿੱਟ ਬੈਠਿਆ ਹੈ। ਐਸ.ਪੀ. ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਪੱਛਮੀ ਉਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ ਨਾਲ ਗੱਠਜੋੜ ਬਾਰੇ ਜਲਦੀ ਜਾਣਕਾਰੀ ਦਿੱਤੀ ਜਾਵੇਗੀ।

ਮਾਇਆਵਤੀ ਨੇ ਕਿਹਾ ਕਿ ਇਹ ਗੱਠਜੋੜ ਹੁਣ ਲੰਮਾ ਚੱਲੇਗਾ, ਲੋਕ ਸਭਾ ਚੋਣਾਂ ਤੇ ਯੂਪੀ ਦੀਆਂ ਵਿਧਾਨ ਸਭਾ ਚੋਣਾਂ ਤੋਂ ਵੀ ਅਗਾਂਹ ਤੱਕ। ਮਾਇਆਵਤੀ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਐਲਾਨੇ ਜਾਣ ਦੀ ਸੂਰਤ ਵਿਚ ਬਸਪਾ ਸੁਪਰੀਮੋ ਨੂੰ ਸਮਰਥਨ ਦੇਣ ਬਾਰੇ ਪੁੱਛੇ ਜਾਣ 'ਤੇ ਅਖਿਲੇਸ਼ ਨੇ ਕੋਈ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਿਆ ਤੇ ਕਿਹਾ ਕਿ ਸਭ ਜਾਣਦੇ ਹੀ ਹਨ ਕਿ ਉਹ ਕਿਸ ਦੀ ਹਮਾਇਤ ਕਰਨਗੇ। ਅਖਿਲੇਸ਼ ਨੇ ਕਿਹਾ ਕਿ ਉਹ ਪਹਿਲਾਂ ਵੀ ਕਹਿੰਦੇ ਰਹੇ ਹਨ ਕਿ ਯੂਪੀ ਨੇ ਹੀ ਦੇਸ਼ ਨੂੰ ਪ੍ਰਧਾਨ ਮੰਤਰੀ ਦਿੱਤਾ ਹੈ। ਬਸਪਾ ਆਗੂ ਮਾਇਆਵਤੀ ਨੇ ਕਿਹਾ ਕਿ ਸ਼ਿਵਪਾਲ ਯਾਦਵ ਦੀ ਅਗਵਾਈ ਵਾਲੀ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ-ਲੋਹੀਆ ਧਿਰ 'ਭਾਜਪਾ ਦਾ ਥਾਪੜਾ ਪ੍ਰਾਪਤ ਹੈ' ਤੇ ਇਹ ਨਾਕਾਮ ਸਾਬਤ ਹੋਵੇਗੀ।

## ਲੋਕ ਸਭਾ ਚੋਣਾਂ ਪਾਣੀਪਤ ਦੀ ਤੀਜੀ ਲੜਾਈ ਸਮਾਨ: ਅਮਿਤ ਸ਼ਾਹ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਲੋਕ ਸਭਾ ਚੋਣਾਂ ਦੀ ਤੁਲਨਾ ਮਰਾਠਿਆਂ ਤੇ ਅਫ਼ਗਾਨ ਫ਼ੌਜ ਵਿਚਾਲੇ ਹੋਈ ਪਾਣੀਪਤ ਦੀ ਤੀਜੀ ਲੜਾਈ ਨਾਲ ਕਰਦਿਆਂ ਕਿਹਾ ਹੈ ਕਿ ਇਹ ਵਿਚਾਰਧਾਰਾਵਾਂ ਦੀ ਜੰਗ ਹੈ। ਉਨ੍ਹਾਂ ਕਿਹਾ ਕਿ ਚੋਣ ਨਤੀਜੇ ਦੇਸ਼ ਹਿੱਤ ਵਿਚ ਹੀ ਹੋਣਗੇ। ਸ਼ਾਹ ਨੇ ਭਾਜਪਾ ਖ਼ਿਲਾਫ਼ ਵਿਰੋਧੀ ਪਾਰਟੀਆਂ ਦੇ ਮਹਾਗੱਠਜੋੜ ਨੂੰ 'ਦਿਖਾਵਾ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਗੱਠਜੋੜ ਨਿਰੋਲ ਸੱਤਾ ਦੀ ਭੁੱਖ ਵਿਚੋਂ ਉਪਜਿਆ ਹੈ ਤੇ ਵਿਰੋਧੀ ਧਿਰਾਂ ਕੋਲ ਨਾ ਤਾਂ ਕੋਈ ਠੋਸ ਰਣਨੀਤੀ ਹੈ ਅਤੇ ਨਾ ਹੀ ਆਗੂ। ਉਨ੍ਹਾਂ ਕਿਹਾ ਕਿ ਸਭਿਅਕ ਰਾਸ਼ਟਰਵਾਦ ਤੇ ਗਰੀਬਾਂ ਦੀ ਭਲਾਈ ਦੇ ਏਜੰਡੇ ਦੇ ਸਿਰ 'ਤੇ ਭਾਜਪਾ ਜ਼ਰੂਰ ਜਿੱਤੇਗੀ।

# ਜੀ. ਐਸ. ਟੀ: 40 ਲੱਖ ਤੱਕ ਦੇ ਕਾਰੋਬਾਰਾਂ ਲਈ ਮਿਲੇਗੀ ਛੋਟ

**ਨਵੀਂ ਦਿੱਲੀ:** ਜੀ.ਐਸ.ਟੀ. ਕੌਂਸਲ ਨੇ 40 ਲੱਖ ਰੁਪਏ ਤੱਕ ਦੇ ਕਾਰੋਬਾਰਾਂ ਲਈ ਜੀ.ਐਸ.ਟੀ. ਤੋਂ ਛੋਟ ਦੇ ਦਿੱਤੀ ਹੈ ਜਿਸ ਨਾਲ ਛੋਟੇ ਕਾਰੋਬਾਰੀਆਂ ਨੂੰ ਰਾਹਤ ਮਿਲੇਗੀ ਅਤੇ ਇਸ ਦੇ ਨਾਲ ਹੀ ਐਲਾਨ ਕੀਤਾ ਕਿ ਪਹਿਲੀ ਅਪਰੈਲ ਤੋਂ ਇਕ ਫੀਸਦੀ ਟੈਕਸ ਅਦਾ ਕਰ ਕੇ ਕੰਪੋਜ਼ੀਸ਼ਨ




ਸਕੀਮ ਦਾ ਲਾਭ ਲੈਣ ਦੀ ਉਪਰਲੀ ਹੱਦ 1.5 ਕਰੋੜ ਰੁਪਏ ਹੋਵੇਗੀ।

ਕੌਂਸਲ ਨੇ ਕੇਰਲ ਸਰਕਾਰ ਨੂੰ ਦੋ ਸਾਲਾਂ ਲਈ ਅੰਤਰਰਾਜੀ ਵਸਤਾਂ ਤੇ ਸੇਵਾਵਾਂ ਉਪਰ ਇਕ ਫੀਸਦੀ ਕੁਦਰਤੀ ਆਫਤ ਸੈੱਸ ਲਾਉਣ ਦੀ ਆਗਿਆ ਦੇ ਦਿੱਤੀ ਹੈ ਤਾਂ ਕਿ ਪਿਛਲੇ ਸਾਲ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਦੇ ਮੁੜ ਵਸੇਬੇ ਦੇ ਕਾਰਜਾਂ ਲਈ ਮਾਲੀਆ ਜੁਟਾਇਆ ਜਾ ਸਕੇ। ਵਿੱਤ ਮੰਤਰੀ ਨੇ ਦੱਸਿਆ ਕਿ 40 ਕਰੋੜ ਰੁਪਏ ਤੱਕ ਦੇ ਕਾਰੋਬਾਰਾਂ ਨੂੰ ਜੀ.ਐਸ.ਟੀ. ਤੋਂ ਛੋਟ ਮਿਲੇਗੀ। ਉਤਰ ਪੂਰਬੀ ਰਾਜਾਂ ਲਈ ਛੋਟ ਦੀ ਹੱਦ 20 ਲੱਖ ਰੁਪਏ ਹੋਵੇਗੀ। ਮੌਜੂਦਾ ਸਮੇਂ 20 ਲੱਖ ਰੁਪਏ ਤੱਕ ਕਾਰੋਬਾਰਾਂ ਲਈ ਜੀ.ਐਸ.ਟੀ. ਰਜਿਸਟ੍ਰੇਸ਼ਨ ਤੋ ਛੋਟ ਮਿਲੀ ਹੋਈ ਹੈ ਜਦਕਿ ਉਤਰ ਪੂਰਬੀ ਰਾਜਾਂ ਲਈ ਇਹ ਦਸ ਲੱਖ ਰੁਪਏ ਸੀ।

ਸੂਤਰਾਂ ਨੇ ਦੱਸਿਆ ਕਿ ਇਹ ਛੋਟ ਦੇਣ ਨਾਲ ਸਰਕਾਰ ਨੂੰ ਕਰੀਬ 5200 ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਉਠਾਉਣਾ ਪਵੇਗਾ। ਸ੍ਰੀ ਜੇਤਲੀ ਨੇ ਕਿਹਾ ਕਿ ਜੀ.ਐਸ.ਟੀ. ਕੰਪੋਜ਼ੀਸ਼ਨ ਸਕੀਮ ਜਿਸ ਤਹਿਤ ਛੋਟੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਆਪਣੇ ਸਾਲਾਨਾ ਕਾਰੋਬਾਰ ਦੇ ਆਧਾਰ 'ਤੇ 1 ਫੀਸਦੀ ਟੈਕਸ ਭਰਨਾ ਪੈਂਦਾ ਹੈ, ਡੇਢ ਕਰੋੜ ਰੁਪਏ ਤੱਕ ਦੇ ਕਾਰੋਬਾਰ ਲਈ ਹਾਸਲ ਕੀਤੀ ਜਾ ਸਕਦੀ ਹੈ ਜੋ ਪਹਿਲਾਂ ਇਕ ਕਰੋੜ ਰੁਪਏ ਤੱਕ ਸੀ। ਇਹ ਸਕੀਮ ਪਹਿਲੀ ਅਪਰੈਲ ਤੋਂ ਲਾਗੂ ਕੀਤੀ ਜਾਵੇਗੀ।

# ਅਸਾਮ 'ਚ ਨਾਗਰਿਕਤਾ ਬਿੱਲ ਖਿਲਾਫ ਮੁਜਾਹਰਿਆਂ ਨੇ ਜ਼ੋਰ ਫੜਿਆ

**ਗੁਹਾਟੀ:** ਆਈ.ਆਈ.ਟੀ-ਗੁਹਾਟੀ ਦੇ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਨਾਗਰਿਕਤਾ ਬਿੱਲ ਖਿਲਾਫ਼ ਅਸਾਮ ਵਿਚ ਜਾਰੀ ਰੋਸ ਮੁਜ਼ਾਹਰਿਆਂ ਨੇ ਜ਼ੋਰ ਫੜ੍ਹ ਲਿਆ। ਕਬਾਇਲੀ ਜਥੇਬੰਦੀਆਂ ਵੱਲੋਂ ਬੋਡੋਲੈਂਡ ਪ੍ਰਦੇਸ਼ਕ ਖੇਤਰਾਂ ਵਾਲੇ ਜ਼ਿਲ੍ਹਿਆਂ ਵਿਚ ਦਿੱਤੇ 12 ਘੰਟੇ ਦੇ ਅਸਾਮ ਬੰਦ ਦੇ ਸੱਦੇ ਤਹਿਤ ਪ੍ਰਦਰਸ਼ਨਕਾਰੀਆਂ ਨੇ ਸੜਕਾਂ 'ਤੇ ਵਾਹਨਾਂ ਦੀ ਆਵਾਜਾਈ ਨੂੰ ਪ੍ਰਭਾਵਿਤ ਕਰਨ ਲਈ ਥਾਂ ਥਾਂ ਟਾਇਰ ਸਾੜੇ ਤੇ ਰੁੱਖ ਕੱਟ ਕੇ ਸੜਕੀ ਆਵਾਜਾਈ 'ਚ ਅੜਿੱਕਾ ਪਾਇਆ।

ਅਸਾਮ ਦੀਆਂ ਕਬਾਇਲੀ ਜਥੇਬੰਦੀਆਂ ਦੀ ਕੋਆਰਡੀਨੇਸ਼ਨ ਕਮੇਟੀ ਨੇ ਬੰਦ ਦਾ ਸੱਦਾ ਰਾਜ ਦੇ ਛੇ ਨਸਲੀ ਭਾਈਚਾਰਿਆਂ ਨੂੰ ਅਨੁਸੂਚਿਤ ਕਬੀਲੇ (ਐਸਟੀ) ਦਾ ਦਰਜਾ ਦੇਣ ਲਈ ਪੇਸ਼ ਬਿੱਲ ਖਿਲਾਫ਼ ਦਿੱਤਾ ਸੀ। ਇਸ ਦੌਰਾਨ ਸਿਲਚਰ ਵਿਚ ਅਸਾਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਬਿੱਲ ਦੀ ਹਮਾਇਤ ਕੀਤੀ ਹੈ। ਉਧਰ, ਸੀਨੀਅਰ ਕਾਂਗਰਸ ਆਗੂ ਤੇ ਅਸਾਮ ਦੇ ਸਾਬਕਾ ਮੁੱਖ ਮੰਤਰੀ ਤਰੁਣ ਗੋਗੋਈ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੇਂਦਰ ਸਰਕਾਰ ਨੇ ਨਾਗਰਿਕਤਾ (ਸੋਧ) ਬਿੱਲ ਵਾਪਸ ਨਾ ਲਿਆ ਤਾਂ ਉਹ ਪਾਬੰਦੀ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਰੋਸ ਮੁਜ਼ਾਹਰੇ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਅਦਾਲਤੀ ਗ੍ਰਿਫਤਾਰੀ ਦੀ ਧਮਕੀ ਦੀ ਦਿੱਤੀ। ਜਾਣਕਾਰੀ ਅਨੁਸਾਰ ਬੋਡੋਲੈਂਡ ਪ੍ਰਦੇਸ਼ਕ ਖੇਤਰ ਵਾਲੇ ਜ਼ਿਲ੍ਹਿਆਂ ਜਿਵੇਂ ਕੋਕਰਾਝਾਰ, ਉਡਲਗੁੜੀ, ਬਕਸਾ ਤੇ ਚਿਰਾਂਗ, ਬੌਂਗਾਇਗਾਓਂ ਅਤੇ ਕਬਾਇਲੀ ਬਹੁਗਿਣਤੀ ਵਾਲੇ ਇਲਾਕਿਆਂ ਜਿਵੇਂ ਮੋਰੀਗਾਓਂ, ਨਗਾਓਂ, ਹੋਜਾਈ, ਦੀਮਾ ਹਸਾਓ ਤੇ ਕਾਰਬੀ ਐਂਗਲੌਂਗ ਜ਼ਿਲ੍ਹਿਆਂ ਵਿਚ ਪੂਰੀ ਤਰ੍ਹਾਂ ਬੰਦ ਰਿਹਾ। ਬੰਦ ਦੇ ਹਮਾਇਤੀਆਂ ਨੇ ਕੌਮੀ ਸ਼ਾਹਰਾਹ ਰੋਕ ਕੇ ਆਵਾਜਾਈ ਵਿਚ ਵਿਘਨ ਪਾਇਆ।

ਬੰਦ ਨੂੰ ਦੀਮਾਸਾ ਵਿਦਿਆਰਥੀ ਯੂਨੀਅਨ, ਹਮਾਰ ਵਿਦਿਆਰਥੀ ਐਸੋਸੀਏਸ਼ਨ ਸਮੇਤ ਹੋਰ ਕਈ ਵਿਦਿਆਰਥੀ ਯੂਨੀਅਨਾਂ ਨੇ ਹਮਾਇਤ ਦਿੱਤੀ। ਇਸ ਦੌਰਾਨ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਦੇ ਪਿੱਤਰੀ ਹਲਕੇ ਮਜੁਲੀ ਵਿਚ 'ਅਸਮੀਆ ਯੁਵਾ ਮੰਚ' ਦੇ ਵਾਲੰਟੀਅਰਾਂ ਨੇ ਬਿੱਲ ਦੇ ਵਿਰੋਧ 'ਚ ਸਿਰ ਮੁੰਡਵਾ ਲਏ।

ਐਨ.ਐਸ.ਯੂ.ਆਈ. ਦੇ ਕਾਰਕੁਨਾਂ ਨੇ ਵੀ ਬਿੱਲ ਦਾ ਵਿਰੋਧ ਕੀਤਾ। ਗੁਹਾਟੀ ਦੇ ਰਾਧਾ ਗੋਵਿੰਦਾ ਬਰੁਆ ਰੋਡ ਸਥਿਤ ਕਾਮਰਸ ਕਾਲਜ ਅੱਗੇ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੇ ਮੁੱਖ ਮੰਤਰੀ ਸਰਬਾਨੰਦ ਸੋਨਵਾਲ ਤੇ ਵਿੱਤ ਮੰਤਰੀ ਹਿਮਾਂਤਾ ਬਿਸਵਾ ਦੇ ਇਸ ਰਸਤਿਓਂ ਲੰਘਣ 'ਤੇ ਰੋਕ ਲਾ ਦਿੱਤੀ।

# ਤੁਲਸੀ ਗਬਾਰਡ ਵੱਲੋਂ ਟਰੰਪ ਨੂੰ ਚੁਣੌਤੀ ਦੇਣ ਦਾ ਐਲਾਨ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਲਈ ਚੁਣੀ ਗਈ ਪਹਿਲੀ ਹਿੰਦੂ ਤੇ ਡੈਮੋਕਰੈਟਿਕ ਉਮੀਦਵਾਰ ਵਜੋਂ ਚਾਰ ਵਾਰ ਕਾਨੂੰਨਸਾਜ਼ ਬਣਨ ਵਾਲੀ ਤੁਲਸੀ ਗਬਾਰਡ (37) ਦਾ ਕਹਿਣਾ ਹੈ ਕਿ ਉਹ ਅਗਲੇ ਸਾਲ (2020) ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਡੋਨਲਡ ਟਰੰਪ ਖਿਲਾਫ਼ ਖੜ੍ਹੀ ਹੋ ਸਕਦੀ ਹੈ। ਆਪਣੇ ਇਸ ਐਲਾਨ ਨਾਲ ਗਬਾਰਡ, ਰਿਪਬਲਿਕਨ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚੁਣੌਤੀ ਦੇਣ ਵਾਲੀ ਇਕ ਹੋਰ ਡੈਮੋਕਰੈਟ ਬਣ ਗਈ ਹੈ।

ਗਬਾਰਡ ਤੋਂ ਇਲਾਵਾ 12 ਹੋਰ ਡੈਮੋਕਰੈਟਿਕ ਉਮੀਦਵਾਰ, ਜਿਨ੍ਹਾਂ ਵਿਚ ਭਾਰਤੀ ਮੂਲ ਦੀ ਕੈਲੀਫੋਰਨੀਆ ਤੋਂ ਸੈਨੇਟਰ ਕਮਲਾ ਹੈਰਿਸ ਵੀ ਸ਼ਾਮਲ ਹੈ, ਵ੍ਹਾਈਟ ਹਾਊਸ ਵਿਚ ਦਾਖਲੇ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚੁਣੌਤੀ ਦੇਣਗੇ। ਨੁਮਾਇੰਦਾ ਸਦਨ ਵਿਚ ਡੈਮੋਕਰੈਟਿਕ ਕਾਨੂੰਨਸਾਜ਼ ਗਬਾਰਡ ਨੇ ਕਿਹਾ, 'ਮੈਂ ਰਾਸ਼ਟਰਪਤੀ ਦੇ ਅਹੁਦੇ ਲਈ ਦਾਅਵਾ ਪੇਸ਼ ਕਰਨ ਦਾ ਫੈਸਲਾ ਕੀਤਾ ਹੈ ਤੇ ਇਸ ਬਾਰੇ ਰਸਮੀ ਐਲਾਨ ਅਗਲੇ ਹਫਤੇ ਕਰਾਂਗੀ। ਰਾਸ਼ਟਰਪਤੀ



ਵਜੋਂ ਸੇਵਾ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚ ਹਰ ਅਮਰੀਕੀ ਲਈ ਲੋੜ ਮੁਤਾਬਕ ਸਿਹਤ ਸੇਵਾਵਾਂ ਯਕੀਨੀ ਬਣਾਉਣਾ, ਵਿਆਪਕ ਪਰਵਾਸ ਸੁਧਾਰ ਲਿਆਉਣਾ, ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ ਸੁਥਰਾ ਪਾਣੀ ਯਕੀਨੀ ਬਣਾਉਣਾ, ਖਿੰਡੀ ਹੋਈ ਅਪਰਾਧਿਕ ਨਿਆਂ ਵਿਵਸਥਾ ਨੂੰ ਪੈਰਾਂ ਸਿਰ ਕਰਨਾ ਤੇ ਵਾਸ਼ਿੰਗਟਨ ਵਿਚ ਵਿਸ਼ੇਸ਼ ਹਿੱਤਾਂ ਨਾਲ ਜੁੜੇ ਭ੍ਰਿਸ਼ਟਾਚਾਰ ਵਾਲੇ ਪ੍ਰਭਾਵ ਨੂੰ ਖਤਮ ਕਰਨਾ ਸ਼ਾਮਲ ਹੈ।

ਗਬਾਰਡ ਨੇ ਟਵੀਟ ਕਰ ਕੇ ਕਿਹਾ ਕਿ ਚੋਣ ਲੜਨ ਦਾ ਮੁੱਖ ਕਾਰਨ ਜੰਗ ਨੂੰ ਖਤਮ ਕਰਕੇ ਸ਼ਾਂਤੀ ਬਹਾਲੀ ਹੈ। ਯੂ.ਐਸ. ਟੈਰੀਟਰੀ ਅਮੈਰੀਕਨ ਸੈਮੋਆ ਵਿਚ ਜਨਮੀ ਗਬਾਰਡ, ਜੇਕਰ ਚੁਣੀ ਜਾਂਦੀ ਹੈ ਤਾਂ ਉਹ ਅਜਿਹਾ ਕਰਨ ਵਾਲੀ ਅਮਰੀਕਾ ਦੀ ਪਹਿਲੀ ਤੇ ਸਭ ਤੋਂ ਘੱਟ ਉਮਰ ਵਾਲੀ ਮਹਿਲਾ ਹੋਵੇਗੀ।

## ਪਾਕਿਸਤਾਨ ਤੋਂ ਰਿਹਾ ਕੈਦੀ ਭਾਰਤ ਪਰਤਿਆ

**ਅਟਾਰੀ:** ਲਾਹੌਰ ਸਥਿਤ ਕੋਟਲੱਖਪਤ ਜੇਲ੍ਹ (ਪਾਕਿਸਤਾਨ) ਵਿਚੋਂ ਰਿਹਾਅ ਹੋਇਆ ਭਾਰਤੀ ਕੈਦੀ ਵਾਹਗਾ-ਅਟਾਰੀ ਸਰਹੱਦ ਦੇ ਰਸਤੇ ਵਤਨ ਪਰਤਿਆ। ਪਾਕਿਸਤਾਨ ਦੀ ਕੋਟਲੱਖਪਤ ਜੇਲ੍ਹ ਲਾਹੌਰ ਤੋਂ ਰਿਹਾਅ ਹੋ ਕੇ ਵਤਨ ਪਰਤਿਆ ਭਾਰਤੀ ਕੈਦੀ ਅਫਜ਼ਲ ਅਹਿਮਦ ਪੁੱਤਰ ਮੁਖਤਾਰ ਅਹਿਮਦ ਵਾਸੀ ਕੱਟੜਾ ਹਿੰਦੂ, ਨਵੀਂ ਦਿੱਲੀ ਦਾ ਰਹਿਣ ਵਾਲਾ ਹੈ ਜੋ ਪਾਸਪੋਰਟ ਵੀਜ਼ੇ 'ਤੇ ਦਿੱਲੀ-ਲਾਹੌਰ ਬੱਸ ਰਾਹੀਂ 2001 ਵਿਚ ਲਾਹੌਰ ਤੋਂ ਕਰਾਚੀ ਗਿਆ ਸੀ।

# ਸਾਊਦੀ ਮੁਟਿਆਰ ਨੂੰ ਸ਼ਰਨ ਦੇਣ ਬਾਰੇ ਵਿਚਾਰ ਕਰੇ ਆਸਟਰੇਲੀਆ: ਸੰਯੁਕਤ ਰਾਸ਼ਟਰ

**ਸਿਡਨੀ:** ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਸਾਊਦੀ ਅਰਬ ਤੋਂ ਭੱਜ ਕੇ ਆਸਟਰੇਲੀਆ ਪਹੁੰਚੀ ਮੁਟਿਆਰ ਜਾਇਜ਼ ਸ਼ਰਨਾਰਥੀ ਹੈ ਅਤੇ ਆਸਟਰੇਲੀਆ ਨੂੰ ਉਸ ਨੂੰ ਸ਼ਰਨਾਰਥੀ ਦਾ ਦਰਜਾ ਦੇਣਾ ਚਾਹੀਦਾ ਹੈ। ਗ੍ਰਹਿ ਮੰਤਰਾਲੇ ਨੇ ਆਪਣੇ ਇਕ ਬਿਆਨ ਵਿਚ ਇਸ ਗੱਲ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਯੂ.ਐਨ.ਐਚ.ਸੀ.ਆਰ. ਨੇ ਆਸਟਰੇਲੀਆ ਨੂੰ ਰਾਹਾਫ ਮੁਹੰਮਦ ਅਲ-ਕੁਨੂੰਨ ਨਾਂ ਦੀ ਇਸ ਮੁਟਿਆਰ ਦਾ ਸ਼ਰਨਾਰਥੀ ਵਜੋਂ ਮੁੜਵਸੇਬਾ ਕਰਨ 'ਤੇ ਵਿਚਾਰ ਕਰਨ ਲਈ ਕਿਹਾ ਹੈ।

ਸੰਯੁਕਤ ਰਾਸ਼ਟਰ ਦੇ ਇਸ ਫੈਸਲੇ ਨਾਲ 18 ਸਾਲਾ ਇਸ ਮੁਟਿਆਰ ਨੂੰ ਕਾਫੀ ਰਾਹਤ ਮਿਲੀ ਹੈ ਜੋ ਇਸ ਵੇਲੇ ਬੈਂਕਾਕ ਵਿਚ ਹੈ। ਉਸ ਦਾ ਕਹਿਣਾ ਹੈ ਕਿ ਥਾਈਲੈਂਡ ਦੇ ਅਧਿਕਾਰੀਆਂ ਵੱਲੋਂ ਉਸ ਨੂੰ ਸ਼ਰਨ ਲੈਣ ਲਈ ਆਸਟਰੇਲੀਆ ਜਾਣ ਤੋਂ ਰੋਕਿਆ ਜਾ ਰਿਹਾ ਹੈ। ਆਸਟਰੇਲੀਆ ਦੇ ਅਧਿਕਾਰੀਆਂ ਨੇ ਇਹ ਸੰਕੇਤ ਵੀ ਦਿੱਤੇ ਕਿ ਕੁਨੂੰਨ ਦੀ ਅਰਜ਼ੀ ਮਨਜ਼ੂਰ ਕੀਤੀ ਜਾਵੇਗੀ। ਸਿਹਤ ਮੰਤਰੀ ਗਰੈੱਗ ਹੰਟ ਨੇ ਕਿਹਾ ਕਿ ਜੇਕਰ ਸਾਊਦੀ ਮੁਟਿਆਰ ਸ਼ਰਨਾਰਥੀ ਵਜੋਂ ਆਸਟਰੇਲੀਆ ਵਿਚ ਰਹਿਣਾ ਚਾਹੁੰਦੀ ਹੈ ਤਾਂ ਉਸ ਨੂੰ ਮਨੁੱਖਤਾ ਦੇ ਤੌਰ 'ਤੇ ਵੀਜ਼ਾ ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।

## ਮਨੁੱਖੀ ਪੁਲਾੜ ਮਿਸ਼ਨ ਦਸੰਬਰ 2021 ਵਿਚ ਭੇਜਿਆ ਜਾਵੇਗਾ: ਇਸਰੋ

**ਬੰਗਲੌਰ:** ਭਾਰਤ ਦਾ ਪਹਿਲਾ ਮਨੁੱਖੀ ਪੁਲਾੜ ਮਿਸ਼ਨ 'ਗਗਨਯਾਨ' ਦਸੰਬਰ 2021 ਵਿਚ ਲਾਂਚ ਕੀਤਾ ਜਾਵੇਗਾ। ਭਾਰਤ ਦੀ ਪੁਲਾੜ ਖੋਜ ਏਜੰਸੀ (ਇਸਰੋ) ਦੇ ਚੇਅਰਮੈਨ ਕੇ. ਸਿਵਾਨ ਨੇ ਦੱਸਿਆ ਕਿ ਇਸ ਮਿਸ਼ਨ ਵਿਚ ਇਕ ਮਹਿਲਾ ਪੁਲਾੜ ਯਾਤਰੀ ਦੇ ਵੀ ਹੋਣ ਦੀ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਦੇ ਐਲਾਨ ਤੋਂ ਬਾਅਦ 'ਇਸਰੋ' ਨੇ ਇਕ ਵਿਸ਼ੇਸ਼ ਕੇਂਦਰ ਦੀ ਸਥਾਪਨਾ ਕੀਤੀ ਹੈ ਜੋ ਪੁਲਾੜ ਯਾਤਰੀਆਂ ਨੂੰ ਤਿਆਰ ਕਰੇਗਾ। ਉਨ੍ਹਾਂ ਕਿਹਾ ਕਿ ਮਨੁੱਖ ਤੋਂ ਬਿਨਾਂ ਪਹਿਲਾ ਮਿਸ਼ਨ ਦਸੰਬਰ 2020 ਤੇ ਦੂਜਾ ਜੁਲਾਈ 2021 ਵਿਚ ਭੇਜਿਆ ਜਾਵੇਗਾ।

# ਆਵਾਰਾ ਪਸ਼ੂਆਂ ਨੇ ਕਿਸਾਨਾਂ ਦੀ ਨੀਂਦ ਹਰਾਮ ਕੀਤੀ

**ਸੰਗਰੂਰ:** ਆਵਾਰਾ ਪਸ਼ੂਆਂ ਦੀ ਦਿਨ-ਬ-ਦਿਨ ਵਧ ਰਹੀ ਗਿਣਤੀ ਨੇ ਜਿਥੇ ਆਮ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ, ਉਥੇ ਇਹ ਪਸ਼ੂ ਕਿਸਾਨਾਂ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਆਵਾਰਾ ਪਸ਼ੂ ਦਿਨ ਵੇਲੇ ਪਿੰਡ ਅਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਘੁੰਮਦੇ ਦੇਖੇ ਜਾਂਦੇ ਹਨ ਤੇ ਰਾਤ ਪੈਂਦਿਆਂ ਹੀ ਆਪਣਾ ਮੂੰਹ ਖੇਤਾਂ ਵੱਲ ਕਰ ਲੈਂਦੇ ਹਨ ਜਿਥੇ ਇਹ ਕਣਕ ਦੀ ਫਸਲ ਦਾ ਉਜਾੜਾ ਕਰ ਰਹੇ ਹਨ। ਜਿਸ ਕਾਰਨ ਕਿਸਾਨਾਂ ਨੂੰ ਠੰਢੀਆਂ ਰਾਤਾਂ ਖੇਤਾਂ 'ਚ ਕੱਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਕੁਝ ਕਿਸਾਨ ਫਸਲਾਂ ਦੇ ਬਚਾਅ ਲਈ ਕੰਡੇਦਾਰ ਤਾਰ ਦੀ ਵਾੜ ਵੀ ਕਰਦੇ ਹਨ ਜਿਸ ਉਪਰ ਇਕ ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਉਂਦਾ ਹੈ ਜੋ ਦੋ ਸਾਲ ਵਿਚ ਹੀ ਕੰਡਮ ਹੋ ਜਾਂਦੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਪਿੰਡਾਂ ਵਿਚ ਗੰਭੀਰ ਹੋਈ ਇਸ ਸਮੱਸਿਆ ਦਾ ਫਾਇਦਾ ਉਠਾਉਂਦਿਆਂ ਕੁਝ ਲੋਕਾਂ ਨੇ ਨਵੀਂ ਕਿਸਮ ਦਾ ਧੰਦਾ ਤੋਰ ਲਿਆ ਹੈ, ਉਹ ਕਿਸਾਨਾਂ ਤੋਂ ਉਗਰਾਹੀ ਕਰਦੇ ਹਨ ਕਿ ਤੁਹਾਡੇ ਪਿੰਡ ਦੇ ਸਾਰੇ ਆਵਾਰਾ ਪਸ਼ੂ ਉਹ ਫੜ ਕੇ ਲੈ ਜਾਣਗੇ। ਮੋਟੀ ਉਗਰਾਹੀ ਕਰ ਕੇ ਉਹ ਟਰੱਕ ਭਰ ਕੇ ਆਵਾਰਾ ਪਸ਼ੂਆਂ ਨੂੰ ਲੈ ਜਾਂਦੇ ਹਨ ਜਿਨ੍ਹਾਂ ਨੂੰ ਦੂਜੇ ਪਿੰਡ ਦੇ ਨੇੜੇ ਛੱਡ ਦਿੰਦੇ ਹਨ ਅਤੇ ਫਿਰ ਉਸ ਪਿੰਡ ਵਿਚੋਂ ਉਗਰਾਹੀ ਕਰਨ ਚਲੇ ਜਾਂਦੇ ਹਨ। ਇਸ ਤਰ੍ਹਾਂ ਕਿਸਾਨਾਂ ਦੀ ਸਮੱਸਿਆ ਤੋਂ ਨਾਜਾਇਜ਼ ਫਾਇਦਾ ਉਠਾਉਂਦਿਆਂ ਉਹ ਇਹ ਗੋਰਖਧੰਦਾ ਚਲਾ ਰਹੇ ਹਨ। ਇਸ ਸਮੱਸਿਆ ਤੋਂ ਚਿੰਤਤ ਕਿਸਾਨ ਆਗੂ ਦਿਲਬਾਗ ਸਿੰਘ ਹਰੀਗੜ੍ਹ ਅਤੇ ਰਾਜਪਾਲ ਸਿੰਘ ਮੰਗਵਾਲ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਆਵਾਰਾ ਪਸ਼ੂਆਂ ਦਾ ਹੱਲ ਕੀਤਾ ਜਾਵੇ ਤਾਂ ਜੋ ਕਿਸਾਨ ਵੀ ਹੋਰ ਦੇਸ਼ ਵਾਸੀਆਂ ਵਾਂਗ ਚੈਨ ਦੀ ਨੀਂਦ ਸੌਂ ਸਕਣ।

# ਉਚੀਆਂ ਜਾਤਾਂ ਦੇ ਵੋਟਰ ਨੂੰ ਕੋਟੇ ਦਾ ਚੋਗਾ

ਸਿਆਸੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਕਥਿਤ ਉਚ ਜਾਤੀ ਸਵਰਨ ਭਾਈਚਾਰੇ ਨੂੰ ਦਿੱਤਾ ਗਿਆ ਕੋਟਾ (ਰਾਖਵਾਂਕਰਨ) ਸਚਮੁਚ ਮਾਸਟਰ ਸਟਰੋਕ ਹੈ। ਸਵਰਨ ਭਾਈਚਾਰਾ, ਖ਼ਾਸਕਰ ਦਬਦਬੇ ਵਾਲਾ ਵਾਪਰੀ ਵਰਗ ਰਵਾਇਤੀ ਤੌਰ 'ਤੇ ਭਾਜਪਾ ਦਾ ਹਮਾਇਤੀ ਰਿਹਾ ਹੈ ਪਰ ਇਹ ਪਿਛਲੇ ਚਾਰ ਸਾਲਾਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕੀਤੇ-ਕਰਾਏ ਕਾਰਨ ਭਾਜਪਾ ਤੋਂ ਨਾਰਾਜ਼ ਸੀ, ਖ਼ਾਸਕਰ ਨੋਟਬੰਦੀ ਤੇ ਜੀ.ਐਸ.ਟੀ. ਕਾਰਨ। ਹੁਣ ਮਹਿਜ਼ ਇਕ ਕਦਮ ਨਾਲ ਟੈਕਸ ਦੇਣ ਵਾਲਿਆਂ ਤੱਕ ਨੂੰ ਕੋਟੇ ਦੇ ਯੋਗ ਬਣਾ ਕੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਨਾਰਾਜ਼ਗੀ ਕੁਝ ਘਟਾਈ ਹੈ। ਇਹ ਕੋਟਾ

ਰਾਜੇਸ਼ ਰਾਮਚੰਦਰਨ

ਕਿੰਨਾ ਅਰਥਹੀਣ ਤੇ ਬੇਤੁਕਾ ਹੈ, ਇਸ ਬਾਰੇ ਪਹਿਲਾਂ ਹੀ ਕਈ ਵਧੀਆ ਵਿਸ਼ਲੇਸ਼ਣ ਸਾਹਮਣੇ ਆ ਚੁੱਕੇ ਹਨ। ਟੈਕਸ ਦੇਣ ਵਾਲੇ ਨੂੰ ਗ਼ਰੀਬ ਕਰਾਰ ਦੇ ਕੇ ਉਹ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਅਸਲ 'ਚ ਗ਼ਰੀਬਾਂ ਲਈ ਸਨ। ਯਕੀਨਨ ਇਹ ਵਿਰੋਧਾਭਾਸ ਇਸ ਸਮੁੱਚੇ ਮਾਮਲੇ ਨੂੰ ਸ਼ੱਕੀ ਬਣਾਉਂਦਾ ਹੈ।

ਇਸ ਦੇ ਬਾਵਜੂਦ ਮੋਦੀ ਦੀ ਇਹ ਕਾਰਵਾਈ ਕੋਈ ਗ਼ਰੀਬ ਹਟਾਊ ਪ੍ਰੋਗਰਾਮ ਨਹੀਂ ਹੈ ਤੇ ਨਾ ਇਹ ਗ਼ਰੀਬ ਤੋਂ ਵੀ ਗ਼ਰੀਬ ਲੋਕਾਂ ਨੂੰ ਅੰਤਾਂ ਦੀ ਮੰਦਹਾਲੀ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਹੈ; ਸਗੋਂ ਇਹ ਤਾਂ ਉਨ੍ਹਾਂ ਵੋਟਰਾਂ ਨੂੰ ਦਿੱਤਾ ਗਿਆ ਸੁਨੇਹਾ ਹੈ ਜਿਨ੍ਹਾਂ ਵਿਚ ਮੋਦੀ ਦਾ ਮਜ਼ਬੂਤ ਆਧਾਰ ਹੈ। ਇਹ ਵੱਖੋ-ਵੱਖਰੇ ਹਾਲਾਤ ਵਿਚ ਜਕੜਿਆ ਜਨ ਸਮੂਹ ਬਹੁਤ ਵਿਸ਼ਾਲ ਹੈ, ਹਿੰਦੀ ਭਾਸ਼ੀ ਖੇਤਰ ਵਿਚਲੇ ਸੰਘ ਪਰਿਵਾਰ ਦੇ ਮੁੱਖ ਆਧਾਰ, ਭਾਵ ਮਹਿਜ਼ ਬ੍ਰਾਹਮਣ-ਬਾਣੀਆ-ਠਾਕੁਰ ਵਰਗ ਤੋਂ ਕਿਤੇ ਵੱਡਾ। ਇਸ ਵਿਚ ਜਾਟ, ਖੱਤਰੀ ਤੇ ਜੱਟ ਸਿੱਖ, ਪਟੇਲ ਤੇ ਮਰਾਠੇ, ਲਿੰਗਾਇਤ, ਕਾਮਾ ਤੇ ਰੈਡੀ, ਨਾਇਰ, ਪਟਨਾਇਕ ਤੇ ਕਾਇਸਥ ਆਦਿ ਸਭ ਹਨ। ਹਾਲਤ ਇਹ ਹੈ ਕਿ ਸ਼ਹਿਰੀ ਜਾਂ ਪੇਂਡੂ ਖੇਤਰਾਂ ਦਾ ਅਜਿਹਾ ਕੋਈ ਰਸੂਖ਼ਵਾਨ ਜਾਤ-ਭਾਈਚਾਰਾ ਨਹੀਂ ਜੋ ਇਸ ਨਵੀਂ ਪਹਿਲਕਦਮੀ ਤੋਂ ਖ਼ੁਸ਼ ਨਾ ਹੋਵੇ। ਬਹੁਤੇ ਕਿਸਾਨ ਇਸ ਭੁਲਾਵੇ ਵਿਚ ਕੁਝ ਸਮੇਂ ਲਈ ਖੇਤੀ ਸੰਕਟ ਨੂੰ ਭੁੱਲ ਕੇ ਖ਼ੁਸ਼ ਹੋ ਸਕਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ ਮਿਲ ਜਾਣਗੀਆਂ। ਇੰਨਾ ਹੀ ਨਹੀਂ, ਸਗੋਂ ਘੱਟ ਗਿਣਤੀਆਂ ਜਿਵੇਂ ਈਸਾਈ ਭਾਈਚਾਰੇ ਦੇ ਉਹ ਲੋਕ ਜਿਹੜੇ ਖ਼ੁਦ ਨੂੰ ਉਚੀ ਜਾਤ ਨਾਲ ਸਬੰਧਤ ਮੰਨਦੇ ਹਨ, ਵੀ ਇਸ ਦੇ ਸੰਭਾਵੀ ਲਾਭਪਾਤਰੀ ਹਨ।

ਜੇ ਮੋਦੀ ਦੀਆਂ ਹੁਣ ਤੱਕ ਦੀਆਂ ਸਾਰੀਆਂ ਨੀਤੀਆਂ ਜਿਵੇਂ ਕਾਲੇ ਧਨ ਉਤੇ ਕਾਬੂ ਪਾਉਣ ਲਈ ਚੁੱਕੇ ਕਦਮ ਜਾਂ ਫਿਰ ਟੈਕਸਾਂ ਦੀ ਵਸੂਲੀ ਸਬੰਧੀ ਸਖ਼ਤ ਕਾਨੂੰਨ ਆਦਿ ਸਰਦੇ-ਪੁੱਜਦੇ ਵਰਗਾਂ ਨੂੰ ਨਿਸ਼ਾਨਾ ਬਣਾਉਣ ਵੱਲ ਸੇਧਿਤ ਸਨ, ਤਾਂ ਇਹ (ਦਸ ਫ਼ੀਸਦ ਰਾਖਵਾਂਕਰਨ ਵਾਲੀ) ਅਜਿਹੀ ਨੀਤੀ ਹੈ ਜਿਹੜੀ ਉਨ੍ਹਾਂ ਨੂੰ ਖ਼ੁਸ਼ ਕਰਨ ਵਾਲੀ ਹੈ। ਇਉਂ ਤੰਗ ਤੇ ਮੌਕਾਪ੍ਰਸਤੀ ਵਾਲੀ ਸਿਆਸੀ ਸੋਚ ਦੇ ਪ੍ਰਭਾਵ ਤਹਿਤ ਸਵਰਨਾਂ ਨੂੰ ਦਿੱਤਾ ਗਿਆ ਇਹ ਰਾਖਵਾਂਕਰਨ ਅਜਿਹਾ ਕਦਮ ਹੈ ਜਿਹੜਾ ਕੁਝ ਵੀ ਕੀਤੇ ਬਿਨਾਂ ਲਾਭਪਾਤਰੀਆਂ ਨੂੰ ਖ਼ੁਸ਼ੀ ਦਾ ਅਹਿਸਾਸ ਕਰਵਾ ਸਕਦਾ ਹੈ। ਸਵਾਲ ਹੈ: ਕੀ ਚੋਣ ਪ੍ਰਚਾਰ ਸ਼ੁਰੂ ਹੋਣ ਤੋਂ ਪਹਿਲਾਂ ਮੋਦੀ ਦੀ ਇਹ ਆਖ਼ਰੀ ਚਾਲ ਹੈ ਜਾਂ ਉਹ ਹਾਲੇ ਅਜਿਹੇ ਕੁਝ ਹੋਰ ਦਾਅ ਵੀ ਖੇਡ ਸਕਦੇ ਹਨ।

ਸਿਆਸਤਦਾਨ ਅਤੇ ਪ੍ਰਸ਼ਾਸਕ ਵਜੋਂ ਮੋਦੀ ਦੇ ਦੋ ਬਿਲਕੁਲ ਵੱਖਰੇ ਰੂਪ ਹਨ। ਜਿਥੇ ਨੋਟਬੰਦੀ ਅਤੇ ਜੀ.ਐਸ.ਟੀ. ਲਾਗੂ ਕੀਤੇ ਜਾਣ ਨਾਲ ਅਰਥਚਾਰਾ ਬੁਰੀ ਤਰ੍ਹਾਂ ਹਿੱਲ ਕੇ ਰਹਿ ਗਿਆ, ਉਥੇ ਉਚੀਆਂ ਜਾਤਾਂ ਲਈ ਕੀਤਾ ਗਿਆ ਵਧੀਆ ਜ਼ਿੰਦਗੀ ਦਾ ਵਾਅਦਾ ਭਾਵਨਾਵਾਂ ਨੂੰ ਵਹਾਉਣ ਵਾਲਾ ਹੈ ਅਤੇ ਖ਼ਾਲਸ ਸਿਆਸੀ ਹੈ। ਯਕੀਨਨ, ਡੂੰਘਾਈ ਨਾਲ ਘੋਖਣ ਵਾਲਾ ਕੋਈ ਵੀ ਮਾਹਿਰ ਸਵਰਨ ਕੋਟਾ ਬਿਲ ਦੀਆਂ ਬੁਨਿਆਦੀ ਖ਼ਾਮੀਆਂ ਵੱਲ ਇਸ਼ਾਰਾ ਕਰੇਗਾ: ਕੀ ਇਹ ਬਿਲ ਸੰਵਿਧਾਨ ਦੇ ਮੂਲ ਢਾਂਚੇ ਨਾਲ ਛੇੜਖ਼ਾਨੀ ਹੈ? ਇੰਦਰਾ ਸਾਹਨੀ ਫ਼ੈਸਲੇ ਤੋਂ ਬਾਅਦ ਕੀ ਇਹ ਅਦਾਲਤੀ ਨਿਰਖ-ਪਰਖ ਵਿਚ ਟਿਕ ਸਕੇਗਾ? ਬੱਸ, ਇਨ੍ਹਾਂ ਸੰਵਿਧਾਨਕ ਬੁਝਾਰਤਾਂ ਦਾ ਸਿਆਸੀ ਜਵਾਬ ਇਹੋ ਹੈ ਕਿ ਜੋ ਕੋਈ ਵੀ ਇਸ ਬਿਲ ਦੇ ਖ਼ਿਲਾਫ਼ ਅਦਾਲਤ ਵਿਚ ਜਾਵੇਗਾ, ਉਹ ਅਸਲ ਵਿਚ ਮੋਦੀ ਦਾ ਬਹੁਤ ਫ਼ਾਇਦਾ ਕਰੇਗਾ। ਸੰਭਵ ਤੌਰ 'ਤੇ ਪ੍ਰਧਾਨ ਮੰਤਰੀ ਇਸ ਸੂਰਤ ਵਿਚ ਖ਼ੁਦ ਨੂੰ ਲਾਚਾਰ ਬੰਦੇ ਵਜੋਂ ਪੇਸ਼ ਕਰ ਸਕੇਗਾ ਅਤੇ ਉਚੀਆਂ ਜਾਤਾਂ ਦੇ ਵੋਟਰਾਂ ਨੂੰ ਇਹ ਜਚਾ ਸਕੇਗਾ ਕਿ ਉਸ ਨੇ ਤਾਂ ਸਵਰਨਾਂ ਦਾ ਭਲਾ ਕਰਨ ਲਈ ਬਥੇਰਾ ਜ਼ੋਰ ਲਾਇਆ ਪਰ ਉਨ੍ਹਾਂ ਨੂੰ ਅਜਿਹਾ ਕਰਨ ਨਹੀਂ ਦਿੱਤਾ ਗਿਆ।



ਇਹੀ ਨਹੀਂ, ਐਨ.ਡੀ.ਏ. ਸਰਕਾਰ ਦੀ ਇਸ ਗੱਲੋਂ ਹੋ ਰਹੀ ਭਾਰੀ ਆਲੋਚਨਾ ਕਿ ਉਹ ਮੁਲਕ ਵਿਚ ਰੁਜ਼ਗਾਰ ਸਿਰਜਣਾ ਵਿਚ ਰਹੀ ਨਾਕਾਮ ਵੀ ਹੁਣ ਉਪਲਬਧ ਨੌਕਰੀਆਂ ਵਿਚੋਂ ਹਿੱਸਾ ਮਿਲ ਜਾਣ ਦੀ ਉਮੀਦ ਨਾਲ ਮੱਠੀ ਪੈ ਜਾਵੇਗੀ। ਮੁਲਕ ਦੇ ਗ਼ਰੀਬਾਂ ਵਿਚ ਹੀ ਨਹੀਂ ਸਗੋਂ ਕਾਫ਼ੀ ਘੱਟ ਗ਼ਰੀਬਾਂ ਵਿਚ ਵੀ ਸਰਕਾਰੀ ਨੌਕਰੀਆਂ ਦੀ ਇੰਨੀ ਚਾਹਤ ਹੈ ਕਿ ਇਸ ਸਬੰਧੀ ਚੋਣਾਂ ਦੌਰਾਨ ਛੱਡਿਆ ਜੁਮਲਾ ਵੀ ਉਨ੍ਹਾਂ ਨੂੰ ਦੈਵੀ ਵਰਦਾਨ ਜਾਪਦਾ ਹੈ।

ਯਾਦਵ ਪਾਰਟੀਆਂ-ਉਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ ਤੇ ਬਿਹਾਰ ਦੀ ਆਰ.ਜੇ.ਡੀ. ਨੇ ਮੋਦੀ ਨੂੰ ਪਛਾੜਨ ਲਈ ਸ਼ੁਰੂਆਤੀ ਤੌਰ 'ਤੇ ਇਸ 'ਚ ਉਚੀਆਂ ਬਨਾਮ ਪਛੜੀਆਂ ਜਾਤਾਂ ਦਾ ਟਕਰਾਅ ਲਿਆਉਣ ਤੇ ਤਿੱਖਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਜੇ ਮੋਦੀ ਨੇ ਪਿਛਲੀਆਂ ਚੋਣਾਂ ਵਿਚ ਖ਼ੁਦ ਨੂੰ ਪਛੜੀ ਜਾਤ ਦਾ ਚਾਹ ਵਾਲਾ ਦਰਸਾਇਆ ਸੀ, ਇਸ ਕਾਰਨ ਉਸ ਦੇ ਇਸ ਕਦਮ ਨੂੰ ਉਚੀਆਂ ਜਾਤਾਂ ਦਾ ਪੱਖੀ ਹੋਣ ਦੇ ਦੋਸ਼ ਲਾਉਣਾ ਔਖਾ ਹੋਵੇਗਾ। ਨਾਲੇ ਇਹ ਨਵਾਂ ਕੋਟਾ ਕਿਸੇ ਵੀ ਤਰ੍ਹਾਂ ਪਹਿਲਾਂ ਰਾਖਵਾਂਕਰਨ ਲੈ ਰਹੇ ਵਰਗਾਂ ਦੇ ਮਾਮਲੇ ਵਿਚ ਕੋਈ ਦਖ਼ਲ ਨਹੀਂ ਦਿੰਦਾ।

ਖ਼ੈਰ, ਕਰਦਾਤਾਵਾਂ ਨੂੰ ਦਿੱਤਾ ਗਿਆ ਦਸ ਫ਼ੀਸਦੀ ਕੋਟਾ, ਰਾਖਵਾਂਕਰਨ ਰਹਿਤ ਵਰਗਾਂ ਲਈ ਉਪਲਬਧ ਮੌਜੂਦਾਂ 50 ਫ਼ੀਸਦੀ ਕੋਟੇ ਦਾ ਮਾਮੂਲੀ ਜਿਹਾ ਹਿੱਸਾ ਹੀ ਹੈ ਪਰ ਇਸ ਨਵੇਂ ਬਿਲ ਦਾ ਦੁੱਖਦਾਈ ਸਿਆਸੀ ਪੱਖ ਇਹ ਹੈ ਕਿ ਇਹ ਉਚੀਆਂ ਜਾਤਾਂ ਵਿਚਲੇ ਅਸਲ ਗ਼ਰੀਬਾਂ ਦੀ ਮੱਦਦ ਨਹੀਂ ਕਰ ਸਕੇਗਾ। ਅੱਜ ਆਪਣੇ ਲਈ ਕੋਟਾ ਹਾਸਲ ਕਰਨ ਦੀ ਦੌੜ ਲੱਗੀ ਹੋਈ ਹੈ। ਰਾਖਵਾਂਕਰਨ ਅਸਲ ਵਿਚ ਸਾਧਨ ਵਿਹੂਣੇ ਲੋਕਾਂ ਨੂੰ ਬੁਨਿਆਦੀ ਤੌਰ 'ਤੇ ਸਰਦੇ-ਪੁੱਜਦੇ ਲੋਕਾਂ ਨਾਲ ਮੁਕਾਬਲੇ ਯੋਗ ਬਣਾਉਣ ਦਾ ਸਾਧਨ ਸੀ ਪਰ ਅਸੀਂ ਕੋਟੇ ਦੇ ਸਿਧਾਂਤ ਨੂੰ ਬਿਲਕੁਲ ਉਲਟਾ ਦਿੱਤਾ ਹੈ, ਖ਼ਾਸਕਰ ਉਦੋਂ ਜਦੋਂ ਤਾਮਿਲਨਾਡੂ ਵਿਚ ਬਹੁਤ ਹੀ ਸਰਦੇ-ਪੁੱਜਦੇ ਅਤੇ ਖ਼ੁਦ ਨੂੰ ਮਹਾਨ ਚੋਲਾ ਰਾਜਿਆਂ ਦੇ ਵੰਸ਼ਜ ਦੱਸਣ ਵਾਲਿਆਂ ਨੇ ਪਛੜੇ ਵਰਗਾਂ ਤਹਿਤ ਰਾਖਵਾਂਕਰਨ ਮੰਗਿਆ ਅਤੇ ਉਨ੍ਹਾਂ ਨੂੰ ਸਭ ਤੋਂ ਪਛੜੇ ਵਰਗਾਂ ਦਾ ਰੁਤਬਾ ਮਿਲ ਵੀ ਗਿਆ। ਅੱਜ ਹਾਲਤ ਇਹ ਹੈ ਕਿ ਕਿਸੇ ਜਗੀਰਦਾਰ ਦੇ ਬੱਚੇ ਵੀ 'ਪਛੜੇ' ਬਣ ਸਕਦੇ ਹਨ। ਬਹੁਤਾ ਚਿਰ ਨਹੀਂ ਹੋਇਆ ਜਦੋਂ ਮਰਾਠੇ ਸਮੁੱਚੇ ਮੁਲਕ ਦੇ ਹਾਕਮ ਸਨ ਪਰ ਹੁਣ ਉਨ੍ਹਾਂ ਨੂੰ ਵੀ ਕੋਟਾ ਮੰਗਣ ਵਿਚ ਕੋਈ ਅਫ਼ਸੋਸ ਨਹੀਂ ਹੈ। ਇਕ ਪ੍ਰਧਾਨ ਮੰਤਰੀ, ਇਕ ਉਪ ਪ੍ਰਧਾਨ ਮੰਤਰੀ, ਭਾਰਤੀ ਫ਼ੌਜ ਦਾ ਮੁਖੀ ਅਤੇ ਹੋਰ ਬਹੁਤ ਕੁਝ ਹੋਣ ਦੇ ਬਾਵਜੂਦ ਜਾਟਾਂ ਨੇ ਵੀ ਆਪਣੇ ਆਪ ਨੂੰ 'ਪਛੜੇ' ਕਰਾਰ ਦਿਵਾ ਲਿਆ ਹੈ। ਬੱਸ, ਸਾਰਿਆਂ ਨੂੰ ਕੋਟਾ ਚਾਹੀਦਾ ਹੈ; ਸਾਰਿਆਂ ਨੂੰ ਸਰਕਾਰੀ ਟੁੱਕੜਾਂ ਦੀ ਚਾਹਤ ਹੈ।

ਇਸ ਲਈ ਜੇ ਕੋਈ ਘਾਗ ਸਿਆਸਤਦਾਨ ਆਮ ਚੋਣਾਂ ਤੋਂ ਮਹਿਜ਼ ਤਿੰਨ ਮਹੀਨੇ ਪਹਿਲਾਂ ਇਨ੍ਹਾਂ ਸਾਰੀਆਂ ਮੰਗਾਂ ਨੂੰ ਆਪਣੇ ਫ਼ਾਇਦੇ ਲਈ ਇਸਤੇਮਾਲ ਕਰਦਾ ਹੈ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਇਸ ਨਾਲ ਕਿਸੇ ਦਾ ਕੋਈ ਭਲਾ ਹੋਵੇਗਾ, ਇਹ ਗੱਲ ਮਾਅਨੇ ਨਹੀਂ ਰੱਖਦੀ। ਸਿਆਸਤ ਵਿਚ ਉਹੋ ਕੁਝ ਮਾਅਨੇ ਰੱਖਦਾ ਹੈ ਜਿਸ ਨਾਲ ਵੋਟਾਂ ਮਿਲਦੀਆਂ ਹੋਣ।

ਇਸ ਵਾਅਦੇ ਦਾ ਦੂਜਾ ਪਹਿਲੂ ਇਹੋ ਹੈ ਕਿ ਕਿਸੇ ਘਰੇਲੂ ਨੌਕਰਾਣੀ ਦੀ ਧੀ ਜਾਂ ਠੇਕੇ 'ਤੇ ਜ਼ਮੀਨ ਵਾਹੁਣ ਵਾਲੇ ਕਿਸਾਨ ਦੇ ਪੁੱਤਰ ਨੂੰ ਪੰਜ ਏਕੜ ਜ਼ਮੀਨ ਦੇ ਮਾਲਕ ਕਿਸਾਨ ਜਾਂ ਕਿਸੇ ਕਲਰਕ ਦੇ ਬੱਚੇ ਤੋਂ ਮਾਤ ਖਾਣੀ ਪੈ ਜਾਵੇਗੀ। ਯਕੀਨਨ, ਦਲਿਤ ਅਤੇ ਪਛੜੇ ਵਰਗਾਂ ਦੇ ਕੋਟੇ ਵਿਚ ਵੀ ਇਹ ਖ਼ਾਮੀਆਂ ਮੌਜੂਦ ਹਨ। ਦਲਿਤਾਂ ਦੇ ਮਲਾਈਦਾਰ ਤਬਕੇ (ਕਰੀਮੀ ਲੇਅਰ) ਨੂੰ ਵੀ ਕੋਟੇ ਦੀ ਸਖ਼ਤ ਲੋੜ ਹੈ, ਕਿਉਂਕਿ ਇਹ ਵੀ ਤਾਕਤਵਰ ਪਰਿਵਾਰਾਂ ਦਾ ਅਜਿਹਾ ਵਰਗ ਤਿਆਰ ਕਰ ਰਿਹਾ ਹੈ ਜਿਹੜਾ ਮੋਚੀਆਂ ਅਤੇ ਸਫ਼ਾਈ ਸੇਵਕਾਂ ਦੇ ਬੱਚਿਆਂ ਦੇ ਮੌਕੇ ਖੋਹ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਹੀ ਘਟ ਰਹੀਆਂ ਨੌਕਰੀਆਂ ਵਿਚ ਲਗਾਤਾਰ ਹੋਰ ਵੰਡੀਆਂ ਪਾਉਣ ਦੀ ਥਾਂ ਸਾਰਿਆਂ ਲਈ ਮੁਫ਼ਤ, ਲਾਜ਼ਮੀ, ਮਿਆਰੀ ਅਤੇ ਇਕਸਾਰ ਵਿੱਦਿਆ ਯਕੀਨੀ ਬਣਾਵੇ।

ਜਦੋਂ ਤੱਕ ਦੌਲਤ ਨਾਲ ਵਧੀਆ ਵਿੱਦਿਆ ਖ਼ਰੀਦੀ ਜਾਂਦੀ ਰਹੇਗੀ, ਉਦੋਂ ਤੱਕ ਨਾਬਰਾਬਰੀ ਵੀ ਰਹੇਗੀ ਅਤੇ ਜਮਾਂਦਰੂ ਤੌਰ 'ਤੇ ਸਾਧਨ ਵਿਹੂਣੇ ਸਮੂਹ ਵੀ ਰਹਿਣਗੇ। ਅਸੀਂ ਜਾਤੀਵਾਦੀ ਵਿਤਕਰੇ ਨਾਲ ਲੰਮੀ ਲੜਾਈ ਲੜੀ ਹੈ ਅਤੇ ਕੋਟੇ ਤੇ ਜਾਤ ਆਧਾਰਿਤ ਸਿਆਸਤ ਰਾਹੀਂ ਸ਼ਕਤੀਕਰਨ ਕੀਤਾ ਹੈ। ਇਸ ਲਈ ਅਗਲਾ ਕਦਮ ਹੋਰ ਕੋਟੇ ਸਿਰਜਣ ਦਾ ਨਹੀਂ, ਸਗੋਂ ਇਕਸਾਰ ਸਕੂਲ ਪ੍ਰਬੰਧ ਤੇ ਅਜਿਹੇ ਵਿੱਦਿਅਕ ਢਾਂਚੇ ਦੀ ਕਾਇਮੀ ਦਾ ਹੋਣਾ ਚਾਹੀਦਾ ਹੈ, ਜਿਥੇ ਸਾਰੇ ਵਿਦਿਆਰਥੀਆਂ ਦੀ ਇਕੋ ਤਰ੍ਹਾਂ ਦੇ ਪਾਠਕ੍ਰਮ ਤੱਕ ਪਹੁੰਚ ਹੋਵੇ, ਉਨ੍ਹਾਂ ਨੂੰ ਇਕੋ ਮਿਆਰ ਵਾਲੀ ਵਿੱਦਿਆ ਮਿਲੇ ਅਤੇ ਆਪਣੇ ਆਪ ਨੂੰ ਅੱਗੇ ਵਧਾਉਣ ਲਈ ਇਕਸਾਰ ਮੌਕੇ ਹਾਸਲ ਹੋਣ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਸਾਡੇ ਸਮਾਜ ਵਿਚ ਊਚ-ਨੀਚ ਕਾਇਮ ਰਹੇਗੀ ਅਤੇ ਇਸ ਨੂੰ ਸਾਡੇ ਸਿਆਸਤਦਾਨ ਆਪਣੇ ਲਾਹੇ ਲਈ ਵਰਤਦੇ ਰਹਿਣਗੇ।

# ਉਚੀਆਂ ਜਾਤੀਆਂ ਨੂੰ ਰਾਖਵਾਂਕਰਨ ਦੀ ਸਿਆਸਤ

ਚੋਣਾਂ ਨਜ਼ਦੀਕ ਆਉਣ 'ਤੇ ਰਿਉੜੀਆਂ ਵੰਡ ਕੇ ਸਿਆਸੀ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਤਰ ਪ੍ਰਦੇਸ਼ ਵਿਚ ਓਮ ਪ੍ਰਕਾਸ਼ ਰਾਜਭਰ ਦੀ ਮਦਦ ਨਾਲ ਹੀ ਭਾਜਪਾ ਨੇ ਕਮਜ਼ੋਰ ਜਾਤੀਆਂ ਦੀਆਂ ਵੋਟਾਂ ਦੀ ਗੋਲਬੰਦੀ ਕੀਤੀ ਸੀ। ਰਾਜਭਰ ਨੇ ਉਚੀਆਂ ਜਾਤੀਆਂ ਨੂੰ 10 ਫ਼ੀਸਦੀ ਰਾਖਵਾਂਕਰਨ ਦੇਣ ਦਾ ਵਿਰੋਧ ਕੀਤਾ ਹੈ। ਉਚੀਆਂ ਜਾਤੀਆਂ ਨੂੰ ਆਪਣੇ ਵੱਲ ਕਰਨ ਦੇ ਚੱਕਰ ਵਿਚ ਭਾਜਪਾ ਆਪਣੇ ਇਸ ਸਮਾਜਿਕ ਤਾਣੇ-ਬਾਣੇ ਨੂੰ

ਅਭੈ ਕੁਮਾਰ ਦੂਬੇ

ਆਪਣੇ ਹੀ ਹੱਥੋਂ ਭੰਗ ਕਰ ਸਕਦੀ ਹੈ। ਦੂਸਰਾ ਉਹ ਉਸ ਸ਼ਹਿਰੀ ਅਤੇ ਆਧੁਨਿਕ ਨੌਜਵਾਨ ਵੋਟਰ ਨੂੰ ਵੀ ਨਿਰਾਸ਼ ਕਰ ਸਕਦੀ ਹੈ ਜੋ ਬਾਜ਼ਾਰ ਅਰਥ ਵਿਵਸਥਾ ਵਿਚ ਤਰੱਕੀ ਦੀ ਤਲਾਸ਼ ਵਿਚ ਹੈ ਅਤੇ ਰਾਖਵੇਂਕਰਨ ਦੀ ਨੀਤੀ ਤੋਂ ਖਿਝਦਾ ਹੈ। 50 ਦੀ ਥਾਂ 60 ਫ਼ੀਸਦੀ ਰਾਖਵੇਂਕਰਨ ਦਾ ਅੰਦੇਸ਼ਾ ਇਸ ਬੇਰੁਜ਼ਗਾਰ ਨੌਜਵਾਨ ਵਰਗ ਨੂੰ ਭਾਜਪਾ ਦਾ ਬਦਲ ਤਲਾਸ਼ਣ ਵੱਲ ਲਿਜਾ ਸਕਦਾ ਹੈ।

ਮੋਦੀ ਨੇ ਜੇ ਇਹ ਕਦਮ ਸਾਲ ਪਹਿਲਾਂ ਚੁੱਕਿਆ ਹੁੰਦਾ ਤਾਂ ਉਨ੍ਹਾਂ ਕੋਲ ਇਸ ਦੇ ਅਣਕਿਆਸੇ ਬੁਰੇ ਨਤੀਜਿਆਂ ਨਾਲ ਨਜਿੱਠਣ ਦਾ ਮੌਕਾ ਹੁੰਦਾ ਅਤੇ ਉਹ ਆਪਣੇ ਪੁਰਾਣੇ ਵੋਟਰਾਂ ਨੂੰ ਆਪਣੇ ਨਾਲ ਰੱਖਦੇ ਹੋਏ ਨਵੇਂ ਵੋਟਰਾਂ ਨੂੰ ਵੀ ਸਮਝਾ ਸਕਦੇ ਸਨ। ਉਸ ਹਾਲਤ ਵਿਚ ਉਨ੍ਹਾਂ ਦੀ ਨੀਯਤ 'ਤੇ ਵੀ ਕੋਈ ਸ਼ੱਕ ਨਹੀਂ ਹੋਣਾ ਸੀ। ਉਹ ਸਰਬ ਪਾਰਟੀ ਬੈਠਕ ਬੁਲਾ ਕੇ ਸੰਵਿਧਾਨਕ ਸੋਧ ਲਈ ਜ਼ਰੂਰੀ ਦੋ-ਤਿਹਾਈ ਬਹੁਮਤ ਦਾ ਜੁਗਾੜ ਵੀ ਕਰ ਸਕਦੇ ਸਨ। ਇੰਨੇ ਵੱਡੇ ਕਦਮ ਲਈ ਜ਼ਰੂਰੀ ਤਿਆਰੀ ਕੀਤੀ ਜਾ ਸਕਦੀ ਸੀ ਪਰ ਹੁਣ ਇਸ ਤਰ੍ਹਾਂ ਦਾ ਨਾ ਕੋਈ ਮਾਹੌਲ ਹੈ ਅਤੇ ਨਾ ਹੀ ਸਮਾਂ।

ਅਨੁਸੂਚਿਤ ਜਾਤੀ ਅਤੇ ਜਨਜਾਤੀ ਕਾਨੂੰਨ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਉਲਟਾਉਣ ਤੋਂ ਬਾਅਦ ਜਦੋਂ ਮੋਦੀ ਅਤੇ ਉਨ੍ਹਾਂ ਦੇ ਰਣਨੀਤੀਕਾਰਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੇ ਇਸ ਕਦਮ ਨਾਲ ਭਾਜਪਾ ਦਾ ਉਚ ਜਾਤੀ ਦਾ ਆਧਾਰ ਨਿਰਾਸ਼ ਹੋ ਸਕਦਾ ਹੈ ਤਾਂ ਉਨ੍ਹਾਂ ਦਾ ਪ੍ਰਤੀਕਰਮ ਸੀ ਕਿ ਉਹ ਥੋੜ੍ਹਾ-ਬਹੁਤ ਨਾਰਾਜ਼ ਹੋਵੇਗਾ ਪਰ ਉਹ ਪਾਰਟੀ ਨੂੰ ਹੀ ਵੋਟ ਦੇਵੇਗਾ, ਕਿਉਂਕਿ ਉਸ ਕੋਲ ਕੋਈ ਹੋਰ ਰਸਤਾ ਨਹੀਂ ਹੈ। ਇਹ ਸੀ ਉਹ ਪਹਿਲੀ ਧਾਰਨਾ, ਜਿਸ ਦੇ ਆਧਾਰ 'ਤੇ ਭਾਜਪਾ ਨੇ ਪੰਜ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਆਪਣੇ ਇਨ੍ਹਾਂ ਸਮਰਥਕਾਂ ਦੀ ਨਾਰਾਜ਼ਗੀ ਦੀ ਕੋਈ ਪਰਵਾਹ ਨਹੀਂ ਸੀ ਕੀਤੀ ਪਰ ਇਨ੍ਹਾਂ ਵਿਧਾਨ ਸਭਾਵਾਂ ਦੇ ਨਤੀਜਿਆਂ ਦੇ ਸ਼ੀਸ਼ੇ ਵਿਚ ਜਦੋਂ ਉਨ੍ਹਾਂ ਨੂੰ ਦਿਖਾਈ ਦਿੱਤਾ ਕਿ ਪਿਛਲੇ 35 ਸਾਲ ਤੋਂ ਭਾਜਪਾ ਨੂੰ ਵੋਟ ਦੇਣ ਵਾਲੀਆਂ ਉਚੀਆਂ ਜਾਤੀਆਂ ਭਾਜਪਾ ਦਾ ਬਦਲ ਤਲਾਸ਼ਣ ਦੇ ਰਸਤੇ 'ਤੇ ਚੱਲ ਪਈਆਂ ਹਨ ਤਾਂ ਉਨ੍ਹਾਂ ਦਾ ਮੱਥਾ ਠਣਕਿਆ। ਭਾਵੇਂ ਹੀ ਉਹ ਕਿਸੇ ਗ਼ੈਰ-ਭਾਜਪਾ ਪਾਰਟੀ ਨੂੰ ਵੋਟ ਦੇਣਾ ਪਸੰਦ ਨਾ ਕਰਨ ਪਰ ਉਹ ਵੋਟਾਂ ਵਾਲੇ ਦਿਨ ਘਰ ਤਾਂ ਬੈਠ ਹੀ ਸਕਦੀਆਂ ਹਨ ਅਤੇ ਵੋਟ ਪਾਉਣ ਸਮੇਂ 'ਨੋਟਾ' ਦਾ ਬਟਨ ਵੀ ਦਬਾ ਹੀ ਸਕਦੀਆਂ ਹਨ। ਇਨ੍ਹਾਂ ਦੋਵੇਂ ਹੀ ਹਾਲਤਾਂ ਵਿਚ ਨੁਕਸਾਨ ਭਾਜਪਾ ਦਾ ਹੀ ਹੋਵੇਗਾ। ਇਸੇ ਸਮਝ ਦਾ ਨਤੀਜਾ ਹੈ ਆਮ ਵਰਗ ਦੇ ਗ਼ਰੀਬਾਂ ਨੂੰ 10 ਫ਼ੀਸਦੀ ਰਾਖਵਾਂਕਰਨ।

ਇਸ ਤਰ੍ਹਾਂ ਭਾਜਪਾ ਨੇ ਮੰਨ ਲਿਆ ਕਿ ਉਸ ਦੀ ਉਹ ਪਹਿਲੀ ਧਾਰਨਾ ਗ਼ਲਤ ਸੀ। ਦਰਅਸਲ ਉਚੀਆਂ ਜਾਤੀਆਂ ਦੀ ਭਾਜਪਾ ਨਾਲ ਨਾਰਾਜ਼ਗੀ ਦਾ ਕਾਰਨ ਸਿਰਫ ਅਨੁਸੂਚਿਤ ਜਾਤੀ ਅਤੇ ਜਨਜਾਤੀ ਕਾਨੂੰਨ 'ਤੇ ਉਸ ਦਾ ਰਵੱਈਆ ਨਹੀਂ ਹੈ। ਭਾਜਪਾ ਦਾ ਇਹ ਵੋਟ ਬੈਂਕ ਪਿਛਲੇ 5 ਸਾਲਾਂ ਤੋਂ ਦੇਖ ਰਿਹਾ ਹੈ ਕਿ ਮੋਦੀ ਦੀ ਅਗਵਾਈ ਵਿਚ ਪੂਰੀ ਪਾਰਟੀ ਦਾ ਵੱਡੇ ਪੱਧਰ 'ਤੇ ਓ.ਬੀ.ਸੀ.-ਕਰਨ ਹੋਇਆ ਹੈ।

ਬ੍ਰਾਹਮਣ-ਬਾਣੀਆ ਪਾਰਟੀ ਦਾ ਅਕਸ ਬਦਲਣ ਲਈ ਮੋਦੀ ਵਲੋਂ ਕੀਤੇ ਗਏ ਯਤਨਾਂ ਕਾਰਨ ਭਾਜਪਾ ਨੇ ਉਹ ਸੰਤੁਲਨ ਗੁਆ ਲਿਆ, ਜਿਸ ਤਹਿਤ ਉਹ ਦੀਨਦਿਆਲ ਉਪਾਧਿਆ ਦੇ ਜ਼ਮਾਨੇ ਤੋਂ ਹੀ ਉਚੀਆਂ ਜਾਤੀਆਂ ਅਤੇ ਪਛੜਿਆਂ ਦੇ ਇਕ ਹਿੱਸੇ ਦਾ ਚੁਣਾਵੀ ਗੱਠਜੋੜ ਹਾਸਲ ਕਰਦੀ ਰਹੀ ਹੈ। 2014 ਅਤੇ ਫਿਰ 2017 ਵਿਚ ਭਾਜਪਾ ਨੇ ਉਚੀਆਂ ਜਾਤੀਆਂ ਨਾਲ ਗ਼ੈਰ-ਯਾਦਵ ਪਛੜਿਆਂ ਅਤੇ ਗ਼ੈਰ-ਜਾਟਵ ਦਲਿਤਾਂ ਦੀ ਸਵਾਦੀ ਖਿੱਚੜੀ ਪਕਾ ਕੇ ਅਸਾਧਾਰਨ ਚੋਣਾਵੀ ਸਫ਼ਲਤਾ ਹਾਸਲ ਕੀਤੀ ਸੀ। ਇਹ ਪੂਰਾ ਸਮੀਕਰਨ ਰਾਖਵੇਂਕਰਨ ਦੇ ਇਸ ਫ਼ੈਸਲੇ ਨਾਲ ਵਿਗੜ ਸਕਦਾ ਹੈ। ਇਹ ਤਾਂ ਪਤਾ ਨਹੀਂ ਕਿ ਉਚੀਆਂ ਜਾਤੀਆਂ ਇਸ ਤੋਂ ਖ਼ੁਸ਼ ਹੋਣਗੀਆਂ ਪਰ ਇਸ ਦਾ ਉਲਟ ਅਸਰ ਉਨ੍ਹਾਂ ਪਛੜਿਆਂ ਅਤੇ ਦਲਿਤ ਵਰਗਾਂ 'ਤੇ ਪੈ ਸਕਦਾ ਹੈ, ਜਿਹੜੇ ਭਾਜਪਾ ਦੇ ਨਾਲ ਹਾਲ ਹੀ ਵਿਚ ਜੁੜੇ ਸਨ।

ਅਜੇ ਭਾਜਪਾ ਦੀ ਲੀਡਰਸ਼ਿਪ ਇਸ ਗੱਲ ਤੋਂ ਸੁਚੇਤ ਨਹੀਂ ਹੈ ਕਿ ਇਸ ਫ਼ੈਸਲੇ ਪਿੱਛੇ ਇਕ ਹੋਰ ਪੂਰਵ ਧਾਰਨਾ ਕੰਮ ਕਰ ਰਹੀ ਹੈ। ਉਹ ਮੰਨ ਕੇ ਚੱਲ ਰਹੇ ਹਨ ਕਿ ਪਾਰਟੀ ਨੇ ਪਛੜੇ ਵਰਗਾਂ ਅਤੇ ਅਨੁਸੂਚਿਤ ਜਾਤੀਆਂ ਲਈ ਕਾਫੀ ਕੁਝ ਕਰ ਦਿੱਤਾ ਹੈ। ਇਸ ਲਈ ਉਹ ਇਸ ਰਾਖਵੇਂਕਰਨ ਦੇ ਵਿਰੋਧ ਵਿਚ ਕੋਈ ਪ੍ਰਤੀਕਰਮ ਨਹੀਂ ਕਰਨਗੇ। ਸਵਾਲ ਇਹ ਹੈ: ਕੀ ਭਾਜਪਾ ਦੀ ਇਹ ਧਾਰਨਾ ਸਹੀ ਸਾਬਤ ਹੋਵੇਗੀ? ਇਸ ਸਵਾਲ ਦਾ ਜਵਾਬ ਪਤਾ ਲਗਾਉਣ ਲਈ ਇਤਿਹਾਸ ਵਿਚ ਜਾਣਾ ਜ਼ਰੂਰੀ ਹੈ। 1990 ਵਿਚ ਵਿਸ਼ਵਨਾਥ ਪ੍ਰਤਾਪ ਸਿੰਘ ਨੇ ਪ੍ਰਧਾਨ ਮੰਤਰੀ ਹੁੰਦਿਆਂ ਪਛੜੀਆਂ ਜਾਤੀਆਂ ਨੂੰ 27 ਫ਼ੀਸਦੀ ਰਾਖਵਾਂਕਰਨ ਦਿੱਤਾ ਸੀ। ਉਸ ਸਮੇਂ ਕਈ ਮਾਹਿਰਾਂ ਨੂੰ ਲੱਗਾ ਸੀ ਕਿ ਤਤਕਾਲੀ ਪ੍ਰਧਾਨ ਮੰਤਰੀ ਨੇ ਅਜਿਹਾ ਕਰਕੇ ਖ਼ੁਦ ਨੂੰ ਇਨ੍ਹਾਂ ਜਾਤੀਆਂ ਦਾ ਸਰਬਉਚ ਅਤੇ ਸਭ ਤੋਂ ਪਿਆਰਾ ਨੇਤਾ ਬਣਾ ਲਿਆ ਹੈ। ਮੈਨੂੰ ਯਾਦ ਹੈ ਕਿ ਦਿੱਲੀ ਦੇ 'ਨਵਭਾਰਤ ਟਾਈਮਜ਼' ਦੇ ਸੰਪਾਦਕੀ ਸਫ਼ੇ 'ਤੇ ਸੂਰਿਆਕਾਂਤ ਬਾਲੀ ਨੇ ਲੇਖ ਲਿਖਿਆ ਸੀ। ਉਸ ਲੇਖ ਦਾ ਸਿਰਲੇਖ ਸੀ 'ਇਕ ਵਿਅਕਤੀ ਦੇ ਵਧਦੇ ਹੋਏ ਵੋਟ' ਪਰ ਇਤਿਹਾਸ ਸਾਨੂੰ ਇਹ ਵੀ ਦੱਸਦਾ ਹੈ ਕਿ ਜਿਸ ਵਿਅਕਤੀ ਦੇ ਵੋਟ ਵਧਦੇ ਹੋਏ ਦੇਖੇ ਜਾ ਰਹੇ ਸਨ, ਛੇਤੀ ਹੀ ਉਸ ਦੀ ਰਾਜਨੀਤੀ ਦਾ ਦੀਵਾਲਾ ਨਿਕਲ ਗਿਆ। ਅੱਜ ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ ਅਤੇ ਜਿਨ੍ਹਾਂ ਦੇ ਵਧੇ, ਉਹ ਕੋਈ ਹੋਰ ਹੀ ਸਾਬਤ ਹੋਏ। ਵਿਸ਼ਵਨਾਥ ਪ੍ਰਤਾਪ ਸਿੰਘ ਦੀ ਬਜਾਏ ਵੋਟ ਵਧੇ ਮੁਲਾਇਮ ਸਿੰਘ, ਮਾਇਆਵਤੀ, ਲਾਲੂ ਪ੍ਰਸਾਦ ਯਾਦਵ ਆਦਿ ਦੇ; ਕਹਿਣ ਦਾ ਭਾਵ, ਜ਼ਰੂਰੀ ਨਹੀਂ ਕਿ ਵੋਟ ਉਸ ਦੇ ਹੀ ਵਧਣ, ਜਿਸ ਨੇ ਰਾਖਵਾਂਕਰਨ ਦਿੱਤਾ ਹੋਵੇ। ਦੂਸਰਾ ਉਸ ਸਮੇਂ ਪਛੜੇ ਵਰਗ ਨੂੰ ਦਿੱਤੇ ਰਾਖਵੇਂਕਰਨ ਦੇ ਵਿਰੋਧ ਵਿਚ ਉਚੀਆਂ ਜਾਤੀਆਂ ਨੇ ਹਿੰਸਕ ਪ੍ਰਤੀਕਰਮ ਪ੍ਰਗਟ ਕੀਤਾ ਸੀ, ਖ਼ੁਦਕੁਸ਼ੀਆਂ ਹੋਣ ਲੱਗੀਆਂ ਸਨ। ਇਸ ਲਈ ਇਹ ਮੰਨ ਲੈਣਾ ਸਹੀ ਨਹੀਂ ਹੋਵੇਗਾ ਕਿ ਪਛੜੀਆਂ ਅਤੇ ਦਲਿਤ ਜਾਤੀਆਂ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕਰਨਗੀਆਂ ਅਤੇ ਚੁੱਪ ਬੈਠੀਆਂ ਰਹਿਣਗੀਆਂ।

ਭਾਜਪਾ ਦੇ ਬੁਲਾਰਿਆਂ ਦਾ ਤਰਕ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਪਛੜਿਆਂ ਅਤੇ ਦਲਿਤਾਂ ਦਾ ਰਾਖਵਾਂਕਰਨ ਘੱਟ ਨਹੀਂ ਕੀਤਾ ਹੈ। ਇਸ ਲਈ ਉਨ੍ਹਾਂ ਦੇ ਇਸ ਕਦਮ ਦਾ ਕੋਈ ਵਿਰੋਧੀ ਅਸਰ ਨਹੀਂ ਪਵੇਗਾ। ਇਹ ਤਰਕ ਰਾਖਵੇਂਕਰਨ ਦੇ ਨਾਲ ਜੁੜੇ ਹੋਏ ਖ਼ਾਸ ਮੌਕੇ ਦੇ ਸਿਧਾਂਤ ਦੀ ਅਣਦੇਖੀ ਕਰਦਾ ਹੈ। ਪਛੜਿਆਂ ਅਤੇ ਦਲਿਤਾਂ ਨੂੰ ਇਹ ਵਿਸ਼ੇਸ਼ ਮੌਕਾ ਇਸ ਲਈ ਮਿਲਦਾ ਹੈ ਕਿ ਉਨ੍ਹਾਂ ਨੇ ਸਦੀਆਂ ਤੋਂ ਇਕ ਖ਼ਾਸ ਤਰ੍ਹਾਂ ਦੀ ਬੇਧਿਆਨੀ ਅਤੇ ਨਿਰਾਦਰ ਝੱਲਿਆ ਹੈ, ਜਿਸ ਦਾ ਨਤੀਜਾ ਉਨ੍ਹਾਂ ਦੀ ਗ਼ਰੀਬੀ ਹੈ।

ਇਸ ਦੇ ਉਲਟ, ਉਚੀਆਂ ਜਾਤੀਆਂ ਦੀ ਅਰਥ ਵਿਵਸਥਾ ਦੀ ਪਿਛਲੇ 25-30 ਸਾਲਾਂ ਵਿਚ ਜਮ੍ਹਾਂ ਹੋਈ ਅਸਫ਼ਲਤਾ ਦਾ ਨਤੀਜਾ ਹੈ। ਉਨ੍ਹਾਂ ਦੀ ਨਜ਼ਰ ਵਿਚ ਇਹ ਨਵਾਂ ਰਾਖਵਾਂਕਰਨ ਸਾਬਤ ਕਰਦਾ ਹੈ ਕਿ ਸਮਾਜ 'ਤੇ ਅਜੇ ਵੀ ਉਚੀਆਂ ਜਾਤੀਆਂ ਦਾ ਗਲਬਾ ਹੈ। ਰਾਖਵਾਂਕਰਨ ਜਿੱਤਣ ਲਈ ਉਨ੍ਹਾਂ ਨੂੰ ਸਿਰਫ ਤਿੰਨ ਦਹਾਕਿਆਂ ਦੀ ਲੋੜ ਪਈ, ਜਦ ਕਿ ਪਛੜਿਆਂ, ਦਲਿਤਾਂ ਨੂੰ ਇਸ ਦੇ ਲਈ ਸਦੀਆਂ ਤੱਕ ਉਹ ਸਹਿਣ ਕਰਨਾ ਪਿਆ, ਜਿਹੜਾ ਉਚੀਆਂ ਜਾਤੀਆਂ ਨੂੰ ਅੱਜ ਵੀ ਸਹਿਣ ਨਹੀਂ ਕਰਨਾ ਪੈਂਦਾ। ਫਿਰ ਕਮਜ਼ੋਰ ਜਾਤੀਆਂ ਇਹ ਤਾਂ ਵੇਖ ਹੀ ਰਹੀਆਂ ਹਨ ਕਿ ਇਹ ਨਵਾਂ ਰਾਖਵਾਂਕਰਨ ਉਨ੍ਹਾਂ ਲੋਕਾਂ ਲਈ ਵੀ ਉਪਲਬਧ ਹੋਵੇਗਾ, ਜਿਹੜੇ ਆਮਦਨ ਕਰ ਦੀ ਘੱਟੋ-ਘੱਟ ਹੱਦ ਢਾਈ ਲੱਖ ਤੋਂ ਸਾਢੇ ਪੰਜ ਲੱਖ ਰੁਪਏ ਜ਼ਿਆਦਾ (ਕੁੱਲ 8 ਲੱਖ) ਕਮਾ ਰਹੇ ਹਨ। ਉਹ ਇਸ ਨਤੀਜੇ 'ਤੇ ਪਹੁੰਚ ਸਕਦੀਆਂ ਹਨ ਕਿ ਇਸ ਰਾਖਵੇਂਕਰਨ ਦਾ ਕਿਰਦਾਰ ਉਚੀਆਂ ਜਾਤੀਆਂ ਦੇ ਮੱਧ ਵਰਗ (ਜਿਹੜਾ ਪਹਿਲਾਂ ਤੋਂ ਹੀ ਆਰਥਿਕ ਤੌਰ 'ਤੇ ਖ਼ੁਸ਼ਹਾਲ ਹੈ) ਨੂੰ ਦਿੱਤੀ ਰਿਸ਼ਵਤ ਜਿਹਾ ਹੈ।

ਜ਼ਾਹਰ ਹੈ ਕਿ ਉਨ੍ਹਾਂ ਦੇ ਮਨਾਂ 'ਤੇ ਵਿਰੋਧੀ ਅਸਰ ਜ਼ਰੂਰ ਪਏਗਾ। ਜੇ ਚੋਣਾਂ ਸਿਰ 'ਤੇ ਨਾ ਹੁੰਦੀਆਂ ਤਾਂ ਹੋ ਸਕਦਾ ਸੀ ਕਿ ਇਹ ਰੋਸ ਸੜਕਾਂ 'ਤੇ ਆ ਜਾਂਦਾ। ਹੁਣ ਵੋਟਾਂ ਵਿਚ ਇਸ ਦਾ ਪ੍ਰਗਟਾਵਾ ਦਿਖਾਈ ਦੇ ਸਕਦਾ ਹੈ।

# ਕਰਵਟਾਂ ਲੈਂਦਾ ਜਹਾਨ ਅਤੇ ਰੁਮਾਂਸ ਤੋਂ ਜਨੂੰਨ ਵੱਲ ਖੁੱਲ੍ਹਦਾ ਰਾਹ

***ਪਟਿਆਲੇ ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਖੋਜ ਕਾਰਜਾਂ ਵਿਚ ਜੁਟੇ ਨੌਜਵਾਨ ਹਰਵੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਰੁਮਾਂਸ ਬਾਰੇ ਚਰਚਾ ਕਰਦਿਆਂ ਤੋੜਾ ਉਸ ਜਨੂੰਨ ਉਤੇ ਝਾੜਿਆ ਹੈ, ਜੋ ਮਨੁੱਖ ਨੂੰ ਕਿਤੇ ਦਾ ਕਿਤੇ ਲੈ ਜਾਂਦਾ ਹੈ, ਜਾਂ ਕਹਿ ਲਓ ਕਿ ਇਹ ਮਨੁੱਖ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਦਾ। ਰੁਮਾਂਸ ਜਾਂ ਪਿਆਰ ਦਾ ਤਸੱਵਰ ਆਮ ਕਰਕੇ ਸਿਰਫ ਔਰਤ-ਮਰਦ ਵਿਚਾਲੇ ਪਿਆਰ ਵਜੋਂ ਹੀ ਕੀਤਾ ਜਾਂਦਾ ਹੈ, ਪਰ ਇਹ ਰੁਮਾਂਸ ਖਬਤ ਵੀ ਹੋ ਸਕਦਾ ਹੈ, ਜਿਵੇਂ ਹਿਟਲਰ ਨੂੰ ਹੋਇਆ ਸੀ ਜਾਂ ਅੱਜ ਅਮਰੀਕਾ ਦੇ ਡੋਨਲਡ ਟਰੰਪ, ਬ੍ਰਾਜ਼ੀਲ ਦੇ ਯਾਇਰ ਬੁਲਸੋਨਾਰੋ, ਹੰਗਰੀ ਦੇ ਵਿਕਟੋਰ ਔਰਬੈਨ ਅਤੇ ਤੁਰਕੀ ਦੇ ਰਿਕੀਪ ਐਡੋਗਨ ਆਦਿ ਨੂੰ ਹੈ ਜਾਂ ਭਾਰਤ ਵਿਚ ਹਿੰਦੂਤਵੀਆਂ ਦਾ ਆਪਣੇ ਖਿਆਲੀ ਵਿਰਸੇ ਪ੍ਰਤੀ ਹੈ, ਜਿਸ ਕਰਕੇ ਉਹ ਅਜੋਕੀ ਹਰ ਨਵੀਂ ਵਿਗਿਆਨਕ ਖੋਜ ਨੂੰ ਆਪਣੇ ਦੇਵੀ-ਦੇਵਤਿਆਂ ਜਾਂ ਪੁਰਖਿਆਂ ਨਾਲ ਜੋੜਦੇ ਹਨ। -ਸੰਪਾਦਕ***

ਕੁਦਰਤ, ਕਾਦਰ ਅਤੇ ਇਨਸਾਨੀ ਹਸਤੀ ਦੇ ਰੁਮਾਂਟਿਕ ਤਸੱਵਰ ਨੂੰ ਸ਼ਬਦਾਂ ਦੀ ਖੂਬਸੂਰਤ ਲੜੀ ਵਿਚ ਪਰੋਣ ਵਾਲੇ ਕਿਸੇ ਇਕ ਕਵੀ ਤੋਂ ਅਕਸਰ ਅਸੀਂ ਰੁਮਾਂਟਿਕ ਲਹਿਰ ਦੀ ਸ਼ੁਰੂਆਤ ਮੰਨਦਿਆਂ ਰੁਮਾਂਸਵਾਦ ਨੂੰ ਇਕ ਵਿਸ਼ੇਸ਼ ਕਾਲ ਖੰਡ ਤੱਕ ਹੀ ਮਹਿਦੂਦ ਕਰ ਦਿੰਦੇ ਹਾਂ, ਹਾਲਾਂਕਿ ਰੁਮਾਂਸ ਮਾਨਵੀ ਜ਼ਿੰਦਗੀ ਦਾ ਇੱਕ ਅਟੁੱਟ ਪਹਿਲੂ ਹੈ, ਜਿਸ ਦੀ ਅਭਿਵਿਅਕਤੀ ਕਲਾ ਦੀਆਂ ਵੱਖ-ਵੱਖ ਵੰਨਗੀਆਂ ਦੇ ਰੂਪ ਵਿਚ ਹਰ ਖੇਤਰ ਜਾਂ ਤਵਾਰੀਖ ਦੇ ਹਰ ਕਾਲ ਵਿਚ ਮੌਜੂਦ ਰਹੀ ਹੈ।



**ਹਰਵੀਰ ਸਿੰਘ***
ਫੋਨ: 91-94177-55449

ਚੌਥੀ-ਪੰਜਵੀਂ ਸਦੀ ਦੇ ਕਵੀ ਕਾਲੀਦਾਸ ਦੇ ਨਾਟਕ 'ਸ਼ਕੁੰਤਲਾ' ਵਿਚ ਵਿਸ਼ਵਾਮਿਤ੍ਰ ਅਤੇ ਮੇਨਕਾ ਦੀ ਧੀ ਸ਼ਕੁੰਤਲਾ ਦਾ ਹਸਤਨਾਪੁਰ ਦੇ ਪੁਰੂਵੰਸ਼ੀ ਰਾਜੇ ਦੁਸ਼ਯੰਤ ਨਾਲ ਮਾਲਨੀ ਨਦੀ ਕਿਨਾਰੇ ਮਿਲਾਪ ਅਤੇ ਵਿਛੋੜਾ ਰੁਮਾਂਸ ਦਾ ਸਿਖਰ ਹੈ।


ਵਿਹਾਰਕ ਰੂਪ ਵਿਚ ਵੀ ਰੁਮਾਂਸ ਜਿਹੇ ਵਿਆਪਕ ਸ਼ਬਦ ਨੂੰ ਸਰਲ ਜਾਂ ਇਕਹਿਰੇ ਅਰਥਾਂ ਤੱਕ ਹੀ ਸੀਮਤ ਕੀਤਾ ਜਾਂਦਾ ਰਿਹਾ ਹੈ। ਮਨੁੱਖ ਨੂੰ ਹਮੇਸ਼ਾ ਕਿਸੇ ਵਿਅਕਤੀ ਜਾਂ ਵਿਚਾਰ ਨਾਲ ਮੁਹੱਬਤ ਦੇ ਰੂਪ ਵਿਚ ਹੀ ਰੁਮਾਂਸ ਨਹੀਂ ਹੁੰਦਾ ਸਗੋਂ ਰੁਮਾਂਸ ਕਿਸੇ ਵਿਅਕਤੀ, ਸਮੂਹ ਜਾਂ ਵਿਚਾਰ ਪ੍ਰਤੀ ਨਫਰਤ ਰੱਖਦਿਆਂ ਉਸ ਨੂੰ ਤਬਾਹ ਕਰਨ ਦਾ ਵੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਮਾਨਵ ਵਿਰੋਧੀ ਸਥਾਪਤ ਕਦਰਾਂ-ਕੀਮਤਾਂ ਦੇ ਨਾਲ ਮਨੁੱਖ ਵੱਲੋਂ ਨਿੱਜੀ ਜਾਂ ਸਮੂਹਿਕ ਪੱਧਰ ਉਤੇ ਵਿਰੋਧ ਕਰਦਿਆਂ ਆਪਣੀ ਜ਼ਿੰਦਗੀ ਨੂੰ ਹੋਰ ਖੂਬਸੂਰਤ ਬਣਾਉਣ ਦੀ ਇੱਛਾ ਦਾ ਨਾਂ ਹੀ ਰੁਮਾਂਸ ਨਹੀਂ, ਸਗੋਂ ਕਿਸੇ ਕਾਲਪਨਿਕ ਸੰਸਾਰ ਦੀ ਸਿਰਜਣਾ ਲਈ ਅਤਿ ਦਰਜੇ ਦੀ ਹਿੰਸਾ ਤੇ ਵਿਨਾਸ਼ ਦਾ ਰੁਮਾਂਸ ਵੀ ਤਵਾਰੀਖ ਦਾ ਹਿੱਸਾ ਰਿਹਾ ਹੈ।

ਮਸਲਨ, ਅਪਰੈਲ 1941 ਵਿਚ ਦੂਜੇ ਵਿਸ਼ਵ ਯੁੱਧ ਦੌਰਾਨ ਅਡੌਲਫ ਹਿਟਲਰ ਦੀ ਨਾਜ਼ੀ ਫੌਜ ਨੇ ਯੂਗੋਸਲਾਵੀਆ ਦੀ ਰਾਜਧਾਨੀ ਬੈਲਗ੍ਰੇਡ ਉਤੇ ਕਬਜ਼ਾ ਕਰ ਲਿਆ। ਉਸ ਸਮੇਂ ਸ਼ਹਿਰ ਦੀ ਵਸੋਂ, ਅਹਿਮ ਅਦਾਰੇ ਅਤੇ ਰੇਡੀਓ ਬੈਲਗ੍ਰੇਡ ਨਾਜ਼ੀ ਫੌਜ ਅਧੀਨ ਆ ਚੁਕੇ ਸਨ। ਬਰਫਾਨੀ ਮੌਸਮ ਦੀਆਂ ਕਾਲੀਆਂ ਯਖ ਰਾਤਾਂ ਵਿਚ ਥੱਕ ਹਾਰ ਕੇ ਬੈਠੇ ਸਿਪਾਹੀਆਂ ਨੂੰ ਜਦੋਂ ਰੇਡੀਓ ਬੈਲਗ੍ਰੇਡ ਤੋਂ 'ਲਿਲੀ ਮਾਰਲਿਨ' ਨਾਮੀ ਗੀਤ ਸੁਣਾਈ ਦਿੰਦਾ ਤਾਂ ਉਨ੍ਹਾਂ ਦੀਆਂ ਅੱਖਾਂ ਚਮਕ ਉਠਦੀਆਂ ਅਤੇ ਅਜਿਹਾ ਰੁਮਾਂਟਿਕ ਮਾਹੌਲ ਸਿਰਜਿਆ ਜਾਂਦਾ ਕਿ ਨਿੱਸਲ ਹੋਏ ਸਿਪਾਹੀ 'ਨਵੇਂ ਸੰਸਾਰ' ਦੀ ਸਿਰਜਣਾ ਦਾ ਰੁਮਾਂਟਿਕ ਸੁਪਨਾ ਜਮੀਨ 'ਤੇ ਉਤਾਰਨ ਲਈ ਹਰ ਕਿਸੇ ਦੀ ਜਾਨ ਲੈਣ ਲਈ ਤਤਪਰ ਹੋ ਜਾਂਦੇ। ਇਸ ਗੀਤ ਦੇ ਬੋਲ ਕੁਝ ਇਸ ਤਰ੍ਹਾਂ ਸਨ:

ਬੈਰਕਾਂ ਤੋਂ ਬਾਹਰ,
ਜਗ ਰਹੀ ਲਾਲਟੇਨ ਹੇਠ
ਮੈਂ ਹਰ ਰਾਤ ਤੇਰੀ ਉਡੀਕ ਕਰਦਾ
ਤੇਰੇ ਤੇ ਮੇਰੇ ਲਈ
ਨਵੇਂ ਸਮਾਜ ਦੀ ਸਿਰਜਣਾ ਚਾਹੁੰਨਾਂ
ਤੇਰੇ ਤੇ ਮੇਰੇ ਲਈ...।

'ਨਵੇਂ ਸੰਸਾਰ' ਦੀ ਸਿਰਜਣਾ ਦਾ ਰੁਮਾਂਟਿਕ ਤਸੱਵਰ ਤਾਂ ਹਕੀਕਤ ਨਾ ਬਣ ਪਾਇਆ, ਉਂਜ ਇਸ ਵਿਸ਼ਵ ਯੁੱਧ ਵਿਚ ਆਪਣੀਆਂ ਜ਼ਿੰਦਗੀਆਂ ਗਵਾ ਚੁਕੇ ਆਵਾਮ ਦੀ ਗਿਣਤੀ ਨਾ-ਕਾਬਿਲੇ ਯਕੀਨ ਸੀ। 'ਰੁਮਾਂਸ' ਦੇ ਵਹਾਅ ਵਿਚ ਸਮੂਹਿਕ ਤੌਰ 'ਤੇ ਹੋਏ ਕਤਲੋਗਾਰਤ ਦੀ ਇਹ ਵੀਂਹਵੀ ਸਦੀ ਦੀ ਸਭ ਤੋਂ ਵੱਡੀ ਮਿਸਾਲ ਹੈ।

ਕਾਰਲ ਮਾਰਕਸ ਦੇ ਆਰਥਕ ਬਰਾਬਰੀ ਦੀ ਹਮਾਇਤ ਅਤੇ ਮਨੁੱਖੀ ਲੁੱਟ-ਖਸੁੱਟ ਦੀ ਮੁਖਾਲਫਤ ਕਰਦੇ ਮਾਡਲ ਨੂੰ ਆਪਣੇ ਹੀ ਅਰਥ ਦਿੰਦਿਆਂ ਤਥਾ-ਕਥਿਤ ਖੱਬੇਪੱਖੀ ਪ੍ਰਧਾਨ ਮੰਤਰੀ




*ਅਡੌਲਫ ਹਿਟਲਰ*

ਸਲੋਥੋ ਜ਼ਰ ਉਰਫ ਪੋਲ ਪੋਟ ਨੇ ਸੰਨ 1976 ਵਿਚ ਕੰਬੋਡੀਆ ਦਾ ਨਾਂ ਬਦਲ ਕੇ ਡੈਮੋਕ੍ਰੈਟਿਕ ਕੰਪੋਚੀਆ ਬਣਾਉਣ ਦਾ ਅਜਿਹਾ ਰੁਮਾਂਟਿਕ ਅਹਿਦ ਲਿਆ ਕਿ ਇਸ ਦੇ ਰਾਹ ਵਿਚ ਅੜਚਨ ਬਣ ਰਹੇ ਹਰ ਇਨਸਾਨ ਨੂੰ ਉਸ ਨੇ 'ਜਮਾਤੀ ਦੁਸ਼ਮਣ' ਗਰਦਾਨ ਕੇ ਮੌਤ ਦੇ ਘਾਟ ਉਤਾਰ ਦਿੱਤਾ। ਆਰਥਕ, ਸਮਾਜਕ ਅਤੇ ਸੱਭਿਆਚਾਰਕ ਬਰਾਬਰੀ ਦਾ ਡੈਮੋਕ੍ਰੈਟਿਕ ਕੰਪੋਚੀਆ ਤਾਂ ਕਦੇ ਯਥਾਰਥ ਨਾ ਬਣ ਪਾਇਆ, ਪਰ ਤਿੰਨ ਸਾਲਾਂ ਵਿਚ ਜ਼ਿੰਦਗੀ ਤੋਂ ਮਰਹੂਮ ਕੀਤੇ ਜਾ ਚੁਕੇ ਲੋਕਾਂ ਦੀ ਗਿਣਤੀ ਕਰੀਬ ਪੰਦਰਾਂ ਲੱਖ ਤੋਂ ਵੱਧ ਸੀ।

ਰੁਮਾਂਸ ਦਾ 'ਬੁਖਾਰ' ਸਮੂਹ ਵਾਂਗ ਨਿੱਜੀ ਪੱਧਰ ਉਤੇ ਵੀ ਕਿਸ ਕਦਰ ਅਸਰਦਾਇਕ ਹੋ ਸਕਦਾ ਹੈ, ਇਸ ਦਾ ਅੰਦਾਜ਼ਾ ਪ੍ਰਸਿੱਧ ਜਰਮਨ ਲੇਖਕ ਗੇਟੇ ਦੇ ਨਾਵਲ 'ਦ ਸਾਰੋਜ਼ ਆਫ ਯੰਗ ਵਰਦਰ' ਤੋਂ ਲਾਇਆ ਜਾ ਸਕਦਾ ਹੈ। ਨਾਵਲ ਦਾ ਮੁੱਖ ਕਿਰਦਾਰ ਵਰਦਰ ਇਕ ਆਰਟਿਸਟ ਹੈ, ਜਿਸ ਨੂੰ ਵਾਲਹਿਮ ਨਾਮੀ ਪਿੰਡ ਦੀ ਇਕ ਅਠਾਰਾਂ ਕੁ ਵਰ੍ਹਿਆਂ ਦੀ ਮੁਟਿਆਰ ਸ਼ਾਰਲਟ ਨਾਲ ਮੁਹੱਬਤ ਹੋ ਜਾਂਦੀ ਹੈ। ਸੁੰਦਰ, ਸਡੋਲ ਅਤੇ ਨੀਲੀਆਂ ਅੱਖਾਂ ਵਾਲੀ ਇਹ ਮੁਟਿਆਰ ਆਪਣੇ ਤੋਂ ਗਿਆਰਾਂ ਸਾਲ ਵੱਡੇ ਅਲਬਰਟ ਨਾਮੀ ਵਿਅਕਤੀ ਦੀ ਮੰਗੇਤਰ ਹੈ। ਸ਼ਾਰਲਟ ਅਤੇ ਅਲਬਰਟ ਦਾ ਵਿਆਹ ਨਾਵਲ ਦੇ ਮੁੱਖ ਪਾਤਰ ਵਰਦਰ ਨੂੰ ਅਜਿਹਾ ਡੂੰਘਾ ਜ਼ਖਮ ਦੇ ਦਿੰਦੈ, ਜਿਸ ਦੀ ਤਾਬ ਨਾ ਝੱਲਦਾ ਉਹ ਆਪਣੇ ਆਪ ਨੂੰ ਗੋਲੀ ਮਾਰ ਬੈਠਦਾ ਹੈ। ਹੈਰਤਵਸ ਉਸ ਦੀ ਮੌਤ ਇਕਦਮ ਗੋਲੀ ਲੱਗਣ ਤੋਂ ਬਾਅਦ ਨਹੀਂ ਹੁੰਦੀ। ਉਹ ਬਾਰਾਂ ਘੰਟੇ ਤੜਫਦਾ ਰਹਿੰਦਾ ਹੈ। ਸੁੰਨ ਹੋ ਚੁਕੇ ਵਰਦਰ ਦੇ ਸਰੀਰ 'ਚੋਂ ਤਿਪ-ਤਿਪ ਵਗ ਰਹੇ ਲਹੂ ਬਾਰੇ ਪੜ੍ਹਦਿਆਂ ਪਾਠਕ ਮਹਿਸੂਸ ਕਰਦੇ ਹਨ ਕਿ ਵਰਦਰ ਦੇ ਟੁੱਟੇ ਦਿਲ ਦੀ ਪੀੜ੍ਹ ਇਸ ਸੱਜਰੇ ਜਖਮ ਤੋਂ ਵੀ ਕਿਤੇ ਡਾਢੀ ਸੀ।

ਨਾਵਲ ਦੇ ਪ੍ਰਕਾਸ਼ਤ ਹੁੰਦਿਆਂ ਹੀ ਅਨੇਕਾਂ ਨੌਜਵਾਨ ਲੜਕਿਆਂ ਨੇ ਇਸ ਨਾਵਲ ਦਾ ਅਜਿਹਾ ਰੁਮਾਂਟਿਕ ਅਸਰ ਕਬੂਲ ਕੀਤਾ ਕਿ ਇਸ ਨੂੰ 18ਵੀਂ ਸਦੀ ਦੇ ਅਖੀਰਲੇ ਤਿੰਨ ਦਹਾਕਿਆਂ ਦੌਰਾਨ ਸਾਹਿਤਕ ਮੰਡਲੀਆਂ ਵਿਚ 'ਵਰਦਰ ਬੁਖਾਰ' ਕਿਹਾ ਗਿਆ। ਇਸ 'ਬੁਖਾਰ' ਵਸ ਅਨੇਕਾਂ ਨੌਜਵਾਨ ਲੜਕੇ ਵਰਦਰ ਵਾਂਗ ਪਹਿਰਾਵਾ ਪਾ ਕੇ ਖੁਦਕੁਸ਼ੀ ਕਰ ਗਏ। ਸਿੱਟੇ ਵਜੋਂ ਲਾਇਪਜ਼ਿਕ, ਡੈਨਮਾਰਕ ਅਤੇ ਇਟਲੀ ਵਿਚ ਸੰਨ 1775 ਵਿਚ ਇਸ ਨਾਵਲ ਉਤੇ ਪਾਬੰਦੀ ਲਾ ਦਿੱਤੀ ਗਈ।

ਸੋ ਇਤਿਹਾਸ ਦਾ ਕੋਈ ਵੀ ਕਾਲ ਰੁਮਾਂਸ ਦੀਆਂ ਅਜਿਹੀਆਂ ਮਿਸਾਲਾਂ ਤੋਂ ਸੱਖਣਾ ਨਹੀਂ, ਜਿੱਥੇ ਵਿਅਕਤੀਗਤ ਜਾਂ ਸਮੂਹਿਕ ਪੱਧਰ ਉਤੇ ਮਨੁੱਖ ਨੇ ਖੂਬਸੂਰਤ ਜ਼ਿੰਦਗੀ ਨੂੰ ਤਿਲਾਂਜਲੀ ਦੇ ਕੇ ਵਿਨਾਸ਼ ਦਾ ਰਾਹ ਨਾ ਚੁਣਿਆ ਹੋਵੇ। ਉਘਾ ਸਮਾਜਕ ਅਤੇ ਰਾਜਨੀਤਕ ਚਿੰਤਕ ਇਜ਼ਾਈਆ ਬਰਲਿਨ ਆਪਣੀ ਪੁਸਤਕ 'ਰੂਟਸ ਆਫ




ਰੋਮਾਂਟਿਸਿਜ਼ਮ' ਵਿਚ ਲਿਖਦਾ ਹੈ, "ਫਾਸ਼ੀਵਾਦ ਰੁਮਾਂਸਵਾਦ ਦਾ ਵਾਰਸ ਇਸ ਕਰਕੇ ਨਹੀਂ ਕਿ ਇਹ ਇਕ ਤਰਕਹੀਣ ਵਰਤਾਰਾ ਹੈ, ਬਲਕਿ ਫਾਸ਼ੀਵਾਦ ਦਾ ਰੁਮਾਂਸਵਾਦ ਨਾਲ ਸਬੰਧ ਇਸ ਕਰਕੇ ਹੈ ਕਿ ਇਕ ਵਿਅਕਤੀ ਜਾਂ ਸਮੂਹ ਦੀ ਅਭਿਲਾਸ਼ਾ ਅਜਿਹਾ ਰੂਪ ਅਖਤਿਆਰ ਕਰ ਲੈਂਦੀ ਹੈ, ਜਿਸ ਨੂੰ ਸੰਗਠਿਤ ਕਰਨਾ, ਤਰਕਸੰਗਤ ਠਹਿਰਾਉਣਾ ਅਤੇ ਇਸ ਦੇ ਭਵਿੱਖਮਈ ਸਿੱਟਿਆਂ ਬਾਰੇ ਅੰਦਾਜ਼ਾ ਲਾਉਣਾ ਅਸੰਭਵ ਹੋ ਜਾਂਦਾ ਹੈ।"

ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਦੌਰਾਨ ਉਦਾਰਵਾਦ ਅਤੇ ਵਿਸ਼ਵੀਕਰਨ ਦੇ ਮਾਡਲ ਦੀ ਰੁਮਾਂਟਿਕ ਮਿੱਥ ਨੂੰ ਕਾਰਪੋਰੇਟ ਪੂੰਜੀਵਾਦ ਨੇ ਇਸ ਕਦਰ ਸਥਾਪਤ ਕੀਤਾ, ਜਿਸ ਨਾਲ ਦੂਜੀ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਪੱਛਮੀ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਾਂਗ ਆਪਣਾ ਭਵਿੱਖ ਪੂੰਜੀਵਾਦੀ ਪ੍ਰਬੰਧ ਵਿਚੋਂ ਹੀ ਨਜ਼ਰ ਆਉਣ ਲੱਗ ਪਿਆ। ਮਹਿਜ ਤਿੰਨ ਦਹਾਕੇ ਗੁਜ਼ਰਨ ਪਿਛੋਂ ਜਦੋਂ ਬੇਰੁਜ਼ਗਾਰੀ, ਵੱਧ ਰਹੀ ਵਸੋਂ, ਭੁੱਖਮਰੀ, ਗੰਧਲਾ ਵਾਤਾਵਰਣ, ਹਿਜ਼ਰਤ ਅਤੇ ਅਤਿਵਾਦ ਜਿਹੀਆਂ ਸਮੱਸਿਆਵਾਂ ਦੀ ਜਕੜ ਸਮੁੱਚੇ ਵਿਸ਼ਵ 'ਤੇ ਹੋਰ ਵੀ ਮਜ਼ਬੂਤ ਹੋ ਗਈ ਤਾਂ ਪੂੰਜੀਵਾਦੀ ਪ੍ਰਬੰਧ ਨੂੰ ਮਨੁੱਖੀ ਸੁਤੰਤਰਤਾ, ਸਮਾਨਤਾ ਅਤੇ ਉਦਾਰਤਾ ਦੇ ਮਾਡਲ ਵਜੋਂ ਸਮਝ ਰਹੇ 'ਦਾਨਿਸ਼ਵਰਾਂ' ਨੂੰ ਵੀ ਇਸ ਗੱਲ ਦਾ ਇਲਮ ਹੋਇਆ ਕਿ ਇਹ ਪ੍ਰਬੰਧ ਆਪਣੇ ਆਪ ਵਿਚ ਆਧੁਨਿਕ, ਉਦਾਰਵਾਦੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਮਾਡਲ ਨਹੀਂ, ਜਿਵੇਂ ਕਿ ਪੱਛਮੀ ਦੇਸ਼ਾਂ ਨੂੰ ਮਿਸਾਲ ਬਣਾ ਕੇ ਇਹ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।

***ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਦੌਰਾਨ ਉਦਾਰਵਾਦ ਅਤੇ ਵਿਸ਼ਵੀਕਰਨ ਦੇ ਮਾਡਲ ਦੀ ਰੁਮਾਂਟਿਕ ਮਿੱਥ ਨੂੰ ਕਾਰਪੋਰੇਟ ਪੂੰਜੀਵਾਦ ਨੇ ਇਸ ਕਦਰ ਸਥਾਪਤ ਕੀਤਾ, ਜਿਸ ਨਾਲ ਦੂਜੀ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਪੱਛਮੀ ਵਿਕਸਿਤ ਪੂੰਜੀਵਾਦੀ ਮੁਲਕਾਂ ਵਾਂਗ ਆਪਣਾ ਭਵਿੱਖ ਪੂੰਜੀਵਾਦੀ ਪ੍ਰਬੰਧ ਵਿਚੋਂ ਹੀ ਨਜ਼ਰ ਆਉਣ ਲੱਗ ਪਿਆ। ਮਹਿਜ ਤਿੰਨ ਦਹਾਕੇ ਗੁਜ਼ਰਨ ਪਿਛੋਂ ਜਦੋਂ ਬੇਰੁਜ਼ਗਾਰੀ, ਵੱਧ ਰਹੀ ਵਸੋਂ, ਭੁੱਖਮਰੀ, ਗੰਧਲਾ ਵਾਤਾਵਰਣ, ਹਿਜ਼ਰਤ ਅਤੇ ਅਤਿਵਾਦ ਜਿਹੀਆਂ ਸਮੱਸਿਆਵਾਂ ਦੀ ਜਕੜ ਸਮੂੱਚੇ ਵਿਸ਼ਵ 'ਤੇ ਹੋਰ ਵੀ ਮਜ਼ਬੂਤ ਹੋ ਗਈ ਤਾਂ ਪੂੰਜੀਵਾਦੀ ਪ੍ਰਬੰਧ ਨੂੰ ਮਨੁੱਖੀ ਸੁਤੰਤਰਤਾ, ਸਮਾਨਤਾ ਅਤੇ ਉਦਾਰਤਾ ਦੇ ਮਾਡਲ ਵਜੋਂ ਸਮਝ ਰਹੇ 'ਦਾਨਿਸ਼ਵਰਾਂ' ਨੂੰ ਵੀ ਇਸ ਗੱਲ ਦਾ ਇਲਮ ਹੋਇਆ ਕਿ ਇਹ ਪ੍ਰਬੰਧ ਆਪਣੇ ਆਪ ਵਿਚ ਆਧੁਨਿਕ, ਉਦਾਰਵਾਦੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਮਾਡਲ ਨਹੀਂ, ਜਿਵੇਂ ਕਿ ਪੱਛਮੀ ਦੇਸ਼ਾਂ ਨੂੰ ਮਿਸਾਲ ਬਣਾ ਕੇ ਇਹ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।***

ਇਸ ਦੇ ਉਲਟ ਪੂੰਜੀਵਾਦੀ ਪ੍ਰਬੰਧ ਪੱਛੜੇ ਸਮਾਜਾਂ ਵਿਚ ਆਰਥਕ ਤੇ ਸਮਾਜਕ ਅਸਮਾਨਤਾ, ਅਗਿਆਨ ਅਤੇ ਪਿਛਾਂਹ ਖਿੱਚੂ ਕਦਰਾਂ-ਕੀਮਤਾਂ ਨੂੰ ਬੜੀ ਤੇਜ਼ੀ ਨਾਲ ਹੋਰ ਵੀ ਗਹਿਰਾ ਕਰ ਸਕਦਾ ਹੈ। ਇਸ ਲਈ ਪੱਛਮੀ ਦੇਸ਼ਾਂ ਵਿਚ ਆਧੁਨਿਕਤਾ ਅਤੇ ਬਰਾਬਰੀ ਦਾ ਪੂੰਜੀਵਾਦ ਨਾਲ ਕੀ ਸਬੰਧ ਰਿਹਾ ਹੈ, ਬਾਰੇ ਸੋਚਿਆ ਜਾ ਸਕਦਾ ਹੈ, ਪ੍ਰੰਤੂ ਆਧੁਨਿਕ ਕਦਰਾਂ-ਕੀਮਤਾਂ ਨੂੰ ਪੂੰਜੀਵਾਦ ਦੇ ਫਲ ਵਜੋਂ ਸਿੱਧ ਕਰਨਾ, ਸਮਾਜਕ ਅਤੇ ਸੱਭਿਆਚਾਰਕ ਪੱਧਰ ਉਤੇ ਆਧੁਨਿਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਪੱਛਮ ਵੱਲੋਂ ਕੀਤੀ ਜੱਦੋਜਹਿਦ ਨੂੰ ਅੱਖੋਂ ਪਰੋਖੇ ਕਰਨਾ ਹੈ।

ਅਜੋਕੇ ਸਮੇਂ ਵਿਸ਼ਵ ਦੇ ਬਹੁਤ ਸਾਰੇ ਸਿਆਸਤਦਾਨ ਇਨ੍ਹਾਂ ਮੌਜੂਦਾ ਸਮੱਸਿਆਵਾਂ ਦਾ ਹੱਲ, ਆਰਥਕ ਤੇ ਸਮਾਜਕ ਪੱਧਰ 'ਤੇ ਅਯੋਗ ਨੀਤੀਆਂ ਨੂੰ ਬਦਲਣ ਦੀ ਥਾਂ ਇਤਿਹਾਸ ਦੇ ਕਿਸੇ ਕਾਲਪਨਿਕ ਕਾਲ ਦੀ ਪੁਨਰ ਉਸਾਰੀ ਦੇ ਰੁਮਾਂਟਿਕ ਸੁਪਨੇ 'ਚੋਂ ਲੱਭਦੇ ਨਜ਼ਰ ਆ ਰਹੇ ਹਨ। ਇਸ ਲਈ ਕਿਸੇ ਗੁਆਚੇ ਸੁਨਹਿਰੀ ਕਾਲ ਦੀ ਪੁਨਰ ਉਸਾਰੀ ਦਾ ਥੀਮ ਇਨ੍ਹਾਂ ਸਿਆਸਤਦਾਨਾਂ ਦੀਆਂ ਤਕਰੀਰਾਂ ਦਾ ਕੇਂਦਰੀ ਧੁਰਾ ਬਣਦਾ ਜਾ ਰਿਹਾ ਹੈ। ਇਨ੍ਹਾਂ ਨੇਤਾਵਾਂ 'ਚ ਅਮਰੀਕਾ ਦੇ ਡੋਨਲਡ ਟਰੰਪ, ਬ੍ਰਾਜ਼ੀਲ ਦੇ ਯਾਇਰ ਬੁਲਸੋਨਾਰੋ, ਹੰਗਰੀ ਦੇ ਵਿਕਟੋਰ ਔਰਬੈਨ ਅਤੇ ਤੁਰਕੀ ਦੇ ਰਿਕੀਪ ਐਡੋਗਨ ਆਦਿ ਸ਼ਾਮਿਲ ਹਨ। ਨਤੀਜਨ ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਦੇਸ਼ਾਂ ਵਿਚ ਰਾਜਨੀਤਕ ਪੱਧਰ 'ਤੇ ਉਦਾਰਵਾਦੀ ਲੋਕਰਾਜ ਦੀ ਥਾਂ ਨਿਰੰਕੁਸ਼ ਸ਼ਾਸਨ ਲੈਂਦਾ ਜਾ ਰਿਹਾ ਹੈ।

ਭਾਰਤ ਦੇ ਪ੍ਰਸੰਗ ਵਿਚ ਵੀ ਸੱਤਾ 'ਚ ਮੌਜੂਦ ਬਹੁਤੇ ਨੇਤਾ ਬੇਰੁਜ਼ਗਾਰੀ, ਕਿਸਾਨੀ ਸੰਕਟ, ਵਿਹਾਰਕ ਪੱਧਰ 'ਤੇ ਹੋ ਰਹੇ ਵਿਤਕਰੇ, ਵੱਧ ਰਹੀ ਆਬਾਦੀ ਅਤੇ ਪ੍ਰਦੂਸ਼ਿਤ ਵਾਤਾਵਰਣ ਜਿਹੀਆਂ ਸਮੱਸਿਅਵਾਂ ਨੂੰ ਨਜ਼ਰਅੰਦਾਜ਼ ਕਰ ਕਿਸੇ ਕਾਲਪਨਿਕ ਹੋਮੋਜੀਨੀਅਸ 'ਪ੍ਰਾਚੀਨ ਹਿੰਦੂ ਭਾਰਤ' ਦੀ ਪੁਨਰ ਉਸਾਰੀ ਦਾ ਰੁਮਾਂਟਿਕ ਡਿਸਕੋਰਸ ਸਿਰਜ ਰਹੇ ਹਨ। ਇਹ ਆਗੂ ਆਧੁਨਿਕ ਕਾਲ ਦੀ ਹਰ ਮਾਨਵ ਪੱਖੀ ਵਿਗਿਆਨਕ ਖੋਜ ਨੂੰ ਵੀ ਆਪੇ-ਖੋਜੇ 'ਇਤਿਹਾਸ' ਦੇ ਨਜ਼ਰੀਏ ਤੋਂ ਪੇਸ਼ ਕਰਦਿਆਂ ਕਦੇ ਪੁਰਾਤਨ ਮਹਾਂਕਾਵਿ ਮਹਾਂਭਾਰਤ ਦੇ ਪਾਤਰ ਕਰਨ ਦੇ ਜਨਮ ਨੂੰ ਸਟੈਮ ਸੈਲ ਵਿਧੀ ਨਾਲ ਅਤੇ ਕਦੇ ਗਣੇਸ਼ ਦੇ ਸਿਰ ਨੂੰ ਪਲਾਸਟਿਕ ਸਰਜਰੀ ਨਾਲ ਜੋੜਦੇ ਹੋਏ ਅਤੀਤ ਸਬੰਧੀ ਰੁਮਾਂਟਿਕ ਡਿਸਕੋਰਸ ਨੂੰ ਹਰ ਪੱਧਰ 'ਤੇ ਵਾਸਤਵਿਕ ਰੂਪ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਅਮਲ ਵਜੋਂ ਸ਼ਹਿਰਾਂ ਦੇ ਨਾਂ ਬਦਲਣ ਜਾਂ ਘਰ ਵਾਪਸੀ ਜਿਹੇ ਸੰਕਲਪ ਵਾਸਤਵਿਕ ਮੁੱਦਿਆਂ ਦੀ ਥਾਂ ਲੈ ਲੈਂਦੇ ਹਨ।

***ਭਾਰਤ ਦੇ ਪ੍ਰਸੰਗ ਵਿਚ ਵੀ ਸੱਤਾ 'ਚ ਮੌਜੂਦ ਬਹੁਤੇ ਨੇਤਾ ਬੇਰੁਜ਼ਗਾਰੀ, ਕਿਸਾਨੀ ਸੰਕਟ, ਵਿਹਾਰਕ ਪੱਧਰ 'ਤੇ ਹੋ ਰਹੇ ਵਿਤਕਰੇ, ਵੱਧ ਰਹੀ ਆਬਾਦੀ ਅਤੇ ਪ੍ਰਦੂਸ਼ਿਤ ਵਾਤਾਵਰਣ ਜਿਹੀਆਂ ਸਮੱਸਿਅਵਾਂ ਨੂੰ ਨਜ਼ਰਅੰਦਾਜ਼ ਕਰ ਕਿਸੇ ਕਾਲਪਨਿਕ ਹੋਮੋਜੀਨੀਅਸ 'ਪ੍ਰਾਚੀਨ ਹਿੰਦੂ ਭਾਰਤ' ਦੀ ਪੁਨਰ ਉਸਾਰੀ ਦਾ ਰੁਮਾਂਟਿਕ ਡਿਸਕੋਰਸ ਸਿਰਜ ਰਹੇ ਹਨ। ਇਹ ਆਗੂ ਆਧੁਨਿਕ ਕਾਲ ਦੀ ਹਰ ਮਾਨਵ ਪੱਖੀ ਵਿਗਿਆਨਕ ਖੋਜ ਨੂੰ ਵੀ ਆਪੇ-ਖੋਜੇ 'ਇਤਿਹਾਸ' ਦੇ ਨਜ਼ਰੀਏ ਤੋਂ ਪੇਸ਼ ਕਰਦਿਆਂ ਕਦੇ ਪੁਰਾਤਨ ਮਹਾਂਕਾਵਿ ਮਹਾਂਭਾਰਤ ਦੇ ਪਾਤਰ ਕਰਨ ਦੇ ਜਨਮ ਨੂੰ ਸਟੈਮ ਸੈਲ ਵਿਧੀ ਨਾਲ ਅਤੇ ਕਦੇ ਗਣੇਸ਼ ਦੇ ਸਿਰ ਨੂੰ ਪਲਾਸਟਿਕ ਸਰਜਰੀ ਨਾਲ ਜੋੜਦੇ ਹੋਏ ਅਤੀਤ ਸਬੰਧੀ ਰੁਮਾਂਟਿਕ ਡਿਸਕੋਰਸ ਨੂੰ ਹਰ ਪੱਧਰ 'ਤੇ ਵਾਸਤਵਿਕ ਰੂਪ ਦੇਣ ਦੀ ਕੋਸ਼ਿਸ ਕਰ ਰਹੇ ਹਨ। ਇਸ ਅਮਲ ਵਜੋਂ ਸ਼ਹਿਰਾਂ ਦੇ ਨਾਂ ਬਦਲਣ ਜਾਂ ਘਰ ਵਾਪਸੀ ਜਿਹੇ ਸੰਕਲਪ ਵਾਸਤਵਿਕ ਮੁੱਦਿਆਂ ਦੀ ਥਾਂ ਲੈ ਲੈਂਦੇ ਹਨ।***

ਉਕਤ ਡਿਸਕੋਰਸ ਵਿਚ ਫਸੀ ਆਮ ਲੋਕਾਈ ਇਤਿਹਾਸ ਦੀਆਂ ਬੀਤੀਆਂ ਘਟਨਾਵਾਂ ਨੂੰ ਉਸ ਕਾਲ ਦੀ ਪ੍ਰਸੰਗਿਕਤਾ ਵਜੋਂ ਸਮਝੇ ਬਿਨਾ ਇਕਹਿਰੇ, ਸੰਕੁਚਿਤ ਅਤੇ ਸੌੜੇ ਵਰਤਮਾਨ ਦੇ ਚਸ਼ਮੇ 'ਚੋਂ ਦੇਖਣਾ ਸ਼ੁਰੂ ਕਰ ਦਿੰਦੀ ਹੈ। ਇੰਜ, ਅਜਿਹੇ ਰੁਮਾਂਟਿਕ ਡਿਸਕੋਰਸ ਵਿਚ ਇਤਿਹਾਸ ਦੀ ਹੈਟਰੋਜੀਨੀਅਸ ਖਸਲਤ ਲਈ ਕੋਈ ਸਪੇਸ ਬਾਕੀ ਨਹੀਂ ਰਹਿੰਦੀ, ਜਿਸ ਦੀ ਬਦੌਲਤ ਇੱਕ ਵਿਸ਼ੇਸ਼ ਫਿਰਕੇ ਜਾਂ ਧਰਮ ਨੂੰ ਹੀ ਉਸ ਰਾਸ਼ਟਰ ਦਾ ਮੂਲ ਅਤੇ ਦੂਜੇ ਫਿਰਕਿਆਂ ਨੂੰ 'ਅਦਰ' (ਓਪਰਾ) ਜਾਂ ਵਿਰੋਧੀ ਵਜੋਂ ਸਿੱਧ ਕਰਨ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ, ਜਿਸ ਦੇ ਨਤੀਜੇ ਬਹੁਤ ਹੀ ਭਿਆਨਕ ਨਿਕਲਦੇ ਹਨ।

ਇਹ ਰੁਮਾਂਟਿਕ ਡਿਸਕੋਰਸ ਮਹਿਜ ਰਾਜਨੀਤਕ ਪੱਧਰ 'ਤੇ ਕਿਸੇ ਇੱਕ ਵਿਸ਼ੇਸ਼ ਸੰਸਥਾ ਵਲੋਂ ਹੀ ਨਹੀਂ ਸਿਰਜਿਆ ਜਾਂਦਾ, ਸਗੋਂ ਹਰ ਧਰਮ, ਸਮਾਜ ਅਤੇ ਸੱਭਿਆਚਾਰ ਨਾਲ ਸਬੰਧ ਰੱਖਦੇ ਕੁਝ ਤਥਾ-ਕਥਿਤ ਲੋਕ ਅਜਿਹਾ ਡਿਸਕੋਰਸ ਸਿਰਜਣ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਪੰਜਾਬ ਦੇ ਸਬੰਧ ਵਿਚ ਦੇਖਿਆ ਜਾਵੇ ਤਾਂ ਜਾਤ-ਪਾਤ, ਔਰਤਾਂ ਨਾਲ ਹੋ ਰਹੇ ਵਿਤਕਰੇ, ਪਰਵਾਸੀ ਮੁਲਕਾਂ ਵਿਚ ਸਥਾਈ ਨਿਵਾਸ ਦੀ ਉਡੀਕ ਕਰਦੇ ਅਨੇਕਾਂ ਨੌਜਵਾਨ ਲੜਕੇ-ਲੜਕੀਆਂ, ਖੇਤੀ 'ਚ ਪੈ ਰਹੇ ਲਗਾਤਾਰ ਘਾਟੇ ਨੂੰ ਨਾ ਸਹਿਣ ਕਰਦਿਆਂ ਜ਼ਹਿਰ ਨਿਗਲਦੇ ਕਿਸਾਨ ਅਤੇ ਰੂਹਾਨੀਅਤ ਗਿਰਾਵਟ ਆਦਿ ਜਿਹੀਆਂ ਸਮੱਸਿਆਵਾਂ ਨੂੰ ਮੁਖਾਤਿਬ ਨਾ ਹੋ ਕੇ ਸਿਨੇਮਾ, ਸੋਸ਼ਲ ਮੀਡੀਆ ਜਾਂ ਜ਼ਿਆਦਾਤਰ ਧਾਰਮਕ ਅਤੇ ਸਿਆਸੀ ਆਗੂ ਕਿਸੇ ਕਾਲਪਨਿਕ ਪੁਰਾਣੇ ਪੰਜਾਬ ਦੇ ਰੁਮਾਂਟਿਕ ਤਸੱਵਰ ਨੂੰ ਯਥਾਰਥ ਵਿਚ ਤਬਦੀਲ ਕਰਨ ਦੇ ਸੁਪਨੇ ਵੇਚ ਰਹੇ ਹਨ।

ਸੋ ਰੁਮਾਂਸ ਰੂਪੀ 'ਪਲੇਗ' ਦੀ ਲਪੇਟ 'ਚ ਆਏ ਕਿਸੇ ਵੀ ਧਰਮ ਜਾਂ ਫਿਰਕੇ ਦੇ ਆਮ ਲੋਕਾਂ ਨੂੰ ਜਦੋਂ ਕੋਈ ਸੰਜੀਦਾ ਇਨਸਾਨ, ਕਿਸੇ ਰੁਮਾਂਟਿਕ ਕਾਲਪਨਿਕ ਕਾਲ ਦੀ ਪੁਨਰ ਉਸਾਰੀ ਲਈ ਤੈਸ਼ 'ਚ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਸਥਿਤੀ ਅਲਬੇਅਰ ਕਾਮੂ ਦੇ ਪ੍ਰਸਿੱਧ ਨਾਵਲ 'ਪਲੇਗ' ਦੇ ਪਾਤਰ ਜੋਸਿਫ ਗਰੈਂਡ ਵਰਗੀ ਹੋ ਜਾਂਦੀ ਹੈ, ਜੋ ਫਿਕਰ, ਚਿੰਤਾ, ਸੰਤਾਪ, ਸਹਿਮ ਅਤੇ ਤਸ਼ਵੀਸ਼ ਦਾ ਮਾਰਿਆ ਪਿਛਲੇ ਕਈ ਵਰ੍ਹਿਆਂ ਤੋਂ ਉਸ ਦਾ ਘਰ ਛੱਡ ਜੇ ਜਾ ਚੁਕੀ ਪਤਨੀ ਨੂੰ ਖਤ ਲਿਖਣ ਦਾ ਤਰੱਦਦ ਤਾਂ ਕਰਦਾ ਹੈ, ਪਰ ਝੁਰੜੀਆਂ ਪਏ, ਕੰਬ ਰਹੇ ਉਸ ਦੇ ਹੱਥ ਵਿਚ ਫੜੀ ਕਲਮ ਦੀ ਨੋਕ 'ਤੇ ਜਟਿਲ ਸਥਿਤੀ ਨੂੰ ਬਿਆਨ ਕਰਨ ਲਈ ਹਾਣ ਦੇ ਲਫਜ਼ ਨਹੀਂ ਆਉਂਦੇ। ਰੁਮਾਂਸ ਦੀ ਗੁੰਝਲਦਾਰ ਸਥਿਤੀ ਨੂੰ ਭਾਂਪ ਰਹੇ ਖਾਮੋਸ਼ ਬੈਠੇ ਪਾਤਰ ਜੋਸਿਫ ਜਿਹੇ ਸੁਹਿਰਦ ਇਨਸਾਨਾਂ ਲਈ ਜਦੋਂ ਸਭ ਰਾਹ ਬੰਦ ਹੋ ਜਾਂਦੇ ਹਨ ਤਾਂ ਇਸੇ ਹੀ ਨਾਵਲ ਦਾ ਮੁੱਖ ਕਿਰਦਾਰ ਡਾ. ਬਰਨਾਰਡ ਰੀਓਸ ਦਾ ਗੰਭੀਰ, ਉਦਾਸੀਨ ਪ੍ਰੰਤੂ ਮੁਸਕਰਾਉਂਦਾ ਸ਼ਾਂਤ ਚਿਹਰਾ ਸ਼ਬਦ ਉਚਾਰਦਾ ਜਾਪਦਾ ਹੈ, "ਵਿਰੋਧ ਦਾ ਰੂਪ ਹਮੇਸ਼ਾ ਹੀਰੋਇਜ਼ਮ ਨਹੀਂ ਹੁੰਦਾ, ਸਗੋਂ ਪਲੇਗ ਨਾਲ ਮੁਕਾਬਲਾ ਕਰਨ ਦਾ ਇਕ ਰਾਹ ਸਭਿਅਕ ਹੋਣਾ ਵੀ ਹੁੰਦਾ ਹੈ।"

ਸੋ ਬਦਲ ਰਹੇ ਇਸ ਸੰਸਾਰ ਵਿਚ ਅਜੋਕੇ ਮਨੁੱਖ ਨੂੰ ਕੋਈ ਵੀ ਸਿਆਸੀ, ਧਾਰਮਕ ਜਾਂ ਸੱਭਿਆਚਾਰਕ ਤਕਰੀਰ ਸੁਣਦਿਆਂ, ਬਿਨਾ ਸੋਚੇ ਸਮਝੇ ਉਸ ਦੀ ਵਕਾਲਤ ਕਰਨ ਤੋਂ ਪਹਿਲਾਂ, ਕਾਮੂ ਦੇ ਉਕਤ ਸ਼ਬਦਾਂ ਨੂੰ ਆਪਣੀ ਸਿਮਰਤੀ ਦਾ ਅਟੁੱਟ ਹਿੱਸਾ ਬਣਾਉਣ ਦੀ ਸਖਤ ਲੋੜ ਹੈ ਤਾਂ ਜੋ ਕਿਸੇ ਵੀ ਭਿਆਨਕ ਸਥਿਤੀ ਦਾ ਸਾਹਮਣਾ ਰੁਮਾਂਸ ਦੇ ਉਕਤ ਡਿਸਕੋਰਸ ਵਿਚ ਫਸਣ ਦੀ ਥਾਂ ਸਭਿਅਕ ਹੋ ਕੇ ਕੀਤਾ ਜਾ ਸਕੇ।

ਗੁਰਮਤਿ

# ਐਸਾ ਗੁਰੂ ਵਡਭਾਗੀ ਪਾਇਆ...

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ
ਸਮਸਰਿ ਏਕ ਜੀਹ ਕਿਆ ਬਖਾਨੈ॥
ਹਾਂ ਕਿ ਬਲਿ ਬਲਿ
ਬਲਿ ਬਲਿ ਸਦ ਬਲਿਹਾਰਿ॥
(ਸਵਯੇ ਮਹਲਾ 5, ਪੰਨਾ 1385)

ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿਚ ਗੁਰੂ ਅਰਜਨ ਦੇਵ ਨੇ ਨੌਂ ਸਵਈਏ ਉਚਾਰਣ ਕੀਤੇ ਹਨ। ਇਹ ਸਿਰਫ ਦੋ ਪੰਕਤੀਆਂ ਮਿਸਾਲ ਵਜੋਂ ਹਨ। ਜੇ ਸਾਰੇ ਸਵਈਏ ਪੜ੍ਹੀਏ ਤਾਂ ਰੱਬ ਰੂਪ ਗੁਰੂ ਨਾਨਕ ਦੇਵ ਦੀ ਜੋਤ ਦਾ ਕੁਝ ਥਹੁ ਪਤਾ ਲੱਗਦਾ ਹੈ, ਮਨ ਵਿਸਮਾਦ ਵਿਚ ਚਲਾ ਜਾਂਦਾ ਹੈ। ਗੁਰੂ ਜੋਤ ਨੇ ਵੱਖ ਵੱਖ ਢੰਗ ਤਰੀਕਿਆਂ



ਓਂਕਾਰ ਸਿੰਘ ਢਿੱਲੋਂ
ਫੋਨ: 847-917-2747

ਨਾਲ ਦੋ ਸੌ ਸਾਲਾਂ ਵਿਚ ਸਿੱਖਾਂ ਨੂੰ ਬਹੁਤ ਉਚੀਆਂ ਬੁਲੰਦੀਆਂ 'ਤੇ ਲੈ ਆਂਦਾ।

ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਨੇ ਸਾਰੇ ਢੰਗ ਤਰੀਕਿਆਂ ਨੂੰ ਇਕ ਜੁੱਟ ਕਰਕੇ 9 ਸਾਲ ਦੀ ਉਮਰ ਤੋਂ 35 ਸਾਲ ਦੀ ਉਮਰ ਤੱਕ ਸਿੱਖਾਂ ਵਿਚ ਹਰ ਗੁਣ ਪਾ ਕੇ ਪੂਰਨ ਇਨਸਾਨ ਬਣਾ ਦਿੱਤਾ, ਜਿਸ ਲਈ ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਨੇ ਇਕ ਆਦਰਸ਼ਕ ਇਨਸਾਨ ਬਣਾਉਣ ਲਈ ਉਦਾਸੀਆਂ ਤੋਂ ਪੂਰਨ ਤੌਰ 'ਤੇ ਸ਼ੁਰੂ ਕੀਤਾ ਸੀ। ਗੁਰੂ ਜੀ ਨੇ ਸਿੱਖਾਂ ਨੂੰ ਸਭ ਕੁਝ ਲੈਣ ਦੇ ਅਧਿਕਾਰੀ ਅਤੇ ਸਮਰਥ ਬਣਾ ਦਿੱਤਾ। ਉਨ੍ਹਾਂ ਸਿੱਖਾਂ ਨੂੰ ਪੂਰਨ ਆਜ਼ਾਦੀ ਸਵੈ-ਮਾਣ ਦਿੰਦਿਆਂ ਪੁਰਾਣੀ ਜ਼ਹੀਨੀ ਸਮਾਜਕ, ਰਾਜਨੀਤਕ, ਧਾਰਮਕ ਹਰ ਤਰ੍ਹਾਂ ਦੀ ਸੋਚ ਵਿਚਾਰ ਤੋਂ ਮੁਕਤੀ ਦਿਵਾਈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਦੀ ਬਾਣੀ ਦਾ ਸ਼ਬਦ ਹੈ:

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ॥ (ਪੰਨਾ 655)
---
ਹਮ ਤੁਮ ਬੀਚੁ ਭਇਓ ਨਹੀ ਕੋਈ॥
ਤੁਮਹਿ ਸੁ ਕੰਤ ਨਾਰਿ ਹਮ ਸੋਈ॥
(ਆਸਾ ਕਬੀਰ ਜੀ, ਪੰਨਾ 484)

1699 ਦੀ ਵਿਸਾਖੀ ਵਾਲੇ ਦਿਨ ਗੁਰਮੰਤਰ (ਦੀਖਿਆ) ਦੇਣ ਦਾ ਕੰਮ, ਜੋ ਸਿਰਫ ਦਸ ਗੁਰੂ ਸਾਹਿਬਾਨ ਹੀ ਕਰਦੇ ਰਹੇ ਸਨ, ਗੁਰੂ ਜੀ ਨੇ ਵਿਧੀ ਵਿਧਾਨ ਨਾਲ ਪੰਜ ਪਿਆਰਿਆਂ ਨੂੰ ਸੌਂਪ ਦਿੱਤਾ। ਇਹ ਹੱਕ ਕਿਸੇ ਹੋਰ ਸੰਸਥਾ ਜਾਂ ਧਾਰਮਕ ਵਿਅਕਤੀ ਨੂੰ ਨਹੀਂ ਦਿੱਤਾ ਅਤੇ ਨਾ ਹੀ ਕਿਸੇ ਹੋਰ ਕੋਲ ਹੈ। ਹੋਰ ਗੁਰੂ ਲੱਭਣ ਦੀ ਲੋੜ ਨੂੰ ਖਤਮ ਕਰ ਦਿੱਤਾ।

ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੰਡੇ ਬਾਟੇ ਦੀ ਪਾਹੁਲ ਦੇ ਅਭਿਲਾਖੀਆਂ ਪਾਸੋਂ ਤਨ, ਮਨ, ਧਨ ਅਤੇ ਹੋਰ ਖਿਆਲੀ ਵਸਤਾਂ ਮੰਗ ਲੈਂਦੇ ਹਨ ਤੇ ਬਚਨ ਲੈਂਦੇ ਹਨ। ਫਿਰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਗੁਰਮੰਤਰ (ਦੀਖਿਆ) ਦਿੰਦੇ ਹਨ। ਅਸੀਂ ਗੁਰੂ ਦੇ ਚੇਲੇ ਪੁੱਤਰ-ਧੀਆਂ ਸਿੱਖ ਬਣ ਕੇ ਸਕੂਲ, ਫੌਜ ਵਿਚ ਨਾਂ ਲਿਖਾ ਬਚਨ ਦੇ-ਲੈ ਕੇ ਉਸ ਦੀ ਮਿਹਰ ਥੱਲੇ ਆ ਜਾਂਦੇ ਹਾਂ।

ਇਹ ਢੰਗ ਤਰੀਕਾ ਗੁਰੂ ਨਾਲ ਵਾਹੁ ਪ੍ਰਮੇਸ਼ਰ ਵਾਹਿਗੁਰੂ ਨਾਲ ਮਿਲਣ ਦਾ, ਅਭੇਦ ਹੋਣ ਦਾ, ਆਪਣਾ ਆਪ ਗਵਾਉਣ ਦਾ (ਭਾਵ ਹਉਮੈ ਖਤਮ ਕਰਨ ਦਾ) ਸਭ ਤੋਂ ਅਨੰਦਮਈ ਹੈ, ਹੋਰ ਕੋਈ ਹੋ ਹੀ ਨਹੀਂ ਸਕਦਾ। ਇਹ ਵਸਤ ਦੇਵੀ ਦੇਵਤਿਆਂ, ਬ੍ਰਾਹਮਣਾਂ, ਪੰਡਿਤਾਂ, ਹੋਰ ਗੁਰੂਆਂ ਜਾਂ ਸੰਸਾਰ ਦੇ ਹੋਰ ਢੰਗ ਤਰੀਕਿਆਂ ਨਾਲ ਹਜ਼ਾਰ ਸਾਲਾਂ ਦੀ ਮਿਹਨਤ ਨਾਲ ਵੀ ਨਹੀਂ ਮਿਲ ਸਕਦੀ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸਹਿਜੇ ਹੀ ਦੇ ਦਿੱਤੀ।

ਦੂਜੀ ਮਿਹਰ ਚਮਕੌਰ ਦੀ ਗੜ੍ਹੀ ਵਿਚ ਦੂਸਰੀ ਰਾਤ ਨੂੰ ਸਿੰਘਾਂ ਦੇ ਆਤਮਕ ਤੱਤ ਯੋਗਤਾ, ਸਮਰਪਣ ਤੇ ਸਮਰਣ ਅਤੇ ਹੋਰ ਅਨੇਕਾਂ ਗੁਣਾ ਦੀ ਭਰਪੂਰਤਾ ਵੇਖਦਿਆਂ ਕ੍ਰਿਪਾ ਨਿਧਾਨ ਨੇ ਅਗੰਮੀ ਰੰਗ ਵਿਚ ਆ ਕੇ ਪੰਥ ਨੂੰ ਬੇਅੰਤ ਵਰਦਾਨ ਦਿੱਤੇ ਸਨ। ਜਿਵੇਂ ਕਦੀ ਗੁਰੂ ਅੰਗਦ ਦੇਵ ਨੇ ਅਮਰਦਾਸ ਨੂੰ ਵਰ ਦੇ ਕੇ ਗੁਰੂ ਅਮਰਦਾਸ ਬਣਾ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਗਾਡੀ ਰਾਹ 'ਤੇ ਚੱਲਣ ਵਾਲਿਆਂ ਨੂੰ ਸਮੇਂ ਸਮੇਂ ਫੈਸਲੇ ਲੈਣ ਦਾ ਅਧਿਕਾਰ ਦੇ ਦਿੱਤਾ। ਇਸੇ ਕਰ ਕੇ ਹੀ ਸਿੰਘਾਂ ਨੂੰ ਪੰਥ ਦਾ ਨਾਂ ਵੀ ਦਿੱਤਾ ਗਿਆ, ਭਾਵੇਂ ਗੁਰਮਤਿ ਗਾਡੀ ਰਾਹ ਹੀ ਪੰਥ ਹੈ। ਹਰ ਕਿਸਮ ਦਾ ਫੈਸਲਾ ਕਰਨਾ ਭਾਵ ਗੁਰਮਤਾ ਕਰਨ ਦੀ ਆਜ਼ਾਦੀ ਦਾ ਹੱਕ ਵੀ ਸਾਡੇ 'ਤੇ ਹੀ ਪਾਇਆ ਹੈ।

ਤੀਜੀ ਮਿਹਰ ਨੰਦੇੜ ਦੀ ਧਰਤੀ ਹਜ਼ੂਰ ਸਾਹਿਬ ਵਿਖੇ ਹਜ਼ੂਰ ਨੇ ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਜੋਤ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਭਰਪੂਰ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਅਤੇ ਸਭ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਕਰ ਦਿੱਤਾ। ਹੁਣ ਹਰ ਸਿੱਖ ਸਿੱਧਾ ਹੀ ਗੁਰੂ ਨਾਨਕ ਦੇਵ ਜੀ ਦਾ ਪੁੱਤ, ਧੀ ਅਤੇ ਦੋਸਤ ਵੀ ਹੈ। ਹੁਣ ਸਿੱਖ ਜਾਂ ਦੁਨੀਆਂ ਦਾ ਕੋਈ ਵੀ ਇਨਸਾਨ ਜੁਗੋ ਜੁਗ ਅਟਲ ਗੁਰੂ ਜੋਤ ਨਾਲ ਸਿੱਧੀ ਵਿਚਾਰ ਗੱਲਬਾਤ ਅਤੇ ਅਰਦਾਸ ਕਰ ਸਕਦਾ ਹੈ, ਸੁਣ ਸਕਦਾ ਹੈ; ਧੁਰੀ ਆਤਮਾ, ਪਰਮਾਤਮਾ, ਅਕਾਲ ਪੁਰਖ ਦੇ ਦਰਸ਼ਨ ਕਰ ਸਕਦਾ ਹੈ, ਕਿਉਂਕਿ ਗੁਰਬਾਣੀ ਜ਼ਿਆਦਾਤਰ ਉਤਮ ਪੁਰਸ਼ ਵਿਚ ਬੋਲਦੀ ਹੈ। ਇਸ ਤਰ੍ਹਾਂ ਨਾਲ ਰੱਬ ਜੀ ਨਾਲ ਸਿੱਧੀ ਅਰਦਾਸ ਅਤੇ ਉਸਤਤ, ਨਾਮ ਦੀ ਵਿਚਾਰ ਹੈ। ਗੁਰੂ ਜੀ ਨਾਲ ਆਪਣੇ ਮਨ ਦੀ ਵਿਚਾਰ ਉਸਤਤ ਅਰਦਾਸ ਜਾਗਦਿਆਂ, ਸੁੱਤਿਆਂ, ਕੰਮ ਕਰਦਿਆਂ ਕਰ ਸਕਦੇ ਹਾਂ। ਇਸ ਨੂੰ ਹੀ ਸਮਰਣ ਕਹਿੰਦੇ ਹਨ। ਗੁਰੂ ਜੀ 24 ਘੰਟੇ ਉਪਲਭਦ ਹਨ, ਹਾਜ਼ਰਾ ਹਜ਼ੂਰ ਹਨ। ਸਿਰਫ ਸਾਡੇ ਹਾਜ਼ਰ ਹੋਣ ਦੀ ਲੋੜ ਹੈ।

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਨਾਨਕ ਜੋਤ ਨੂੰ ਗੁਰੂ ਗ੍ਰੰਥ ਵਿਚ ਸਮਿਲਤ ਕਰਕੇ ਮਹਾ ਮਹਾ ਮਹਾ ਪਰਉਪਕਾਰ ਦੁਨੀਆਂ ਅਤੇ ਸਿੱਖਾਂ 'ਤੇ ਕੀਤਾ ਹੈ। ਹੁਣ ਕਰਤਾ ਪੁਰਖ ਰੂਪ ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਹਨ। ਦੁਨੀਆਂ ਉਤੇ ਰੁੱਖ ਤਾਂ ਗਿਣੇ ਜਾ ਸਕਦੇ ਹਨ, ਮੀਂਹ ਦੀਆਂ ਕਣੀਆਂ, ਸਮੁੰਦਰ ਦੀਆਂ ਲਹਿਰਾਂ, ਬਸੰਤ ਦੇ ਫੁੱਲ ਆਦਿ ਤਾਂ ਗਿਣੇ ਜਾ ਸਕਦੇ ਹਨ, ਗੁਰੂ ਜੀ ਦੇ ਉਪਕਾਰ ਨਹੀਂ ਗਿਣੇ ਜਾ ਸਕਦੇ।

ਸਿੰਘਾਂ ਨੇ ਗੁਰੂ ਪੰਥ ਲਈ ਘਰ ਬਾਰ ਛੱਡੇ, ਪਰਿਵਾਰ ਛੱਡੇ ਸਿਰਾਂ ਦੇ ਨਜ਼ਰਾਨੇ ਦਿੱਤੇ ਅਤੇ ਇਸ ਕਰਕੇ ਗੁਰੂ ਜੀ ਦੇ ਪਿਆਰ ਸਤਿਕਾਰ, ਗੁਰੂ ਜੀ ਦੇ ਗਾਡੀ ਰਾਹ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਦੇ ਮਾਣ ਤੇ ਸ਼ਾਨ ਨੂੰ ਕਾਇਮ ਰੱਖਣ ਲਈ ਕਹਿੰਦੇ ਸਨ/ਹਨ:

ਤਉ ਕਾਰਣ ਸਾਹਿਬਾ ਰੰਗਿ ਰਤੇ॥
(ਮਹਲਾ 1, ਪੰਨਾ 358)

# ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਦੇ ਹਾਲਾਤ ਨੂੰ ਬਿਆਨ ਕਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ,

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ
ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰ ਧਰਿ
ਪੂਜਾ ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ
ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ
ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ
ਨਉਖੰਡਿ ਪ੍ਰਿਥਮੀ ਸਚਾ ਢੋਆ।



ਡਾ. ਅਜੀਤ ਸਿੰਘ
ਕੋਟਕਪੂਰਾ
ਫੋਨ: 585-305-0443

ਗੁਰਮਖਿ ਕਲਿ ਵਿਚ ਪਰਗਟੁ ਹੋਆ॥੨੭॥

ਪਹਿਲੇ ਗੁਰੂ ਜੀ ਦੇ ਪ੍ਰਕਾਸ਼ ਸਮੇਂ ਦੇ ਸਬੰਧ ਵਿਚ ਇਕਬਾਲ ਨੇ ਵੀ ਲਿਖਿਆ ਹੈ,

ਬੁਤਕਦਾ ਫਿਰ ਬਾਅਦ ਮੁੱਦਤ ਕੇ
ਮਗਰ ਰੋਸ਼ਨ ਹੁਆ।
ਨੂਰ-ਏ-ਇਬਰਾਹੀਮ ਸੇ ਅਜ਼ਰ ਕਾ
ਘਰ ਰੋਸ਼ਨ ਹੁਆ।
ਫਿਰ ਉਠੀ ਆਖਿਰ ਸਦਾ
ਤੌਹੀਦ ਕਿ ਪੰਜਾਬ ਸੇ,
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ
ਜਗਾਇਆ ਖਾਬ ਸੇ।

ਉਸ ਚਮਕਦੀ ਰੋਸ਼ਨੀ ਵਿਚੋਂ ਸਾਰੀ ਦੁਨੀਆਂ ਦਾ ਪੰਜਵਾਂ ਧਰਮ 'ਸਿੱਖ ਧਰਮ' ਹੋਂਦ ਵਿਚ ਆਇਆ, ਜਿਸ ਦੇ ਨਾਮ ਲੇਵਾ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਚਾਰੇ ਪਾਸੇ ਫੈਲਿਆ ਹਨੇਰਾ ਖਤਮ ਹੋਇਆ ਤੇ ਅਗਿਆਨ ਇਸ ਤਰ੍ਹਾਂ ਨੱਸਿਆ, ਜਿਵੇਂ ਸ਼ੇਰਾਂ ਦੀ ਦਹਾੜ ਨਾਲ ਹਿਰਨਾਂ ਦੀ ਡਾਰ ਭੱਜ ਤੁਰਦੀ ਹੈ ਤੇ ਅੱਗਾ ਪਿੱਛਾ ਨਹੀਂ ਦੇਖਦੀ।


1947 ਵਿਚ ਭਾਰਤ ਅੰਗਰੇਜ਼ਾਂ ਦੀ ਚੁੰਗਲ ਵਿਚੋਂ ਆਜ਼ਾਦ ਹੋਇਆ ਸੀ। ਸਿਆਸਤਦਾਨਾਂ ਅਤੇ ਅੰਗਰੇਜ਼ਾਂ ਨੇ ਫੁੱਟ ਦਾ ਅਜਿਹਾ ਬੀਜ ਪਾਇਆ ਕਿ ਪਾਕਿਸਤਾਨ ਇੱਕ ਵੱਖਰਾ ਦੇਸ਼ ਬਣ ਗਿਆ, ਜਿਸ ਦਾ ਖਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪਿਆ। ਦੇਸ਼ ਦੀ ਆਬਾਦੀ ਦਾ ਇਕ ਪਾਸੇ ਤੋਂ ਦੂਜੇ ਪਾਸੇ ਵੱਲ ਕੂਚ ਕੀਤਾ, ਨਫਰਤ ਦੀ ਹਨੇਰੀ ਕਾਰਨ ਬਹੁਤ ਸਾਰੀ ਜਨਤਾ ਨੂੰ ਆਪਣੇ ਪਿਆਰਿਆਂ ਤੋਂ ਵਿਛੜਨਾ ਪਿਆ। ਕਈ ਭੈਣਾਂ ਨੇ ਆਪਣੇ ਵੀਰ ਗੁਆਏ, ਪਤਨੀਆਂ ਨੇ ਪਤੀ ਗੁਆਏ, ਮਾਪਿਆਂ ਨੇ ਪੁੱਤ ਗੁਆਏ ਅਤੇ ਪੁੱਤਾਂ ਨੂੰ ਮਾਪਿਆਂ ਤੋਂ ਮਜਬੂਰੀ ਵਸ ਵਿਛੜਨਾ ਪਿਆ। ਇਹ ਹਾਲਾਤ ਪੰਜਾਬ ਦੇ ਲੋਕਾਂ ਨੇ ਆਪਣੇ ਹੱਡਾਂ 'ਤੇ ਹੰਢਾਏ। ਇਹ ਜਖਮ ਹਾਲੇ ਵੀ ਅੱਲ੍ਹੇ ਹਨ ਤੇ ਰਿਸਦੇ ਹਨ।

ਸਿੱਖ ਧਰਮ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਥੇ ਜਿਥੇ ਗੁਰੂ ਸਾਹਿਬਾਨ ਨੇ ਚਰਨ ਪਾਏ, ਉਹ ਅਸਥਾਨ ਪੂਜਾ ਆਸਣ ਥਾਪਣ ਦੇ ਯੋਗ ਹਨ। ਇਸ ਸਬੰਧੀ ਭਾਈ ਗੁਰਦਾਸ ਨੇ ਵਰਣਨ ਕੀਤਾ ਹੈ, "ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।"

ਸਿੱਖਾਂ ਨੂੰ ਆਪਣੇ ਧਾਰਮਕ ਤੀਰਥ ਅਸਥਾਨਾਂ ਦੇ ਦਰਸ਼ਨ ਦੁਰਲਭ ਹੋ ਗਏ। ਉਹ ਤੀਰਥ ਸਥਾਨ, ਜਿਥੇ ਗੁਰਾਂ ਨੇ ਆਪਣੇ ਚਰਨ ਪਾਏ, ਜੀਵਨ ਦੀਆਂ ਮੁਢਲੀਆਂ ਪੈੜਾਂ ਪਾਈਆਂ, ਭਾਈ ਲਾਲੋ ਦੀ ਰੁੱਖੀ ਮਿੱਸੀ ਰੋਟੀ ਖਾਧੀ, ਮਲਿਕ ਭਾਗੋ ਦੇ ਪੂੜਿਆਂ ਨੂੰ ਨਾਂਹ ਕੀਤੀ। ਮਲਿਕ ਭਾਗੋ ਦੀਆਂ ਅੱਖਾਂ ਦੇ ਪਰਦੇ ਲਾਹ ਕੇ ਸਿੱਧੇ ਰਸਤੇ ਪਾਇਆ। ਠੱਗ ਨੂੰ ਸੱਜਣ ਬਣਾਇਆ। ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ।

1947 ਦੀ ਵੰਡ ਕਾਰਨ ਗੁਰੂ ਨਾਨਕ ਦੇ ਜਨਮ ਅਸਥਾਨ ਰਾਏ ਭੋਇੰ ਕੀ ਤਲਵੰਡੀ, ਨਨਕਾਣਾ ਸਾਹਿਬ ਤੋਂ ਸਿੱਖਾਂ ਨੂੰ ਵਿਛੜਨਾ ਪਿਆ। ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਦੇ ਸ਼ਹੀਦੀ ਸਥਾਨ ਦੇ ਦਰਸ਼ਨ ਤੋਂ ਵਾਂਝਾ ਕਰ ਦਿੱਤਾ ਗਿਆ। ਭਾਵੇਂ ਸਮੇਂ ਦੀਆਂ ਪੈੜਾਂ ਨਾਲ ਹੌਲੀ ਹੌਲੀ ਯਾਤਰੂ ਵੀਜ਼ਾ ਲੈ ਕੇ ਕੁਝ ਕੁ ਚੋਣਵੇਂ ਸਥਾਨਾਂ 'ਤੇ ਜਾਣ ਲੱਗ ਪਏ ਹਨ, ਪਰ ਹਾਲੇ ਵੀ ਬਹੁਤ ਸਾਰੇ ਤੀਰਥ ਅਸਥਾਨ ਅਣਗੌਲੇ ਪਏ ਹਨ। ਕੁਝ ਲੋਕਾਂ ਨੇ ਤੀਰਥ ਅਸਥਾਨਾਂ ਦੀਆਂ ਜਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਕੁਝ ਗੁਰਦੁਆਰੇ ਸੇਵਾ ਸੰਭਾਲ ਤੋਂ ਵਿਰਵੇ ਹਨ।

ਸਮੇਂ ਦੇ ਗਰਭ ਅੰਦਰ ਕੀ ਹੈ, ਕੋਈ ਨਹੀਂ ਜਾਣਦਾ? ਸਾਲ 2018 ਵਿਚ ਉਹ ਤੀਰਥ ਅਸਥਾਨ, ਜਿਥੇ ਪਹਿਲੇ ਪਾਤਸ਼ਾਹ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਦੇ ਲਗਭਗ 18 ਸਾਲ ਬਿਤਾਏ ਸਨ, ਕਰਤਾਰਪੁਰ ਦਾ ਨਿਰਮਾਣ ਵੀ ਗੁਰੂ



ਸਾਹਿਬ ਨੇ ਆਪਣੀ ਦੇਖ-ਰੇਖ ਹੇਠ ਕਰਵਾਇਆ ਸੀ, ਇਹ ਗੁਰਦੁਆਰਾ ਭਾਰਤ-ਪਾਕਿਸਤਾਨ ਸਰਹੱਦ ਤੋਂ ਥੋੜ੍ਹੀ ਹੀ ਦੂਰੀ 'ਤੇ ਹੈ। ਸੰਗਤਾਂ ਇਸ ਗੁਰਦੁਆਰੇ ਦੇ ਦਰਸ਼ਨ ਦੂਰਬੀਨ ਨਾਲ ਕਰਦੀਆਂ ਹਨ। ਇਸ ਗੁਰਦੁਆਰੇ ਦੇ ਲਾਂਘੇ ਦੀ ਮੰਗ ਪਿਛਲੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ। ਸਿੱਖ ਸੰਗਤ ਅਰਦਾਸ ਸਮੇਂ ਪਰਮਾਤਮਾ ਤੋਂ ਲਗਾਤਾਰ ਮੰਗ ਕਰਦੀ ਹੈ ਕਿ ਉਹ ਗੁਰਦੁਆਰੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੀ ਸੇਵਾ ਸੰਭਾਲ ਖਾਲਸੇ ਨੂੰ ਬਖਸ਼ੀ ਜਾਵੇ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 819 'ਤੇ ਸੁਭਾਇਮਾਨ ਸ਼ਬਦ ਸਪਸ਼ਟ ਹੈ ਕਿ ਜਦੋਂ ਸੱਚੇ ਮਨ ਨਾਲ ਅਰਦਾਸ ਕੀਤੀ ਜਾਵੇ ਤਾਂ ਇਹ ਬਿਰਥੀ ਨਹੀਂ ਜਾਂਦੀ,

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥

ਹੁਣ ਸਮੇਂ ਨੇ ਕਰਵਟ ਲਈ ਹੈ ਅਤੇ ਪਰਮਾਤਮਾ ਨੇ ਬਖਸ਼ਿਸ਼ ਕੀਤੀ ਹੈ। ਪਾਕਿਸਤਾਨ ਦੇ ਆਗੂਆਂ ਦੀ ਪਹਿਲ ਸਦਕਾ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਯਤਨ ਕੀਤੇ ਜਾ ਰਹੇ ਹਨ। ਦੋਹਾਂ ਸਰਕਾਰਾਂ ਵਲੋਂ ਸੁਹਿਰਦ ਯਤਨ ਸਦਕਾ ਉਮੀਦ ਦੀ ਕਿਰਨ ਜਾਗੀ ਹੈ ਅਤੇ ਉਮੀਦ ਹੈ ਕੇ ਇਹ ਲਾਂਘਾ ਪਹਿਲੇ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਪਹਿਲਾਂ ਖੋਲ੍ਹ ਦਿੱਤਾ ਜਾਵੇਗਾ ਅਤੇ ਸੰਗਤਾਂ ਇਸ ਗੁਰੂ ਅਸਥਾਨ ਦੇ ਬਿਨਾ ਵੀਜ਼ੇ ਤੋਂ ਦਰਸ਼ਨ ਕਰ ਸਕਣਗੀਆਂ। ਦੋਹਾਂ ਸਰਕਾਰਾਂ ਵਲੋਂ ਸ਼ੁਰੂਆਤ ਹੋ ਚੁਕੀ ਹੈ, ਨੀਂਹ ਪੱਥਰ ਰੱਖੇ ਜਾ ਚੁਕੇ ਹਨ ਅਤੇ ਆਸ ਹੈ ਕਿ ਸ਼ਰਧਾਲੂ ਲੰਮੇ ਸਮੇਂ ਤੋਂ ਆਪਣੇ ਮਨਾਂ ਅੰਦਰ ਉਠਦੀ ਦਰਸ਼ਨਾਂ ਦੀ ਤਾਂਘ ਪੂਰੀ ਕਰ ਸਕਣਗੇ।

ਗੁਰੂ ਸਾਹਿਬਾਨ ਦੀ ਰਚਿਤ ਬਾਣੀ ਅਨੁਸਾਰ ਇਸ ਬ੍ਰਹਿਮੰਡ ਦੀ ਰਚਨਾ ਕਰਤਾਰ ਨੇ ਆਪਣੇ ਆਪ ਹੀ ਕੀਤੀ ਹੈ। ਸਾਰੇ ਮਨੁੱਖਾਂ 'ਚ ਉਸ ਅਕਾਲ ਪੁਰਖ ਦੀ ਜੋਤ ਬਿਰਾਜਮਾਨ ਹੈ, ਜਿਸ ਕਾਰਨ ਸਾਰੇ ਮਾਨਸ ਬਰਾਬਰ ਹਨ। ਇਹ ਸਿਖਿਆ ਜੋ ਸਾਨੂੰ ਮਿਲੀ ਹੈ, ਉਸ 'ਤੇ ਪਹਿਰਾ ਦੇਣਾ ਸਾਡਾ ਫਰਜ਼ ਬਣਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 816 'ਤੇ ਸੁਭਾਇਮਾਨ ਸ਼ਬਦ ਇਸ ਤਰ੍ਹਾਂ ਹੈ,

ਬਿਲਾਵਲੁ ਮਹਲਾ ੫॥
ਸਿਮਰਿ ਸਿਮਰਿ ਪੂਰਨ ਪ੍ਰਭੂ
ਕਾਰਜ ਭਏ ਰਾਸਿ॥
ਕਰਤਾਰ ਪੁਰਿ ਕਰਤਾ ਵਸੈ
ਸੰਤਨ ਕੈ ਪਾਸਿ॥੧॥ ਰਹਾਉ॥
ਬਿਘਨੁ ਨ ਕੋਊ ਲਾਗਤਾ
ਗੁਰ ਪਹਿ ਅਰਦਾਸਿ॥
ਰਖਵਾਲਾ ਗੋਬਿੰਦ ਰਾਇ
ਭਗਤਨ ਕੀ ਰਾਸਿ॥੧॥

# ਪ੍ਰਭ ਕੀ ਆਗਿਆ ਲਗੀ ਪਿਆਰੀ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
ਰਾਮਕਲੀ ਮਹਲਾ ੫
ਤਨ ਤੇ ਛੁਟਕੀ ਅਪਨੀ ਧਾਰੀ॥
ਪ੍ਰਭ ਕੀ ਆਗਿਆ ਲਗੀ ਪਿਆਰੀ॥
ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥
ਤਾ ਇਹੁ ਅਚਰਜੁ ਨੈਨਹੁ ਡੀਠਾ॥
ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ॥
ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ
ਗੁਰਿ ਪੂਰੈ ਲੀਓ ਸਮਝਾਇ॥ ਰਹਾਉ॥
ਕਰਿ ਕਿਰਪਾ ਰਾਖਿਓ ਗੁਰਿ ਸਰਨਾ॥
ਗੁਰਿ ਪਕਰਾਏ ਹਰਿ ਕੇ ਚਰਨਾ॥
ਬੀਸ ਬਿਸੁਏ ਜਾ ਮਨ ਠਹਰਾਨੇ॥
ਗੁਰ ਪਾਰਬ੍ਰਹਮ ਏਕੈ ਹੀ ਜਾਨੇ॥
ਜੋ ਜੋ ਕੀਨੋ ਹਮ ਤਿਸ ਕੇ ਦਾਸ॥
ਪ੍ਰਭ ਮੇਰੇ ਕੋ ਸਗਲ ਨਿਵਾਸ॥
ਨਾ ਕੋ ਦੂਤੁ ਨਹੀ ਬੈਰਾਈ॥
ਗਲਿ ਮਿਲਿ ਚਾਲੇ ਏਕੈ ਭਾਈ॥
ਜਾ ਕਉ ਗੁਰਿ ਹਰਿ ਦੀਏ ਸੂਖਾ॥
ਤਾ ਕਉ ਬਹੁਰਿ ਨ ਲਾਗਹਿ ਦੁਖਾ॥
ਆਪੇ ਆਪਿ ਸਰਬ ਪ੍ਰਤਿਪਾਲ॥
ਨਾਨਕ ਰਾਤਉ ਰੰਗਿ ਗੋਪਾਲ॥

ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਭਾਈ! ਹੁਣ ਮੈਂ ਆਤਮਕ ਜੀਵਨ ਦੀ ਮਰਿਆਦਾ ਨੂੰ ਸਮਝ ਲਿਆ ਹੈ; ਮੇਰੇ ਅੰਦਰੋਂ ਚਿਰਾਂ ਤੋਂ ਚੰਬੜੀ ਬਿਪਤਾ ਦੀ ਡੈਣ ਨਿਕਲ ਗਈ ਹੈ; ਪੂਰੇ ਗੁਰੂ ਨੇ ਜੀਵਨ ਦੀ ਸੂਝ ਬਖਸ਼ ਦਿੱਤੀ ਹੈ। ਮੇਰੇ ਅੰਦਰੋਂ ਮਾਇਆ ਦੇ ਲਾਲਚ ਦੀ ਅੱਗ ਬੁਝ ਗਈ ਹੈ।

ਤਨ ਤੇ ਛੁਟਕੀ ਅਪਨੀ ਧਾਰੀ॥
ਪ੍ਰਭ ਕੀ ਆਗਿਆ ਲਗੀ ਪਿਆਰੀ॥
ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥
ਤਾ ਇਹੁ ਅਚਰਜੁ ਨੈਨਹੁ ਡੀਠਾ॥

ਸਤਿਗੁਰੂ ਆਖਦੇ ਹਨ, ਹੇ ਭਾਈ! ਗੁਰੂ ਦੀ ਮਿਹਰ ਨਾਲ ਮੇਰੇ ਸਰੀਰ ਵਿਚੋਂ ਇਹ ਮਿੱਥ ਮੁਕ ਗਈ ਹੈ ਕਿ ਇਹ ਸਰੀਰ ਮੇਰਾ ਹੈ। ਹੁਣ ਮੈਨੂੰ ਪ੍ਰਭੂ ਦੀ ਰਜ਼ਾ ਪਿਆਰੀ ਲੱਗਣ ਲੱਗ ਪਈ ਹੈ; ਜੋ ਕੁਝ ਪ੍ਰਭੂ ਕਰਦਾ ਹੈ, ਹੁਣ ਉਹ ਮੇਰੇ ਮਨ ਨੂੰ ਮਿੱਠਾ ਲੱਗਦਾ ਹੈ। ਇਸ ਆਤਮਕ ਤਬਦੀਲੀ ਦਾ ਇਹ ਅਚਰਜ ਕੌਤਕ ਮੈਂ ਪ੍ਰਤੱਖ ਵੇਖ ਰਿਹਾ ਹਾਂ।

ਕਰਿ ਕਿਰਪਾ ਰਾਖਿਓ ਗੁਰਿ ਸਰਨਾ॥
ਗੁਰਿ ਪਕਰਾਏ ਹਰਿ ਕੇ ਚਰਨਾ॥
ਬੀਸ ਬਿਸੁਏ ਜਾ ਮਨ ਠਹਰਾਨੇ॥
ਗੁਰਿ ਪਾਰਬ੍ਰਹਮ ਏਕੈ ਹੀ ਜਾਨੇ॥

ਹੇ ਭਾਈ, ਗੁਰੂ ਨੇ ਮਿਹਰ ਕਰਕੇ ਮੈਨੂੰ ਆਪਣੀ ਸਰਨ ਵਿਚ ਰੱਖਿਆ ਹੋਇਆ ਹੈ। ਗੁਰੂ ਨੇ ਮਿਹਰ ਕਰਕੇ ਮਿਹਰਬਾਨ ਪ੍ਰਭੂ ਦੇ ਚਰਨ ਮੈਨੂੰ ਫੜਾ ਦਿੱਤੇ ਹਨ। ਬੀਸ ਬਿਸੁਏ ਭਾਵ ਪੂਰੀ ਤਰ੍ਹਾਂ, ਹੁਣ ਜਦੋਂ ਮੇਰਾ ਮਨ ਪੂਰੀ ਤਰ੍ਹਾਂ ਟਿਕ ਗਿਆ ਹੈ, ਤਾਂ ਮੈਨੂੰ ਗੁਰੂ ਅਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਦਿਸਦਾ। ਦੋਵੇਂ ਇਕੋ ਰੂਪ ਹੀ ਹਨ।

ਜੋ ਜੋ ਕੀਨੋ ਹਮ ਤਿਸ ਕੇ ਦਾਸ॥
ਪ੍ਰਭ ਮੇਰੇ ਕੋ ਸਗਲ ਨਿਵਾਸ॥
ਨਾ ਕੋ ਦੂਤੁ ਨਹੀ ਬੈਰਾਈ॥
ਗਲਿ ਮਿਲਿ ਚਾਲੇ ਏਕੈ ਭਾਈ॥

ਹੇ ਭਾਈ, ਗੁਰੂ ਦੀ ਕਿਰਪਾ ਨਾਲ ਮੈਨੂੰ ਦਿਸ ਪਿਆ ਹੈ ਕਿ ਸੱਭ ਜੀਵਾਂ 'ਚ ਮਿਹਰਬਾਨ ਪ੍ਰਭੂ ਦਾ ਨਿਵਾਸ ਹੈ। ਇਸ ਲਈ ਜੋ ਜੋ ਜੀਵ ਪਰਮਾਤਮਾ ਨੇ ਪੈਦਾ ਕੀਤਾ ਹੈ, ਮੈਂ ਹਰ ਇਕ ਦਾ ਸੇਵਕ ਬਣ ਗਿਆ ਹਾਂ। ਹੁਣ ਮੈਨੂੰ ਕੋਈ ਵੀ ਜੀਵ ਆਪਣਾ ਦੁਸ਼ਮਣ ਨਹੀਂ ਦਿਸਦਾ। ਹੁਣ ਮੈਂ ਸਭਨਾਂ ਦੇ ਗਲ ਨਾਲ ਮਿਲ ਕੇ ਤੁਰਦਾ ਹਾਂ ਜਿਵੇਂ ਅਸੀਂ ਇਕੋ ਪਿਤਾ ਦੇ ਪੁੱਤਰ ਭਰਾ ਹੋਈਏ।

ਜਾ ਕਉ ਗੁਰਿ ਹਰਿ ਦੀਏ ਸੂਖਾ॥
ਤਾ ਕਉ ਬਹੁਰਿ ਨ ਲਾਗਹਿ ਦੂਖਾ॥
ਆਪੇ ਆਪਿ ਸਰਬ ਪ੍ਰਤਿਪਾਲ॥
ਨਾਨਕ ਰਾਤਉ ਰੰਗਿ ਗੋਪਾਲ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਹੇ ਨਾਨਕ! ਜਿਸ ਮਨੁੱਖ ਨੂੰ ਪ੍ਰਭੂ ਨੇ ਇਹ ਸੁੱਖ ਦੇ ਦਿੱਤੇ ਹਨ, ਉਸ ਉਤੇ ਦੁੱਖ ਜੋਰ ਨਹੀਂ ਪਾ ਸਕਦੇ, ਦੁੱਖ ਉਹਦੇ ਨੇੜੇ ਨਹੀਂ ਆਉਂਦੇ। ਫਿਰ ਉਸ ਨੂੰ ਇਹ ਦਿਸ ਪੈਂਦਾ ਹੈ ਕਿ ਪਰਮਾਤਮਾ ਆਪ ਹੀ ਸੱਭੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ, ਉਹ ਮਨੁੱਖ ਸ੍ਰਿਸ਼ਟੀ ਦੇ ਮਾਲਕ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਧੂਣੀ ਦਾ ਧਰਮ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਸੰਗਮਰਮਰ ਹੇਠ ਲੁਕਾ ਦੇਣ ਉਤੇ ਰੁਦਨ ਕੀਤਾ ਸੀ, "ਕੱਚੀ ਗੜ੍ਹੀ ਦੇ ਦੁੱਖ ਨੂੰ ਫਰੋਲਣ ਲੱਗਿਆਂ ਤਾਂ ਕਲਮ ਵੀ ਹੁੱਬਕੀਂ ਰੋਂਦੀ ਏ। ਪਤਾ ਨਹੀਂ ਕੌਣ ਸਨ ਪੱਥਰ-ਦਿਲ ਲੋਕ ਜਿਨ੍ਹਾਂ ਨੇ ਕੱਚੀ ਗੜ੍ਹੀ ਦੇ ਨੈਣੀਂ ਝਾਕਣ ਦੀ ਥਾਂ ਇਸ ਨੂੰ ਸੰਗਮਰਮਰੀ ਕਬਰ ਬਣਾ ਦਿੱਤਾ। ਕਬਰਾਂ ਕਦੇ ਨਹੀਂ ਬੋਲਦੀਆਂ, ਨਿਸ਼ਾਨੀਆਂ ਬੋਲਦੀਆਂ ਨੇ।" ਹਥਲੇ ਲੇਖ ਵਿਚ ਉਨ੍ਹਾਂ ਗਿਆਨ ਦੀ, ਜਜ਼ਬਾਤ ਦੀ ਅਤੇ ਹਿੰਮਤ ਤੇ ਹੌਸਲੇ ਦੀ ਧੂਣੀ ਧੁਖਾਉਣ ਦੀ ਗੱਲ ਕਰਦਿਆਂ ਨਸੀਹਤ ਦਿੱਤੀ ਹੈ, "ਧੂਣੀ ਧੁਖਾਵੋ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਤਾਂ ਕਿ ਲੋਕਾਂ ਨੂੰ ਮਿਲ-ਬੈਠਣ ਦਾ ਸਬੱਬ ਮਿਲੇ। ਆਪਸੀ ਗਿਲੇ ਸ਼ਿਕਵੇ ਦੂਰ ਹੋਣ। ਠੰਢੀ ਪੌਣ ਦਾ ਮਹਿਕੀਲਾ ਬੁੱਲਾ ਫਿਜ਼ਾ 'ਚ ਪਿਆਰ ਦਾ ਪੈਗਾਮ ਫੈਲਾਵੇ।" ਉਨ੍ਹਾਂ ਦਾ ਹੇਰਵਾ ਹੈ, "ਸ਼ਬਦਾਂ ਦੀ ਧੂਣੀ ਧੁਖਾਉਣ ਵਾਲੇ ਅਤੇ ਅਰਥਾਂ ਦੀ ਆਤਿਸ਼ਬਾਜੀ ਚਲਾਉਣ ਵਾਲੇ ਨਹੀਂ ਦਿੱਸਦੇ ਅੱਜ ਕੱਲ। ਨਿੱਜ ਤੱਕ ਸਿਮਟ ਗਈ ਏ, ਹਰਫਾਂ ਦੀ ਪਰਵਾਜ਼।" ਉਹ ਕਹਿੰਦੇ ਹਨ, "ਧੂਣੀ ਬਾਲੋ ਸੋਚ ਦੀ, ਹੋਸ਼ ਦੀ, ਸੰਵੇਦਨਾ ਦੀ, ਸਿਆਣਪਾਂ ਦੀ, ਸੁਗਮ ਸਲਾਹਾਂ ਦੀ, ਸੁੰਦਰ ਸੰਜੋਗਾਂ ਦੀ ਅਤੇ ਸਿੱਧ-ਜੋਗਾਂ ਦੀ।" -ਸੰਪਾਦਕ**

ਧੁੱਖ ਰਹੀ ਧੂਣੀ; ਉਠਦਾ ਧੂੰਆਂ; ਸੁਲਘਦੀ ਅੱਗ। ਗਿੱਲੀਆਂ ਲੱਕੜਾਂ ਦੀ ਤਿੜਕਣ। ਅੱਖਾਂ 'ਚ ਵਗਦਾ ਪਾਣੀ। ਕਦੇ ਕਦਾਈਂ ਹੀ ਅੱਗ ਦੀ ਲਾਟ ਨਿਕਲਦੀ। ਧੂੰਏ 'ਚ ਗਵਾਚ ਜਾਂਦੇ ਨਾਲ ਬੈਠੇ ਸਾਥੀਆਂ ਦੇ ਨਕਸ਼।

ਧੁਖਦੀ ਧੂਣੀ ਦੀ ਜਿੰਦ ਅਤੇ ਧੂਣੀ ਸੇਕਣ ਦਾ ਸਿਰੜ, ਜੱਗ-ਜਾਹਰ। ਜਿੰਦ ਤੇ ਸਿਰੜ ਦਾ ਪੁੰਗਣਾ ਹੀ ਜੀਵਨ ਦੇ ਨਵੇਂ ਦਿਸਹੱਦੇ।

ਧੁਖਦੀ ਧੂਣੀ, ਸੰਵਾਦ-ਸਟੇਜ। ਗੁਫਤਗੂ-ਗਹਿਰਾਈ। ਗੰਭੀਰ ਗੱਲਾਂ ਦਾ ਗਲਿਆਰਾ। ਨਿੱਘੀ ਗੱਲਬਾਤ ਦਾ ਸਬੱਬ। ਡੂੰਘੇ ਰਹੱਸ ਤੇ ਰਾਜ਼ ਦੀਆਂ ਬਾਤਾਂ। ਰਮਜ਼ਾਂ ਦੀਆਂ ਰਾਜ਼ਦਾਰੀਆਂ। ਬਲਿਹਾਰੀ ਬੋਲਚਾਲ। ਬਾਹਰ ਤੋਂ ਅੰਤਰੀਵ ਤੀਕ ਦਾ ਸਫਰ।

ਇਕ ਧੂਣੀ ਸੰਵੇਦਨਸ਼ੀਲ ਮਨ 'ਚ ਧੁਖਦੀ। ਸੋਚਾਂ ਦੀ, ਸਰੋਕਾਰਾਂ ਦੀ, ਸੰਭਾਵਨਾਵਾਂ ਦੀ, ਸੁਪਨਿਆਂ ਦੀ, ਸਮਰਪਣ ਦੀ, ਸਫਲਤਾਵਾਂ ਦੀ, ਸੰਜੋਗਾਂ ਦੀ, ਸਬੰਧਾਂ ਦੀ, ਸੁਹਜ ਦੀ, ਸਹਿਜ ਦੀ, ਸੁੱਚਮਤਾ ਦੀ ਅਤੇ ਸੱਚ ਦੀ।

ਅੰਤਰੀਵ ਧੂਣੀ, ਮਨੁੱਖ ਦਾ ਖੁਦ ਨਾਲ ਸੰਵਾਦ। ਖੁਦ ਦੀਆਂ ਕਮੀਆਂ, ਕੋਤਾਹੀਆਂ, ਕਮੀਨਗੀਆਂ, ਕਮਦਿਲੀਆਂ ਅਤੇ ਕੁਰਹਿਤਾਂ ਰਾਖ ਹੋ ਚਾਨਣ ਪੈਦਾ ਕਰਦੀਆਂ ਤਾਂ ਰੌਸ਼ਨ-ਰਾਹਾਂ ਦੀ ਦੱਸ ਪੈਂਦੀ। ਪਾਕੀਜ਼-ਮਾਰਗ ਤਰਜੀਹ ਬਣਦਾ।

ਅੰਦਰ ਧੁੱਖ ਰਹੀ ਧੂਣੀ ਨੂੰ ਮੁਖਾਤਬ ਹੋਣ ਲਈ ਬਾਬੇ ਨਾਨਕ ਨੇ ਵੇਈਂ ਦੀ ਓਟ ਵਿਚ ਜਾਣ ਦਾ ਪ੍ਰਣ ਕੀਤਾ ਅਤੇ ਫਿਰ ਇਸ ਧੂਣੀ ਨੂੰ ਜੱਗ ਲਈ ਧੁਖਾਇਆ। ਇਸ ਦੇ ਤਰਕ-ਸੇਕ ਅਤੇ ਨਿਰਛੱਲ-ਨਿੱਘ ਨੇ ਅੰਧਕਾਰ ਦੀ ਨਗਰੀ ਵਿਚ ਰਿਸ਼ਮ-ਰਾਗ ਉਚਾਰਿਆ।

ਮੁਰਸ਼ਦ ਵਾਲਾ ਧੂੰਆਂ ਜਦ ਮਨ ਦੇ ਅੰਬਰੀਂ ਫੈਲਦਾ ਤਾਂ ਰੂਹ ਦੀ ਧੂਣੀ ਧੁਖਦੀ। ਮਿਲਾਪ ਲਈ ਜੁਗਤ-ਛਿੱਟੀਆਂ ਨੂੰ ਬਾਲਣ ਲਈ ਤਦਬੀਰਾਂ ਦੀਆਂ ਫੂਕਾਂ ਮਾਰਨ ਦੀ ਰੁੱਤ ਆਉਂਦੀ। ਫਿਰ ਨੀਲੀ ਲਾਟ ਕੂੜ-ਕਬਾੜ ਨੂੰ ਰਾਖ ਕਰ ਮਨ ਦੀ ਪਾਕ ਸਫ ਪਿਆਰੇ ਲਈ ਵਿਛ ਜਾਂਦੀ।

ਅਧਰਮ ਦੇ ਸਮਿਆਂ ਵਿਚ ਧਰਮ ਦੀ ਧੂਣੀ ਬਾਲਣ ਦਾ ਹੀਆ ਬਹੁਤ ਹੀ ਵਿਰਲੇ ਕਰਦੇ। ਉਨ੍ਹਾਂ

**ਬਚਪਨੀ ਬੇਪ੍ਰਵਾਹੀ ਦੀਆਂ ਧੂਣੀਆਂ ਜਦ ਮਨ-ਚੇਤਿਆਂ ਦੀ ਪਰਦਖਣਾ ਕਰਦੀਆਂ ਤਾਂ ਬੀਤੇ ਬਚਪਨ ਵਿਚ ਮੁੜ-ਪਰਤਣ ਨੂੰ ਮਨ ਕਰਦਾ। ਪਰ ਇਹ ਨਿਆਮਤਾਂ 'ਕੇਰਾਂ ਹੱਥੋਂ ਖਿਸਕ ਜਾਣ ਤੋਂ ਬਾਅਦ ਕਦ ਫਿਰ ਮਿਲਦੀਆਂ? ਇਕ ਸਿੱਕ ਰਹਿ ਜਾਂਦੀ ਦਿਲ-ਜੂਹੇ, ਜਿਸ ਵਿਚ ਜਿੰਦ ਨੂੰ ਤੋਲਿਆ ਜਾ ਸਕਦਾ। ਕਦੇ ਕਪਾਹ, ਸਨੁਕੜਾ ਆਦਿ ਦੀਆਂ ਛਿੱਟੀਆਂ ਦੀ ਅੱਗ ਸੇਕਦੇ ਬਜੁਰਗਾਂ ਦੀਆਂ ਧੂਣੀਆਂ ਨੂੰ ਯਾਦ ਕਰਨਾ, ਸਿਆਣਪ ਭਰੇ ਟੋਟਕੇ, ਇਤਿਹਾਸਕ ਤੇ ਮਿਥਿਹਾਸਕ ਰੌਚਕ ਤਬਸਰੇ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਸਮੋਈ ਸਿਆਣਪ ਤੇ ਦੁਨੀਆਂਦਾਰੀ ਦੀ ਅਸੀਮਤ ਸਮਝ ਨੂੰ ਯਾਦ ਕਰਨਾ, ਉਨ੍ਹਾਂ ਦੀਆਂ ਮੱਤਾਂ ਹਰ ਮੋੜ ਅਤੇ ਵਕਤ 'ਤੇ ਤੁਹਾਡਾ ਸੁਚਾਰੂ ਤੇ ਉਸਾਰੂ ਮਾਰਗ-ਦਰਸ਼ਨ ਕਰਨਗੀਆਂ।**

ਵਿਚੋਂ ਬਹੁਤੇ ਤਾਂ ਨਿੱਜ ਤੀਕ ਸੀਮਤ ਹੋ ਸੰਸਾਰਕ ਪਦਾਰਥਾਂ ਦੇ ਰੱਜ ਤੀਕ ਹੀ ਸਿਮਟ ਜਾਂਦੇ।

ਖੁਦਾ ਕਰੇ! ਕੋਈ ਵੀ ਧੂਣੀ ਨਾ ਸੇਕੇ; ਧੂਣੀ, ਜਿਸ ਵਿਚ ਭਾਵਨਾਵਾਂ ਦਾ ਲਾਂਬੂ ਹੋਵੇ, ਚਾਵਾਂ ਦੀਆਂ ਚੰਗਿਆੜੀਆਂ ਹੋਣ, ਸੁਪਨਿਆਂ ਦੀ ਰਾਖ ਕਿਰਦੀ ਹੋਵੇ, ਸਬੰਧਾਂ ਦਾ ਸਿਤਮ ਸੁਆਹ ਹੋ ਰਿਹਾ ਹੋਵੇ ਜਾਂ ਦਰ-ਦਰਵਾਜ਼ਿਆਂ ਨੂੰ ਆਪਣੀ ਹੋਂਦ ਮਿਟਾਉਣ ਦਾ ਹੁਕਮਨਾਮਾ ਹੋਵੇ।

ਧੂਣੀ ਜਦ ਹਰਫਾਂ ਵਿਚ ਬਲਦੀ ਤਾਂ ਇਸ ਦੇ ਪਿੰਡੇ ਦਾ ਸੇਕ ਵਰਕੇ ਨੂੰ ਲੂੰਹਦਾ। ਅਰਥਾਂ ਦੀਆਂ ਨੀਲੀਆਂ ਲਾਟਾਂ ਵਿਚ ਰੋਹ ਦੀ ਮਸ਼ਾਲ ਬਲਦੀ, ਜੋ ਜਦ ਕਿਰਤੀ ਹੱਥਾਂ 'ਚ ਹੁੰਦੀ ਤਾਂ ਨਵੀਂ ਸੋਚ-ਸਾਧਨਾ ਸਰੋਕਾਰਾਂ ਦੀ ਪਰਵਾਜ਼ ਬਣਦੀ।

ਧੂਣੀ ਬਾਲੋ, ਜਿਸ ਦਾ ਸੇਕ ਸੇਕਹੀਣ ਬਾਲਾਂ ਨੂੰ ਨਿੱਘ ਤਰੌਂਕੇ ਅਤੇ ਨਿੱਘਹੀਣ ਪਿੰਡਿਆਂ ਦੀ ਠਰਨ ਭੰਨੇ; ਜਿਸ ਦੀ ਰੌਸ਼ਨੀ ਵਿਚ ਧੁਆਖੀਆਂ ਰਾਹਾਂ ਵਿਚ ਪੈੜਾਂ ਉਗਣ, ਜੋ ਧੁੰਦ ਦੇ ਧੁੰਦਲਕੇ ਵਿਚ ਮੰਜ਼ਿਲ ਦਾ ਸਿਰਨਾਵਾਂ ਬਣੇ। ਧੂਣੀ, ਜਿਸ ਦੇ ਆਲੇ-ਦੁਆਲੇ ਬੈਠਿਆਂ ਮੋਹ-ਮੁਹੱਬਤ ਦੀਆਂ ਬਾਤਾਂ ਦੀਆਂ ਲੜੀਆਂ ਲੰਮੇਰੀਆਂ ਹੁੰਦੀਆਂ ਜਾਣ। ਹਾਸਿਆਂ ਦੀਆਂ ਫੁਲਝੜੀਆਂ ਖਿੜਨ। ਆਪਸੀ ਨੋਕ-ਝੋਕ ਵਿਚੋਂ ਜੀਵਨ ਨੂੰ ਨਵੀਆਂ ਬੁਲੰਦੀਆਂ ਅਤੇ ਸੰਭਾਵਨਾਵਾਂ ਦਾ ਕਿਆਸ ਹੋਵੇ।

ਧੂਣੀ ਧੁਖਾਵੋ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਤਾਂ ਕਿ ਲੋਕਾਂ ਨੂੰ ਮਿਲ-ਬੈਠਣ ਦਾ ਸਬੱਬ ਮਿਲੇ। ਆਪਸੀ ਗਿਲੇ ਸ਼ਿਕਵੇ ਦੂਰ ਹੋਣ। ਠੰਢੀ ਪੌਣ ਦਾ ਮਹਿਕੀਲਾ ਬੁੱਲਾ ਫਿਜ਼ਾ 'ਚ ਪਿਆਰ ਦਾ ਪੈਗਾਮ ਫੈਲਾਵੇ। ਧੂਣੀ, ਜਿਸ ਨੂੰ ਸੌੜੇ ਦਾਇਰਿਆਂ ਅਤੇ ਤੰਗ ਵਲਗਣਾਂ ਨੂੰ ਤੋੜਨ ਤੇ ਵਿਸ਼ਾਲਣ ਦਾ ਸ਼ਰਫ ਹਾਸਲ ਹੋਵੇ। ਮਨੁੱਖੀ ਬਿਰਤੀਆਂ ਵਿਚਲੀ ਬੇਗਾਨਗੀ ਖਤਮ ਹੋਵੇ।

ਧੂਣੀ ਕਦੇ ਫਕੀਰ ਲੋਕ ਬਾਲਦੇ ਸਨ, ਜਿਨ੍ਹਾਂ ਦੀ ਪਾਕੀਜ਼ਗੀ ਤੇ ਬੇਲਾਗਤਾ ਨੇ ਸਮਿਆਂ ਨੂੰ ਨਵਾਂ ਮੁਹਾਂਦਰਾ ਅਤੇ ਪੈਗਾਮ ਦਿੱਤਾ। ਉਹ ਧੂਣੀਆਂ ਪਤਾ ਨਹੀਂ ਕਿਥੇ ਅਲੋਪ ਹੋ ਗਈਆਂ? ਹੁਣ ਤਾਂ ਆਲੇ-ਦੁਆਲੇ ਧੂਣੇ ਹੀ ਨਜ਼ਰ ਆਉਂਦੇ ਹਨ, ਜਿਨ੍ਹਾਂ ਦੁਆਲੇ ਸਾਜਿਸ਼ਾਂ ਉਗਦੀਆਂ, ਘਿਨਾਉਣੀਆਂ ਕਰਤੂਤਾਂ ਅਤੇ ਕਤਲਾਂ ਦੀ ਸਰਜਮੀਂ ਵਿਚੋਂ ਭਰਮੀ ਉਚਤਾ ਦਾ ਅਡੰਬਰ ਰਚਿਆ ਜਾਂਦਾ। ਇਸ ਅਡੰਬਰ ਦਾ ਹੀ ਹਿੱਸਾ ਬਣ ਚੁਕਾ ਏ, ਅਜੋਕਾ ਮਨੁੱਖ।

ਸ਼ਬਦਾਂ ਦੀ ਧੂਣੀ ਧੁਖਾਉਣ ਵਾਲੇ ਅਤੇ ਅਰਥਾਂ ਦੀ ਆਤਿਸ਼ਬਾਜ਼ੀ ਚਲਾਉਣ ਵਾਲੇ ਨਹੀਂ ਦਿੱਸਦੇ ਅੱਜ ਕੱਲ। ਨਿੱਜ ਤੱਕ ਸਿਮਟ ਗਈ ਏ, ਹਰਫਾਂ ਦੀ ਪਰਵਾਜ਼। ਗਿਆਨ-ਗੋਸ਼ਟਿ ਦੀਆਂ ਧੂਣੀਆਂ ਬਾਲਣ ਵਾਲੇ ਲੋਕਾਂ ਵਿਚ ਹਉਮੈ, ਈਰਖਾ ਤੇ ਨਿੱਜੀ ਲਾਲਚ ਨੇ ਸਿੱਧ-ਗੋਸ਼ਟਿ ਦਾ ਵਪਾਰੀਕਰਨ ਕਰ ਦਿੱਤਾ ਏ। ਗਿਆਨੀ ਲੋਕ ਜਦ ਵਣਜਾਰੇ ਬਣ ਜਾਂਦੇ ਤਾਂ ਗੋਸ਼ਟਿ ਨਫੇ-ਨੁਕਸਾਨ ਵਿਚ ਹੀ ਗੁਆਚ ਜਾਂਦਾ।

ਬਚਪਨੀ ਬੇਪ੍ਰਵਾਹੀ ਦੀਆਂ ਧੂਣੀਆਂ ਜਦ ਮਨ-ਚੇਤਿਆਂ ਦੀ ਪਰਦਖਣਾ ਕਰਦੀਆਂ ਤਾਂ ਬੀਤੇ ਬਚਪਨ ਵਿਚ ਮੁੜ-ਪਰਤਣ ਨੂੰ ਮਨ ਕਰਦਾ। ਪਰ ਇਹ ਨਿਆਮਤਾਂ 'ਕੇਰਾਂ ਹੱਥੋਂ ਖਿਸਕ ਜਾਣ ਪਿਛੋਂ ਕਦ ਫਿਰ ਮਿਲਦੀਆਂ? ਇਕ ਸਿੱਕ ਰਹਿ ਜਾਂਦੀ ਦਿਲ-ਜੂਹੇ, ਜਿਸ 'ਚ ਜਿੰਦ ਨੂੰ ਤੋਲਿਆ ਜਾ ਸਕਦਾ।

ਕਦੇ ਕਪਾਹ, ਸਨੁਕੜਾ ਆਦਿ ਦੀਆਂ ਛਿੱਟੀਆਂ ਦੀ ਅੱਗ ਸੇਕਦੇ ਬਜੁਰਗਾਂ ਦੀਆਂ ਧੂਣੀਆਂ ਨੂੰ ਯਾਦ ਕਰਨਾ, ਸਿਆਣਪ ਭਰੇ ਟੋਟਕੇ, ਇਤਿਹਾਸਕ ਤੇ ਮਿਥਿਹਾਸਕ ਰੌਚਕ ਤਬਸਰੇ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਸਮੋਈ ਸਿਆਣਪ ਤੇ ਦੁਨੀਆਂਦਾਰੀ ਦੀ ਅਸੀਮਤ ਸਮਝ ਨੂੰ ਯਾਦ ਕਰਨਾ, ਉਨ੍ਹਾਂ ਦੀਆਂ ਮੱਤਾਂ ਹਰ ਮੋੜ ਅਤੇ ਵਕਤ 'ਤੇ ਤੁਹਾਡਾ ਸੁਚਾਰੂ ਤੇ ਉਸਾਰੂ ਮਾਰਗ-ਦਰਸ਼ਨ ਕਰਨਗੀਆਂ।

ਧੂਣੀ ਵਿਚ ਜਦ ਧਰਮ ਤੇ ਧੀਰਜ ਦੀ ਅੱਗ ਧੁੱਖਦੀ ਤਾਂ ਧਰਤੀ ਵਰਗੀ ਅਸੀਮਤਾ ਤੇ ਰਹਿਮਤੀ ਬਰਕਤ ਮਨੁੱਖ ਦੀ ਝੋਲੀ ਪੈਂਦੀ। ਮਨੁੱਖ ਨੇ ਇਸ ਦੀ ਕੁੱਖ ਨੂੰ ਜ਼ਹਿਰੀਲਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਪਰ ਧਰਤੀ ਆਪਣਾ ਧਰਮ ਪਾਲਣ ਤੋਂ ਕਦੇ ਨਹੀਂ ਟਲਦੀ। ਧੀਆਂ ਵੀ ਧਰਤੀ ਵਰਗੀਆਂ। ਧੀਆਂ ਨੂੰ ਧੁਖਦੀਆਂ ਧੂਣੀਆਂ ਨਾ ਬਣਾਓ ਸਗੋਂ ਪ੍ਰਚੰਡ ਅਗਨੀ ਬਣਾਓ।

ਰਿਸ਼ਤਿਆਂ ਦੀ ਧੁਖਦੀ ਧੂਣੀ ਵਿਚ ਰਾਖ ਹੋ ਜਾਂਦਾ ਵਿਸ਼ਵਾਸ ਅਤੇ ਬੇਆਸ ਹੋ ਜਾਂਦੀ ਆਸ। ਚਾਅ-ਚੰਗੇਰ ਹੋ ਜਾਂਦੀ ਚੋਰੀ ਅਤੇ ਹਥੇਲੀ 'ਤੇ ਚੜ੍ਹੀ ਮਹਿੰਦੀ ਦੇ ਰੰਗ ਹੋ ਜਾਂਦੇ ਫਿੱਕੜੇ। ਨੈਣੀਂ ਸੰਜੋਏ ਸੁਪਨਿਆਂ ਨੂੰ ਲੱਗ ਜਾਂਦੀ ਨਜ਼ਰ ਅਤੇ ਤਿੜਕਣ ਨੂੰ ਆਸਰਾ ਦਿੰਦੀ ਖੁਦ ਹੀ ਤਿੜਕ ਜਾਂਦੀ ਡਗਰ। ਸਾਹਾਂ ਵਿਚ ਹਟਕੋਰਿਆਂ ਦੀ ਰੁੱਤ ਦਾ ਰੋਣ ਅਤੇ ਹਾਵਿਆਂ ਦਾ ਗੂੰਜਦਾ ਗੌਣ। ਸਮਿਆਂ ਦੀ ਤੰਦੀ ਟੁੱਟਣ ਨੂੰ ਕਰਦੀ ਅਤੇ ਕਈ ਵਾਰ ਇਕ ਹੀ ਹਟਕੋਰੇ ਨਾਲ ਆਪਣਾ ਫਾਤਿਹਾ ਪੜ੍ਹਦੀ। ਧੂਣੀ ਦੇ ਧੂੰਏ 'ਚ ਕੋਏ ਸਦਾ ਰਹਿੰਦੇ ਗਿੱਲੇ ਅਤੇ ਸੰਧੂਰੀ ਰੰਗ ਹੋ ਜਾਂਦੇ ਪਿਲਪਿਲੇ। ਉਦਾਸ ਪਲਾਂ ਦੀ ਪੀੜ ਦਰ ਦਾ ਹਾਣੀ, ਜਿਸ ਦੇ ਦੀਦਿਆਂ ਦੀ ਕਹਾਣੀ, ਨਾ ਵਕਤ ਨੇ ਸੁਣਨੀ ਅਤੇ ਨਾ ਹੀ ਪਥਰਾਏ ਦੀਦਿਆਂ ਨੇ ਸੁਣਾਉਣੀ।

ਕਈ ਵਾਰ ਸਬੰਧਾਂ ਦੀ ਗਿੱਲੀ ਧੂਣੀ ਨੂੰ ਬਾਲਣ ਵਿਚ ਹੀ ਉਮਰਾਂ ਬੀਤ ਜਾਂਦੀਆਂ। ਨਹੀਂ ਮਿਲਦਾ ਕੋਈ ਮਿੱਤਰ-ਮੋਢਾ ਰੋਣ ਲਈ ਅਤੇ ਆਪਣਿਆਂ ਦੇ ਲਾਏ ਦਾਗ ਧੋਣ ਲਈ। ਸਾਹਾਂ 'ਤੇ ਖੁਦਕੁਸ਼ੀਆਂ ਦੀ ਆਮਦ ਹੁੰਦੀ ਅਤੇ ਬਹੁਤ ਕੁਝ ਸਮੇਂ ਦੀ ਹੋਣੀ ਬਣ ਜਾਂਦਾ। ਇਸ 'ਚ ਗਵਾਚ ਜਾਂਦੀ ਭਵਿੱਖ-ਮੁਖੀ ਸਰੋਕਾਰਾਂ ਦੀ ਸੰਵੇਦਨਾ। ਧੂਣੀ ਵਰਗੇ ਸਬੰਧਾਂ ਤੇ ਰਿਸ਼ਤਿਆਂ ਨੂੰ ਕਦੇ ਵੀ ਖੁਦਕੁਸ਼ੀ ਦੇ ਰਾਹ ਨਾ ਤੋਰੋ ਕਿਉਂਕਿ ਆਪਣਿਆਂ ਦੇ ਤੁਰ ਜਾਣ ਦੀ ਪੀੜ ਜਦ ਮਨ-ਦਰ ਦੀ ਦਸਤਕ ਬਣਦੀ ਤਾਂ ਸਾਹ ਵੀ ਆਪਣੇ ਨਹੀਂ ਰਹਿੰਦੇ। ਜਿਉਣਾ ਅਕਾਰਥ। ਅਜਿਹੇ ਸਮੇਂ ਮਰਨ 'ਚੋਂ ਹੀ ਆਪਣੀ ਰਿਹਾਈ ਤਲਾਸ਼ਦਿਆਂ ਕੁਝ ਵੀ ਅਣਹੋਇਆ ਵਾਪਰ ਸਕਦਾ।

ਸੰਭਾਵਨਾਵਾਂ ਦੀ ਧੂਣੀ ਨੂੰ ਸੇਕਣ ਦੀ ਆਦਤ ਪਾਓ। ਤੁਹਾਡੇ ਦਰਾਂ 'ਤੇ ਸੁਪਨਿਆਂ ਦੇ ਸੱਚ ਅਤੇ ਸਫਲਤਾਵਾਂ ਦੀ ਸੰਪੂਰਨਤਾ ਦਾ ਮਜੀਠੀ ਰੰਗ ਉਕਰਿਆ ਜਾਵੇਗਾ, ਜਿਸ ਦੀ ਰੰਗਤ ਵਿਚ ਜਿਉਣ ਦਾ ਸਬੱਬ ਬਣੇਗਾ।

ਅੰਦਰ ਬਲਦੀ ਧੂਣੀ ਦਾ ਸੇਕ ਹਾਸਲ ਹੋਵੇ ਤਾਂ ਬਾਹਰਲੀ ਠੰਢ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੀ। ਅੰਦਰਲਾ ਚਾਨਣ ਹੀ ਹੁੰਦਾ, ਜੋ ਆਲੇ-ਦੁਆਲੇ 'ਚ ਫੈਲੀ ਧੁੰਦ ਦੀ ਵੱਖੀ ਵਿਚ ਛੇਕ ਪਾ, ਰਾਹਾਂ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਈ ਹੁੰਦਾ।

ਮਨੁੱਖ ਅੰਦਰ ਬਲਦੇ ਜਜ਼ਬਿਆਂ ਦੀ ਅੱਗ ਦੇ ਤੇਜ ਸਾਹਵੇਂ ਦੁਨਿਆਵੀ ਹਥਿਆਰਾਂ ਦੀ ਕੀ ਵੁੱਕਤ! ਇਹ ਅੱਗ ਜਿੰਨਾ ਚਿਰ ਬਲਦੀ, ਮਨੁੱਖ ਜਿਉਂਦਾ, ਉਸ ਦੀ ਚੇਤਨਾ ਜਿਉਂਦੀ। ਸਿਰਫ ਲੋੜ ਹੈ, ਧੁੱਖਣ ਤੋਂ ਬਲਣ ਤੀਕ ਦੀ ਯਾਤਰਾ ਦਾ ਬਿਖੜਾ ਪੈਂਡਾ ਬਣਨ ਦੀ। ਇਹ ਪੈਂਡਾ ਸਿਰਫ ਸਿਰੜੀਆਂ ਦਾ ਹੀ ਹਾਸਲ, ਜੋ ਹੱਡਾਂ ਦੇ ਬਾਲਣ ਅਤੇ ਸਬਰ-ਸਬੂਰੀ ਦੀਆਂ ਫੂਕਾਂ ਨਾਲ ਧੁੱਖਦੀ ਅੱਗ ਨੂੰ ਵੀ ਮੱਚਣ ਲਾਉਂਦਾ।

ਜੰਗਲ ਧੁਖਦਾ ਤਾਂ ਕੁਦਰਤ ਦੀ ਅੱਖ ਗਿੱਲੀ ਹੋ ਜਾਂਦੀ। ਬਿਰਖ ਧੁਖਦਾ ਤਾਂ ਆਲ੍ਹਣਿਆਂ ਵਿਚ ਸੋਗ ਪਸਰਦਾ। ਹਵਾ ਸਿਸਕਦੀ ਤਾਂ ਵੈਰਾਗ ਫੈਲਦਾ। ਫਿਜ਼ਾ ਵਿਚ ਦਰਦ ਰੁਮਕਦਾ ਤਾਂ ਬੋਲਾਂ 'ਤੇ ਸਿੱਕਰੀ ਜੰਮ ਜਾਂਦੀ। ਧੁੱਖਣ ਦੇ ਧੂੰਏਂ ਵਿਚ ਗੁਆਚ ਜਾਂਦੀ ਸੁੱਚੀਆਂ ਪੈੜਾਂ ਦੀ ਕਰਮਯੋਗਤਾ। ਸਿਰਫ ਲੋੜ ਹੈ, ਧੁਖਦੇ ਜੰਗਲ, ਬਿਰਖ ਜਾਂ ਫਿਜ਼ਾ ਨੂੰ ਆਪਣੇ ਅੰਦਰ ਉਤਾਰਨ ਦੀ। ਇਸ ਦੀ ਧੁਖਧੁਖੀ ਵਿਚ ਕੁਝ ਨਰੋਆ ਵਿਚਾਰੋ ਤਾਂ ਕਿ ਵਕਤ ਨੂੰ ਆਪਣੀ ਮੁਹਾਰ ਚੜ੍ਹਦੇ ਸੂਰਜ ਵੰਨੀਂ ਮੋੜਨ ਲਈ ਮਜਬੂਰ ਹੋਣਾ ਪਵੇ।

ਇਕ ਸਿਵਾ ਬਾਹਰ ਹੁੰਦਾ, ਜੋ ਕਦੇ ਬਲਦਾ, ਕਦੇ ਧੁਖਦਾ। ਇਹੀ ਸਿਵਾ ਜਦ ਮਨੁੱਖ ਦੇ ਅੰਦਰ ਧੁਖਦਾ ਤਾਂ ਨਜ਼ਰ ਨਹੀਂ ਆਉਂਦਾ, ਪਰ ਇਸ ਦੇ ਧੂੰਏ ਦੇ ਸੇਕ ਵਿਚੋਂ ਹੀ ਇਕ ਨਵੇਂ ਮਨੁੱਖ ਦਾ ਜਨਮ ਹੁੰਦਾ, ਜੋ ਸਮਾਜ ਦੇ ਕੋਹਝ ਨੂੰ ਸਾੜਨ ਲਈ ਖੁਦ ਬਲਣ ਨੂੰ ਤਰਜੀਹ ਦਿੰਦਾ।

ਕੁਝ ਲੋਕ ਖੁਦ ਦੀ ਧੂਣੀ ਧੁਖਾ ਕੇ ਆਪੇ ਨੂੰ ਸਵਾਹ ਕਰ ਲੈਂਦੇ, ਪਰ ਕੁਝ ਲੋਕ ਆਪੇ ਨੂੰ ਬਾਲ ਕੇ ਪੁਨਰ ਜਨਮ ਲੈਂਦੇ, ਜਿਨ੍ਹਾਂ ਦੇ ਦੀਦਿਆਂ ਵਿਚ ਅੱਗ ਬਲਦੀ। ਉਨ੍ਹਾਂ ਦੇ ਰੋਹ 'ਚ ਅਗਨ-ਬਾਣ ਅਤੇ ਲਲਕਾਰ ਵਿਚ ਭਸਮ ਕਰਨ ਵਾਲੀ ਦਹਾੜ। ਅਜਿਹੇ ਲੋਕ ਯੁੱਗ-ਪਲਟਾਊ ਵਰਤਾਰਿਆਂ ਦਾ ਅਨੋਖਾ ਸਰੂਪ ਹੁੰਦੇ।

ਅਗਰ ਧੂਣੀ ਹੀ ਬਾਲਣੀ ਹੈ ਤਾਂ ਸਾਂਝਾਂ ਦੀ ਬਾਲੋ। ਪਿਆਰ ਦੀ ਧੂਣੀ ਸੇਕੋ। ਟੁੱਟਣ ਦੀ ਪੀੜ-ਧੂਣੀ ਦੀ ਥਾਂ ਮਿਲਾਪ ਦੀ ਨਿੱਘੀ ਨਿੱਘੀ ਅੱਗ ਨੂੰ ਸੇਕਣ ਦਾ ਹੁਨਰ ਜਾਣੋ। ਕੁਰੀਤੀਆਂ, ਕਮੀਨਗੀਆਂ ਤੇ ਕੋਤਾਹੀਆਂ ਨੂੰ ਅੱਗ ਵਿਚ ਡਾਹ

**ਅਗਰ ਧੂਣੀ ਹੀ ਬਾਲਣੀ ਹੈ ਤਾਂ ਸਾਂਝਾਂ ਦੀ ਬਾਲੋ। ਪਿਆਰ ਦੀ ਧੂਣੀ ਸੇਕੋ। ਟੁੱਟਣ ਦੀ ਪੀੜ-ਧੂਣੀ ਦੀ ਥਾਂ ਮਿਲਾਪ ਦੀ ਨਿੱਘੀ ਨਿੱਘੀ ਅੱਗ ਨੂੰ ਸੇਕਣ ਦਾ ਹੁਨਰ ਜਾਣੋ। ਕੁਰੀਤੀਆਂ, ਕਮੀਨਗੀਆਂ ਤੇ ਕੋਤਾਹੀਆਂ ਨੂੰ ਅੱਗ ਵਿਚ ਡਾਹ ਕੇ ਕੀਰਤੀਆਂ, ਕਾਰਨਾਮਿਆਂ ਅਤੇ ਕਰਨੀਆਂ ਦੀਆਂ ਨੀਲੀਆਂ ਲਪਟਾਂ ਦਾ ਰੂਪ ਵਟਾਵੋ। ਹਟਕੋਰਿਆਂ ਤੇ ਹਾਵਿਆਂ ਦੀ ਕੰਗਾਲੀ ਕੁੱਖ ਵਿਚ ਖੁਸ਼ੀਆਂ ਤੇ ਖੇੜਿਆਂ ਦੀ ਧੂਣੀ ਬਾਲਣ ਲਈ ਹੰਭਲਿਆਂ ਦੀਆਂ ਛਿੱਟੀਆਂ ਨੂੰ ਬਾਲੋ। ਨਿੱਕੇ ਨਿੱਕੇ ਕਦਮ ਅਤੇ ਕੋਸ਼ਿਸ਼ਾਂ ਹੀ ਸੰਪੂਰਨਤਾ ਦਾ ਸਿਰਨਾਵਾਂ ਹੁੰਦੇ।**

ਕੇ ਕੀਰਤੀਆਂ, ਕਾਰਨਾਮਿਆਂ ਤੇ ਕਰਨੀਆਂ ਦੀਆਂ ਨੀਲੀਆਂ ਲਪਟਾਂ ਦਾ ਰੂਪ ਵਟਾਵੋ। ਹਟਕੋਰਿਆਂ ਤੇ ਹਾਵਿਆਂ ਦੀ ਕੰਗਾਲੀ ਕੁੱਖ ਵਿਚ ਖੁਸ਼ੀਆਂ ਤੇ ਖੇੜਿਆਂ ਦੀ ਧੂਣੀ ਬਾਲਣ ਲਈ ਹੰਭਲਿਆਂ ਦੀਆਂ ਛਿੱਟੀਆਂ ਨੂੰ ਬਾਲੋ। ਨਿੱਕੇ ਨਿੱਕੇ ਕਦਮ ਅਤੇ ਕੋਸ਼ਿਸ਼ਾਂ ਹੀ ਸੰਪੂਰਨਤਾ ਦਾ ਸਿਰਨਾਵਾਂ ਹੁੰਦੇ।

ਜਦ ਦੋ ਰੂਹਾਂ ਇਕ ਦੂਜੇ ਦੀਆਂ ਭਾਵਨਾਵਾਂ ਦੀ ਮਘਦੀ ਧੂਣੀ ਦੇ ਸੇਕ ਵਿਚ ਪਿੱਘਲ ਜਾਂਦੀਆਂ ਤਾਂ ਦੋ ਜਿਸਮਾਂ ਵਲੋਂ ਇਕ ਜਾਨ ਬਣਨ ਦਾ ਸਫਰ ਸ਼ੁਰੂ ਹੁੰਦਾ, ਜਿਸ ਦੇ ਹਰ ਮੋੜ 'ਤੇ ਸੁਰਖ ਪਲਾਂ ਦਾ ਪੀਹੜਾ ਸਮੇਂ ਨੂੰ ਠਹਿਰ ਜਾਣ ਲਈ ਕਹਿੰਦਾ। ਜੀਵਨ ਨੂੰ ਜ਼ਿੰਦਾਦਿਲੀ ਦਾ ਰੁਤਬਾ ਮਿਲਦਾ।

ਬਜੁਰਗਾਂ ਦੀ ਬਾਲੀ ਹੋਈ ਧੂਣੀ ਦੁਆਲੇ ਬੱਚਿਆਂ ਨੂੰ ਬੈਠਣ, ਸਿਆਣਪਾਂ ਤੇ ਨਸੀਹਤਾਂ ਨੂੰ ਸੁਣਨ ਅਤੇ ਇਨ੍ਹਾਂ ਨੂੰ ਅਪਨਾਉਣ ਦਾ ਹੁਨਰ ਆ ਜਾਵੇ ਤਾਂ ਨਵੀਂ ਪੀੜ੍ਹੀ ਆਪਣੀ ਵਿਰਾਸਤ ਦੀ ਸੁਚੱਜੀ ਵਾਰਸ ਬਣਦੀ। ਵਿਰਸੇ ਦੀ ਅਮੀਰੀ ਹੀ ਕੌਮ ਦਾ ਵੱਡਾ ਸਰਮਾਇਆ, ਜਿਸ ਦੇ ਆਲੇ-ਦੁਆਲੇ ਸਦੀਆਂ ਦਾ ਇਤਿਹਾਸ ਲਿਖਿਆ ਹੁੰਦਾ।

ਅੰਬਰ-ਧੂਣੀ ਵਿਚੋਂ ਤਾਰਿਆਂ ਦੀ ਰੌਸ਼ਨੀ ਅਤੇ ਸੇਕ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਤੁਹਾਡੇ ਮਨ ਵਿਚ ਤਾਰਿਆਂ ਵਰਗੀ ਔਕਾਤ ਨੂੰ ਅਪਨਾਉਣ ਅਤੇ ਜਿਉਣ ਦਾ ਰੂਹਾਨੀ ਅਹਿਸਾਸ ਹੋਵੇਗਾ। ਤਾਰਾ ਬਣ ਕੇ ਤਾਰਿਆਂ ਦੀ ਹਮਦਮਤਾ ਵਿਚ ਤਾਰਿਆਂ ਜਿਹੇ ਕਰਮ ਕਮਾਉਣੇ ਪੈਂਦੇ।

ਬਚਪਨੇ ਦੀ ਧੁਖਾਈ, ਬਾਲੀ ਤੇ ਸੇਕੀ ਉਹ ਧੂਣੀ ਹੁਣ ਵੀ ਚੇਤਿਆਂ ਨੂੰ ਹਲੂਣਦੀ ਏ, ਜਦ ਖੂਹ ਦੇ ਅਗਵਾੜ ਵਿਚ ਧੂਣੀ 'ਤੇ ਕੱਚੇ ਦੋਧਿਆਂ ਨੂੰ ਭੁੰਨ ਨੇ ਚੱਬੀਦਾ ਸੀ। ਛੋਲਿਆਂ ਜਾਂ ਮੂੰਗਫਲੀ ਦੇ ਲਾਂਗੇ ਨੂੰ ਧੂਣੀ ਵਿਚ ਪਕਾ ਕੇ ਖਾਂਦਿਆਂ ਹੱਥ-ਮੂੰਹ ਕਾਲੇ ਕਰ ਲੈਂਦੇ ਸਾਂ। ਹੌਲਾਂ, ਕੱਚੀ ਮੂੰਗਫਲੀ ਨੂੰ ਭੁੰਨ ਕੇ ਖਾਣ ਜਾਂ ਛੱਲੀਆਂ ਭੁੰਨ ਕੇ ਧੂਣੀ ਦੁਆਲੇ ਬੈਠਿਆਂ ਖਾਣ ਦਾ ਨਜ਼ਾਰਾ ਹੁਣ ਵੀ ਸਵਾਦ-ਸਵਾਦ ਕਰ ਜਾਂਦਾ।

ਹਰਫਾਂ ਦੀ ਧੂਣੀ ਜਦ ਬਲੇ ਤਾਂ ਅਰਥਾਂ ਦੀ ਲੋਅ ਹੁੰਦੀ। ਵਰਕਿਆਂ 'ਤੇ ਉਤਰਦੇ ਅੰਬਰਾਂ ਦੇ ਤਾਰੇ। ਸਮਿਆਂ ਦੀ ਗੁੰਗੀ ਬੀਹੀ 'ਚ ਗੂੰਜਦੀ ਨਿੱਘ-ਵਿਸਮਾਦੀ ਲੋਰ। ਹਰਫ-ਸਫਰ ਦੇ ਪੈਰੀਂ ਮੌਲਦੀ ਸਾਵੀਂ-ਪੱਧਰੀ ਤੋਰ। ਸੁਪਨਹੀਣ ਨੈਣਾਂ ਵਿਚ ਮਹਿਕਦੀ ਰਿਸ਼ਮਾਂ ਦੀ ਖੁਸ਼ਬੋਈ, ਜਿਸ ਦੀ ਸੰਗਤ ਵਿਚ ਰੂਹ ਮਹਿਕੀ-ਮਹਿਕੀ ਹੋਈ।

ਧੂਣੀ ਧੁਖਾਓ ਨਾ ਸਗੋਂ ਸੂਣੀ ਬਾਲੋ ਤਾਂ ਕਿ ਠਰੇ ਜਜ਼ਬਾਤ ਪਿਘਲ ਜਾਣ। ਮੋਹ ਦੀ ਤਾਜ਼ਗੀ ਹਿਰਦਿਆਂ ਨੂੰ ਮੁਅੱਤਰ ਕਰੇ। ਆਪਸੀ ਸਾਂਝ ਤੇ ਮੁਹੱਬਤੀ ਫਿਜ਼ਾ ਵਿਚ ਸਾਹਾਂ ਨੂੰ ਸੰਦਲੀ ਹੋਣ ਦਾ ਵਰ ਮਿਲੇ।

ਧੁਖਦੀਆਂ ਧੂਣੀਆਂ ਹਿਰਦਿਆਂ ਨੂੰ ਰਾਖ ਕਰਦੀਆਂ। ਮਨ ਦੀ ਬੀਹੀ ਵਿਚ ਰੋਗ-ਸੋਗ ਦਾ ਤਰੌਂਕਾ। ਨੈਣਾਂ ਦਾ ਖੋਅ। ਗਲ ਜਾਂਦੇ ਦੀਦੇ ਧੂੰਏਂ 'ਚ ਅਤੇ ਧੂੰਏ ਦੀ ਦੀਵਾਰ ਆਪਣਿਆਂ ਦੇ ਮੁਹਾਂਦਰੇ ਵੀ ਧੁੰਦਲੇ ਕਰ ਦਿੰਦੀ।

ਧੂਣੀ ਬਾਲੋ ਸੋਚ ਦੀ, ਹੋਸ਼ ਦੀ, ਸੰਵੇਦਨਾ ਦੀ, ਸਿਆਣਪਾਂ ਦੀ, ਸੁਗਮ ਸਲਾਹਾਂ ਦੀ, ਸੁੰਦਰ ਸੰਜੋਗਾਂ ਦੀ ਅਤੇ ਸਿੱਧ-ਜੋਗਾਂ ਦੀ।

ਧੂਣੀ ਬਾਲਦੇ ਸੀ ਫੱਕਰ ਲੋਕ, ਜਿਨ੍ਹਾਂ ਦੇ ਆਲੇ-ਦੁਆਲੇ ਬੈਠਦੀ ਸੀ ਲੋਕਾਈ। ਧਰਮਾਂ ਦੀਆਂ ਵੰਡੀਆਂ ਨਹੀਂ ਸਗੋਂ ਇਕ ਮਨੁੱਖ ਸੀ। ਧਰਮ ਦੀਆਂ ਕੰਧਾਂ ਨੇ ਤਾਂ ਮਨੁੱਖ ਨੂੰ ਇਕ ਵਸਤ ਬਣਾ ਦਿੱਤਾ ਏ। ਇਹ ਵਿਕਾਊ ਹੈ, ਰੰਗ ਬਦਲਣ ਤੇ ਮੁਖੌਟੇ ਤਬਦੀਲ ਕਰਨ ਵਿਚ ਮਾਹਰ।

ਕਦੇ ਹਰਫ ਵੀ ਧੂਣੀ ਬਣ ਕੇ ਸਫਿਆਂ ਨੂੰ ਆਪਣਾ ਦਰਦ ਸੁਣਾਉਂਦੇ:

ਮੈਂ ਧੁਖਦੀ ਧੂਣੀ ਦਾ ਦੁਖੜਾ
ਦੀਦਿਆਂ 'ਚੋਂ ਟਪਕ ਰਿਹਾਂ।
ਮੈਂ ਛਿੱਦੀ ਫੁਲਕਾਰੀ ਦਾ ਟੋਟਾ
ਸਿਰੋਂ ਹੇਠਾਂ ਸਰਕ ਰਿਹਾਂ।
ਮੈਂ ਤਿੜਕੇ ਮਾਣ ਦਾ ਮਿਹਣਾ
ਸੋਚਾਂ ਵਿਚ ਚਸਕ ਰਿਹਾਂ।
ਮੈਂ ਟੁੱਟੀ ਆਸ ਦਾ ਹਉਕਾ
ਸੀਨੇ ਵਿਚ ਟਸਕ ਰਿਹਾਂ।
ਮੈਂ ਨਦੀ ਤੋਂ ਵਿਛੜਿਆ ਪਾਣੀ
ਹੋਂਦ ਵੰਨੀਂ ਲਪਕ ਰਿਹਾਂ।
ਮੈਂ ਰੁੱਸੇ ਹਰਫਾਂ ਦਾ ਹੋਕਾ
ਸ਼ਬਦਾਂ 'ਚ ਕਸਕ ਰਿਹਾਂ।
ਮੈਂ ਟੁੱਟੇ ਹੋਏ ਫੁੱਲਾਂ ਦਾ ਵਿਗੋਚਾ
ਚਮਨ 'ਚ ਮਟਕ ਰਿਹਾਂ।

ਧੂਣੀ 'ਚੋਂ ਗਿਆਨ, ਧਿਆਨ, ਧਰਮ, ਧੀਰਜ, ਧੰਨਤਾ ਦੀਆਂ ਚੰਗਿਆਈਆਂ ਨੂੰ ਫਰੋਲਣ ਵਾਲਿਆਂ ਦੇ ਦਗਦੇ ਚਿਹਰੇ ਦਾ ਜਲਾਲ, ਧੂਣੀ ਦਾ ਸਭ ਤੋਂ ਵੱਡਾ ਹਾਸਲ।

ਇਹ ਹਾਸਲ ਤੁਸੀਂ ਵੀ ਹੋ ਸਕਦੇ ਹੋ?

# ਕਿਆਮਤ

**ਲੜੀਵਾਰ ਨਾਵਲ**

**ਕਿਸ਼ਤ 12ਵੀਂ**

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ, ਜੋ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*


*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

## ਤੁਸੀਂ ਪੜ੍ਹ ਚੁਕੇ ਹੋ...

ਇਰਾਕ ਦੇ ਇਕ ਹਿੱਸੇ 'ਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਪਿਛੋਂ ਜਾਜ਼ੀਦੀ ਕਬੀਲੇ ਦੇ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੇ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਆਈ. ਐਸ. ਆਈ. ਐਸ. ਦੇ ਅਤਿਵਾਦੀ ਜਾਜ਼ੀਦੀਆਂ ਦੇ ਇਲਾਕੇ ਨੂੰ ਘੇਰਾ ਪਾ ਕੇ ਸਭ ਜਾਜ਼ੀਦੀਆਂ ਨੂੰ ਟਰੱਕਾਂ ਵਿਚ ਲੱਦ ਕੇ ਲੈ ਗਏ। ਔਰਤਾਂ ਤੇ ਬੱਚਿਆਂ ਨੂੰ ਵੱਖ ਕਰਕੇ ਵੱਖ-ਵੱਖ ਥਾਂਈਂ ਭੇਜ ਦਿੱਤਾ। ਜਾਜ਼ੀਦੀ ਕੁੜੀਆਂ ਦੀ ਮੰਡੀ ਲਾਈ ਗਈ ਤੇ ਆਸਮਾ ਨੂੰ ਜੱਜ ਹਾਜੀ ਸਲਮਾਨ ਖਰੀਦ ਕੇ ਲੈ ਗਿਆ। ਉਸ ਦੇ ਕਬਜ਼ੇ ਵਿਚੋਂ ਭੱਜਣ ਦੀ ਕੋਸ਼ਿਸ਼ ਕਰਨ 'ਤੇ ਆਸਮਾ ਨੂੰ ਸਮੂਹਿਕ ਜਬਰ ਜਨਾਹ ਦੀ ਸਜ਼ਾ ਦਿੱਤੀ ਗਈ ਅਤੇ ਫਿਰ ਅਗਾਂਹ ਵੇਚ ਦਿੱਤਾ। ਇਉਂ ਅਗਾਂਹ ਵਿਕਦੀ-ਵਿਕਦੀ ਉਹ ਹਾਜੀ ਅਮਰ ਪਾਸ ਪੁੱਜ ਗਈ, ਜਿਥੋਂ ਉਹ ਕਿਸੇ ਤਰ੍ਹਾਂ ਖਿਸਕਣ ਵਿਚ ਕਾਮਯਾਬ ਹੋ ਗਈ ਅਤੇ ਨਾਸਿਰ ਦੇ ਪਰਿਵਾਰ ਦੀ ਮਦਦ ਨਾਲ ਕੁਰਦਸਤਾਨ ਦੇ ਬਾਰਡਰ ਵੱਲ ਤੁਰ ਪਈ। ਹੁਣ ਪੜ੍ਹੋ ਇਸ ਗਾਥਾ ਦੀ ਆਖਰੀ ਕਿਸ਼ਤ...

*(13)*

ਚੈਕ ਪੁਆਇੰਟ ਵਲ ਨੂੰ ਤੁਰੇ ਤਾਂ ਅੱਗੇ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਤੁਰੇ ਜਾਂਦਿਆਂ ਨਾਸਿਰ ਨੇ ਮੈਨੂੰ ਕਿਹਾ, "ਹੁਣ ਇੱਥੇ ਤੈਨੂੰ ਆਪਣਾ ਸੱਚ ਦੱਸ ਦੇਣਾ ਚਾਹੀਦਾ ਐ। ਨਾਲੇ ਵਕਤ ਬਚੂਗਾ ਤੇ ਨਾਲੇ ਉਹ ਤੁਰੰਤ ਮਦਦ ਕਰਨਗੇ।"



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

"ਨਹੀਂ, ਮੈਂ ਅਜਿਹਾ ਨ੍ਹੀਂ ਕਰ ਸਕਦੀ।"

"ਪਰ ਕਿਉਂ?"

"ਜੇ ਉਨ੍ਹਾਂ ਨੂੰ ਕੋਈ ਸ਼ੱਕ ਹੋ ਗਿਆ ਤੇ ਮੇਰੀ ਗੱਲ ਨਾ ਮੰਨੀ ਤਾਂ ਆਪਾਂ ਨੂੰ ਅੱਗੇ ਨ੍ਹੀਂ ਜਾਣ ਦੇਣਗੇ। ਪਿੱਛੇ ਇਸਲਾਮਕ ਸਟੇਟ ਐ। ਆਪਣਾ ਰਾਹ ਬੰਦ ਹੋਜੂਗਾ।"

"ਮੇਰਾ ਨ੍ਹੀਂ ਖਿਆਲ ਉਹ ਤੇਰੀ ਗੱਲ ਨ੍ਹੀਂ ਮੰਨਣਗੇ।"

"ਪਰ ਮੈਂ ਖਤਰਾ ਨ੍ਹੀਂ ਸਹੇੜ ਸਕਦੀ। ਆਪਾਂ ਇਨ੍ਹਾਂ ਸ਼ਨਾਖਤੀ ਕਾਰਡਾਂ 'ਤੇ ਈ ਅੱਗੇ ਜਾਵਾਂਗੇ।"

ਮੈਂ ਜਾਣਦੀ ਸਾਂ ਕਿ ਇਹ ਪਤਾ ਲੱਗਣ 'ਤੇ ਕਿ ਮੈਂ ਜਾਜ਼ੀਦੀ ਹਾਂ ਅਤੇ ਇਸਲਾਮਕ ਸਟੇਟ ਦੇ ਕਬਜ਼ੇ 'ਚੋਂ ਫਰਾਰ ਹੋ ਕੇ ਆਈ ਹਾਂ, ਪੇਸ਼ਮਰਗਾ ਵਾਲੇ ਸਭ ਤੋਂ ਪਹਿਲਾਂ ਮੇਰੀ ਮਦਦ ਕਰਨਗੇ, ਕਿਉਂਕਿ ਇਸਲਾਮਕ ਸਟੇਟ ਤੋਂ ਪੀੜਤ ਲੋਕਾਂ ਲਈ ਤਾਂ ਕੁਰਦਸਤਾਨ ਅਥਾਰਟੀ ਨੇ ਖਾਸ ਸੈਲ ਬਣਾਇਆ ਹੋਇਆ ਸੀ। ਪਰ ਮੈਂ ਭੋਰਾ ਭਰ ਵੀ ਖਤਰਾ ਨਹੀਂ ਲੈਣਾ ਚਾਹੁੰਦੀ ਸਾਂ। ਨਾਸਿਰ ਮੇਰੇ ਨਾਲ ਸਹਿਮਤ ਨਹੀਂ ਸੀ ਪਰ ਫਿਰ ਵੀ ਉਸ ਨੇ ਮੇਰੀ ਗੱਲ ਮੰਨ ਲਈ। ਅੱਗੇ ਪੈਦਲ ਹੀ ਲਾਈਨ ਵਿਚ ਲੱਗ ਗਏ। ਜਿਉਂ ਹੀ ਮੈਂ ਸਾਹਮਣੇ ਕੁਰਦਸਤਾਨ ਫੋਰਸ ਦੀ ਵਰਦੀ ਪਹਿਨੀ ਪੇਸ਼ਮਰਗਾ ਦੇ ਅਧਿਕਾਰੀਆਂ ਨੂੰ ਵੇਖਿਆ ਤਾਂ ਇਕਦਮ ਮਨ 'ਚ ਘ੍ਰਿਣਾ ਉਪਜੀ। ਉਨ੍ਹਾਂ ਵਲ ਵੇਖਦਿਆਂ ਮੈਨੂੰ ਸਾਡੇ ਪਿੰਡ 'ਚ ਤਾਇਨਾਤ ਪੇਸ਼ਮਰਗਾ ਯਾਦ ਆ ਗਏ, ਜਿਨ੍ਹਾਂ ਨੇ ਪਿੰਡ ਵਾਸੀਆਂ ਨੂੰ ਆਖਰੀ ਘੜੀ ਤੱਕ ਸੁਰੱਖਿਆ ਦਾ ਯਕੀਨ ਦਿਵਾਇਆ ਸੀ, ਪਰ ਜਦੋਂ ਹੀ ਇਸਲਾਮਕ ਸਟੇਟ ਵਾਲੇ ਉਧਰ ਨੂੰ ਆਏ ਤਾਂ ਸਭ ਤੋਂ ਪਹਿਲਾਂ ਭੱਜਣ ਵਾਲੇ ਇਹ ਪੇਸ਼ਮਰਗਾ ਵਾਲੇ ਹੀ ਸਨ। ਕੁਝ ਦੇਰ ਆਲੇ ਦੁਆਲੇ ਝਾਕਦਿਆਂ ਨਾਸਿਰ ਨੇ ਫਿਰ ਕਿਹਾ, "ਆਸਮਾ, ਮੇਰੀ ਮੰਨ। ਅੱਗੇ ਹੋ ਕੇ ਆਪਣਾ ਸੱਚ ਦੱਸ ਦੇਹ, ਨਾਲੇ ਮੇਰੇ ਬਾਰੇ ਵੀ। ਇਸ ਤਰ੍ਹਾਂ ਆਪਾਂ ਖੱਜਲ ਖੁਆਰੀ ਤੋਂ ਬਚ ਰਹਾਂਗੇ।"

"ਨਹੀਂ, ਹੁਣ ਤਾਂ ਬਿਲਕੁਲ ਈ ਨ੍ਹੀਂ।" ਮੇਰੇ ਮਨ ਵਿਚਲੀ ਪੇਸ਼ਮਰਗਾ ਪ੍ਰਤੀ ਉਪਜੀ ਘ੍ਰਿਣਾ ਬੋਲੀ।

"ਚੱਲ ਤੇਰੀ ਮਰਜ਼ੀ।" ਇੰਨਾ ਕਹਿੰਦਿਆਂ ਉਹ ਮੁਸਕਰਾਇਆ। ਪਿਛਲੇ ਦਿਨਾਂ 'ਚ ਅਸੀਂ ਪੂਰੀ ਤਰ੍ਹਾਂ ਆਪਸ 'ਚ ਘੁਲ ਮਿਲ ਚੁਕੇ ਸਾਂ। ਮੌਕਾ ਮਿਲਦਿਆਂ ਹੀ ਉਹ ਮੈਨੂੰ ਮਖੌਲ ਕਰਨ ਲੱਗ ਜਾਂਦਾ। ਕਦੇ ਹਾਸੇ ਹਾਸੇ 'ਚ ਡਰਾਉਂਦਾ, ਕਦੇ ਸਿਆਣੀਆਂ ਗੱਲਾਂ ਕਰਨ ਲੱਗ ਪੈਂਦਾ। ਮੈਨੂੰ ਉਸ ਦਾ ਬੱਚਿਆਂ ਵਰਗਾ ਸੁਭਾਅ ਬੜਾ ਚੰਗਾ ਲੱਗਾ। ਹੁਣ ਵੀ ਉਸ ਨੇ ਮੈਨੂੰ ਸਿਆਣੀ ਰਾਇ ਦੇਣੀ ਚਾਹੀ ਸੀ ਪਰ ਮੇਰਾ ਮਨ ਨਾ ਮੰਨਿਆ।

ਖੈਰ! ਕਤਾਰ ਹੌਲੀ ਹੌਲੀ ਰਿਸਕੀ ਜਾ ਰਹੀ ਸੀ ਤੇ ਅਸੀਂ ਅੱਗੇ ਹੁੰਦੇ ਜਾ ਰਹੇ ਸਾਂ। ਅੱਗੇ ਇਕ ਅਫਸਰ ਖੜ੍ਹਾ ਸੀ, ਜੋ ਪਹਿਲਾਂ ਕੁਝ ਪੁੱਛ-ਗਿੱਛ ਆਪ ਕਰਦਾ ਤੇ ਫਿਰ ਅਗਾਂਹ ਦੀਆਂ ਵੱਡੀਆਂ ਕਤਾਰਾਂ ਵਲ ਤੋਰ ਦਿੰਦਾ। ਇੰਨੇ ਨੂੰ ਸਾਡੀ ਵਾਰੀ ਆ ਗਈ। ਹੁਣ ਮੈਂ ਮੂਹਰੇ ਹੋ ਕੇ ਅਫਸਰ ਨਾਲ ਅਰਬੀ 'ਚ ਗੱਲ ਕਰਦਿਆਂ ਕਿਹਾ, "ਮੈਂ ਮੀਨਾ ਆਂ ਤੇ ਇਹ ਮੇਰਾ ਖਾਵੰਦ ਨਾਸਿਰ ਐ। ਅਸੀਂ ਮੋਸਲ ਤੋਂ ਆਏ ਆਂ। ਕਿਰਕਕ ਮੇਰੇ ਮਾਂ-ਪਿਉ ਰਹਿੰਦੇ ਨੇ, ਉਨ੍ਹਾਂ ਕੋਲ ਜਾ ਰਹੇ ਆਂ।"

ਅਫਸਰ ਨੇ ਗਹੁ ਨਾਲ ਸਾਡੇ ਵਲ ਵੇਖਿਆ। ਫਿਰ ਉਸ ਨੇ ਆਲੇ ਦੁਆਲੇ ਅਤੇ ਪਿਛਾਂਹ ਵਲ ਨਜ਼ਰ ਮਾਰੀ। ਹੈਰਾਨ ਜਿਹਾ ਹੁੰਦਾ ਉਹ ਬੋਲਿਆ, "ਮੋਸਲ ਤੋਂ ਤੁਰ ਕੇ ਈ ਆਏ ਓਂ?"

"ਨਹੀਂ, ਟੈਕਸੀ 'ਤੇ ਆਏ ਸੀ, ਪਰ ਡਰਾਈਵਰ ਨੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ।"

"ਕਿਉਂ?" ਉਸ ਨੇ ਹੈਰਾਨ ਹੁੰਦਿਆਂ ਪੁੱਛਿਆ।

"ਉਸ ਦਾ ਕਹਿਣਾ ਸੀ ਕਿ ਉਸ ਦੀ ਟੈਕਸੀ ਮੋਸਲ ਦੀ ਐ ਤੇ ਇਸ ਕਰਕੇ ਸ਼ਾਇਦ ਉਸ ਨੂੰ ਅੱਗੇ ਨਾ ਜਾਣ ਦੇਣ।"

"ਹੂੰ।" ਇੰਨਾ ਕਹਿੰਦਿਆਂ ਉਹ ਗਹੁ ਨਾਲ ਸਾਡੇ ਵਲ ਝਾਕਿਆ। ਸ਼ਾਇਦ ਉਸ ਨੂੰ ਕੋਈ ਸ਼ੱਕ ਹੋ ਗਿਆ ਸੀ। ਫਿਰ ਉਸ ਨੇ ਦੂਸਰੇ ਪਾਸੇ ਵੇਖਦਿਆਂ ਸਾਨੂੰ ਇਕ ਕਤਾਰ 'ਚ ਲੱਗਣ ਦਾ ਇਸ਼ਾਰਾ ਕੀਤਾ। ਇੱਧਰ ਬੜੇ ਲੋਕ ਕਤਾਰਾਂ 'ਚ ਲੱਗੇ ਹੋਏ ਸਨ। ਕਿਸੇ ਦੇ ਹੱਥਾਂ 'ਚ ਬੈਗ ਸਨ, ਕਿਸੇ ਨੇ ਸਿਰ 'ਤੇ ਸਮਾਨ ਚੁੱਕਿਆ ਹੋਇਆ ਸੀ। ਸਿਰੇ ਵਾਲੀ ਲਾਈਨ ਵਿਚ ਸਾਮਾਨ ਦੀਆਂ ਉਪਰ ਤੱਕ ਲੱਦੀਆਂ ਕਾਰਾਂ ਲੱਗੀਆਂ ਹੋਈਆਂ ਸਨ। ਮੁੜ੍ਹਕੇ ਨਾਲ ਭਿੱਜ ਕੇ ਤਰ ਹੋ ਗਏ ਤੇ ਕਿਧਰੇ ਦੋ ਘੰਟਿਆਂ ਪਿੱਛੋਂ ਜਾ ਕੇ ਵਾਰੀ ਆਈ। ਅਫਸਰ ਪਹਿਲਾਂ ਤੋਂ ਹੀ ਸ਼ੱਕੀ ਜਿਹਾ ਸੀ। ਉਹੀ ਸਾਧਾਰਣ ਜਿਹੇ ਸਵਾਲ ਪੁੱਛਣ ਲੱਗਾ। ਨਾਂ ਕੀ ਹੈ, ਕਿੱਥੋਂ ਆਏ, ਕਿੱਥੇ ਅਤੇ ਕਿਉਂ ਜਾਣਾ ਹੈ? ਕਾਫੀ ਦੇਰ ਸੁਆਲਾਤ ਕਰਨ ਪਿਛੋਂ ਵੀ ਉਸ ਦੀ ਤਸੱਲੀ ਨਾ ਹੋਈ। ਉਹ ਉਠਿਆ ਤੇ ਅੰਦਰ ਲੰਘ ਗਿਆ। ਪੰਜ ਸੱਤ ਮਿੰਟ ਪਿੱਛੋਂ ਵਾਪਸ ਆ ਕੇ ਸਾਡੇ ਸ਼ਨਾਖਤੀ ਕਾਰਡ ਵਾਪਸ ਫੜ੍ਹਾਉਂਦਾ ਬੋਲਿਆ, "ਆਉ ਮੇਰੇ ਨਾਲ।" ਉਸ ਨੇ ਸਾਨੂੰ ਮਗਰ ਤੋਰ ਲਿਆ ਤੇ ਲਿਜਾ ਕੇ ਇਕ ਕਮਰੇ 'ਚ ਬਿਠਾਉਂਦਾ ਕਹਿਣ ਲੱਗਾ, "ਤੁਸੀਂ ਇੱਥੇ ਬੈਠੋ। ਤੁਹਾਡੀ ਖਾਸ ਪੁੱਛ-ਗਿੱਛ ਹੋਵੇਗੀ।" ਇੰਨਾ ਕਹਿੰਦਿਆਂ ਉਹ ਬਾਹਰੋਂ ਦਰਵਾਜਾ ਬੰਦ ਕਰ ਗਿਆ। ਮਨ ਅੰਦਰ ਸ਼ੱਕ ਦਾ ਕੀੜਾ ਖੁੱਭ ਗਿਆ। ਸੋਚਿਆ ਹੁਣ ਪਤਾ ਨਹੀਂ ਕੀ ਹੋਵੇਗਾ। ਨਾਸਿਰ ਮੇਰੇ ਵਲ ਵੇਖਦਾ ਮੁਸਕਰਾਉਣ ਲੱਗਾ ਤਾਂ ਮੈਂ ਗੁੱਸਾ ਵਿਖਾਉਂਦਿਆਂ ਕਿਹਾ, "ਖੁਸ਼ ਹੋਣ ਦੀ ਇਸ 'ਚ ਕਿਹੜੀ ਗੱਲ ਐ? ਮੁਸੀਬਤ 'ਚ ਫਸ ਚੁਕੇ ਆਂ।"

"ਨਹੀਂ, ਕੁਛ ਨ੍ਹੀਂ ਹੁੰਦਾ। ਜਦੋਂ ਈ ਤੂੰ ਦੱਸਿਆ ਕਿ ਤੂੰ ਜਾਜ਼ੀਦੀ ਐਂ ਤੇ ਇਸਲਾਮਕ ਸਟੇਟ ਦੇ ਕਬਜ਼ੇ 'ਚੋਂ ਭੱਜ ਕੇ ਆਈ ਐਂ, ਤੇ ਮੈਂ ਤੇਰੀ ਮਦਦ ਕੀਤੀ ਐ, ਤਾਂ ਉਨ੍ਹਾਂ ਤੁਰੰਤ ਅੱਗੇ ਲੰਘਾ ਦੇਣਾ ਐਂ।"

"ਜੇ ਫਿਰ ਵੀ ਗੱਲ ਨਾ ਬਣੀ?" ਇੰਨਾ ਕਹਿੰਦਿਆਂ ਮੇਰੀਆਂ ਅੱਖਾਂ ਭਰ ਆਈਆਂ। ਨਾਸਿਰ ਨੇ ਮੇਰਾ ਹੱਥ ਫੜ੍ਹ ਕੇ ਪਲੋਸਿਆ ਤੇ ਸ਼ਾਂਤ ਰਹਿਣ ਨੂੰ ਕਿਹਾ। ਉਦੋਂ ਹੀ ਪੇਸ਼ਮਰਗਾ ਦਾ ਵੱਡਾ ਅਫਸਰ ਦਰਵਾਜਾ ਖੋਲ੍ਹਦਿਆਂ ਅੰਦਰ ਆਇਆ। ਉਸ ਨੇ ਬੜੇ ਅਦਬ ਨਾਲ ਕਿਹਾ, "ਦਰਅਸਲ ਗੱਲ ਇਹ ਐ ਕਿ ਅਸੀਂ ਕਿਸੇ ਵੀ ਉਸ ਸ਼ਖਸ ਨੂੰ ਕੁਰਦਸਤਾਨ ਵਲ ਜਾਣ ਦੀ ਇਜਾਜ਼ਤ ਨ੍ਹੀਂ ਦੇ ਸਕਦੇ, ਜਿਸ ਦਾ ਇੱਧਰੋਂ ਕੋਈ ਸਪਾਂਸਰ ਨਾ ਹੋਵੇ। ਜੇ ਤੁਸੀਂ ਤੁਹਾਡੇ ਕਿਸੇ ਜਾਣਕਾਰ ਨਾਲ ਗੱਲ ਕਰਵਾ ਸਕਦੇ ਓਂ ਤਾਂ ਦੱਸੋ?"

ਮੈਨੂੰ ਲੱਗਾ, ਹੁਣ ਮੇਰਾ ਝੂਠ ਫੜ੍ਹਿਆ ਜਾਵੇਗਾ, ਕਿਉਂਕਿ ਮੈਂ ਕਹਿ ਰਹੀ ਸਾਂ ਕਿ ਮੇਰੇ ਮਾਪੇ ਕਿਰਕਕ ਰਹਿੰਦੇ ਹਨ ਪਰ ਉਨ੍ਹਾਂ ਨਾਲ ਹੁਣ ਗੱਲ ਕਿਵੇਂ ਕਰਵਾ ਸਕਦੀ ਹਾਂ ਜਦੋਂ ਕਿ ਇਹ ਤਾਂ ਹੈ ਹੀ ਝੂਠ ਸੀ। ਪਰ ਉਦੋਂ ਹੀ ਨਾਸਿਰ ਨੂੰ ਕੋਈ ਖਿਆਲ ਆਇਆ ਤੇ ਉਸ ਨੇ ਅਫਸਰ ਨੂੰ ਕਿਹਾ ਕਿ ਉਹ ਹੁਣੇ ਹੀ ਗੱਲ ਕਰਵਾਉਂਦਾ ਹੈ। ਉਸ ਦਾ ਦੂਰ ਦਾ ਰਿਸ਼ਤੇਦਾਰ ਕਿਰਕਕ ਰਹਿੰਦਾ ਸੀ। ਪਹਿਲਾਂ ਉਸ ਨੇ ਆਪਣੇ ਬਾਪ ਨੂੰ ਫੋਨ ਕਰਕੇ ਉਸ ਰਿਸ਼ਤੇਦਾਰ ਦਾ ਫੋਨ ਨੰਬਰ ਲਿਆ ਤੇ ਫਿਰ ਰਿਸ਼ਤੇਦਾਰ ਨੂੰ ਫੋਨ ਮਿਲਾ ਲਿਆ। ਉਸ ਨੂੰ ਇੰਨਾ ਹੀ ਦੱਸਿਆ ਕਿ ਉਹ ਬੀਵੀ ਸਮੇਤ ਆ ਰਿਹਾ ਹੈ। ਹੋਲਡ ਕਰਵਾ ਕੇ ਉਸ ਨੇ ਫੋਨ ਅਫਸਰ ਨੂੰ ਫੜ੍ਹਾ ਦਿੱਤਾ। ਅਫਸਰ ਨੇ ਅੱਧਾ ਕੁ ਮਿੰਟ ਗੱਲ ਕਰਦਿਆਂ ਫੋਨ ਵਾਪਸ ਫੜ੍ਹਾਉਂਦਿਆਂ ਸਾਨੂੰ ਕਿਰਕਕ ਜਾਣ ਦੀ ਇਜਾਜ਼ਤ ਦੇ ਦਿੱਤੀ। ਤਿੰਨ ਚਾਰ ਘੰਟਿਆਂ ਦੀ ਖੱਜਲ-ਖੁਆਰੀ ਪਿੱਛੋਂ ਦੂਜੇ ਪਾਸੇ ਲੰਘ ਕੇ ਛੋਟੇ ਜਿਹੇ ਰੈਸਟੋਰੈਂਟ 'ਚ ਜਾ ਬੈਠੇ। ਪਰ ਮੇਰਾ ਬੁਰਕਾ ਅਜੇ ਵੀ ਪਹਿਨਿਆ ਹੋਇਆ ਸੀ। ਮੈਂ ਜੂਸ ਦਾ ਘੁੱਟ ਭਰਦਿਆਂ ਕਿਹਾ, "ਇਕ ਤਾਂ ਮੈਨੂੰ ਇਸ ਬੁਰਕੇ ਨੇ ਮਾਰ ਲਿਆ।"

"ਇਸ ਦਾ ਤਾਂ ਸੌਖਾ ਈ ਹੱਲ ਐ।" ਨਾਸਿਰ ਮੁਸਕਰਾਇਆ।

"ਕੀ?"

"ਤੂੰ ਆਪਣੀ ਅਸਲੀਅਤ ਦੱਸ ਦੇਹ। ਇਸ ਨਾਲ ਫਾਇਦਾ ਈ ਫਾਇਦਾ ਹੋਊ, ਨੁਕਸਾਨ ਕੋਈ ਨ੍ਹੀਂ।"

"ਨਹੀਂ, ਇਹ ਨ੍ਹੀਂ ਮੈਂ ਕਰਨਾ।"

"ਵੇਖਦੇ ਆਂ ਕਿੰਨਾ ਕੁ ਚਿਰ ਮੀਨਾ ਬਣ ਕੇ ਰਹੇਂਗੀ। ਕਿਤੇ ਤਾਂ ਤੈਨੂੰ ਅਸਲੀਅਤ ਦੱਸਣੀ ਈ ਪਊ।"

"ਜਿੰਨਾ ਚਿਰ ਸਰਦਾ, ਇਵੇਂ ਹੀ ਰਹੂੰ।" ਇੰਨਾ ਕਹਿੰਦਿਆਂ ਮੈਂ ਜੂਸ ਖਤਮ ਕੀਤਾ, ਤੇ ਅਸੀਂ ਬਾਹਰ ਨਿਕਲ ਆਏ। ਟੈਕਸੀ ਵਾਲਾ ਸਾਹਮਣੇ ਹੀ ਮਿਲ ਗਿਆ। ਬੜਾ ਖੁਸ਼ ਮਿਜਾਜ਼ ਸੀ, ਬਿਠਾਉਂਦਾ ਹੀ ਬੋਲਿਆ, "ਦੱਸੋ ਜਨਾਬ ਕਿੱਧਰ ਜਾਣਾ?"

"ਕੁਰਦਸਤਾਨ।" ਮੈਂ ਇੰਨਾ ਕਿਹਾ ਤਾਂ ਉਹ ਹੱਸਦਿਆਂ ਬੋਲਿਆ, "ਉਹ ਬੀਬੀ, ਕੁਰਦਸਤਾਨ 'ਚ ਤਾਂ ਤੁਸੀਂ ਆ ਈ ਚੁਕੇ ਓਂ। ਇਹ ਦੱਸੋ ਕਿ ਸ਼ਹਿਰ ਕਿਹੜੇ ਜਾਣੈਂ?"

"ਇਰਬਲ।"

"ਠੀਕ ਐ। ਪਹਿਲਾਂ ਅਗਲੇ ਚੈਕ ਪੁਆਇੰਟ ਤੱਕ ਵੇਖ ਲਈਏ। ਜੇ ਉਨ੍ਹਾਂ ਤੁਹਾਨੂੰ ਅੱਗੇ ਜਾਣ ਦੀ ਇਜਾਜ਼ਤ ਦੇ ਦਿੱਤੀ ਤਾਂ ਮੈਂ ਅਗਾਂਹ ਜਾਂਦਾ ਰਹੂੰਗਾ।"

"ਅੱਗੇ ਅਜੇ ਹੋਰ ਵੀ ਕੋਈ ਚੈਕ ਪੁਆਇੰਟ ਐ?" ਮੈਂ ਹੈਰਾਨ ਹੁੰਦਿਆਂ ਪੁੱਛਿਆ ਤਾਂ ਉਹ ਕੁਝ ਸੰਜੀਦਾ ਹੁੰਦਾ ਬੋਲਿਆ, "ਹਾਂ ਹੈ, ਸਗੋਂ ਪੂਰਾ ਸਖਤ ਐ। ਕਿਉਂਕਿ ਇਰਬਲ ਕੁਰਦਸਤਾਨ ਦੀ ਰਾਜਧਾਨੀ ਐਂ। ਸਰਕਾਰ ਕੋਈ ਵੀ ਖਤਰਾ ਨ੍ਹੀਂ ਉਠਾਉਣਾ ਚਾਹੁੰਦੀ।"

ਥੋੜ੍ਹੀ ਦੇਰ ਪਿਛੋਂ ਕਾਰ ਵੱਡੇ ਚੈਕ ਪੁਆਇੰਟ 'ਤੇ ਜਾ ਰੁਕੀ। ਸਾਡੀ ਵਾਰੀ ਆਈ ਤਾਂ ਅਫਸਰ ਸ਼ਨਾਖਤੀ ਕਾਰਡ ਚੈਕ ਕਰਨ ਲੱਗਾ। ਕੁਝ ਪਲ ਵੇਖਦਿਆਂ ਰਹਿਣ ਪਿੱਛੋਂ ਉਹ ਪਿੱਛੇ ਦਫਤਰ 'ਚ ਗਿਆ। ਵਾਪਸ ਮੁੜਿਆ ਤਾਂ ਉਸ ਦੇ ਨਾਲ ਇਕ ਹੋਰ ਅਫਸਰ ਸੀ। ਸਾਨੂੰ ਬਾਹਰ ਨਿਕਲਣ ਦਾ ਕਹਿ ਕੇ ਉਨ੍ਹਾਂ ਟੈਕਸੀ ਪਿਛਾਂਹ ਮੋੜ ਦਿੱਤੀ। ਇਸ ਪਿੱਛੋਂ ਉਹ ਸਾਨੂੰ ਨਾਲ ਤੋਰਦੇ ਇਕ ਕਮਰੇ 'ਚ ਲੈ ਗਏ। ਬੜੀ ਦੇਰ ਤੱਕ ਸਾਨੂੰ ਮੁੜ ਮੁੜ ਪਹਿਲਿਆਂ ਵਾਲੇ ਸੁਆਲ ਪੁੱਛਦੇ ਰਹੇ। ਫਿਰ ਗੱਲ ਇੱਥੇ ਆ ਕੇ ਅੜ ਗਈ ਕਿ ਨਾਸਿਰ ਦਾ ਪਤਾ ਮੋਸਲ ਦਾ ਸੀ ਤੇ ਮੇਰਾ ਕਿਰਕਕ ਦਾ, ਪਰ ਜਾ ਅਸੀਂ ਇਰਬਲ ਵਲ ਰਹੇ ਸੀ। ਜਾਪਦਾ ਸੀ ਕਿ ਉਨ੍ਹਾਂ ਲਈ ਮਸਲਾ ਸਾਨੂੰ ਅੱਗੇ ਲੰਘਾਉਣ ਨਾਲੋਂ ਵੀ ਕੁਝ ਹੋਰ ਬਣ ਗਿਆ ਹੈ। ਮੈਨੂੰ ਲੱਗਾ, ਉਨ੍ਹਾਂ ਦੀਆਂ ਨਜ਼ਰਾਂ 'ਚ ਅਸੀਂ ਸ਼ੱਕੀ ਬਣ ਗਏ ਹਾਂ। ਉਨ੍ਹਾਂ ਦੇ ਸੁਆਲਾਂ ਨੇ ਪ੍ਰੇਸ਼ਾਨ ਹੀ ਨਹੀਂ ਕੀਤਾ ਸਗੋਂ ਪੂਰੀ ਤਰ੍ਹਾਂ ਡਰਾ ਦਿੱਤਾ। ਅੱਧਾ ਘੰਟਾ ਪੁੱਛ-ਗਿੱਛ ਕਰਨ ਪਿੱਛੋਂ ਉਹ ਆਪਣੇ ਉਚ ਅਧਿਕਾਰੀ ਨੂੰ ਲੈ ਆਏ। ਉਹ ਸਾਡੇ ਸਾਹਮਣੇ ਆ ਬੈਠਾ ਤੇ ਕੁਝ ਦੇਰ ਨਾਸਿਰ ਦੇ ਹਾਵ ਭਾਵ ਵੇਖਦਾ ਰਿਹਾ। ਫਿਰ ਉਸ ਨੇ ਤਾੜਵੀਆਂ ਨਜ਼ਰਾਂ ਨਾਲ ਮੇਰੇ ਵਲ ਝਾਕਦਿਆਂ ਕਿਹਾ, "ਅਸੀਂ ਤੁਹਾਨੂੰ ਗ੍ਰਿਫਤਾਰ ਕਰਨ ਲੱਗੇ ਆਂ। ਜਦੋਂ ਤੱਕ ਪੂਰੀ ਤਹਿਕੀਕਾਤ ਨ੍ਹੀਂ ਕਰ ਲੈਂਦੇ, ਤੁਸੀਂ ਹਿਰਾਸਤ 'ਚ ਰਹੋਗੇ।"



*ਜਾਜ਼ੀਦੀ ਕੁੜੀਆਂ ਦੀ ਦਰਦ ਭਿੱਜੀ ਦਾਸਤਾਨ ਬਿਆਨ ਕਰ ਰਹੀ ਇਕ ਤਸਵੀਰ।*

ਸੁਣਦਿਆਂ ਹੀ ਮੇਰੇ ਹੋਸ਼ ਉਡ ਗਏ ਤੇ ਮੈਂ ਡਰ ਕੇ ਨਾਸਿਰ ਵਲ ਵੇਖਿਆ। ਨਾਸਿਰ ਨੇ ਹੌਲੀ ਜਿਹੀ ਫੁਸਫੁਸਾਉਂਦਿਆਂ ਕਿਹਾ ਕਿ ਹੁਣ ਮੈਂ ਆਪਣੀ ਅਸਲੀਅਤ ਦੱਸ ਦੇਵਾਂ। ਉਸ ਦੀ ਗੱਲ ਸੁਣ ਕੇ ਮੇਰਾ ਡਰ ਕੁਝ ਘਟ ਗਿਆ। ਅਫਸਰ ਨੇ ਸਾਨੂੰ ਤੁਰਨ ਦਾ ਆਖਿਆ ਤਾਂ ਮੈਂ ਝਿਜਕਦਿਆਂ ਕਿਹਾ, "ਰੁਕ ਜਾਵੋ, ਮੈਂ ਸੱਚ ਦੱਸਦੀ ਆਂ।"

"ਹੈਂ!" ਅਫਸਰ ਹੈਰਾਨ ਹੁੰਦਿਆਂ ਖੜ੍ਹੋ ਗਿਆ।

"ਮੈਂ ਮੀਨਾ ਨਹੀਂ ਤੇ ਨਾ ਈ ਇਸ ਦੀ ਬੀਵੀ ਆਂ।"

"ਕੀ ਕਿਹਾ? ਕੌਣ ਐਂ ਫਿਰ ਤੂੰ?" ਅਫਸਰ ਨੇ ਭਵਾਂ ਸਕੋੜਦਿਆਂ ਮੇਰੇ ਵਲ ਵੇਖਿਆ।

"ਮੈਂ ਤਾਂ ਵਖਤਾਂ ਦੀ ਮਾਰੀ ਇਕ ਜਾਜ਼ੀਦੀ ਕੁੜੀ, ਆਸਮਾ ਆਂ। ਮੇਰਾ ਪਿੰਡ ਲਗਾਸ਼, ਸਿੰਜਾਰ ਜਿਲ੍ਹੇ 'ਚ ਪੈਂਦਾ ਐ। ਜਦੋਂ ਇਸਲਾਮਕ ਸਟੇਟ ਨੇ ਸਾਡੇ ਪਿੰਡ 'ਤੇ ਕਬਜ਼ਾ ਕੀਤਾ ਤਾਂ ਪਿੰਡ ਦੇ ਸਭ ਆਦਮੀ ਮਾਰ ਮੁਕਾਏ ਤੇ ਔਰਤਾਂ ਨੂੰ ਬੰਦੀ ਬਣਾ ਕੇ ਲੈ ਗਏ। ਮੈਂ ਤਾਂ ਮੋਸਲ ਤੋਂ ਉਨ੍ਹਾਂ ਦੀ ਕੈਦ 'ਚੋਂ ਭੱਜ ਕੇ ਆਈ ਆਂ।"

"ਆਹ ਨਾਲ ਕੌਣ ਐਂ?" ਅਫਸਰ ਨੇ ਇੰਨਾ ਕਹਿੰਦਿਆਂ ਨਾਸਿਰ ਨੂੰ ਘੂਰਵੀਆਂ ਨਜ਼ਰਾਂ ਨਾਲ ਤਾੜਿਆ ਤਾਂ ਮੈਂ ਕਿਹਾ, "ਇਹ ਨਾਸਿਰ ਐ ਜੋ ਮੈਨੂੰ ਲੈ ਕੇ ਆਇਆ ਐ।"

ਅਫਸਰ ਦੇ ਚਿਹਰੇ ਦਾ ਤਣਾਅ ਕੁਝ ਘਟ ਗਿਆ ਤੇ ਉਸ ਨੇ ਝਿੜਕਵੇਂ ਜਿਹੇ ਲਹਿਜੇ 'ਚ ਕਿਹਾ, "ਤੂੰ ਫਿਰ ਇਹ ਸਭ ਪਹਿਲਾਂ ਕਿਉਂ ਨਾ ਦੱਸਿਆ?"

"ਮੈਂ ਬਹੁਤ ਜ਼ਿਆਦਾ ਡਰੀ ਹੋਈ ਸਾਂ।" ਆਪਣੇ ਆਪ ਨੂੰ ਸੰਭਾਲਦਿਆਂ ਮੈਂ ਕਿਹਾ। ਫਿਰ ਉਸ ਨੇ ਆਪਣੇ ਅਮਲੇ ਨੂੰ ਕੋਈ ਹਦਾਇਤ ਕੀਤੀ ਤੇ ਜਾਣ ਲੱਗਾ ਬੋਲਿਆ, "ਅੱਜ ਕੱਲ੍ਹ ਇਸਲਾਮਕ ਸਟੇਟ ਦੇ ਅਤਿਵਾਦੀ ਕਈ ਤਰ੍ਹਾਂ ਦੇ ਭੇਸ ਬਣਾ ਕੇ ਅੱਗੇ ਲੰਘ ਜਾਂਦੇ ਨੇ। ਫਿਰ ਕਿਧਰੇ ਆਤਮਘਾਤੀ ਬੰਬ ਬਣ ਕੇ ਲੋਕਾਂ ਦੀਆਂ ਜਾਨਾਂ ਲੈਂਦੇ ਨੇ ਤੇ ਕਿਧਰੇ ਹੋਰ ਤਰ੍ਹਾਂ ਦੇ ਨੁਕਸਾਨ ਪਹੁੰਚਾਉਂਦੇ ਨੇ।"

ਪਿੱਛੇ ਦੂਸਰੇ ਅਫਸਰ ਆਪਸ 'ਚ ਕੁਝ ਵਿਚਾਰ-ਵਟਾਂਦਰਾ ਕਰਦੇ ਰਹੇ। ਇਸ ਪਿੱਛੋਂ ਉਨ੍ਹਾਂ ਕਿਧਰੇ ਫੋਨ ਕੀਤਾ। ਫਿਰ ਇਕ ਜਣਾ ਮੈਨੂੰ ਸੰਬੋਧਤ ਹੁੰਦਾ ਬੋਲਿਆ, "ਹੁਣ ਕਿਉਂਕਿ ਮਾਮਲਾ ਕੁਝ ਹੋਰ ਬਣ ਗਿਆ ਐ। ਇਸ ਤਰ੍ਹਾਂ ਦੇ ਕੇਸ ਸਈਅਸ਼ ਸੰਭਾਲਦੀ ਐ। ਆਉ ਸਾਡੇ ਨਾਲ ਆਪਾਂ ਸਈਅਸ਼ ਦੇ ਦਫਤਰ ਚੱਲਦੇ ਆਂ।"

"ਸਈਅਸ਼?" ਮੈਂ ਹੈਰਾਨ ਹੁੰਦਿਆਂ ਪੁੱਛਿਆ।

"ਸਈਅਸ਼ ਸਾਡੀ ਸੀਕਰਟ ਸਰਵਿਸ ਏਜੈਂਸੀ ਐ। ਉਨ੍ਹਾਂ ਦਾ ਦਫਤਰ ਆਹ ਨਾਲ ਈ ਐ। ਆਉ ਮੇਰੇ ਨਾਲ।"

ਇੰਨਾ ਕਹਿੰਦਿਆਂ ਉਸ ਨੇ ਸਾਨੂੰ ਨਾਲ ਤੋਰ ਲਿਆ। ਪੰਜ ਕੁ ਮਿੰਟ 'ਚ ਅਸੀਂ ਇਕ ਵੱਡੀ ਇਮਾਰਤ ਵਿਚ ਜਾ ਦਾਖਲ ਹੋਏ। ਅੱਗੇ ਇਕ ਅਫਸਰ ਬੈਠਾ ਉਡੀਕੀ ਜਾ ਰਿਹਾ ਸੀ। ਸਾਨੂੰ ਉਸ ਨੇ ਆਪਣੇ ਸਾਹਮਣੇ ਬਿਠਾ ਲਿਆ। ਕੁਝ ਕੁ ਦੇਰ ਤਾਂ ਪਹਿਲਾਂ ਵਾਲੇ ਆਮ ਸੁਆਲ ਪੁੱਛਦਾ ਰਿਹਾ। ਫਿਰ ਉਸ ਨੇ ਮੇਰਾ ਪਿਛਲਾ ਅਤਾ-ਪਤਾ ਪੁੱਛਿਆ। ਸਾਰਾ ਕੁਝ ਲਿਖ ਕੇ ਆਪਣੇ ਕਰਮਚਾਰੀ ਨੂੰ ਫੜਾ ਦਿੱਤਾ, ਜੋ ਇਹ ਸਭ ਲੈ ਕੇ ਨਾਲ ਦੇ ਕਮਰੇ 'ਚ ਚਲਾ ਗਿਆ। ਕੁਝ ਦੇਰ ਬਾਅਦ ਉਹ ਮੁੜਿਆ ਤਾਂ ਉਸ ਨੇ ਆਪਣੇ ਅਫਸਰ ਨੂੰ ਕਿਹਾ ਕਿ ਜੋ ਵੀ ਜਾਣਕਾਰੀ ਇਸ ਨੇ ਦਿੱਤੀ ਹੈ, ਇਹ ਸਭ ਸਹੀ ਹੈ। ਸੁਣ ਕੇ ਅਫਸਰ ਦੇ ਤੇਵਰ ਨਰਮ ਹੋ ਗਏ। ਉਸ ਨੇ ਮੈਨੂੰ ਕਿਹਾ, "ਮੈਨੂੰ ਤੇਰੇ ਨਾਲ ਪੂਰੀ

*(ਅਗਲੇ ਸਫੇ 'ਤੇ ਜਾਰੀ)*

ਹਮਦਰਦੀ ਐ। ਤੈਨੂੰ ਉਹ ਸਭ ਮਦਦ ਮਿਲੂ, ਜੋ ਉਸ ਕਤਲੇਆਮ ਦਾ ਸ਼ਿਕਾਰ ਹੋਏ ਦੂਸਰੇ ਲੋਕਾਂ ਨੂੰ ਮਿਲ ਰਹੀ ਐ। ਤੈਨੂੰ ਨਵਾਂ ਸ਼ਨਾਖਤੀ ਕਾਰਡ ਦਿੱਤਾ ਜਾਵੇਗਾ ਤੇ ਥੋੜੀ ਹੀ ਦੇਰ 'ਚ ਬਾਕੀ ਦਸਤਾਵੇਜ਼ ਵੀ ਮਿਲ ਜਾਣਗੇ, ਜਿਸ ਦੇ ਆਧਾਰ 'ਤੇ ਤੂੰ ਹੋਰ ਸਹੂਲਤਾਂ ਵਗੈਰਾ ਲੈ ਸਕੇਂਗੀ।”

“ਅੱਛਾ!”

“ਉਸ ਲਈ ਅਸੀਂ ਤੇਰੀ ਸਾਰੀ ਇੰਟਰਵਿਊ ਰਿਕਾਰਡ ਕਰਾਂਗੇ।”

“ਪਰ ਇਹ ਸਭ ਕਾਹਦੇ ਲਈ?” ਮੈਂ ਨਹੀਂ ਸੀ ਚਾਹੁੰਦੀ ਕਿ ਜਿਨ੍ਹਾਂ ਭਿਆਨਕ ਹਾਲਾਤਾਂ 'ਚੋਂ ਮੈਂ ਲੰਘੀ ਹਾਂ, ਉਹ ਜਿਵੇਂ ਦੇ ਤਿਵੇਂ ਕਿਸੇ ਸਾਹਮਣੇ ਬਿਆਨ ਕਰਾਂ।

“ਉਹ ਸਾਨੂੰ ਨਿਯਮਾਂ ਮੁਤਾਬਕ ਕਰਨਾ ਪੈਂਦਾ ਐ। ਵੈਸੇ ਇਹ ਸਭ ਕੁਛ ਸਰਕਾਰ ਦੇ ਦਸਤਾਵੇਜ਼ ਦਾ ਹਿੱਸਾ ਰਹੂ।”

“ਠੀਕ ਐ, ਮੈਂ ਤਿਆਰ ਆਂ। ਪੁੱਛੋ ਜੋ ਪੁੱਛਣੈਂ।”

“ਇਹ ਗੱਲਬਾਤ ਸਿਰਫ ਤੇਰੇ ਅਤੇ ਮੇਰੇ ਵਿਚਕਾਰ ਹੋਵੇਗੀ। ਇਸ ਨੌਜਵਾਨ ਨੂੰ ਦੂਸਰੇ ਕਮਰੇ 'ਚ ਜਾਣਾ ਹੋਵੇਗਾ।”

ਇੰਨਾ ਆਖ ਉਸ ਨੇ ਆਪਣੇ ਕਰਮਚਾਰੀ ਨੂੰ ਬੁਲਾਇਆ ਤੇ ਨਾਸਿਰ ਨੂੰ ਉਸ ਦੇ ਨਾਲ ਤੋਰ ਦਿੱਤਾ। ਉਹ ਸ਼ਾਇਦ ਨਾਲ ਵਾਲੇ ਕਮਰੇ 'ਚ ਚਲੇ ਗਏ। ਪਿੱਛੇ ਅਸੀਂ ਦੋਨੋਂ ਰਹਿ ਗਏ ਤਾਂ ਉਸ ਨੇ ਕੈਮਰਾ ਚਲਾ ਲਿਆ। ਮੈਂ ਆਪਣੀ ਕਹਾਣੀ ਬਿਆਨ ਕਰਨ ਲੱਗੀ। ਪਿੰਡ ਤੋਂ ਲੈ ਕੇ ਆਖਰ ਤੱਕ ਸਭ ਕਹਿ ਸੁਣਾਇਆ, ਪਰ ਮੈਂ ਰੇਪ ਵਾਲੀ ਗੱਲ ਲੁਕਾ ਗਈ। ਮੇਰੀ ਆਤਮਾ ਨੇ ਮੈਨੂੰ ਇਜਾਜ਼ਤ ਨਾ ਦਿੱਤੀ ਕਿ ਇਕ ਅਜਨਬੀ ਸਾਹਮਣੇ ਮੈਂ ਇਹ ਨਿੱਜੀ ਗੱਲ ਕਹਾਂ। ਉਸ ਨੇ ਵੀ ਇਕ ਅੱਧ ਵਾਰ ਇਸ ਵਿਸ਼ੇ ਨੂੰ ਛੋਹਿਆ ਫਿਰ ਉਹ ਵੀ ਸ਼ਾਇਦ ਮੇਰੀ ਮਨਸ਼ਾ ਸਮਝ ਗਿਆ। ਆਖਰ 'ਤੇ ਉਸ ਨੇ ਪੁੱਛਿਆ, “ਇਹ ਕੌਣ ਐਂ ਜੋ ਤੇਰੇ ਨਾਲ ਐ?”

“ਇਹ ਨਾਸਿਰ ਐ। ਇਸ ਬਾਰੇ ਮੈਂ ਸਭ ਕੁਛ ਪਹਿਲਾਂ ਈ ਬਿਆਨ ਕਰ ਚੁਕੀ ਆਂ।”

ਉਹ ਕੁਝ ਦੇਰ ਮੇਰੇ ਚਿਹਰੇ ਵਲ ਵੇਖਦਾ ਰਿਹਾ ਤੇ ਫਿਰ ਬੋਲਿਆ, “ਜਿਵੇਂ ਤੂੰ ਮੀਨਾ ਨ੍ਹੀਂ ਕੋਈ ਹੋਰ ਐਂ, ਇਵੇਂ ਈ ਇਹ ਵੀ ਕੋਈ ਹੋਰ ਹੋ ਸਕਦਾ ਐ।”

“ਨ੍ਹੀਂ ਨ੍ਹੀਂ, ਇਹ ਅਸਲ ਵਿਚ ਨਾਸਿਰ ਈ ਐ। ਇਸਲਾਮਕ ਸਟੇਟ ਦੀ ਕੈਦ 'ਚੋਂ ਭੱਜਣ ਪਿੱਛੋਂ ਮੈਨੂੰ ਇਸੇ ਨੇ ਪਨਾਹ ਦਿੱਤੀ ਤੇ ਅੰਤਾਂ ਦੇ ਦੁੱਖ ਝੱਲ ਕੇ ਇਹ ਮੈਨੂੰ ਇੱਥੇ ਪਹੁੰਚਾਉਣ 'ਚ ਸਫਲ ਹੋਇਆ ਐ। ਇਹ ਤਾਂ ਮੇਰੇ ਲਈ ਮਸੀਹਾ ਬਣ ਕੇ ਬਹੁੜਿਆ ਐ।”

ਮੇਰੀ ਗੱਲ ਸੁਣਦਿਆਂ ਉਹ ਕੁਝ ਦੇਰ ਸੋਚਦਾ ਰਿਹਾ। ਫਿਰ ਮੇਰੀਆਂ ਅੱਖਾਂ 'ਚ ਅੱਖਾਂ ਪਾਉਂਦਾ ਬੋਲਿਆ, “ਕਿਸੇ ਜਾਜ਼ੀਦੀ ਕੁੜੀ ਨੂੰ ਛੱਡਣ ਦੀ ਆੜ 'ਚ ਕਿਸੇ ਵੱਡੇ ਅਤਿਵਾਦੀ ਨੂੰ ਮਸੀਹਾ ਬਣਾ ਕੇ ਇੱਧਰ ਲੰਘਾ ਦੇਣਾ ਇਸਲਾਮਕ ਸਟੇਟ ਲਈ ਕੋਈ ਮਾੜਾ ਸੌਦਾ ਨ੍ਹੀਂ ਐ।”

ਸੁਣ ਕੇ ਮੇਰੇ ਹੋਸ਼ ਉਡ ਗਏ। ਮੈਂ ਪ੍ਰੇਸ਼ਾਨ ਹੋ ਗਈ ਕਿ ਇਹ ਅਸਲੀ ਗੱਲ ਕਿਉਂ ਨਹੀਂ ਸਮਝ ਰਹੇ। ਮੈਂ ਫਿਰ ਤੋਂ ਆਪਣੇ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, “ਇਹ ਮੈਨੂੰ ਨ੍ਹੀਂ ਮਿਲਿਆ ਬਲਕਿ ਮੈਂ ਇਨ੍ਹਾਂ ਦੇ ਘਰ ਪਹੁੰਚੀ ਸੀ। ਇਹ ਤਾਂ ਆਮ ਸਾਧਾਰਣ ਪਰਿਵਾਰ ਐ। ਸਾਰੇ ਪਰਿਵਾਰ ਨੇ ਸਿਰਫ ਮੇਰੀ ਮਦਦ ਲਈ ਬਹੁਤ ਕਸ਼ਟ ਉਠਾਇਆ ਐ। ਇਸ 'ਤੇ ਸ਼ੱਕ ਕਰਨਾ ਸਹੀ ਨਹੀਂ।”

“ਹੂੰ।” ਇੰਨਾ ਹੁੰਗਾਰਾ ਭਰਦਿਆਂ ਉਹ ਨੀਵੀਂ ਪਾਈ ਕੁਝ ਲਿਖਦਾ ਰਿਹਾ ਤੇ ਫਿਰ ਬੋਲਿਆ, “ਚੱਲ ਕੁਛ ਹੀ ਦੇਰ 'ਚ ਤੈਨੂੰ ਤੇਰੇ ਦਸਤਾਵੇਜ਼ ਮਿਲ ਜਾਣਗੇ। ਬਾਕੀ ਅਸੀਂ ਵੇਖਦੇ ਆਂ ਕਿ ਕੀ ਕਰਨਾ ਐਂ।”

ਇੰਨਾ ਕਹਿੰਦਿਆਂ ਉਹ ਉਠ ਕੇ ਜਾਣ ਲੱਗਾ ਤਾਂ ਮੈਂ ਪੁੱਛਿਆ, “ਕੀ ਮੈਂ ਨਾਸਿਰ ਨੂੰ ਮਿਲ ਸਕਦੀ ਆਂ?”

“ਹਾਂ ਜ਼ਰੂਰ।” ਇੰਨਾ ਕਹਿੰਦਿਆਂ ਉਸ ਨੇ ਕਰਮਚਾਰੀ ਨੂੰ ਇਸ਼ਾਰਾ ਕੀਤਾ ਤੇ ਉਹ ਮੈਨੂੰ ਨਾਲ ਦੇ ਕਮਰੇ 'ਚ ਲੈ ਗਿਆ। ਅੱਗੇ ਨਾਸਿਰ ਉਦਾਸ ਜਿਹਾ ਬੈਠਾ ਨਹੁੰ ਟੁੱਕ ਰਿਹਾ ਸੀ। ਮੈਂ ਕੋਲ ਗਈ ਤਾਂ ਉਹ ਪ੍ਰੇਸ਼ਾਨ ਜਿਹਾ ਬੋਲਿਆ, “ਇਹ ਮੇਰੇ 'ਤੇ ਸ਼ੱਕ ਕਰਦੇ ਨੇ ਕਿ ਮੈਂ ਨਾਸਿਰ ਨ੍ਹੀਂ ਬਲਕਿ ਕੋਈ ਹੋਰ ਆਂ। ਪਤਾ ਨ੍ਹੀਂ ਇਹ ਅਜਿਹਾ ਕਿਉਂ ਕਰ ਰਹੇ ਨੇ।”

“ਮੈਨੂੰ ਵੀ ਇਹੀ ਗੱਲ ਕਹੀ ਜਾ ਰਹੇ ਨੇ।” ਮੈਂ ਬੇਵਸ ਜਿਹਾ ਜੁਆਬ ਦਿੱਤਾ।

ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਹੀ ਰਹੇ ਸਾਂ ਕਿ ਇਕ ਬਜ਼ੁਰਗ ਉਮਰ ਦਾ ਕਰਮਚਾਰੀ ਮੇਰੇ ਕਾਗਜ਼ ਲੈ ਕੇ ਆ ਗਿਆ। ਉਸ ਨੇ ਮੈਨੂੰ ਨਵਾਂ ਸ਼ਨਾਖਤੀ ਕਾਰਡ ਦੇ ਦਿੱਤਾ ਤੇ ਨਾਲ ਹੀ ਦੂਸਰੇ ਕਾਗਜ਼ ਮੇਰੇ ਹਵਾਲੇ ਕਰ ਦਿੱਤੇ। ਫਿਰ ਉਸ ਨੇ ਅੱਗੇ ਦਾ ਢੰਗ ਤਰੀਕਾ ਸਮਝਾਇਆ ਕਿ ਸਰਕਾਰੀ ਮਦਦ ਲਈ ਮੈਂ ਕਿੱਥੇ ਜਾ ਕੇ ਅਰਜ਼ੀ ਦੇਵਾਂ। ਇਸ ਤਰ੍ਹਾਂ ਦੀਆਂ ਗੱਲਾਂ ਦੱਸਦਿਆਂ ਉਸ ਨੇ ਮੈਨੂੰ ਕਿਹਾ, “ਹੁਣ ਤੂੰ ਜਾ ਸਕਦੀ ਐਂ। ਜੇ ਕਹੇਂ ਤਾਂ ਮੈਂ ਤੇਰੇ ਲਈ ਟੈਕਸੀ ਮੰਗਵਾ ਦਿੰਦਾ ਆਂ।” ਇੰਨਾ ਕਹਿ ਕੇ ਉਹ ਮੁੜਨ ਲੱਗਾ ਤਾਂ ਮੈਂ ਮਿੰਨਤ ਜਿਹੀ ਨਾਲ ਪੁੱਛਿਆ, “ਤੁਸੀਂ ਸਾਡੇ 'ਤੇ ਵਿਸ਼ਵਾਸ ਨ੍ਹੀਂ ਕਰ ਰਹੇ। ਇਸ 'ਤੇ ਸ਼ੱਕ ਕੀਤਾ ਜਾ ਰਿਹਾ ਐ ਕਿ ਇਹ ਨਾਸਿਰ ਦੀ ਥਾਂ ਕੋਈ ਹੋਰ ਐ। ਇਸ ਤਰ੍ਹਾਂ ਦਾ ਵਰਤਾਰਾ ਕਿਉਂ?”

“ਵੇਖੋ, ਏਜੰਸੀਆਂ ਦਾ ਕੰਮ-ਕਾਜ ਇਸ ਤਰ੍ਹਾਂ ਦਾ ਈ ਹੁੰਦਾ ਐ।” ਉਸ ਨੇ ਸੰਖੇਪ ਜਿਹਾ ਉਤਰ ਦਿੱਤਾ ਤਾਂ ਮੈਂ ਪੁੱਛਿਆ, “ਹੁਣ ਕੀ ਹੋਵੇਗਾ?”

“ਮੇਰਾ ਖਿਆਲ ਐ ਕਿ ਇਸ ਨੂੰ ਅੱਗੇ ਲੰਘਣ ਦੀ ਇਜਾਜ਼ਤ ਨ੍ਹੀਂ ਮਿਲੇਗੀ।”


“ਪਰ ਮੈਂ ਚਾਹੁੰਨੀ ਆਂ ਕਿ ਇਹ ਮੇਰੇ ਨਾਲ ਅੱਗੇ ਤੱਕ ਜਾ ਕੇ ਮੈਨੂੰ ਛੱਡ ਆਵੇ।”

“ਉਏ ਬੀਬੀ! ਗੱਲ ਸੁਣ ਮੇਰੀ। ਤੇਰੇ ਚਾਹੁਣ ਨਾਲ ਕੁਛ ਨ੍ਹੀਂ ਹੋਣਾ...।” ਇੰਨਾ ਕਹਿੰਦਿਆਂ ਉਹ ਆਲੇ ਦੁਆਲੇ ਝਾਕਿਆ ਤੇ ਫਿਰ ਮੇਰੇ ਨੇੜੇ ਹੁੰਦਿਆਂ ਹੌਲੀ ਜਿਹੀ ਬੋਲਿਆ, “ਕਿਤੇ ਇਹ ਨਾ ਹੋਵੇ ਕਿ ਉਹ ਤੈਨੂੰ ਵੀ ਅੱਗੇ ਜਾਣ ਤੋਂ ਰੋਕ ਦੇਣ। ਸੋ ਤੂੰ ਉਠ ਤੇ ਤੁਰਦੀ ਬਣ। ਬਾਕੀ ਰਹੀ ਇਸ ਦੀ ਗੱਲ, ਇਸ ਦਾ ਉਹ ਕੀ ਕਰਨਗੇ? ਵੱਧ ਤੋਂ ਵੱਧ ਵਾਪਸ ਮੋੜ ਦੇਣਗੇ।”

ਇੰਨਾ ਕਹਿੰਦਿਆਂ ਉਹ ਨਾਲ ਦੇ ਕਮਰੇ ਵਲ ਤੁਰ ਗਿਆ। ਜਾਣ ਲੱਗਾ ਕਹਿ ਗਿਆ ਕਿ ਪੰਜ-ਸੱਤ ਮਿੰਟ 'ਚ ਮੈਂ ਉਸ ਕੋਲ ਆ ਜਾਵਾਂ ਤੇ ਉਹ ਮੈਨੂੰ ਟੈਕਸੀ ਤੱਕ ਛੱਡ ਆਵੇਗਾ। ਪਿੱਛੇ ਮੈਂ ਉਦਾਸ ਖੜ੍ਹੀ ਸਾਂ, ਜਦੋਂ ਨਾਸਿਰ ਬੋਲਿਆ, “ਮੈਨੂੰ ਲੱਗਦੈ, ਇੰਨੀ ਘਬਰਾਉਣ ਵਾਲੀ ਗੱਲ ਨ੍ਹੀਂ ਐ। ਆਪਾਂ ਆਪਣੀ ਮੰਜ਼ਿਲ ਤੱਕ ਅੱਪੜ ਗਏ ਆਂ। ਤੂੰ ਆਪਣੇ ਘਰ ਪਹੁੰਚ ਗਈ ਐਂ। ਮੈਂ ਅਗਾਂਹ ਜਾ ਕੇ ਕਰਨਾ ਵੀ ਕੀ ਐ? ਸਗੋਂ ਮੈਂ ਹੁਣ ਵਾਪਸ ਪਰਿਵਾਰ ਕੋਲ ਜਾਵਾਂ। ਉਹ ਫਿਕਰ ਕਰਦੇ ਹੋਣਗੇ।”

ਉਸ ਦੀ ਪਰਿਵਾਰ ਵਾਲੀ ਗੱਲ ਸੁਣ ਕੇ ਮੈਨੂੰ ਝਟਕਾ ਜਿਹਾ ਲੱਗਾ ਤੇ ਮੇਰਾ ਇਸ ਪਾਸੇ ਵਲ ਧਿਆਨ ਗਿਆ। ਮੈਨੂੰ ਵੀ ਅਹਿਸਾਸ ਹੋਇਆ ਕਿ ਉਸ ਦੀ ਗੱਲ ਠੀਕ ਹੈ ਤੇ ਜਿੰਨੀ ਜਲਦੀ ਹੋ ਸਕਦਾ ਹੈ, ਇਹ ਵਾਪਸ ਮੁੜ ਜਾਵੇ। ਪਰ ਉਸ ਦਾ ਵਿਛੜ ਜਾਣਾ ਮੈਨੂੰ ਪ੍ਰੇਸ਼ਾਨ ਕਰੀ ਜਾ ਰਿਹਾ ਸੀ। ਮੇਰੀਆਂ ਅੱਖਾਂ 'ਚ ਹੰਝੂ ਆ ਗਏ ਤਾਂ ਉਸ ਨੇ ਖੜ੍ਹੇ ਹੁੰਦਿਆਂ ਮੇਰਾ ਮੋਢਾ ਪਲੋਸਿਆ। ਮੈਂ ਵੀ ਕੁਰਸੀ ਤੋਂ ਉਠ ਖੜੋਤੀ। ਕੁਝ ਪਲ ਆਪਣੇ ਆਪ ਨੂੰ ਸਾਵਾਂ ਕਰਨ ਪਿੱਛੋਂ ਨਾਸਿਰ ਦੇ ਚਿਹਰੇ ਵਲ ਵੇਖਦਿਆਂ ਮੈਂ ਕਿਹਾ, “ਨਾਸਿਰ, ਤੂੰ ਮੇਰੀ ਇੰਨੀ ਵੱਡੀ ਮਦਦ ਕੀਤੀ ਐ, ਬੁਰੇ ਵਕਤ ਮੇਰੀ ਰਾਖੀ ਕੀਤੀ ਐ, ਤੇਰਾ ਇਹ ਅਹਿਸਾਨ ਮੈਂ ਉਮਰ ਭਰ ਚੁਕਾ ਨ੍ਹੀਂ ਸਕਦੀ।”

“ਭੈਣਾਂ 'ਤੇ ਅਹਿਸਾਨ ਨ੍ਹੀਂ ਕੀਤੇ ਜਾਂਦੇ, ਭੈਣਾਂ ਦੀ ਤਾਂ ਰਾਖੀ ਕੀਤੀ ਜਾਂਦੀ ਐ।” ਇੰਨਾ ਕਹਿੰਦਿਆਂ ਨਾਸਿਰ ਨੇ ਮੇਰਾ ਸਿਰ ਆਪਣੇ ਨਾਲ ਲਾ ਲਿਆ। ਮੈਂ ਵੀ ਉਸ ਦੇ ਦੁਆਲੇ ਬਾਂਹ ਵਲ ਲਈ। ਫਿਰ ਭਰੀਆਂ ਅੱਖਾਂ ਨਾਲ ਮੈਂ ਉਸ ਤੋਂ ਵਿਦਾ ਲਈ ਤੇ ਨਾਲ ਦੇ ਕਮਰੇ 'ਚ ਚਲੀ ਗਈ।



*ਸਰਹੱਦ 'ਤੇ ਤਾਇਨਾਤ ਪੇਸ਼ਮਰਗ ਦੇ ਫੌਜੀ*

ਅੱਗੇ ਉਹੀ ਕਰਮਚਾਰੀ ਮੈਨੂੰ ਉਡੀਕ ਰਿਹਾ ਸੀ। ਉਹ ਬਾਹਰ ਤੱਕ ਮੇਰੇ ਨਾਲ ਗਿਆ ਤੇ ਮੈਨੂੰ ਟੈਕਸੀ 'ਚ ਬਿਠਾ ਆਇਆ। ਘੰਟੇ ਕੁ ਭਰ ਦੇ ਸਫਰ ਪਿੱਛੋਂ ਮੇਰੀ ਟੈਕਸੀ ਹੋਟਲ ਜਾ ਰੁਕੀ। ਅੱਗੇ ਜਿੰਜ਼ਾਲ ਬਾਹਰ ਹੀ ਖੜ੍ਹਾ ਮੈਨੂੰ ਉਡੀਕੀ ਜਾ ਰਿਹਾ ਸੀ। ਮੈਂ ਉਸ ਨੂੰ ਚੰਬੜਦਿਆਂ ਧਾਹਾਂ ਮਾਰਨ ਲੱਗੀ। ਉਸ ਨੇ ਮੈਨੂੰ ਬੁੱਕਲ 'ਚ ਲੈ ਕੇ ਚੁੱਪ ਕਰਵਾਇਆ ਤੇ ਫਿਰ ਉਪਰ ਕਮਰੇ 'ਚ ਲੈ ਗਿਆ। ਬਹੁਤ ਚਿਰ ਤੱਕ ਅਸੀਂ ਦੋਨੋਂ ਭੈਣ-ਭਰਾ ਪਰਿਵਾਰਕ ਮੈਂਬਰਾਂ ਦੀਆਂ ਗੱਲਾਂ ਕਰਦਿਆਂ ਵਿਰਲਾਪ ਕਰਦੇ ਰਹੇ। ਹੌਲੀ ਹੌਲੀ ਮਨਾਂ ਨੂੰ ਕੁਝ ਠਹਿਰਾ ਆਇਆ ਤੇ ਕਿਧਰੇ ਅੱਧੀ ਰਾਤ ਤੋਂ ਬਾਅਦ ਜਾ ਕੇ ਸੁੱਤੇ।

ਅਗਲੇ ਦਿਨ ਦੇਰ ਤੱਕ ਨੀਂਦ ਨਾ ਖੁੱਲ੍ਹੀ। ਜਦੋਂ ਜਾਗ ਆਈ ਤਾਂ ਦਿਨ ਕਾਫੀ ਚੜ੍ਹ ਆਇਆ ਸੀ। ਉਠਦਿਆਂ ਹੀ ਮੈਂ ਨਾਸਿਰ ਨੂੰ ਫੋਨ ਮਿਲਾਇਆ ਪਰ ਫੋਨ ਬੰਦ ਆ ਰਿਹਾ ਸੀ। ਫਿਰ ਮੈਂ ਨਹਾ ਧੋ ਕੇ ਤਿਆਰ ਹੋ ਗਈ। ਇੰਨੇ ਨੂੰ ਜਿੰਜ਼ਾਲ ਮੈਨੂੰ ਨਾਸ਼ਤਾ ਦੇ ਗਿਆ। ਨਾਸ਼ਤਾ ਵਗੈਰਾ ਮੁਕਾ ਕੇ ਮੈਂ ਫਿਰ ਤੋਂ ਨਾਸਿਰ ਨੂੰ ਫੋਨ ਕੀਤਾ। ਫੋਨ ਫਿਰ ਵੀ ਬੰਦ ਸੀ। ਮੈਂ ਪ੍ਰੇਸ਼ਾਨ ਹੋ ਗਈ। ਕੁਝ ਸੋਚਦਿਆਂ ਮੈਂ ਉਸ ਦੇ ਬਾਪ ਨੂੰ ਫੋਨ ਮਿਲਾਇਆ ਕਿ ਸ਼ਾਇਦ ਉਨ੍ਹਾਂ ਨੂੰ ਕੋਈ ਖਬਰ ਹੋਵੇ। ਪਰ ਇਹ ਫੋਨ ਵੀ ਬੰਦ ਸੀ।

ਖਾਲਿਦ ਦੇ ਫੋਨ ਦਾ ਵੀ ਇਹੋ ਹਾਲ ਸੀ। ਮੈਨੂੰ ਸਮਝ ਨਾ ਆਈ ਕਿ ਇਹ ਕੀ ਹੋ ਗਿਆ ਹੈ। ਫਿਰ ਖਿਆਲ ਆਇਆ ਕਿ ਸ਼ਾਇਦ ਉਧਰ ਵਲ ਦੇ ਫੋਨ ਸਿਸਟਮ 'ਚ ਕੋਈ ਖਰਾਬੀ ਹੋਵੇ। ਮਨ 'ਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਘੁੰਮਣ ਲੱਗੇ। ਕਦੇ ਮੈਂ ਆਪਣੇ ਆਪ ਨੂੰ ਧਰਵਾਸ ਦਿੰਦੀ ਤੇ ਕਦੇ ਪ੍ਰੇਸ਼ਾਨ ਹੋ ਜਾਂਦੀ। ਨਾਲ ਹੀ ਵਾਰ ਵਾਰ ਫੋਨ ਮਿਲਾਉਂਦੀ ਰਹੀ। ਇਸ ਬਾਰੇ ਜਿੰਜ਼ਾਲ ਵੀ ਪ੍ਰੇਸ਼ਾਨ ਸੀ। ਫਿਰ ਉਸ ਨੇ ਕਿਹਾ ਕਿ ਆਪਾਂ ਅੱਗੇ ਵਲ ਚੱਲੀਏ ਅਤੇ ਹੋ ਸਕਦਾ ਹੈ, ਉਦੋਂ ਤੱਕ ਫੋਨ ਵੀ ਮਿਲ ਜਾਵੇ। ਪਰ ਮੈਂ ਸਾਫ ਨਾਂਹ ਕਰ ਦਿੱਤੀ ਕਿ ਜਦੋਂ ਤੱਕ ਨਾਸਿਰ ਨਾਲ ਗੱਲ ਨਹੀਂ ਹੁੰਦੀ ਤੇ ਉਸ ਦੀ ਸੁੱਖ-ਸਾਂਦ ਦਾ ਪਤਾ ਨਹੀਂ ਲੱਗਦਾ, ਮੈਂ ਅਗਾਂਹ ਨਹੀਂ ਜਾਣਾ। ਵਕਤ ਬੀਤਦਾ ਰਿਹਾ ਪਰ ਫੋਨ ਨਾ ਮਿਲਿਆ। ਆਖਰ ਸ਼ਾਮ ਉਤਰ ਆਈ ਤੇ ਪਰਛਾਵੇਂ ਢਲਣ ਲੱਗੇ। ਉਦੋਂ ਹੀ ਜਿੰਜ਼ਾਲ ਢਿੱਲਾ ਜਿਹਾ ਤੁਰਦਾ ਕਮਰੇ 'ਚ ਆਇਆ ਤਾਂ ਮੈਂ ਉਦਾਸ ਆਵਾਜ਼ 'ਚ ਕਿਹਾ, “ਭਾਈ ਜਾਨ, ਸਵੇਰ ਤੋਂ ਸ਼ਾਮ ਹੋ ਗਈ ਪਰ ਨਾਸਿਰ ਦਾ ਫੋਨ ਲਗਾਤਾਰ ਬੰਦ ਆ ਰਿਹਾ ਐ। ਪਤਾ ਨ੍ਹੀਂ ਉਹ ਕਿੱਥੇ ਐ ਤੇ ਉਸ ਨਾਲ ਕਦੋਂ ਗੱਲ ਹੋਵੇਗੀ?”

“ਆਸਮਾ...।” ਇੰਨਾ ਕਹਿੰਦਿਆਂ ਜਿੰਜ਼ਾਲ ਰੁਕ ਗਿਆ ਤਾਂ ਮੈਂ ਉਸ ਦੇ ਚਿਹਰੇ ਵਲ ਝਾਕੀ। ਉਸ ਦੀਆਂ ਅੱਖਾਂ 'ਚ ਅੱਥਰੂ ਸਨ। ਉਹ ਕੰਬਦੀ ਆਵਾਜ਼ 'ਚ ਬੋਲਿਆ, “ਆਸਮਾ, ਨਾਸਿਰ ਨਾਲ ਤੇਰੀ ਹੁਣ ਕਦੇ ਵੀ ਗੱਲ ਨ੍ਹੀਂ ਹੋ ਸਕੇਗੀ...।”

“ਪਰ ਕਿਉਂ?”

“ਕਿਉਂਕਿ ਸਈਅਸ਼ ਵਾਲਿਆਂ ਨੇ ਉਸ ਨੂੰ ਅਤਿਵਾਦੀ ਕਹਿ ਕੇ ਮਾਰ ਮੁਕਾਇਆ ਐ।”

“ਹੈਂ! ਕੀ ਕਿਹਾ?” ਮੈਂ ਚੀਕਦਿਆਂ ਪੁੱਛਿਆ।

“ਹਾਂ, ਮੈਂ ਸਹੀ ਕਹਿ ਰਿਹਾਂ। ਟੀ. ਵੀ. 'ਤੇ ਖਬਰਾਂ ਆ ਰਹੀਆਂ ਨੇ।”

ਇੰਨਾ ਕਹਿੰਦਿਆਂ ਉਸ ਨੇ ਮੇਰੇ ਕਮਰੇ ਦਾ ਟੀ. ਵੀ. ਚਲਾ ਦਿੱਤਾ। ਖਬਰ ਆ ਰਹੀ ਸੀ, “ਕੁਰਦਸਤਾਨ ਸਰਕਾਰ ਦਾ ਇਕ ਹੋਰ ਮਾਅਰਕਾ। ਸ਼ਹਿਰ ਦੇ ਵੱਡੇ ਚੈਕ ਪੁਆਇੰਟ ਨੇੜੇ ਇਸਲਾਮਕ ਸਟੇਟ ਦਾ ਨਾਸਿਰ ਨਾਮੀਂ ਖਤਰਨਾਕ ਅਤਿਵਾਦੀ ਹਲਾਕ। ਉਹ ਸਈਅਸ਼ ਦੇ ਦਫਤਰ ਨੂੰ ਆਤਮਘਾਤੀ ਹਮਲੇ 'ਚ ਉਡਾਉਣ ਦੀ ਯੋਜਨਾ ਬਣਾ ਕੇ ਇੱਧਰ ਲੰਘਿਆ ਸੀ। ਮੌਕੇ ਸਿਰ ਪਤਾ ਲੱਗ ਜਾਣ 'ਤੇ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਅੱਗੋਂ ਉਸ ਨੇ ਹਮਲਾਵਰ ਰੁਖ ਅਖਤਿਆਰ ਕਰ ਲਿਆ ਤਾਂ ਸੁਰੱਖਿਆ ਫੋਰਸਾਂ ਨੇ ਉਸ ਨੂੰ ਢੇਰ ਕਰ ਦਿੱਤਾ...।”

ਸੁਣਦਿਆਂ ਹੀ ਮੈਂ ਧਾਹੀਂ ਰੋਣ ਲੱਗੀ। ਬੜੀ ਦੇਰ ਤੱਕ ਰੋਂਦੇ ਰਹਿਣ ਪਿੱਛੋਂ ਮਨ ਜ਼ਰਾ ਹੌਲਾ ਹੋਇਆ ਤਾਂ ਮੈਂ ਆਲੇ ਦੁਆਲੇ ਵੇਖਿਆ। ਬਾਹਰ ਹਨੇਰਾ ਉਤਰ ਆਇਆ ਸੀ। ਜਿੰਜ਼ਾਲ ਸਿਰਹਾਣੇ ਬੈਠਾ ਮੇਰੇ ਸਿਰ 'ਤੇ ਹੱਥ ਫੇਰ ਰਿਹਾ ਸੀ। ਮੈਂ ਰੋਂਦਿਆਂ ਪੁੱਛਿਆ, “ਭਾਈ ਜਾਨ, ਕਿਆਮਤ ਦੀ ਇਹ ਖੂਨੀ 'ਨੇਰੀ ਕਦੋਂ ਰੁਕੇਗੀ?”

“ਆਸਮਾ, ਆਪਾਂ ਗਰੀਬ ਲੋਕ ਬੇਵਸ ਆਂ। ਪਤਾ ਨ੍ਹੀਂ ਰੱਬ ਸੱਚੇ ਦੀ ਕੀ ਮਰਜ਼ੀ ਐ। ਚੱਲ ਖੜ੍ਹੀ ਹੋ, ਆਪਾਂ ਅਗਾਂਹ ਵੀ ਜਾਣੈਂ।”

ਮੈਂ ਉਵੇਂ ਬੈਠੀ ਰਹੀ। ਨਾ ਮੇਰੇ ਕੋਲੋਂ ਕੁਝ ਕਹਿ ਹੋਇਆ ਤੇ ਨਾ ਹੀ ਉਠ ਹੋਇਆ। ਜਿੰਜ਼ਾਲ ਨੇ ਫਿਰ ਤੋਂ ਪਿਆਰ ਨਾਲ ਕਿਹਾ, “ਉਠ ਮੇਰੀ ਬੀਬੀ ਭੈਣ। ਡਾਢੇ ਅੱਗੇ ਕੋਈ ਜ਼ੋਰ ਨ੍ਹੀਂ। ਆ ਚੱਲ ਆਪਾਂ ਅੱਗੇ ਦਾ ਸਫਰ ਸ਼ੁਰੂ ਕਰੀਏ।”

ਮੈਂ ਹੌਲੀ ਹੌਲੀ ਸੰਭਲੀ ਤੇ ਜਿੰਜ਼ਾਲ ਦੀ ਬਾਂਹ ਥੰਮੀ ਉਸ ਦੇ ਮਗਰ ਤੁਰ ਪਈ। ਪੌੜੀਆਂ ਉਤਰਦੇ ਹੇਠਾਂ ਪਹੁੰਚੇ ਤੇ ਬਾਹਰ ਵਲ ਨੂੰ ਤੁਰ ਪਏ। ਬਾਹਰ ਘੁੱਪ ਹਨੇਰਾ ਸੀ।

**(ਸਮਾਪਤ)**

---

**ਵਿਅੰਗ**

# ਭੇਤ ਵਾਲੀ ਗੱਲ

**ਬਲਰਾਜ ਸਿੰਘ**
ਫੋਨ: 91-93573-61417

ਅਸੀਂ ਪੂਰੇ ਚਾਲੀ ਵਰ੍ਹੇ ਭਾਂਤ-ਭਾਂਤ ਦੇ ਵਸਮੇ ਵਰਤ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਂਦੇ ਰਹੇ। ਵਾਲ ਸ਼ਾਹ ਕਾਲੇ ਹੋਣ ਕਰ ਕੇ ਲੋਕਾਂ ਨੂੰ ਸਾਡੀ ਅਸਲੀ ਉਮਰ ਬਾਰੇ ਅਕਸਰ ਹੀ ਭੁਲੇਖਾ ਪੈਂਦਾ ਰਿਹਾ ਤੇ ਉਹ ਇਸ ਬਾਰੇ ਭਾਂਤ ਭਾਂਤ ਦੀਆਂ ਕਿਆਸਅਰਾਈਆਂ ਲਾਉਂਦੇ ਰਹੇ। ਨਿਰੋਗੀ ਕਾਇਆ ਤੇ ਚੰਗਾ ਪਲਿਆ ਦੁੰਬੇ ਜਿਹਾ ਸਰੀਰ ਹੋਣ ਕਾਰਨ ਕੋਈ ਸਾਨੂੰ ਪੰਤਾਲੀ, ਕੋਈ ਚਾਲੀ ਤੇ ਕੋਈ ਤਾਂ ਪੈਂਤੀ ਵਰ੍ਹਿਆਂ ਦਾ ਹੀ ਸਮਝ ਲੈਂਦਾ। ਪੋਤੇ-ਪੋਤੀਆਂ ਵਾਲੇ ਹੋਣ ਸਦਕਾ ਆਪਣੀ ਇਸ ਮਾਣਮੱਤੀ ਪ੍ਰਾਪਤੀ 'ਤੇ ਅਸੀਂ ਮਨ 'ਚ ਲੱਡੂ ਭੋਰਦੇ ਰਹਿੰਦੇ ਤੇ ਅਜਿਹੇ ਭੋਲੇ ਲੋਕਾਂ ਦੀ ਹਾਂ ਵਿਚ ਹਾਂ ਮਿਲਾ ਕੇ ਅਥਾਹ ਖੁਸ਼ੀਆਂ, ਖੇੜਾ ਤੇ ਸਰੂਰ ਮਹਿਸੂਸ ਕਰਦੇ। ਲੋਕ ਸਾਡੀ ਉਮਰ ਜਿੰਨੀ ਘੱਟ ਦੱਸਦੇ, ਸਾਡਾ ਉਨਾ ਹੀ ਖੂਨ ਵਧ ਜਾਂਦਾ ਤੇ ਅਸੀਂ ਖੁਸ਼ੀ 'ਚ ਬੌਰੇ ਹੋ ਕੇ ਲੁੱਡੀਆਂ ਪਾਉਣ ਲੱਗ ਪੈਂਦੇ।

ਪਰ ਹੁਣ ਪਿਛਲੇ ਦੋ ਕੁ ਮਹੀਨਿਆਂ ਤੋਂ ਅਸੀਂ ਵਾਲਾਂ ਨੂੰ ਡਾਈ ਕਰਨਾ ਬੰਦ ਕਰ ਦਿੱਤਾ ਹੈ। ਹੁਣ ਸਾਡੇ ਸ਼ਾਹ ਕਾਲੇ ਵਾਲ ਬਗਲੇ ਵਾਂਗ ਚਿੱਟੇ ਦਿਸਣ ਲੱਗੇ ਹਨ। ਸਾਨੂੰ ਆਪਣੇ ਵਿਚ ਪਹਿਲਾਂ ਤੋਂ ਵਧੇਰੇ ਸਿਆਣਪ ਤੇ ਗੰਭੀਰਤਾ ਦਾ ਵੀ ਸੰਚਾਰ ਹੋਇਆ ਜਾਪਦਾ ਹੈ। ਸਾਡੇ ਪੈਰੀਂ ਹੱਥ ਲਾਉਣ ਵਾਲੇ ਤੇ ਮੱਥਾ ਟੇਕਣ ਵਾਲੇ ਹਜ਼ਾਰਾਂ ਲੋਕ ਵੀ ਰਾਤੋ-ਰਾਤ ਖੁੰਬਾਂ ਵਾਂਗ ਪ੍ਰਗਟ ਹੋ ਗਏ ਹਨ। ਸੱਚ ਜਾਣਿਓ, ਵਾਰ ਵਾਰ ਅਸੀਸਾਂ ਦਿੰਦੇ ਦਾ ਮੂੰਹ ਸੁੱਕ ਜਾਂਦਾ ਹੈ। ਗਲੀ ਦੇ ਸਿਆਣੇ ਬਜ਼ੁਰਗ, ਜੋ ਪਹਿਲਾਂ ਗਲਤਫਹਿਮੀ ਵਿਚ ਸਾਨੂੰ ਮੁੰਡਾ-ਖੁੰਡਾ ਸਮਝ ਕੇ ਸਾਡੇ ਤੋਂ ਪਾਸਾ ਵੱਟਦੇ ਸਨ, ਹੁਣ ਸਾਨੂੰ ਸਿਆਣਾ ਤੇ ਆਪਣਾ ਹਾਣੀ ਸਮਝ ਕੇ ਸਾਡੇ ਨੇੜੇ-ਨੇੜੇ ਢੁੱਕਣ ਲੱਗ ਪਏ ਹਨ। ਕਈ ਬੁੱਢੇ ਆਪਣੀ ਕਬੀਲਦਾਰੀ ਦੇ ਮਸਲੇ ਅਤੇ ਕਈ ਹੋਰ ਸੋਚਵਾਨ ਕੌਮੀ ਤੇ ਕੌਮਾਂਤਰੀ ਮਸਲਿਆਂ ਬਾਰੇ ਵੀ ਵਿਚਾਰ ਵਟਾਂਦਰਾ ਕਰਨ ਲੱਗ ਪਏ ਹਨ। ਗਲੀ ਦੇ ਨਿੱਕੇ ਨਿਆਣੇ ਹੁਣ ਸਾਨੂੰ 'ਅੰਕਲ ਜੀ' ਨਹੀਂ ਸਗੋਂ 'ਬਾਬਾ ਜੀ' ਕਹਿ ਕੇ ਬੁਲਾਉਂਦੇ ਹਨ। ਇਸ ਤਰ੍ਹਾਂ ਸਾਡੀ ਸ਼ਖਸੀਅਤ ਪੂਰੀ ਤਰ੍ਹਾਂ ਬਦਲ ਗਈ ਹੈ। ਸਾਡਾ ਮਾਣ-ਸਨਮਾਨ ਵੀ ਪਹਿਲਾਂ ਤੋਂ ਕਈ ਗੁਣਾ ਵਧ ਗਿਆ ਹੈ।

ਅਸੀਂ ਤਾਂ ਬਾਗੋਬਾਗ ਹਾਂ, ਪਰ ਸਾਨੂੰ ਮਿਲਣ ਵਾਲੇ ਲੋਕਾਂ ਨੇ ਭਾਂਤ ਭਾਂਤ ਦੇ ਪ੍ਰਸ਼ਨ ਪੁੱਛ ਕੇ ਸਾਡਾ ਜਿਉਣਾ ਮੁਹਾਲ ਕਰ ਦਿੱਤਾ ਹੈ। ਕੱਲ ਹੀ ਸਾਡਾ ਇਕ ਪੁਰਾਣਾ ਜਮਾਤੀ ਸਾਨੂੰ ਬੱਸ ਅੱਡੇ 'ਤੇ ਮਿਲ ਪਿਆ। ਕੁਝ ਚਿਰ ਤਾਂ ਸਾਨੂੰ ਇਉਂ ਘੂਰਦਾ ਰਿਹਾ ਜਿਵੇਂ ਅਸੀਂ ਦੁਨੀਆਂ ਦੇ ਅੱਠਵੇਂ ਅਜੂਬੇ ਹੋਈਏ। ਫਿਰ ਪਛਾਣ ਕੇ ਕਹਿਣ ਲੱਗਾ, “ਮਾਸਟਰ ਜੀ! ਕੀ ਗੱਲ ਹੋ ਗਈ? ਜਵਾਂ ਈ ਬਗਲੇ ਬਣੇ ਫਿਰਦੇ ਓਂ। ਵਾਲ ਜਵਾਂ ਈ ਚਿੱਟੇ ਹੋ ਗਏ। ਤੁਸੀਂ ਤਾਂ ਦਿਨਾਂ 'ਚ ਹੀ ਬਿਰਧ ਜਿਹੇ ਹੋ ਗਏ। ਕੀ ਗੱਲ ਬਿਮਾਰ ਠਮਾਰ ਰਹਿੰਦੇ ਓਂ?”

ਜੀਅ ਤਾਂ ਕਰਦਾ ਸੀ ਕਿ ਕਹਿ ਦੇਈਏ, “ਬਿਮਾਰ ਠਮਾਰ ਹੋਣ ਸਾਡੇ ਦੁਸ਼ਮਣ, ਅਸੀਂ ਤਾਂ ਘੋੜੇ ਵਰਗੇ ਪਏ ਆਂ। ਬਿਰਧ ਤਾਂ ਅਸੀਂ ਭਾਈ ਪਿਛਲੇ ਤੀਹਾਂ ਸਾਲਾਂ ਤੋਂ ਹੀ ਹਾਂ, ਪਰ ਸਾਡੇ ਵਸਮੇ ਕਰਕੇ ਤੇਰੀਆਂ ਅੱਖਾਂ ਅੱਗੇ ਹੀ ਜਾਲਾ ਆਇਆ ਹੋਇਆ ਸੀ।” ਪਰ ਅੰਤਰ ਆਤਮਾ ਦੀ ਆਵਾਜ਼ ਸੀ ਕਿ ਪੜ੍ਹੇ-ਲਿਖੇ ਤੇ ਸਿਆਣੀ ਉਮਰ ਦੇ ਬੰਦੇ ਨੂੰ ਇਹੋ ਜਿਹੀ ਗੰਵਾਰਾਂ ਵਾਲੀ ਰੁੱਖੀ ਭਾਸ਼ਾ ਸ਼ੋਭਾ ਨਹੀਂ ਦਿੰਦੀ। ਸੋ ਦੜ ਵੱਟ ਕੇ ਵਿਚਾਰਾ ਜਿਹਾ ਮੂੰਹ ਬਣਾ ਕੇ ਕਹਿ ਦੇਈਦਾ ਹੈ, “ਯਾਰ, ਕੀ ਦੱਸੀਏ! ਦੋ ਕੁ ਮਹੀਨੇ ਤੋਂ ਨਜ਼ਲੇ-ਜ਼ੁਕਾਮ ਨੇ ਹੀ ਮੱਤ ਮਾਰੀ ਪਈ ਹੈ। ਨਾ ਠੀਕ ਹੁੰਦਾ ਹੈ, ਨਾ ਖਹਿੜਾ ਛੱਡਦਾ ਹੈ। ਸਿਰ ਪੋਲਾ ਕਰ ਛੱਡਿਐ। ਵਾਲ ਤਾਂ ਚਿੱਟੇ ਹੋਣੇ ਈ ਸੀ!”

ਸਾਡੀਆਂ ਗੱਲਾਂ ਸੁਣ ਕੇ ਅਗਲਾ ਹਮਦਰਦੀ ਨਾਲ ਜੀਭ ਨਾਲ ਪਚਾਕੇ ਜਿਹੇ ਵਜਾਉਂਦਾ ਪੱਤਰਾ ਵਾਚ ਜਾਂਦਾ ਹੈ।

ਜੇ ਸਾਡਾ ਕੋਈ ਹੋਰ ਜਾਣ-ਪਛਾਣ ਵਾਲਾ ਸਾਡੇ ਚਿੱਟੇ ਵਾਲਾਂ ਦਾ ਫਿਕਰ ਕਰਦਾ ਹੈ ਤਾਂ ਉਸ ਤੋਂ ਐਦਾਂ ਕਹਿ ਕੇ ਖਹਿੜਾ ਛੁਡਾ ਲਈਦੈ, “ਯਾਰ! ਤੈਨੂੰ ਤਾਂ ਪਤਾ ਈ ਐ, ਆਪਾਂ ਨੂੰ ਸੈਰ-ਸਪਾਟੇ ਦਾ ਸ਼ੌਕ ਐ। ਪਿਛਲੇ ਮਹੀਨੇ ਪੰਦਰਾਂ ਕੁ ਦਿਨ ਲਈ ਜੈਪੁਰ ਚਲੇ ਗਏ। ਲੱਗਦਾ, ਉਥੋਂ ਦੇ ਪਾਣੀ ਨੇ ਹੀ ਇਹ ਕਹਿਰ ਢਾਹਿਐ। ਸ਼ਾਇਦ ਪਾਣੀ 'ਚ ਕੋਈ ਤੇਜ਼ਾਬੀ ਪਦਾਰਥ ਮਿਲਿਆ ਹੋਵੇ ਜਾਂ ਉਥੋਂ ਦੇ ਮੌਸਮ ਨੇ ਹੀ ਇਹ ਕਾਰਾ ਕੀਤਾ ਹੋਵੇ। ਖੈਰ! ਆਪਾਂ ਕਰ ਵੀ ਕੀ ਸਕਦੇ ਹਾਂ? ਹੁਣ ਤਾਂ ਰੋਂਦਿਆਂ ਪਿੱਟਦਿਆਂ ਇਹ ਨੁਕਸਾਨ ਝੱਲਣਾ ਹੀ ਪੈਣਾ। ਮੈਂ ਤਾਂ ਸੋਚਦਾਂ, ਇਸ ਨੁਕਸਾਨ ਦੀ ਭਰਪਾਈ ਲਈ ਰਾਜਸਥਾਨ ਸਰਕਾਰ 'ਤੇ ਮੁਕੱਦਮਾ ਹੀ ਠੋਕ ਦਿਆਂ। ਚੰਗੀ ਭਲੀ ਸ਼ਕਲ ਵਿਗਾੜ ਕੇ ਰੱਖ 'ਤੀ। ਜਵਾਨੋਂ ਬੁੱਢਾ ਬਣਾ ਕੇ ਰੱਖ 'ਤਾ।”

ਸਾਡੀਆਂ ਗੱਲਾਂ ਸੁਣ ਕੇ ਅਗਲਾ, “ਯਾਰ! ਊਂ ਗੱਲ ਤਾਂ ਤੇਰੀ ਠੀਕ ਲੱਗਦੀ ਐ। ਪ੍ਰਦੂਸ਼ਣ ਕਰਕੇ ਪਾਣੀ ਦਾ ਵੀ ਬੇੜਾ ਗਰਕ ਹੋਇਆ ਪਿਐ। ਸੌ ਵਿਸਵੇ ਇਹੀ ਗੱਲ ਐ। ਚਲੋ ਕੋਈ ਗੱਲ ਨ੍ਹੀਂ। ਊਂ ਤਾਂ ਚਿੱਟੇ ਵਾਲਾਂ ਨਾਲ ਬੰਦਾ ਸਿਆਣਾ ਲੱਗਦੈ” ਕਹਿ ਕੇ ਸਾਨੂੰ ਧਰਵਾਸਾ ਦਿੰਦਾ ਹੈ। ਫਿਰ ਸਾਡਾ ਢਿੱਲ੍ਹਾ ਜਿਹਾ ਮੂੰਹ ਦੇਖ ਕੇ ਉਹ ਸਾਨੂੰ ਵਾਲ ਕਾਲੇ ਕਰਨ ਵਾਲੀਆਂ ਸੌ ਤਰ੍ਹਾਂ ਦੀਆਂ ਅੰਗਰੇਜ਼ੀ ਤੇ ਦੇਸੀ ਦਵਾਈਆਂ ਅਤੇ ਤਲਿਸਮੀ ਜੜ੍ਹੀਆਂ-ਬੂਟੀਆਂ ਦੀ ਦੱਸ ਪਾਉਂਦਾ ਚਲਾ ਜਾਂਦਾ ਹੈ।

ਸਾਡੇ ਚਿੱਟੇ ਵਾਲਾਂ ਪ੍ਰਤੀ ਫਿਕਰਮੰਦ ਕਿਸੇ ਹੋਰ ਸੱਜਣ-ਮਿੱਤਰ ਤੋਂ ਇਹ ਕਹਿ ਕੇ ਖਹਿੜਾ ਛੁਡਾਈਦਾ ਹੈ, “ਯਾਰ, ਕੀ ਦੱਸੀਏ! ਲੱਗਦੈ ਕੋਈ ਚੀਜ਼ ਐਲਰਜੀ ਕਰ ਗਈ ਹੈ। ਕਦੇ ਏਧਰੋਂ-ਓਧਰੋਂ ਕੁਝ ਅਵੱਲਾ-ਸਵੱਲਾ ਖਾਧਾ ਵੀ ਨਹੀਂ। ਪਹਿਲਾਂ ਸਿਰ 'ਚ ਖੁਰਕ ਜਿਹੀ ਹੁੰਦੀ ਰਹੀ, ਫੇਰ 'ਕੇਰਾਂ ਸਾਰਾ ਸਿਰ ਚਿੱਟਾ ਹੋ ਗਿਆ। ਬਥੇਰੇ ਓਹੜ-ਪੋਹੜ ਕੀਤੇ, ਡਾਕਟਰਾਂ ਦੇ ਘਰ ਵੀ ਭਰੇ, ਪਰ ਕੋਈ ਫਰਕ ਨਾ ਪਿਆ। ਚਲੋ, ਜੋ ਵਾਹਿਗੁਰੂ ਨੂੰ ਭਾਵੇ! ਕਿਹੜਾ ਕੋਈ ਵਾਹ ਹੈ। ਦਿਨ ਮਾੜੇ ਹੋਣ ਤਾਂ ਊਠ 'ਤੇ ਬੈਠਿਆਂ ਨੂੰ ਵੀ ਕੁੱਤਾ ਚੱਕ ਵੱਢ ਜਾਂਦੈ। ਹੁਣ ਤਾਂ ਜੋ ਹੋ ਗਿਆ, ਸਹਾਰਨਾ ਹੀ ਪੈਣਾ। ਐਵੇਂ 'ਰੂੰ, ਰੂੰ' ਕਰਨ ਦਾ ਕੀ ਫਾਇਦਾ?”

ਸਾਡਾ ਸ਼ੁਭਚਿੰਤਕ ਸਿਆਣਿਆਂ ਵਾਂਗ ਸਿਰ ਹਿਲਾਉਂਦਾ ਸਾਡੀ ਹਾਂ ਵਿਚ ਹਾਂ ਮਿਲਾਉਂਦਾ ਚਲਾ ਜਾਂਦਾ ਹੈ।

ਹੁਣ ਤੁਹਾਡੇ ਤੋਂ ਕਾਹਦਾ ਲੁਕੋ ਹੈ? ਅਸੀਂ ਤਾਂ ਮਰਦਿਆਂ ਨੇ ਹੀ ਅੱਕ ਚੱਬਿਆ ਹੈ। ਬੇਵਸੀ ਵਿਚ ਹੀ ਵਸਮਾ ਲਾਉਣਾ ਬੰਦ ਕੀਤਾ ਹੈ। ਹੁਣ ਇਸ ਢਲਦੀ ਉਮਰੇ ਹਰ ਖਿਜ਼ਾਬ ਚਮੜੀ 'ਤੇ ਧੱਫੜ ਕਰ ਦਿੰਦਾ ਹੈ। ਸਾਰੇ ਸਰੀਰ 'ਤੇ ਖੁਰਕ ਹੋਣੀ ਸ਼ੁਰੂ ਹੋ ਜਾਂਦੀ ਹੈ। ਮੂੰਹ ਸੁੱਜ ਕੇ ਭੜੋਲੇ ਵਰਗਾ ਹੋ ਜਾਂਦਾ ਹੈ। ਬੁਢਾਪੇ ਕਾਰਨ ਕਮਜ਼ੋਰ ਹੋਈ ਨਜ਼ਰ ਹੋਰ ਕਮਜ਼ੋਰ ਹੋਈ ਜਾ ਰਹੀ ਹੈ। ਡਾਕਟਰ ਨੇ ਸਾਫ ਕਹਿ ਦਿੱਤਾ ਹੈ ਕਿ ਮਾਸਟਰ ਜੀ, ਵਸਮਾ ਵਰਤਣਾ ਬੰਦ ਕਰ ਦਿਓ, ਨਹੀਂ ਤਾਂ ਅੱਖਾਂ ਤੋਂ ਹੱਥ ਧੋ ਬੈਠੋਗੇ। ਸੋ ਹੁਣ ਵਸਮਾ ਲਾਉਣਾ ਬੰਦ ਕਰਨਾ ਸਾਡੀ ਮਜਬੂਰੀ ਹੈ। ਦਿਲ ਤਾਂ ਅਜੇ ਵੀ ਡਾਈ ਵਰਤ ਕੇ ਜਵਾਨ ਦਿਸਣ ਨੂੰ ਲੂਹਰੀਆਂ ਲੈਂਦਾ ਹੈ। ਹਾੜੇ! ਹਾੜੇ! ਸਾਡੀ ਇਹ ਭੇਤ ਵਾਲੀ ਗੱਲ ਅੱਗੇ ਨਾ ਦੱਸਣਾ।

## ਗਦਰ ਦੀਆਂ ਗੱਲਾਂ

# ਫੁਰਸਤ

**ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨੇਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। ਫੁਰਸਤ' ਲੇਖ ਵਿਚ ਗਦਰ ਦਾ ਸਾਰਾ ਸੁੱਚਾ ਖਿਆਲ ਠਾਠਾਂ ਮਾਰ ਰਿਹਾ ਹੈ। -ਸੰਪਾਦਕ**

*(15 ਨਵੰਬਰ 1914 ਨੂੰ ਛਪਿਆ)*

ਫੁਰਸਤ ਬੜੀ ਨਿਆਮਤ ਹੈ, ਫੁਰਸਤ ਬੜੀ ਦੌਲਤ ਹੈ, ਇਹ ਉਹ ਕੀਮਤੀ ਦਵਾਈ ਹੈ, ਜੋ ਉਜਾੜ ਭਜਾੜ ਥੱਕੇ ਮੰਦੇ ਮੁਸਾਫਿਰ ਨੂੰ ਫੇਰ ਪਹਿਲੇ ਦੀ ਤਰ੍ਹਾਂ ਕਰ ਦਿੰਦੀ ਹੈ, ਯਾਨੀ ਥਕਾਵਟ ਉਤਾਰ ਦਿੰਦੀ ਹੈ। ਇਹ ਉਹ ਤੇਲ ਹੈ ਜਿਸ ਦੇ ਨਾਲ ਉੱਨਤੀ ਅਤੇ ਸਭਿਅਤਾ ਦੀ ਮਸ਼ਾਲ ਜਲਦੀ ਹੈ ਅਤੇ ਰੋਸ਼ਨ ਰਹਿੰਦੀ ਹੈ। ਜੇ ਇਹ ਤੇਲ ਮੁਕ ਜਾਵੇ ਤਾਂ ਉੱਨਤੀ ਕੀਤੀ ਹੋਈ ਦੁਨੀਆਂ ਫੇਰ ਵਹਿਸ਼ਤ ਦੇ ਹਨ੍ਹੇਰੇ ਵਿਚ ਡੁੱਬ ਜਾਏ।

ਮੁਨਸ਼ਾਪਨ ਦੀ ਪ੍ਰੀਖਿਆ ਫੁਰਸਤ ਹੈ। ਜੇ ਕਾਲੀਦਾਸ ਨੂੰ ਫੁਰਸਤ ਨਾ ਹੁੰਦੀ ਤਾਂ ਸ਼ਕੁੰਤਲਾ ਕੌਣ ਲਿਖਦਾ? ਜੇ ਡਾਰਵਨ ਨੂੰ ਫੁਰਸਤ ਨਾ ਹੁੰਦੀ ਤਾਂ ਉਸ ਦੀ ਬੇਕੀਮਤੀ ਤਸਵੀਰਾਂ ਕੌਣ ਬਣਾਉਂਦਾ। ਜੇ ਡਾਕਟਰ ਬੋਸ ਨੂੰ ਫੁਰਸਤ ਨਾ ਹੋਵੇ ਤਾਂ ਸਾਇੰਸ ਦੀ ਉੱਨਤੀ ਕਿਸ ਤਰ੍ਹਾਂ ਹੁੰਦੀ। ਜੇ ਦਿਮਾਗ ਵਾਲੇ ਦੇਸ਼ ਭਗਤਾਂ ਨੂੰ ਫੁਰਸਤ ਨਾ ਮਿਲੇ ਤਾਂ ਮੁਲਕ ਨੂੰ ਆਜ਼ਾਦ ਕਰਾਉਣ ਦੇ ਢੰਗ ਕੌਣ ਸੋਚੇ? ਮੁਲਕੀ ਅਤੇ ਸਮਾਜਿਕ ਕੰਮਾਂ 'ਤੇ ਗ਼ੌਰ ਕਰਨ ਵਾਸਤੇ ਫੁਰਸਤ ਦੀ ਬੜੀ ਲੋੜ ਹੈ। ਕਿਸੇ ਕੌਮ ਵਿਚ ਆਜ਼ਾਦੀ ਕਾਇਮ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਕੌਮ ਦੇ ਆਦਮੀਆਂ ਨੂੰ ਕੰਮ ਤੋਂ ਫੁਰਸਤ ਮਿਲੇ ਕਿ ਉਹ ਮੁਲਕੀ ਕੰਮਾਂ 'ਤੇ ਗੌਰ ਕਰਕੇ ਆਪਣੀ ਰਾਇ ਕਾਇਮ ਕਰ ਸਕਣ ਅਤੇ ਪੂਰੇ ਤੌਰ 'ਤੇ ਆਪਣੀ ਰਾਏ ਦੇ ਸਕਣ।

ਮੁਲਕੀ ਆਜ਼ਾਦੀ ਦੇ ਮਾਇਨੇ ਇਹ ਹਨ ਕਿ ਮੁਲਕ ਦੀ ਹਕੂਮਤ ਸਭ ਦੀ ਰਾਏ 'ਤੇ ਹੋਵੇ। ਬਿਨਾਂ ਫੁਰਸਤ ਮਿਲਣ ਦੇ ਮੁਲਕੀ ਕੰਮਾਂ 'ਤੇ ਕੌਣ ਠੀਕ ਤਰ੍ਹਾਂ ਰਾਏ ਕਾਇਮ ਕਰ ਸਕਦਾ ਹੈ? ਫੁਰਸਤ ਦੀ ਤਲਾਸ਼ ਵਿਚ ਸਾਧੂ ਸੰਤ ਘਰ ਬਾਰ ਛੱਡ ਦਿੰਦੇ ਹਨ। ਫੁਰਸਤ ਦੀ ਤਲਾਸ਼ ਵਿਚ ਦੇਸ਼ ਦੇ ਪਿਆਰੇ ਫਕੀਰੀ ਅਖਤਿਆਰ ਕਰਦੇ ਹਨ। ਗ੍ਰਿਹਿਸਤੀ ਪ੍ਰਾਰਥਨਾ ਕਰਦਾ ਹੈ ਕਿ ਉਸ ਨੂੰ ਭੀ ਫੁਰਸਤ ਮਿਲ ਜਾਵੇ। ਮਜ਼ਦੂਰ ਅਤੇ ਕਿਸਾਨ ਤਰਸਦੇ ਹਨ ਕਿ ਉਨ੍ਹਾਂ ਨੂੰ ਕੁਝ ਫੁਰਸਤ ਮਿਲ ਜਾਵੇ, ਪਰ ਫੁਰਸਤ ਭਾਲਦਿਆਂ ਨੂੰ ਨਹੀਂ ਲਭਦੀ? ਮਿਲੇ ਕਿਸ ਤਰ੍ਹਾਂ? ਥੋੜ੍ਹੇ ਜਿਹੇ ਬਦਜ਼ਾਤ ਡਾਕੂਆਂ ਨੇ ਕੌਮ ਦੀ ਸਾਰੀ ਫੁਰਸਤ ਖੋਹ ਲਈ ਹੈ ਅਤੇ ਇਸ ਨੂੰ ਬੁਰੀ ਤਰ੍ਹਾਂ ਉਡਾਉਂਦੇ ਹਨ, ਬਰਬਾਦ



*ਇਕ ਭਾਰਤੀ ਬੰਦਰਗਾਹ ਉਤੇ ਕੰਮ ਕਰਦੇ ਭਾਰਤੀ ਕਾਮੇ।*

ਕਰਦੇ ਹਨ, ਇਸ ਗੱਲ ਨੂੰ ਸੋਚਣ ਤੋਂ ਪਹਿਲਾਂ ਕਿ ਇਹ ਲੁਟੇਰੇ ਕੌਣ ਹਨ ਅਤੇ ਉਨ੍ਹਾਂ ਨੇ ਕੰਮ ਦੀ ਫੁਰਸਤ ਕਿਸ ਤਰ੍ਹਾਂ ਲੈ ਲਈ ਹੈ, ਫੁਰਸਤ ਦੀ ਅਸਲੀਅਤ ਨੂੰ ਕੁਝ ਹੋਰ ਬਿਆਨ ਕਰ ਦੇਣਾ ਚਾਹੀਦਾ ਹੈ, ਦੁਨੀਆਂ ਵਿਚ ਫੁਰਸਤ ਇਤਨੀ ਘੱਟ ਹੈ ਕਿ ਲੋਕ ਫੁਰਸਤ ਦੇ ਮਾਇਨੇ ਭੀ ਨਹੀਂ ਸਮਝਦੇ। ਬਹੁਤੇ ਆਦਮੀ ਤਾਂ ਸੁਸਤੀ ਨੂੰ ਫੁਰਸਤ ਸਮਝ ਲੈਂਦੇ ਹਨ। ਸੁਸਤੀ ਅਤੇ ਫੁਰਸਤ ਵਿਚ ਇਤਨਾ ਫਰਕ ਹੈ ਕਿ ਜਿਤਨਾ ਪੰਸਾਰੀ ਦੀ ਸੜੀ ਹਲਦੀ ਅਤੇ ਕਸ਼ਮੀਰ ਦੇ ਨਾਦਰ ਕੇਸਰ (ਜੇਅਫਰਾਨ) (ਕੇਸਰ) ਵਿਚ। ਸੁਸਤੀ ਹਿੰਦੁਸਤਾਨ ਵਿਚ ਬਹੁਤ ਹੈ ਕਿ ਫੁਰਸਤ ਤਲਾਸ਼ ਕੀਤੇ ਨਹੀਂ ਮਿਲਦੀ। ਫੁਰਸਤ ਕਿਸ ਨੂੰ ਕਹਿੰਦੇ ਹਨ- ਜਿਹੜਾ ਵੇਲਾ ਅਤੇ ਸ਼ਕਤੀ ਕੋਈ ਕਮਾਉਣ ਦਾ ਬੰਦ ਕਰਕੇ ਆਪਣੇ ਜਿਸਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਕੇ, ਆਦਮੀ ਦੇ ਕੋਲ ਬਾਕੀ ਬਚ ਜਾਏ, ਉਹ ਫੁਰਸਤ ਹੈ। ਜਦੋਂ ਆਦਮੀ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਭਰ ਚੁੱਕਦਾ ਹੈ, ਤਨ ਢੱਕ ਚੁਕਦਾ ਹੈ, ਰਹਿਣ ਦਾ ਪੂਰਾ ਬੰਦੋਬਸਤ ਕਰ ਚੁੱਕਦਾ ਹੈ, ਉਸ ਵੇਲੇ ਜੋ ਸ਼ਕਤੀ ਉਸ ਦੇ ਸਰੀਰ ਵਿਚ ਬਾਕੀ ਰਹਿੰਦੀ ਹੈ, ਉਸ ਦਾ ਉਹ ਮਾਲਕ ਹੈ, ਇਹ ਤਾਕਤ ਅਤੇ ਸ਼ਕਤੀ ਫੁਰਸਤ ਹੈ। ਆਦਮੀ ਦਾ ਫਰਜ਼ ਹੈ ਕਿ ਇਸ ਸ਼ਕਤੀ ਨੂੰ ਆਪਣੀ ਅਖਲਾਕੀ-ਦਿਮਾਗੀ ਅਤੇ ਜਿਸਮਾਨੀ ਉੱਨਤੀ ਕਰਨ ਵਿਚ ਖਰਚ ਕਰੇ। ਇਸ ਤੋਂ ਕੌਮ ਦਾ ਫਾਇਦਾ ਹੋ ਸਕਦਾ ਹੈ। ਫੁਰਸਤ ਨੂੰ ਠੀਕ ਤਰ੍ਹਾਂ ਵਰਤਣਾ ਜ਼ਿੰਦਗੀ ਦਾ ਬੜਾ ਹੁਨਰ ਹੈ। ਬਿਨਾਂ ਵਿਦਿਆ ਦੇ ਇਹ ਨਹੀਂ ਆਉਂਦਾ ਅਤੇ ਵਿਦਿਆ ਦੇ ਵਾਸਤੇ ਖੁਦ ਫੁਰਸਤ ਚਾਹੀਦੀ ਹੈ। ਦੇਖੋ ਹੁਣ ਕਿ ਫੁਰਸਤ ਮੁਲਕ ਵਿਚ ਹੈ ਤਾਂ ਕਿਧਰ ਅਤੇ ਕਿਸ ਤਰ੍ਹਾਂ ਦੀ।

ਅੱਛੀ ਤਰ੍ਹਾਂ ਮਾਲੂਮ ਹੈ ਕਿ ਫੁਰਸਤ ਉਨ੍ਹਾਂ ਆਦਮੀਆਂ ਨੂੰ ਹੈ, ਜਿਹੜੇ ਸ਼ਾਹੂਕਾਰ ਹਨ, ਉਨ੍ਹਾਂ ਵਿਚ ਪਹਿਲਾਂ ਤਾਂ ਸੁਖ ਅੰਗਰੇਜ਼ਾਂ ਵਿਚ ਜਿਨ੍ਹਾਂ ਨੂੰ ਬਹੁਤੀਆਂ ਬਹੁਤੀਆਂ ਤਲਬਾਂ ਮਿਲਦੀਆਂ ਹਨ, ਇਨ੍ਹਾਂ ਦਾ ਕੰਮ ਇਹੀ ਹੈ ਕਿ ਆਨੰਦ ਭੋਗਣ, ਦਿਨ ਰਾਤ ਅਜਿਹੀਆਂ ਗੱਲਾਂ ਸੋਚਣ, ਜਿਨ੍ਹਾਂ ਨਾਲ ਹਿੰਦੁਸਤਾਨ ਗੁਲਾਮੀ ਦੇ ਫੰਦੇ ਵਿਚ ਬਹੁਤਾ ਜਕੜਿਆ ਜਾਵੇ। ਇਹ ਤਾਂ ਮੁਲਕ ਦੇ ਵੈਰੀ ਹਨ ਹੀ, ਉਨ੍ਹਾਂ ਨੂੰ ਹਰ ਵਕਤ ਫੁਰਸਤ ਹੈ ਕਿਉਂਕਿ ਮੋਟੀ ਮਜ਼ਦੂਰੀ ਦਾ ਕੋਈ ਕੰਮ ਕਰਦੇ ਹੀ ਨਹੀਂ ਅਤੇ ਉਨ੍ਹਾਂ ਦੀ ਸਾਰੀ ਫੁਰਸਤ ਦੇਸ਼ ਦੇ ਵਾਸਤੇ ਕਤਲ ਕਰਨ ਵਾਲੀ ਜ਼ਹਿਰ ਹੈ।

ਫੇਰ ਸਾਡੇ ਦੇਸੀ ਰਾਜੇ ਮਹਾਰਾਜੇ ਆਏ, ਉਨ੍ਹਾਂ ਨੂੰ ਫੁਰਸਤ ਹੀ ਫੁਰਸਤ ਹੈ। ਇਹ 700 ਰਾਜੇ ਅਤੇ ਨਵਾਬ ਕੋਈ ਅਜਿਹਾ ਕੰਮ ਨਹੀਂ ਕਰਦੇ, ਜਿਸ ਤੋਂ ਕੌਮ ਦੀ ਮਾਇਆ ਵਧੇ, ਯਾਨੀ ਰੋਟੀ ਕਮਾਉਣ ਵਿਚ ਉਨ੍ਹਾਂ ਦਾ ਕੋਈ ਹਿੱਸਾ ਨਹੀਂ, ਖਾਣ ਨੂੰ ਸਭ ਤੋਂ ਪਹਿਲਾਂ ਇਨ੍ਹਾਂ ਨੂੰ ਜੋ ਫੁਰਸਤ ਹੈ, ਉਸ ਤੋਂ ਕੌਮ ਨੂੰ ਕੀ ਲਾਭ ਹੈ? ਇਹ ਸ਼ਾਹੂਕਾਰ ਵਿਚ ਫਰਕ ਪਾ ਦਿੰਦਾ ਹੈ। ਉਨ੍ਹਾਂ ਦੀ ਇੱਜ਼ਤ ਘੱਟ ਕਰਦਾ ਹੈ:

ਹਿੰਦੁਸਤਾਨ ਵਿਚ ਤਾਂ ਨਵਾਬੀ ਕਹਿੰਦੇ ਹੀ ਉਸ ਨੂੰ ਹਨ ਕਿ ਕੋਈ ਅੱਧਾ ਕੰਮ ਨਾ ਕੀਤਾ ਜਾਵੇ। ਇਸ ਵਾਸਤੇ ਸਾਡੇ ਸ਼ਾਹੂਕਾਰਾਂ ਦਾ ਸਾਰਾ ਵਕਤ ਅਜਿਹੇ ਕੰਮਾਂ ਵਿਚ ਹੀ ਬਤੀਤ ਹੁੰਦਾ ਹੈ ਜਿਸ ਤੋਂ ਨਾ ਉਨ੍ਹਾਂ ਅਤੇ ਨਾ ਕਿਸੇ ਹੋਰ ਨੂੰ ਕੁਝ ਲਾਭ ਹੋਵੇ। ਰੰਡੀਬਾਜ਼ੀ, ਸ਼ਰਾਬਖੋਰੀ, ਕਮਾਰਬਾਜ਼ੀ, ਘੋੜ ਦੌੜ, ਸ਼ਿਕਾਰ, ਹੀਜੜਿਆਂ ਅਤੇ ਨਟਾਂ ਦੇ ਤਮਾਸ਼ੇ- ਇਹ ਨਵਾਬੀ ਦਾ ਟਾਇਮ ਟੇਬਲ ਹੈ ਅਤੇ ਉਨ੍ਹਾਂ ਦੀ ਨਕਲ ਸਾਰੀ ਕੌਮ ਕਰਦੀ ਹੈ। ਜੋ ਰਾਜਾ ਕਰੇ ਸੋ ਪ੍ਰਜਾ ਕਰੇ। ਭਾਵੇਂ ਸੇਠ, ਮਹਾਜਨ, ਸ਼ਾਹੂਕਾਰ, ਜੋ ਸ਼ਾਹੂਕਾਰੇ ਵਿਚ ਰਾਜਿਆਂ, ਮਹਾਰਾਜਿਆਂ ਤੋਂ ਦੂਜੇ ਦਰਜੇ ਆਉਂਦੇ ਹਨ, ਸਾਰਾ ਰੁਪਿਆ ਬਦਕਾਰੀ ਵਖਾਵੇ ਅਤੇ ਸ਼ਾਨੋ ਸ਼ੌਕਤ ਵਿਚ ਖਰਚ ਕਰਦੇ ਹਨ, ਕਹਾਵਤ ਮਸ਼ਹੂਰ ਹੈ ਕਿ ਸ਼ਾਹੂਕਾਰ ਦੀ ਕਮਾਈ, ਬੀਮਾਰ ਜਾਂ ਮਕਾਨੇ ਨੇ ਖਾਈ।

ਅਮੀਰਾਂ, ਸੇਠਾਂ, ਸ਼ਾਹੂਕਾਰਾਂ ਅਤੇ ਜ਼ਿਮੀਦਾਰਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਕ ਲੱਖ ਭੀ ਨਹੀਂ। ਉਨ੍ਹਾਂ ਦੇ ਪਿਛੋਂ ਵਿਦਵਾਨ ਜੱਥੇ ਦੇ ਆਦਮੀ ਥੋੜ੍ਹੇ ਸ਼ਾਹੂਕਾਰ ਹਨ, ਜਿਵੇਂ ਵਕੀਲ, ਡਾਕਟਰ, ਬੈਰਿਸਟਰ ਆਦਿਕ। ਇਨ੍ਹਾਂ ਆਦਮੀਆਂ ਨੂੰ ਇਤਨੀ ਫੁਰਸਤ ਨਹੀਂ ਜਿਤਨੀ ਸ਼ਾਹੂਕਾਰਾਂ ਨੂੰ ਅਤੇ ਜੋ ਕੁਝ ਫੁਰਸਤ ਉਨ੍ਹਾਂ ਨੂੰ ਮਿਲਦੀ ਹੈ, ਉਸ ਦਾ ਵਿਦਿਆਰਥੀ ਹੋਣ ਦੇ ਕਾਰਨ ਇਨ੍ਹਾਂ ਆਦਮੀਆਂ ਨੂੰ ਇਸਤੇਮਾਲ ਕਰਨਾ ਭੀ ਅੱਛਾ ਆਉਂਦਾ ਹੈ। ਇਸ ਜੱਥੇ ਵਿਚੋਂ ਹੀ ਕੌਮ ਦੇ ਕਈ ਸੱਚੇ ਦੇਸ਼ ਭਗਤ, ਸਮਾਜਿਕ-ਉਧਾਰਕ, ਮਾਨੀ ਉੱਨਤੀ-ਵਿਦਵਾਨ ਪੁਰਸ਼ ਜਿਵੇਂ ਡਾਕਟਰ ਬੋਸ ਆਦਿ ਨਿਕਲਦੇ ਹਨ, ਲੇਕਿਨ ਸਾਰੇ ਮਿਲਾ ਕੇ ਦੇਖਿਆ ਜਾਵੇ ਤਾਂ ਇਹ ਜੱਥਾ ਭੀ ਕੌਮ ਦੀ ਦੁਸ਼ਮਣੀ ਬਹੁਤੀ ਕਰਦਾ ਹੈ ਅਤੇ ਭਲਾਈ ਥੋੜ੍ਹੀ। ਇਹ ਉਹ ਫਿਰਕਾ ਹੈ ਜਿਸ ਵਿਚ ਰਾਏ ਬਹਾਦਰ ਅਤੇ ਖਾਨ ਬਹਾਦਰ ਅਤੇ ਸੀ.ਆਈ.ਏ. ਸ਼ਾਮਿਲ ਹਨ ਜਿਥੇ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਦੇ ਪਿਛੋਂ ਉਹ ਪੜ੍ਹੇ ਲਿਖੇ ਪੁਰਸ਼ ਆਉਂਦੇ ਹਨ ਜੋ ਦਰਮਿਆਨੇ ਦਰਜੇ ਦੀ ਹੈਸੀਅਤ ਦੇ ਪੁਰਸ਼ ਹਨ। ਬਾਬੂ ਸਾਹਿਬਾਨ, ਡਾਕਟਰ, ਵਕੀਲ, ਮਾਸਟਰ, ਪ੍ਰੋਫੈਸਰ, ਸਰਕਾਰੀ ਨੌਕਰ, ਦਫਤਰਾਂ ਦੇ ਮੁਨਸ਼ੀ ਆਦਿ। ਇਨ੍ਹਾਂ ਵਿਚਾਰਿਆਂ ਨੂੰ ਬਹੁਤ ਥੋੜ੍ਹੀ ਫੁਰਸਤ ਮਿਲਦੀ ਹੈ, ਰੋਟੀ ਕਮਾਉਣ ਅਤੇ ਖਾਣ ਵਿਚ ਹੀ ਵਕਤ ਗੁਜ਼ਰ ਜਾਂਦਾ ਹੈ ਅਤੇ ਰੋਟੀ ਭੀ ਪੂਰੀ ਤਰ੍ਹਾਂ ਨਹੀਂ ਮਿਲਦੀ ਲੇਕਿਨ ਇਸ ਜੱਥੇ ਵਿਚ ਵਿਦਿਆ ਦੀ ਰੋਸ਼ਨੀ ਹੈ ਤੇ ਥੋੜ੍ਹੀ ਬਹੁਤ ਫੁਰਸਤ ਜੋ ਉਨ੍ਹਾਂ ਨੂੰ ਮਿਲਦੀ ਹੈ, ਉਸ ਨੂੰ ਚੰਗੀ ਤਰ੍ਹਾਂ ਖਰਚ ਕਰਨ ਜਾਂਦੇ ਹਨ, ਪਰ ਉਨ੍ਹਾਂ ਦੀ ਫੁਰਸਤ ਬਸ ਇਤਨੀ ਹੈ ਕਿ ਐਤਵਾਰ ਨੂੰ ਅੱਧੇ ਦਿਨ ਦੀ ਛੁੱਟੀ ਮਨਾ ਲੈਣ। ਉਨ੍ਹਾਂ ਦਾ ਜੀਅ ਚਾਹੁੰਦਾ ਹੈ ਕਿ ਕੌਮ ਦੀ ਸੇਵਾ ਕਰੀਏ ਲੇਕਿਨ ਇਸ ਦੇ ਵਾਸਤੇ ਫੁਰਸਤ ਕਿੱਥੋਂ ਲਿਆਉਣ। ਭਾਵੇਂ ਕੋਈ ਗੈਰ ਮਾਮੂਲੀ ਹਥਿਆਰ ਅਤੇ ਦਲੇਰ ਦੇਸ਼ ਭਗਤ ਕੌਮ ਦੀ ਸੇਵਾ ਵਾਸਤੇ ਇਸ ਤਰ੍ਹਾਂ ਫੁਰਸਤ ਕੱਢਦੇ ਹਨ ਕਿ ਘਰ ਬਾਹਰ, ਔਰਤ, ਬੱਚੇ, ਭਾਈਬੰਦ, ਸਭਨਾਂ ਨੂੰ ਤਿਆਗ ਦਿੰਦੇ ਹਨ ਅਤੇ ਆਪ ਦੀਆਂ ਜਿਸਮਾਨੀ ਜ਼ਰੂਰਤਾਂ ਨੂੰ ਭੀ ਬਹੁਤ ਘਟਾ ਦਿੰਦੇ ਹਨ, ਰੁੱਖਾ ਸੁੱਕਾ ਖਾਣਾ ਖਾਂਦੇ ਹਨ, ਠੰਢੀ ਭੂਮੀ ਉਤੇ ਸੌਂਦੇ ਹਨ, ਭੀਖ ਮੰਗ ਕੇ ਗੁਜ਼ਾਰਾ ਕਰਦੇ ਹਨ, ਅਰਬਿੰਦੋ ਘੋਸ਼, ਹਰਦਿਆਲ ਉਨ੍ਹਾਂ ਸੰਤਾਂ ਵਿਚੋਂ ਹਨ।

ਜੇਕਰ ਇਹ ਮਹਾਂਪੁਰਸ਼ ਰੋਟੀ ਕਮਾਉਣ ਲਗਣ ਤਾਂ ਦੇਸ਼ ਦੇ ਉਧਾਰ ਵਾਸਤੇ ਕੰਮ ਕੌਣ ਕਰੇ? ਹਾਏ ਕਿੰਨਾ ਅੱਛਾ ਤਰੀਕਾ ਹੈ, ਸਾਡੀ ਕੌਮ ਦਾ ਕਿ ਅਜਿਹੇ ਰਤਨਾਂ ਨੂੰ ਦੁੱਖਾਂ ਵਿਚ ਸੜਨ ਦੇਣ, ਪਰ ਇਸ ਦਾ ਜ਼ਿਕਰ ਅੱਗੇ ਕਰਾਂਗੇ, ਜਿਸ ਤਰ੍ਹਾਂ ਕੌਮ ਦੇ ਇਕ ਸਿਰੇ 'ਤੇ ਕੁਝ ਰਾਜੇ, ਨਵਾਬ, ਜ਼ਿਮੀਦਾਰ, ਸੇਠ ਜਿਹੜੇ ਵਿਆਜ ਅਤੇ ਕਿਰਾਏ ਖਾ ਕੇ ਮੋਟੇ ਮੋਟੇ ਹੋ ਗਏ ਹਨ, ਖਾਨ ਬਹਾਦਰ ਅਤੇ ਰਾਏ ਬਹਾਦਰ ਹਨ, ਜਿਨ੍ਹਾਂ ਨੂੰ ਫੁਰਸਤ ਮਿਲਦੀ ਹੈ, ਲੇਕਿਨ ਅਜਿਹੀ ਜਿਸ ਤੋਂ ਘਾਟਾ ਹੀ ਘਾਟਾ ਮਿਲਦਾ ਹੈ। ਇਸ ਤਰ੍ਹਾਂ ਕੌਮ ਦੇ ਦੂਜੇ ਸਿਰੇ 'ਤੇ ਭੀ ਯਾਨੀ ਗਰੀਬਾਂ ਵਿਚ ਅਜਿਹੇ ਪੁਰਸ਼ ਹਨ ਜਿਨ੍ਹਾਂ ਨੂੰ ਇਕ ਕਿਸਮ ਦੀ ਫੁਰਸਤ ਮਿਲਦੀ ਹੈ, ਜਿਸ 'ਤੇ ਕੌਮ ਨੂੰ ਘਾਟਾ ਹੀ ਘਾਟਾ ਅਤੇ ਲਾਭ ਕੁਝ ਨਹੀਂ। ਇਨ੍ਹਾਂ ਵਿਚ ਕੁਝ ਤਾਂ ਅਜਿਹੇ ਹਨ ਕਿ ਜੋ ਲਾਭਦਾਇਕ ਕੰਮ ਕਰ ਹੀ ਨਹੀਂ ਸਕਦੇ, ਜਿਵੇਂ ਕੋਈ ਮੁਜਰਮ ਪੇਸ਼ਾ ਜੱਥਾ ਅਤੇ ਕੋਈ ਅਜਿਹੇ ਪੁਰਸ਼ ਜੋ ਚਾਰ ਦਿਨ ਭੀ ਠੀਕ ਕੰਮ ਨਹੀਂ ਕਰ ਸਕਦੇ। ਭੁੱਖੇ ਮਰ ਜਾਂਦੇ ਹਨ, ਪਰ ਕੰਮ ਨਾ ਕਰਨ, ਜੇਲ੍ਹ ਅਤੇ ਪਾਗਲਖਾਨੇ ਵਿਚ ਚਲੇ ਗਏ ਹਨ। ਲੇਕਿਨ ਰੋਟੀ ਨਾ ਕਮਾਉਣ। ਇਨ੍ਹਾਂ ਪੁਰਸ਼ਾਂ ਦੀ ਗਿਣਤੀ ਭੀ ਖਾਸ ਕਰ ਬਹੁਤ ਹੈ।

ਲੇਕਿਨ ਇਕ ਬੜੀ ਤਦਾਦ ਯਾਨੀ ਗਿਣਤੀ ਤਾਂ ਹਿੰਦੁਸਤਾਨ ਵਿਚ ਉਨ੍ਹਾਂ ਪੁਰਸ਼ਾਂ ਦੀ ਹੈ, ਜਿਨ੍ਹਾਂ ਨੂੰ ਜ਼ਬਰਦਸਤੀ ਫੁਰਸਤ ਮਿਲਦੀ ਹੈ। ਯਾਨੀ ਰੁਜ਼ਗਾਰ ਹੀ ਨਹੀਂ ਮਿਲਦਾ, ਮਜ਼ਦੂਰੀ ਭਾਲਦੇ ਹਨ, ਕੰਮ ਦੀ ਤਲਾਸ਼ ਵਿਚ ਫਿਰਦੇ ਹਨ ਲੇਕਿਨ ਕੰਮ ਨਹੀਂ ਮਿਲਦਾ- ਅਣਵਸ ਨੂੰ ਭੁੱਖ ਮਰਦੇ ਹਨ। ਅੱਜ ਹਿੰਦੁਸਤਾਨ ਵਿਚ ਘੱਟ ਤੋਂ ਘੱਟ ਚਾਰ ਕਰੋੜ ਆਦਮੀ ਇਸ ਗਰੋਹ ਜੱਥੇ ਵਿਚ ਸ਼ਾਮਿਲ ਹਨ ਕਿ ਜਿਨ੍ਹਾਂ ਦੇ ਕੋਲ ਨਾ ਤਾਂ ਕੋਈ ਜ਼ਮੀਨ ਹੈ ਜਿਸ ਨੂੰ ਵਾਹ ਬੀਜ ਕੇ ਅਨਾਜ ਪੈਦਾ ਕਰਕੇ ਪੇਟ ਭਰ ਸਕਣ ਅਤੇ ਨਾ ਕੋਈ ਹੁਨਰ-ਵਿਦਿਆ ਉਨ੍ਹਾਂ ਨੂੰ ਅਜਿਹੀ ਆਉਂਦੀ ਹੈ ਜਿਸ ਦੇ ਜ਼ੋਰ ਨਾਲ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰ ਸਕਣ- ਸ਼ਹਿਰ ਦਰ ਖਲਕਤ ਕੰਮ ਦੇ ਵਾਸਤੇ ਠੋਕਰਾਂ ਖਾਂਦੀ ਫਿਰਦੀ ਹੈ। ਸਾਲ ਵਿਚ ਕੁਝ ਮਹੀਨਿਆਂ ਵਾਸਤੇ ਜੇ ਵਰਖਾ ਅੱਛੀ ਹੋ ਗਈ ਤਾਂ ਖੇਤੀ ਦੇ ਕੰਮ ਵਿਚੋਂ ਉਨ੍ਹਾਂ ਨੂੰ ਕੁਝ ਮਿਲ ਜਾਂਦਾ ਹੈ, ਨਹੀਂ ਤਾਂ ਲੱਖਾਂ ਦੀ ਗਿਣਤੀ ਵਿਚ ਕਾਲ ਦਾ ਸ਼ਿਕਾਰ ਹੋ ਕੇ ਇਸ ਦੁਨੀਆਂ ਤੋਂ ਕੌਮ ਨੂੰ ਬਦ ਦੁਆਵਾਂ ਦਿੰਦੇ ਮਰ ਜਾਂਦੇ ਹਨ। ਮਜ਼ਦੂਰੀ ਪੇਸ਼ੇ ਹਿੰਦ ਵਾਸੀਆਂ ਨੂੰ ਕੰਮ ਨਾ ਮਿਲਣ ਦੇ ਕਾਰਨ ਤੋਂ ਜਿਹੜੀ ਫੁਰਸਤ ਲਾਭ ਦੀ ਹੈ, ਉਹ ਫੁਰਸਤ ਨਹੀਂ ਮੌਤ ਹੈ।

ਫੁਰਸਤ ਤਾਂ ਪਿਛੋਂ ਮਿਲੇ, ਪਹਿਲਾਂ ਤਾਂ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ ਅਤੇ ਕਰੋੜਾਂ ਆਦਮੀ ਤਾਂ 24 ਘੰਟੇ ਹਮੇਸ਼ਾ ਕੰਮ ਕਰਕੇ ਭੀ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਪਾਲ ਲੈਣ ਤਾਂ ਬੜੀ ਖੁਦਕਿਸਮਤੀ ਸਮਝਦੇ ਹਨ।

ਮੁਲਕ ਦੇ ਬਹੁਤ ਆਦਮੀ ਤਾਂ ਮਜ਼ਦੂਰੀ ਪੇਸ਼ਾ ਕਰਦੇ ਹਨ। ਉਨ੍ਹਾਂ ਵਿਚ ਜਿਹੜੇ ਖੇਤੀ ਕਰਨ ਵਾਲੇ ਹਨ, ਉਨ੍ਹਾਂ ਦੀ ਅਜਿਹੀ ਬੁਰੀ ਹਾਲਤ ਹੁੰਦੀ ਹੈ, ਉਨ੍ਹਾਂ ਦੀ ਤਰਫ ਦਾ ਇਸ਼ਾਰਾ ਉਤੇ ਕੀਤਾ ਹੀ ਕੀਤਾ ਗਿਆ ਹੈ। ਦੂਸਰੀ ਤਰ੍ਹਾਂ ਦੇ ਮਜ਼ਦੂਰ ਉਹ ਹਨ, ਜਿਹੜੇ ਕਾਰਖਾਨਿਆਂ ਯਾਨੀ ਫੈਕਟਰੀਆਂ ਅਤੇ ਖਾਣਾਂ ਦੇ ਵਿਚ ਕੰਮ ਕਰਦੇ ਹਨ। ਉਨ੍ਹਾਂ ਦੀ



*ਅੰਗਰੇਜ਼ ਹਾਕਮਾਂ ਦੀਆਂ ਮਾਰੂ ਨੀਤੀਆਂ ਕਾਰਨ ਪਏ ਕਾਲ ਵਿਚ ਝੁਲਸੇ ਭਾਰਤੀ।*

ਕਿਵੇਂ ਹਾਲਤ ਹੈ, ਉਨ੍ਹਾਂ ਨੂੰ ਕਿਤਨੀ ਫੁਰਸਤ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਬੰਬਈ ਦੇ ਕੱਪੜੇ ਬਣਾਉਣ ਵਾਲੀਆਂ ਫੈਕਟਰੀਆਂ ਯਾਨੀ ਕਾਰਖਾਨਿਆਂ ਦੇ ਵਿਚ ਜੋ ਮਜ਼ਦੂਰਾਂ ਦਾ ਹਾਲ ਹੈ, ਉਨ੍ਹਾਂ ਦਾ ਹਾਲ ਵੇਖੋ:

1. ਮਰਦ ਮਜ਼ਦੂਰਾਂ ਨੂੰ 15 ਘੰਟੇ ਕੰਮ ਕਰਨਾ ਪੈਂਦਾ ਹੈ, ਯਾਨੀ ਸਵੇਰ ਦੇ ਪੰਜ ਵਜੇ ਤੋਂ ਰਾਤ ਦੇ ਅੱਠ ਵਜੇ ਤਕ, ਇਕ ਘੰਟੇ ਦੀ ਦੁਪਹਿਰ ਨੂੰ ਛੁੱਟੀ ਮਿਲਦੀ ਹੈ, ਜਿਸ ਵਿਚ ਥੋੜ੍ਹਾ ਜਿਹਾ ਖਾਣਾ ਖਾ ਲੈਂਦੇ ਹਨ।

2. ਔਰਤ ਮਜ਼ਦੂਰ ਕੰਮ ਦਸ ਘੰਟੇ ਕਰਦੀਆਂ ਹਨ ਅਤੇ ਛੋਟੇ ਬੱਚੇ ਭੀ ਕੰਮ ਕਰਦੇ ਹਨ। ਔਰਤਾਂ ਅਤੇ ਬੱਚੇ ਕੰਮ ਕਿਉਂ ਕਰਦੇ ਹਨ? ਇਸ ਵਾਸਤੇ ਕਿ ਆਦਮੀਆਂ ਨੂੰ ਇਤਨੀ ਕਾਫੀ ਤਲਬ ਯਾਨੀ ਮਜ਼ਦੂਰੀ ਨਹੀਂ ਮਿਲਦੀ ਜਿਸ ਤੋਂ ਆਪਣੇ ਘਰ ਵਾਲਿਆਂ ਦੇ ਪੇਟ ਭਰ ਸਕਣ। ਪੰਦਰਾਂ ਘੰਟੇ ਹਮੇਸ਼ਾ ਕੰਮ ਕਰਕੇ ਇਨ੍ਹਾਂ ਮਰਦਾਂ ਨੂੰ ਕੇਵਲ ਚੌਦਾਂ ਰੁਪਏ ਮਹੀਨੇ ਦੇ ਮਿਲਦੇ ਹਨ। ਵਿਚਾਰੀਆਂ ਔਰਤਾਂ ਨੂੰ ਕੇਵਲ ਸਾਢੇ ਸੱਤ ਰੁਪਏ ਮਹੀਨੇ ਦੇ ਮਿਲਦੇ ਹਨ ਅਤੇ ਬੱਚਿਆਂ ਨੂੰ ਕੁਲ ਤਿੰਨ ਰੁਪਏ ਮਹੀਨੇ ਦੇ ਮਿਲਦੇ ਹਨ। ਜਿਹੜਾ ਆਦਮੀ ਪੰਦਰਾਂ ਘੰਟੇ ਮਸ਼ੀਨਾਂ ਦਾ ਕੰਮ ਕਰਦਾ ਹੈ, ਉਸ ਨੂੰ ਫੁਰਸਤ ਸੁਫਨੇ ਵਿਚ ਭੀ ਨਹੀਂ ਮਿਲ ਸਕਦੀ। ਮਸ਼ੀਨ ਦਾ ਕੰਮ ਬੜਾ ਥਕਾਉਣ ਵਾਲਾ ਹੈ ਕਿਉਂਕਿ ਕੰਮ ਬੜੀ ਤੇਜ਼ੀ ਨਾਲ ਕਰਨਾ ਪੈਂਦਾ ਹੈ। ਦੂਸਰਾ ਇਸੀ ਵਿਚ ਆਦਮੀ ਨੂੰ ਹੱਥ ਪੈਰ ਹਿਲਾਉਣ ਦੀ ਭੀ ਜ਼ਰਾ ਆਜ਼ਾਦੀ ਨਹੀਂ ਕਿਉਂਕਿ ਆਦਮੀ ਨੂੰ ਕਲਾ ਦੀ ਗੁਲਾਮੀ ਕਰਨੀ ਪੈਂਦੀ ਹੈ। ਮਸ਼ੀਨ ਦਾ ਪਹੀਆ ਜੋ ਬੇਰੋਕ-ਟੋਕ ਇਕ ਰਫਤਾਰ ਚਲਦਾ ਹੈ ਅਤੇ ਮਜ਼ਦੂਰਾਂ ਨੂੰ ਵੀ ਭੀ ਪਹੀਏ ਦੇ ਨਾਲ ਨਾਲ ਪਹੀਏ ਦੇ ਵਾਂਗ ਕੰਮ ਵਿਚ ਲਗੇ ਰਹਿਣਾ ਪੈਂਦਾ ਹੈ। ਥੋੜ੍ਹੀ ਜਿਹੀ ਗਲਤੀ ਹੋਈ ਅਤੇ ਮਜ਼ਦੂਰ ਤੇ ਜੁਰਮਾਨਾ ਹੋਇਆ। ਬੰਬਈ ਦੀਆਂ ਫੈਕਟਰੀਆਂ ਵਿਚ ਗਰੀਬ ਮਜ਼ਦੂਰਾਂ 'ਤੇ ਹਮੇਸ਼ਾ ਜੁਰਮਾਨਾ ਹੁੰਦਾ ਹੈ।

ਬੇਸ਼ੱਕ ਇਸ ਤਰ੍ਹਾਂ ਦਾ ਕੰਮ ਕਰਨ ਨਾਲ ਉਨ੍ਹਾਂ ਆਦਮੀਆਂ ਨੂੰ ਸਖਤ ਥਕਾਵਟ ਹੋ ਜਾਂਦੀ ਹੈ, ਸਾਰਾ ਸਰੀਰ ਅਤੇ ਹਾਜ਼ਮਾ ਖਰਾਬ ਹੋ ਜਾਂਦਾ ਹੈ, ਜ਼ਿੰਦਗੀ ਤੇ ਉਦਾਸੀ ਦਾ ਪਰਦਾ ਛਾ ਜਾਂਦਾ ਹੈ, ਆਪਣੇ ਗਮ ਨੂੰ ਥੋੜ੍ਹਾ ਬਹੁਤ ਦੂਰ ਕਰਨ ਵਾਸਤੇ ਇਹ ਵਿਚਾਰੇ ਮਜ਼ਦੂਰ ਨਸ਼ਾ ਪੀਣ ਲਗਦੇ ਹਨ। ਕੋਈ ਤਾੜੀ ਪੀਂਦਾ ਹੈ, ਕੋਈ ਫੀਮ ਖਾਂਦਾ ਹੈ, ਕੋਈ ਭੰਗ ਪੀਂਦਾ ਹੈ, ਪਰ ਅੱਜ ਕੱਲ੍ਹ ਤਾਂ ਸ਼ਰਾਬ ਸਭ ਤੋਂ ਬਹੁਤੀ ਵਰਤੀ ਜਾਂਦੀ ਹੈ। ਜਿਹੜਾ ਬੰਬਈ ਦੀਆਂ ਫੈਕਟਰੀਆਂ ਦੇ ਮਜ਼ਦੂਰਾਂ ਦਾ ਹਾਲ ਹੈ, ਉਸ ਤਰ੍ਹਾਂ ਦੀ ਤਮਾਮ ਹੋਰਨਾਂ ਫੈਕਟਰੀਆਂ, ਕਾਰਖਾਨਿਆਂ ਅਤੇ ਖਾਣਾ ਵਿਚ ਕੰਮ ਕਰਨ ਵਾਲੇ ਆਦਮੀਆਂ ਦਾ ਹਾਲ ਹੈ ਕਿ ਇਨ੍ਹਾਂ ਵਿਚਾਰਿਆਂ ਨੂੰ ਫੁਰਸਤ ਮਿਲਣੀ ਤਾਂ ਇਕ ਪਾਸੇ ਰਹੀ, ਇਤਨੀ ਸਖਤ ਪਰੇਸ਼ਾਨੀ ਅਤੇ ਥਕਾਵਟ ਹੁੰਦੀ ਹੈ ਕਿ ਜਿਸ ਤੋਂ ਜ਼ਿੰਦਗੀ ਜੀਣ ਦੇ ਕਾਬਲ ਹੀ ਨਹੀਂ ਰਹਿੰਦੀ।

ਇਹ ਠੀਕ ਕੰਮ ਹੈ ਕਿ ਆਦਮੀ ਦੀ ਅਕਲ ਨੇ ਮਸ਼ੀਨ ਇਸ ਵਾਸਤੇ ਬਣਾਈ ਸੀ ਕਿ ਇਸ ਤੋਂ ਮਿਹਨਤ ਬਚੇ, ਲੇਕਿਨ ਇਸ ਤੋਂ ਕੰਮ ਕਰਨ ਵਾਲਿਆਂ ਦੀ ਮਜ਼ਦੂਰੀ ਹੋਰ ਭੀ ਵਧ ਗਈ, ਪੁਰਾਣੇ ਫੈਸ਼ਨ ਦੇ ਚਰਖੇ ਉਤੇ ਇਕ ਮਹੀਨੇ ਇਕ ਧੋਤੀ ਬਣਦੀ ਸੀ, ਹੁਣ ਇਕ ਘੰਟੇ ਵਿਚ ਅਣਗਿਣਤ ਧੋਤੀਆਂ ਕਲਾ ਦੇ ਨਾਲ ਬਣ ਜਾਂਦੀਆਂ ਲੇਕਿਨ ਫੇਰ ਭੀ ਜੋ ਮਜ਼ਦੂਰ ਕਲਾ 'ਤੇ ਕੰਮ ਕਰਦੇ ਹਨ ਤਾਂ ਆਪ ਧੋਤੀਆਂ ਬਣਾਉਂਦੇ ਹਨ ਤੇ ਉਹ ਆਪ ਨੰਗੇ ਰਹਿੰਦੇ ਹਨ, ਉਨ੍ਹਾਂ ਨੂੰ ਧੋਤੀ ਆਪਣਾ ਨੰਗ ਢੱਕਣ ਨੂੰ ਭੀ ਨਹੀਂ ਮਿਲਦੀ।

ਸੱਚ ਤਾਂ ਏਹੀ ਹੈ ਕਿ ਇਹ ਯਾਨੀ ਅਸੀਂ ਮਸ਼ੀਨ ਜਿਤਨੀ ਮਾਇਆ ਪੈਦਾ ਹੁੰਦੀ ਹੈ, ਉਹ ਉਨ੍ਹਾਂ ਮਜ਼ਦੂਰਾਂ ਨੂੰ ਨਹੀਂ ਦਿੱਤੀ ਜਾਂਦੀ, ਜਿਹੜੇ ਉਸ ਦੌਲਤ ਨੂੰ ਆਪਣੀ ਮਿਹਨਤ ਨਾਲ ਪੈਦਾ ਕਰਦੇ ਹਨ ਸਗੋਂ ਇਕ ਜਾਂ ਦੋ ਬਦਮਾਸ਼ਾਂ ਦੇ ਹੱਥ ਵਿਚ ਚਲੀ ਜਾਂਦੀ ਹੈ ਜੋ ਮਸ਼ੀਨ ਦੇ ਮਾਲਕ ਕਹਾਉਂਦੇ ਹਨ। ਅਜਿਹੇ ਆਦਮੀ ਬਹੁਤੇ ਤਾਂ ਅੰਗਰੇਜ਼ ਹਨ, ਜਿਵੇਂ ਕਾਨਪੁਰ ਅਤੇ ਧਾਰੀਵਾਲ ਦੇ ਸਾਰੇ ਕਾਰਖਾਨਿਆਂ ਦੇ ਮਾਲਕ ਅੰਗਰੇਜ਼ ਹਨ।

ਕੁਝ ਹੋਰ ਹਿੰਦੁਸਤਾਨੀ ਰਾਜੇ ਮਾਲਦਾਰ ਬਦਮਾਸ਼ ਭੀ ਹਨ, ਜਿਹੜੇ ਅੰਗਰੇਜ਼ੀ ਗਵਰਨਮੈਂਟ ਦੇ ਸਾਥੀ ਹਨ, ਗਵਰਨਮੈਂਟ ਦੇ ਵਫਦਾਰ ਕਹਾਉਂਦੇ ਹਨ, ਗਵਰਨਮੈਂਟ ਨੂੰ ਰਿਸ਼ਵਤਾਂ ਦੇ ਕੇ ਆਪਣਾ ਬਣਾ ਲੈਂਦੇ ਹਨ, ਉਨ੍ਹਾਂ ਨੂੰ ਸਰਕਾਰ ਦਾ ਖੈਰ ਖਵਾਹ ਅਤੇ ਕੌਮ ਦਾ ਵੈਰੀ ਸਮਝਦਾ ਹੈ, ਇਹ ਬਦਜ਼ਾਤ ਆਪਣੇ ਮਜ਼ਦੂਰਾਂ 'ਤੇ ਕਿਤਨਾ ਹੀ ਜ਼ੁਲਮ ਕਰਨ, ਉਹਨਾਂ ਤਾਂ ਕਿਤਨੇ ਹੀ ਘੰਟੇ ਕੰਮ ਲੈਣ, ਉਨ੍ਹਾਂ ਨੂੰ ਕਿਤਨੀ ਹੀ ਥੋੜ੍ਹੀ ਮਜ਼ਦੂਰੀ ਦੇਣ, ਗਵਰਨਮੈਂਟ ਇਨ੍ਹਾਂ ਨੂੰ ਨਹੀਂ ਮਿਲਦੀ।

ਬਸ ਇਹ ਸ਼ੈਤਾਨ ਜਿਹੜੇ ਖੁਦ ਕੁਝ ਕੰਮ

(ਅਗਲੇ ਸਫੇ 'ਤੇ ਜਾਰੀ)

# ਫੁਰਸਤ

*(ਪਿਛਲੇ ਸਫੇ ਦੀ ਬਾਕੀ)*

ਨਹੀਂ ਕਰਦੇ, ਗਰੀਬ ਮਜ਼ਦੂਰਾਂ ਤੋਂ ਦੌਲਤ ਪੈਦਾ ਕਰਾ ਕੇ ਸਾਰੀ ਮਾਇਆ ਆਪਣੇ ਹੱਥ ਲੈ ਲੈਂਦੇ ਹਨ ਅਤੇ ਗਰੀਬ ਮਜ਼ਦੂਰਾਂ ਨੂੰ ਸੁੱਕੇ ਟੁਕੜੇ ਦੇ ਕੇ ਠੋਕਰ ਮਾਰਦੇ ਹਨ। ਹਿੰਦੁਸਤਾਨ ਦੇ ਮਜ਼ਦੂਰਾਂ ਦੀ ਰਖਸ਼ਾ ਕਰਨ ਵਾਲੀ ਤਾਕਤ ਗਦਰ ਪਾਰਟੀ ਦੇ ਇਲਮ ਦੀ ਹੈ। ਹਿੰਦੁਸਤਾਨ ਦੇ ਮਜ਼ਦੂਰਾਂ ਦੀ (ਨੂੰ) ਗੁਲਾਮੀ ਅਤੇ ਭੁੱਖ ਤੋਂ ਕੱਢ ਕੇ ਪਾਰਟੀ ਆਜ਼ਾਦੀ ਅਤੇ ਫੁਰਸਤ ਬਖਸ਼ੇਗੀ।

ਹਿੰਦੁਸਤਾਨ ਦੇ ਗਰੀਬ ਮਜ਼ਦੂਰ ਭੀ ਇਸ ਗੱਲ ਨੂੰ ਅੱਛੀ ਤਰ੍ਹਾਂ ਜਾਣਦੇ ਹਨ। ਬੇਸ਼ੱਕ ਜਦੋਂ 1908 ਵਿਚ ਬਦਜ਼ਾਤ ਵੈਰੀ ਅੰਗਰੇਜ਼ਾਂ ਨੇ ਤਿਲਕ ਨੂੰ ਛੇ ਸਾਲ ਦੀ ਕੈਦ ਕਰ ਦਿੱਤੀ ਤਾਂ ਬੰਬਈ ਦੇ ਜੋ ਮਜ਼ਦੂਰ ਫੈਕਟਰੀ ਵਿਚ ਕੰਮ ਕਰਦੇ ਹਨ, ਉਨ੍ਹਾਂ ਨੇ ਛੇ ਦਿਨ ਇਕ ਛੋਟਾ ਜਿਹਾ ਗਦਰ ਮਚਾ ਰਖਿਆ ਸੀ। ਐ ਹਿੰਦੁਸਤਾਨ ਦੇ ਗਰੀਬ ਆਦਮੀਓ, ਤੁਸਾਂ ਜੋ ਅੱਜ ਭੁੱਖ ਦੇ ਮਾਰੇ ਤੜਪਦੇ ਫਿਰਦੇ ਹੋ, ਤੁਸੀਂ ਜੋ 24 ਘੰਟੇ ਹਮੇਸ਼ਾ ਕੰਮ ਕਰਕੇ ਆਪਣਾ ਅਤੇ ਆਪਣੇ ਟੱਬਰ ਦਾ ਪੇਟ ਨਹੀਂ ਭਰ ਸਕਦੇ, ਤੁਹਾਨੂੰ ਗਦਰ ਇਸ ਗੁਲਾਮੀ ਤੋਂ ਆਜ਼ਾਦ ਕਰਾਏਗਾ। ਗਦਰ ਦੇ ਮਗਰੋਂ ਜੋ ਕੌਮੀ ਰਾਜ ਕਾਇਮ ਹੋਵੇਗਾ, ਉਸ ਵਿਚ ਕਿਸੀ ਮਜ਼ਦੂਰ ਤੋਂ ਇਤਨਾ ਕੰਮ ਨਹੀਂ ਲਿਆ ਜਾਵੇ, ਜਿਸ ਤੋਂ ਉਹ ਬਿਲਕੁਲ ਥੱਕ ਜਾਵੇ। ਕਿਸੀ ਆਦਮੀ ਨੂੰ ਇਤਨੀ ਥੋੜ੍ਹੀ ਤਨਖਾਹ ਨਹੀਂ ਮਿਲੇਗੀ ਕਿ ਉਹ ਆਰਾਮ ਦੇ ਨਾਲ ਜ਼ਿੰਦਗੀ ਬਸਰ ਨਾ ਕਰ ਸਕਣ। ਛੇ ਜਾਂ ਸੱਤ ਘੰਟੇ ਤੋਂ ਬਹੁਤ ਨਿਤ ਕੰਮ ਕੋਈ ਆਦਮੀ ਨਹੀਂ ਕਰੇਗਾ। ਤਕਰੀਬਨ 200 ਰੁਪਏ (ਤੋਂ) ਘੱਟ ਮਜ਼ਦੂਰੀ ਇਕ ਮਹੀਨੇ ਦੀ ਕਿਸੇ ਮਜ਼ਦੂਰ ਨੂੰ ਨਹੀਂ ਮਿਲੇਗੀ। ਹਰ ਇਕ ਆਦਮੀ ਨੂੰ ਕੰਮ ਦਿੱਤਾ ਜਾਵੇਗਾ ਤੇ ਹਰ ਇਕ ਆਦਮੀ ਨੂੰ ਕਾਫੀ ਆਮਦਨੀ ਹੋਵੇਗੀ। ਹਰ ਇਕ ਸਖਸ਼ ਨੂੰ ਕੰਮ ਉਹੀ ਮਿਲੇਗਾ ਜਿਸ ਨੂੰ ਉਹ ਕਰ ਸਕੇ। ਅੱਜ ਦੁੱਖਾਂ ਦੀਆਂ ਮਾਰੀਆਂ ਹਿੰਦੁਸਤਾਨੀ ਔਰਤਾਂ ਇਹੋ ਜਿਹੇ ਸਖਤ ਕੰਮ ਕਰਦੀਆਂ ਹਨ ਜੋ ਕੁਵੱਤ ਵਾਲੇ ਮਰਦ ਭੀ ਨਹੀਂ ਕਰ ਸਕਦੇ। ਪੱਥਰ ਅਤੇ ਇੱਟਾਂ ਢੋਂਹਦੀਆਂ ਹਨ। ਫੈਕਟਰੀਆਂ ਵਿਚ ਕੰਮ ਕਰਦੀਆਂ ਹਨ ਜੋ ਚਾਰ ਆਨੇ ਦੀ ਖਾਤਿਰ ਆਪਣੀ ਇੱਜ਼ਤ ਭੀ ਵੇਚ ਦਿੰਦੀਆਂ ਹਨ। ਕੁਦਰਤ ਨੇ ਔਰਤ ਦੇ ਸਪੁਰਦ ਜੋ ਕੰਮ ਕੀਤਾ ਹੈ, ਉਹ ਇਹ ਕੌਮ ਦੀ ਨਸਲ ਵਧਾਵੇ ਅਤੇ ਅੱਛੇ ਅੱਛੇ ਕੰਮਾਂ ਵਿਚ ਆਪਣਾ ਵਕਤ ਖਰਚ ਕਰਨ, ਜਿਸ 'ਚ ਸਰੀਰ 'ਤੇ ਕੋਈ ਸਖਤੀ ਨਾ ਹੋਵੇ।

ਜਿਸ ਔਰਤ ਦੇ ਪੇਟ ਵਿਚ ਬੱਚਾ ਹੋਵੇ ਅਤੇ ਉਹ ਭਾਰ ਉਠਾਵੇ ਤਾਂ ਨਾ ਕੇਵਲ ਉਹ ਆਪਣਾ ਖੂਨ ਕਰਦੀ ਹੈ ਬਲਕਿ ਕੌਮ ਦੀ ਆਉਣ ਵਾਲੀ ਨਸਲ ਨੂੰ ਬਰਬਾਦ ਕਰਦੀ ਹੈ। ਹਿੰਦੁਸਤਾਨੀ ਕੌਮ ਦੀਆਂ ਉਹ ਔਰਤਾਂ ਭੀ ਜੋ ਘਰਾਂ ਵਿਚ ਹੀ ਰਹਿੰਦੀਆਂ ਹਨ, ਉਨ੍ਹਾਂ ਨੂੰ ਭੀ ਫੁਰਸਤ ਨਹੀਂ ਮਿਲਦੀ। ਘਰ ਦਾ ਕੰਮ ਜੋ ਮਾਮੂਲੀ ਕੰਮ ਕਹਾਉਂਦਾ ਹੈ, ਉਨ੍ਹਾਂ ਨਾਲ ਵੀ ਬੜਾ ਦੁੱਖ ਅਤੇ ਥਕਾਵਟ ਹੁੰਦੀ ਹੈ। ਗਰਮੀਆਂ ਦੀ ਰੁੱਤ ਨੂੰ ਸਾਰੇ ਘਰਵਾਲਿਆਂ ਦੇ ਵਾਸਤੇ ਛੇ ਘੰਟੇ ਹਮੇਸ਼ਾ ਅੱਗ ਦੇ ਸਾਹਮਣੇ ਬੈਠ ਕੇ ਰੋਟੀ ਪਕਾਉਣੀ, ਘਰ ਦੀ ਸਫਾਈ ਕਰਨੀ, ਚੱਕੀ ਪੀਸਣਾ, ਪਾਣੀ ਢੋਣਾ ਅਤੇ ਹਰ ਵੇਲੇ ਆਦਮੀਆਂ ਦੀ ਬੁਰੀਆਂ ਝਿੜਕਾਂ ਸਹਿਣੀਆਂ, ਹਾਏ ਇਹ ਕਿਹੀ ਤਕਲੀਫ ਹੈ: ਇਹ ਬਦਬਖਤ ਹਿੰਦੁਸਤਾਨ ਵਿਚ ਬੱਚਿਆਂ ਵੀ ਭੀ ਫੁਰਸਤ ਨਹੀਂ। ਛੋਟੀ ਉਮਰ ਵਿਚ ਹੀ ਬੱਚਿਆਂ ਨੂੰ ਮਜ਼ਦੂਰੀ ਦੇ ਕੰਮ ਵਿਚ ਜੋੜ ਦਿੱਤਾ ਜਾਂਦਾ ਹੈ ਅਤੇ ਔਖੇ ਤੋਂ ਔਖਾ ਕੰਮ ਉਨ੍ਹਾਂ ਨੂੰ ਕਰਨਾ ਪੈਂਦਾ ਹੈ, ਘਰਾਂ ਵਿਚ ਬਹੁਤੇ ਮੁਲਾਜ਼ਮ ਬੱਚੇ ਹੀ ਹੁੰਦੇ ਹਨ ਅਤੇ ਉਨ੍ਹਾਂ ਦੇ ਨਾਲ ਬੇਹੱਦ ਜ਼ੁਲਮ ਕੀਤਾ ਜਾਂਦਾ ਹੈ। ਦੋ ਜਾਂ ਤਿੰਨ ਰੁਪਏ ਮਹੀਨੇ 'ਤੇ ਲੜਕੇ ਸਵੇਰ ਤੋਂ ਰਾਤ ਦੇ ਪੰਦਰਾਂ ਘੰਟੇ ਸਗੋਂ ਇਸ ਤੋਂ ਭੀ ਬਹੁਤਾਂ ਤਰ੍ਹਾਂ ਤਰ੍ਹਾਂ ਦਾ ਨਿਕੰਮਾ ਕੰਮ ਕਰਦੇ ਹਨ ਅਤੇ ਫੇਰ ਭੀ ਮਾਲਕ ਦੀਆਂ ਗਾਲ੍ਹਾਂ ਸੁਣਦੇ ਹਨ ਬਲਕਿ ਥੱਪੜ ਅਤੇ ਮੁੱਕੇ ਭੀ ਖਾਂਦੇ ਹਨ। ਅਜਿਹੇ ਬਦਨਸੀਬ ਦੇਸ਼ ਵਿਚ ਜ਼ੋਰਦਾਰ, ਬਲਵਾਨ, ਜਵਾਨ ਕਿਉਂ ਘਰ ਪੈਦਾ ਹੋਣ। ਖਾਂਦੇ ਪੀਂਦੇ ਪੜ੍ਹੇ ਲਿਖੇ ਆਦਮੀਆਂ ਦੇ ਬੱਚਿਆਂ ਨੂੰ ਛੋਟੀ ਅਵਸਥਾ ਵਿਚ ਅੰਗਰੇਜ਼ੀ ਸਕੂਲਾਂ ਵਿਚ ਭੇਜਿਆ ਜਾਂਦਾ ਹੈ, ਜਿਥੇ ਉਨ੍ਹਾਂ ਨੂੰ ਛੋਟੀ ਉਮਰ ਵਿਚ ਪੜ੍ਹਾਈ ਦਾ ਭਾਰ ਅਤੇ ਮਾਸਟਰ ਦੀਆਂ ਝਿੜਕਾਂ ਮਾਰ ਦਿੰਦੀਆਂ ਹਨ। ਅੰਗਰੇਜ਼ੀ ਵਿਦਿਆ ਦਾ ਢੰਗ ਭੀ ਕੌਮ ਦੀ ਤਾਕਤ ਨੂੰ ਮਿਟਾ ਦੇਣ ਦਾ ਇੰਜਣ ਹੈ। ਹਿੰਦੁਸਤਾਨ ਵਿਚ ਬੱਚਿਆਂ ਨੂੰ ਭੀ ਫੁਰਸਤ ਨਹੀਂ ਮਿਲਦੀ। ਬੱਚਿਆਂ ਦਾ ਤਾਂ ਫੁਰਸਤ ਪਹਿਲਾ ਹੱਕ ਹੈ। ਕੁਦਰਤ ਨੇ ਬੱਚਿਆਂ ਦੇ ਵਾਸਤੇ ਜੋ ਕੰਮ ਪੈਦਾ ਕੀਤਾ ਹੈ, ਉਹ ਕੇਵਲ ਕੁਦਣਾ ਖੇਡਣਾ ਹੈ। ਖੇਡਣ ਕੁਦਣ ਨਾਲ ਹੱਥ ਪੈਰ ਖੁਲ੍ਹਦੇ ਹਨ, ਸਰੀਰ ਚੁਸਤ ਹੁੰਦਾ ਹੈ। ਸਾਰਾ ਖੇਡ ਕੁਦ ਅਥਵਾ ਜ਼ਿੰਦਗੀ ਦੀ ਤਿਆਰੀ ਹੈ। ਸੋਚਣ ਤੋਂ ਮਾਲੂਮ ਹੋਵੇਗਾ ਕਿ ਤਮਾਮ ਖੇਡ ਕੁਦ ਅਤੇ ਤਮਾਸ਼ਾ ਜ਼ਿੰਦਗੀ ਦੇ ਜ਼ਰੂਰੀ ਅਤੇ ਬੇਅੰਤ ਅੱਛੇ ਕੰਮਾਂ ਦੀਆਂ ਝੂਠੀਆਂ ਨਕਲਾਂ ਹੁੰਦੀਆਂ ਹਨ। ਜਿਵੇਂ ਫੁਟਬਾਲ ਦੀ ਖੇਡ ਲੜਾਈ ਦੀ ਝੂਠੀ ਨਕਲ ਹੈ। ਅੰਗਰੇਜ਼ਾਂ ਦੇ ਮਸ਼ਹੂਰ ਫੌਜੀ ਅਫਸਰ ਵੈਲਿੰਗਟਨ ਨੇ ਕਿਹਾ ਸੀ ਕਿ ਜੇ ਲੜਕਪਨ ਵਿਚ ਮੈਂ ਕ੍ਰਿਕਟ ਖੇਡਣਾ ਨਾ ਸਿਖਦਾ ਤਾਂ ਵਾਟਰਲੂ ਦੀ ਲੜਾਈ ਨਹੀਂ ਜਿੱਤ ਸਕਦਾ ਸੀ। ਜਦੋਂ ਤਕ ਹਿੰਦੁਸਤਾਨ ਦੀ ਗਰੀਬ ਪ੍ਰਜਾ ਹੈ, ਉਸ ਵੇਲੇ ਤਕ ਕੌਮ ਦੇ ਬੱਚਿਆਂ ਨੂੰ ਭੀ ਖੇਡ ਕੁਦ ਅਤੇ ਤਮਾਸ਼ਾ ਨਸੀਬ ਨਹੀਂ ਹੋ ਸਕਦਾ। ਅੰਗਰੇਜ਼ ਦੇ ਬਾਲ ਬੱਚਿਆਂ ਨੂੰ ਦੇਖੋ, ਕਿਹੋ ਜਿਹੀ ਮੌਜ ਨਾਲ ਖੇਡਦੇ ਕੁੱਦਦੇ ਫਿਰਦੇ ਹਨ। ਅਜਿਹਾ ਨਾ ਕਰਨ ਤਾਂ ਉਨ੍ਹਾਂ ਦੀ ਕੌਮ ਵਿਚ ਜਾਨ ਕਿਉਂ ਕਰ ਆਵੇ? ਅੰਗਰੇਜ਼ ਤਾਂ ਸਾਰੀ ਉਮਰ ਹੀ ਖੇਡਦੇ ਕੁੱਦਦੇ ਫਿਰਦੇ ਹਨ ਅਤੇ ਹਿੰਦੁਸਤਾਨ ਦੇ ਕੁਝ ਨਵਾਬ ਅਤੇ ਅਮੀਰ ਭੀ ਅਜਿਹਾ ਹੀ ਕਰਦੇ ਹਨ।

ਕਿਤਨਾ ਜ਼ੁਲਮ ਹੈ ਕਿ ਮੁਲਕ ਵਿਚ ਥੋੜ੍ਹੇ ਜਿਹੇ ਬਦਮਾਸ਼ ਤਾਂ ਅਜਿਹੇ ਹੋਣ ਜਿਨ੍ਹਾਂ ਨੂੰ ਜ਼ਿੰਦਗੀ ਵਿਚ ਸਿਵਾਏ ਖੇਡਣ ਕੁੱਦਣ ਤੇ ਕੋਈ ਕੰਮ ਹੀ ਨਾ ਹੋਵੇ ਅਤੇ ਬਾਕੀ ਸਾਰੀ ਪ੍ਰਜਾ ਕਰੋੜਾਂ ਮਰਦ ਅਤੇ ਔਰਤਾਂ ਅਤੇ ਛੋਟੇ ਬੱਚੇ ਖੇਡ ਕੁੱਦ ਅਤੇ ਤਮਾਸ਼ੇ ਤੋਂ ਮਹਿਰੂਮ ਰਹਿਣ। ਦੇਸ਼ ਭਗਤੋ, ਗਦਰ ਦੇ ਮਗਰੋਂ ਅਜਿਹਾ ਨਹੀਂ ਹੋਵੇਗਾ। ਸਾਰੇ ਬੱਚਿਆਂ ਦੇ ਵਾਸਤੇ ਖੇਡਣ ਕੁੱਦਣ ਦਾ ਬੰਦੋਬਸਤ ਕੀਤਾ ਜਾਵੇਗਾ, ਸਰੀਰ ਦੀ ਕਸਰਤ ਦੇ ਵਾਸਤੇ ਅਖਾੜੇ ਬਣਾਏ ਜਾਣਗੇ। ਪਿੰਡ ਪਿੰਡ ਵਿਚ ਕ੍ਰਿਕਟ ਅਤੇ ਫੁਟਬਾਲ, ਕਬੱਡੀ ਆਦਿ ਖੇਡਾਂ ਹੋਣਗੀਆਂ। ਹਰ ਗਲੀ ਵਿਚ ਬਾਗ਼ ਲਵਾਏ ਜਾਣਗੇ ਜਿਥੇ ਮਰਦ, ਔਰਤਾਂ ਅਤੇ ਬੱਚੇ ਫੁਰਸਤ ਦੇ ਵੇਲੇ ਖੇਡ ਕੁੱਦ ਸਕਣ ਅਤੇ ਆਪਣੀ ਸਿਹਤ ਦਰੁਸਤ ਰੱਖ ਸਕਣ। ਜਦੋਂ ਗਦਰ ਦੇ ਮਗਰੋਂ ਆਜ਼ਾਦੀ ਹਾਸਿਲ ਕਰਕੇ ਰੋਟੀ ਕਮਾਉਣ ਦਾ ਕੰਮ ਥੋੜ੍ਹਾ ਕਰਨਾ ਪਵੇਗਾ ਅਤੇ ਸਾਰੀ ਜ਼ਿੰਦਗੀ ਦੀਆਂ ਲੋੜਾਂ ਆਸਾਨੀ ਨਾਲ ਪੈਦਾ ਹੋ ਜਾਇਆ ਕਰਨਗੀਆਂ ਤਾਂ ਸਭ ਨੂੰ ਫੁਰਸਤ ਮਿਲੇਗੀ। ਉਸ ਵੇਲੇ ਇਹ ਸਵਾਲ ਪੈਦਾ ਹੋਵੇਗਾ ਕਿ ਇਸ ਫੁਰਸਤ ਨੂੰ ਕਿਸ ਤਰ੍ਹਾਂ ਖਰਚ ਕੀਤਾ ਜਾਵੇ। ਕੀ ਅਸੀਂ ਆਪਣੀ ਕੌਮੀ ਫੁਰਸਤ ਨੂੰ ਕਿਸ ਤਰ੍ਹਾਂ ਖਰਚ ਕਰਾਂਗੇ? ਜਿਸ ਤਰ੍ਹਾਂ ਆਰਾਮ, ਤਲਬ, ਰੰਡੀਬਾਜ਼ੀ, ਸੂਬੇਦਾਰ, ਸ਼ਰਾਬੀ ਰਾਜੇ, ਮਹਾਰਾਜੇ, ਨਵਾਬ, ਸ਼ਾਹੂਕਾਰ ਅਤੇ ਅੰਗਰੇਜ਼ੀ ਅਫਸਰ ਖਰਚ ਕਰਦੇ ਹਨ ਯਾਨੀ ਐਸ਼ ਬਦਕਾਰੀ ਵਿਚ? ਨਹੀਂ, ਬਿਲਕੁਲ ਨਹੀਂ।

ਸਾਰੀ ਕੌਮ ਨੂੰ ਮੁਫਤ ਵਿਦਿਆ ਦਿੱਤੀ ਜਾਵੇਗੀ ਜਿਸ ਨਾਲ ਪ੍ਰਜਾ ਨੂੰ ਮਾਲੂਮ ਹੋਵੇਗਾ ਕਿ ਫੁਰਸਤ ਦਾ ਠੀਕ ਇਸਤੇਮਾਲ ਕਿਵੇਂ ਕਰੋ, ਥਾਂ ਥਾਂ ਸਕੂਲ ਅਤੇ ਯੂਨੀਵਰਸਿਟੀਆਂ ਬਣਾਈਆਂ ਜਾਣਗੀਆਂ, ਥਾਂ ਥਾਂ ਲਾਇਬ੍ਰੇਰੀਆਂ ਕਾਇਮ ਹੋਣਗੀਆਂ ਅਤੇ ਸਾਇੰਸ ਦੇ ਸਾਮਾਨ ਘਰਾਂ (ਲੈਬਾਰਟਰੀਆਂ) ਵਿਚ ਹੋਣਗੇ ਜਿਥੇ ਸਾਰੇ ਆਦਮੀ ਇਕੱਠੇ ਹੋ ਕੇ ਵਿਦਿਆ ਅਤੇ ਗਿਆਨ ਹਾਸਲ ਕਰਨਗੇ ਅਤੇ ਕੌਮ ਦੀ ਭਲਾਈ ਦੀਆਂ ਤਜਵੀਜ਼ਾਂ ਸੋਚਣਗੇ। ਅਜਿਹੇ ਨਵੇਂ ਕੰਮ ਕਰਨਗੇ, ਜਿਨ੍ਹਾਂ ਨਾਲ ਪਰਜਾ ਦਾ ਦੁੱਖ ਮਿਟੇ। ਸਾਰੀ ਦੁਨੀਆਂ ਦੀਆਂ ਬੀਮਾਰੀਆਂ ਦੂਰ ਹੋਣ ਤੇ ਆਦਮੀ ਕੁਦਰਤ ਦੀਆਂ ਤਾਕਤਾਂ 'ਤੇ, ਪਾਣੀ 'ਤੇ, ਹਵਾ 'ਤੇ, ਰੋਸ਼ਨੀ, ਅੱਗ, ਬਿਜਲੀ ਨੂੰ ਵੱਸ ਕਰਕੇ ਉਨੱਤੀ ਕਰਦਾ ਚਲਿਆ ਜਾਵੇ, ਅੱਗੇ ਹੀ ਅੱਗੇ ਵੱਧਦਾ ਜਾਵੇ।

ਸੂਰਬੀਰ ਹਿੰਦੁਸਤਾਨੀਓ, ਪਹਿਲਾਂ ਵੈਰੀ ਬਦਜ਼ਾਤ ਬੇਵਕੂਫ ਨੂੰ ਅਤੇ ਉਨ੍ਹਾਂ ਦੇ ਸਾਥੀ ਨਾਲਾਇਕ ਸ਼ਾਹੂਕਾਰਾਂ, ਰਾਜੇ ਨਵਾਬ ਹਿੰਦੁਸਤਾਨੀ ਵਫਾਦਾਰ ਨੂੰ ਗਦਰ ਕਰਕੇ ਮਿਟਾ ਦਿਉ, ਬਰਬਾਦ ਕਰ ਦਿਉ। ਫੇਰ ਆਪਣੇ ਪਾਕ ਅਤੇ ਆਜ਼ਾਦ ਦੇਸ਼ ਵਿਚ ਫੁਰਸਤ ਦਾ ਖਜ਼ਾਨਾ ਹੋਵੇਗਾ ਅਤੇ ਫੁਰਸਤ ਦਾ ਠੀਕ ਇਸਤੇਮਾਲ ਕੀਤਾ ਜਾਵੇਗਾ।

# ਕਾਵਿ ਕਿਆਰੀ

## ਅੱਜ ਦੀ ਗੱਲ

ਨਵੀਂ ਕਿਸਮ ਦੀ ਦੌੜ ਹੈ ਲੱਗੀ
ਨਾਨਕ 'ਤੇ ਕਬਜ਼ਾ ਕਰਨੇ ਦੀ।
ਆਪੇ ਆਪਣੀ ਪਿੱਠ ਥਾਪੜ ਕੇ
ਸ਼ਰਧਾ ਦਾ ਦਮ ਭਰਨੇ ਦੀ।

ਸਭ ਰੰਗ ਲੱਗੇ ਹੱਕ ਜਤਾਵਣ
ਗਲਾਂ 'ਚ ਹਾਰ ਪਵਾਵਣ ਲਈ।
ਲੋਕ ਮਨਾਂ ਦੀ ਸ਼ਰਧਾ ਤਾਈਂ
ਰਸਤਿਆਂ ਵਿਚ ਰੁਲਾਵਣ ਲਈ।

ਨਹੀਂ ਬਖਸ਼ਿਆ ਰਹਿਬਰ ਨੂੰ
ਜੋ ਭੁੱਲਿਆਂ ਨੂੰ ਰਾਹ ਪਾਉਂਦਾ ਰਿਹਾ।
ਮਲਕ ਭਾਗੋਆਂ ਨੂੰ ਠੁਕਰਾ ਕੇ
ਲਾਲੋਆਂ ਨੂੰ ਗਲ ਲਾਉਂਦਾ ਰਿਹਾ।

ਭੋਲੇ 'ਲਾਲੋ' ਸਮਝ ਨਹੀਂ ਸਕਦੇ
'ਮਲਕ' ਦੇ ਲੁਕਵੇਂ ਤੀਰਾਂ ਨੂੰ।
ਕੁਰਸੀ ਖਾਤਰ ਵੇਚ ਜੋ ਦਿੰਦੇ
ਮਰੀਆਂ ਹੋਈਆਂ ਜ਼ਮੀਰਾਂ ਨੂੰ।

ਉਸ ਦੇ ਘਰ ਨੂੰ ਜਾਂਦੇ ਰਾਹ ਨੂੰ
ਸਿਆਸਤ ਵਾਲਾ ਰੰਗ ਚੜ੍ਹਾਵਣ।
ਆਪੋ ਆਪਣੇ ਜਤਾ ਕੇ ਦਾਅਵੇ
ਵੋਟਾਂ ਦਾ ਹਥਿਆਰ ਬਣਾਵਣ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

## ਵੋਟਾਂ

ਵੋਟਾਂ ਆਈਆਂ, ਵੋਟਾਂ ਆਈਆਂ।
ਚਾਰ ਚੁਫੇਰੇ ਖਬਰਾਂ ਛਾਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਕੋਈ ਸਰਪੰਚ ਤੇ ਕੋਈ ਸੀ ਮੈਂਬਰ
ਦਾਰੂ ਦੇ ਸੀ ਖੋਲ੍ਹੇ ਚੈਂਬਰ।
ਧੁੱਤ ਨਸ਼ੇ ਦੇ ਵਿਚ ਜੋ ਰਹਿੰਦੇ
ਕਈਆਂ ਦੇ ਘਰ ਲੋਥਾਂ ਆਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਜਾ ਕਾਲੋਨੀ ਸਾਰੇ ਬਹਿੰਦੇ
ਕੰਮ ਨੇ ਕਰਨੇ ਆਪਾਂ ਰਹਿੰਦੇ।
ਆ ਜਾਉ ਸਾਰੇ ਇਕੱਠੇ ਹੋ ਕੇ
ਤੁਹਾਡੇ ਲਈ ਕਨਾਤਾਂ ਲਾਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਦੋ ਦੋ ਹਜ਼ਾਰ ਵੋਟ ਦਾ ਚੱਲੇ
ਵਾਹ ਸਰਪੰਚ ਦੀ ਬੱਲੇ ਬੱਲੇ।
ਫਿਰ ਝੁਕਦੇ ਆ ਦੂਜੇ ਪਾਸੇ
ਪੱਚੀ ਸੌ ਦੀਆਂ ਜਦ 'ਵਾਜ਼ਾਂ ਆਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਇਲੈਕਸ਼ਨ ਤੁਸੀਂ ਨਿਰਪੱਖ ਕਰਾ ਲਉ
ਆਪੇ ਕੈਂਡੀਡੇਟ ਜਿਤਾ ਲਉ।
ਪੜ੍ਹੇ-ਲਿਖੇ ਦਾ ਕੰਮ ਨਹੀਂ ਬਹੁਤਾ
ਅਨਪੜ੍ਹਾਂ ਹੱਥ ਗ੍ਰਾਂਟਾਂ ਆਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਥੱਕ ਹਾਰ ਕੇ ਬਹਿ ਗਏ ਸਾਰੇ
ਜਿੱਤੇ ਨੇ ਬੱਸ ਲੋਟੂ ਬਾਹਲੇ।
ਪੰਜ ਲਾਏ ਸੀ ਪੰਜਾਹ ਕੰਮਾਉਣੇ
ਸਭਨਾਂ ਨੇ ਵਿਉਂਤਾਂ ਲਾਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।

ਅਗਲੀ ਵਾਰ ਸੋਚਾਂਗੇ ਹੋਰ
ਜਿੱਤਣ ਨਹੀਂ ਦੇਣੇ ਚੋਰ।
ਓਹੀ ਪੈਸੇ, ਓਹੀ ਕਨਾਤਾਂ
ਓਹੀ ਘਰ ਵਿਚ ਲਾਸ਼ਾਂ ਆਈਆਂ।
ਵੋਟਾਂ ਆਈਆਂ, ਵੋਟਾਂ ਆਈਆਂ।
ਸਭਨਾਂ ਨੇ ਹੀ ਵੋਟਾਂ ਪਾਈਆਂ।

*-ਬਲਜਿੰਦਰ ਸਿੰਘ ਸਿੱਧੂ*
*ਫੋਨ: 91-95010-15085*

---

## ਜਨਤਾ

ਜਨਤਾ ਛਿੱਤਰ ਖਾਈ ਜਾਂਦੀ ਏ
ਨਾਲੇ ਵੋਟਾਂ ਪਾਈ ਜਾਂਦੀ ਏ।

ਭੁੱਲ-ਭੁਲਾ ਕੇ ਗਬਨ ਗਰਾਂਟਾਂ ਦੇ
ਭੀੜ ਗਲਾਸੀ ਲਾਈ ਜਾਂਦੀ ਏ।

ਪਿਛਲੀ ਵਾਰੀ ਸੀ ਤੱਕੜੀ ਦੀ
ਹੁਣ ਪੰਜੇ ਨੂੰ ਪਾਈ ਜਾਂਦੀ ਏ।

ਓਹੀ ਚਿਹਰੇ ਤੇ ਓਹੀ ਵਾਅਦੇ
ਜਨਤਾ ਧੋਖੇ ਖਾਈ ਜਾਂਦੀ ਏ।

ਵੋਟ ਵੇਚ ਕੇ ਭਾਅ ਛਿੱਲੜਾਂ ਦੇ
ਭੀੜ ਪਕੌੜੇ ਖਾਈ ਜਾਂਦੀ ਏ।

ਸਾਲ ਕਹੱਤਰ ਬੀਤ ਗਏ ਨੇ
ਆਜ਼ਾਦੀ ਲਾਰੇ ਲਾਈ ਜਾਂਦੀ ਏ।

ਕੁੱਤੀ ਰਲ ਗਈ ਨਾਲ ਚੋਰਾਂ ਦੇ
ਵਾੜ ਖੇਤ ਨੂੰ ਖਾਈ ਜਾਂਦੀ ਏ।

ਧੀ-ਪੁੱਤਰਾਂ ਦੀ ਵੇਚ ਕੇ ਕਿਸਮਤ
ਗੁਰਬਤ ਗਿੱਧਾ ਪਾਈ ਜਾਂਦੀ ਏ।

ਜੈਸੀ ਜਨਤਾ, ਤੈਸੇ ਹੋਏ ਨੇਤਾ
'ਬਿੰਦਰਾ' ਗਾਣੇ ਗਾਈ ਜਾਂਦੀ ਏ।

*-ਜਸਵਿੰਦਰ ਸਿੰਘ ਸ਼ੇਰਗਿੱਲ*

---

## ਨੈਣ-ਨਦੀਆਂ

ਗੱਲ ਤੁਰੇ ਸਫਰ ਤੇ ਸਫਰੀਏ ਦੀ
ਗੱਲ ਨੈਣ ਨਜ਼ਰ ਤੇ ਨਜ਼ਰੀਏ ਦੀ।
ਗੱਲ ਘਾਟ ਘਾਟ ਦੇ ਪਾਣੀ ਦੀ
ਦੋ ਨੈਣਾਂ ਦੀ ਕਹਾਣੀ ਦੀ
ਪਾਣੀ ਨੂੰ ਰਹੀਆਂ ਧੋ ਨਦੀਆਂ।
ਔਹ ਵਗਦੀਆਂ ਜਾਵਣ ਦੋ ਨਦੀਆਂ।

ਉਹ ਗੰਗਾ ਜਮਨਾ ਰਾਵੀ ਨੇ,
ਉਹ ਸਤਲੁਜ ਬਿਆਸ ਝਨਾਂ ਵੀ ਨੇ।
ਉਥੇ ਪੰਛੀ ਉਡ ਉਡ ਗਾਉਂਦੇ ਨੇ,
ਉਥੇ ਪਿਆਸੇ ਪਿਆਸ ਬੁਝਾਉਂਦੇ ਨੇ
ਪਰ ਉਸ ਪਿਆਸ ਦਾ ਕੀ ਦਾਰੂ
ਜਿਹਨੂੰ ਯੁੱਗਾਂ ਤੋਂ ਰਹੀਆਂ ਢੋਅ ਨਦੀਆਂ...।

ਕਈ ਕੋਹੜੀ ਅੰਗ ਨਹਿਲਾਏ ਨੇ,
ਕਈ ਮੁਰਦਾ ਘਾਟ ਹੰਢਾਏ ਨੇ।
ਲੱਖ ਘੋਗੇ ਸਿੱਪੀਆਂ ਮੱਛੀਆਂ ਨੇ,
ਪਰ ਵਗਦੀਆਂ ਰਹਿਣ ਤਾਂ ਅੱਛੀਆਂ ਨੇ।
ਫਿਰ ਰੋਗੀ ਨੇ ਫਿਰ ਰੋਗ ਵੀ ਨੇ
ਜੇ ਇਕ ਥਾਂ ਜਾਣ ਖਲੋ ਨਦੀਆਂ...।

ਕਦੀ ਤਾਜ਼ੀਆਂ ਲਿਸ਼ਕਣ ਅੱਛੀਆਂ ਨੇ,
ਕਦੀ ਅਲਸਾਈਆਂ, ਕਦੀ ਥੱਕੀਆਂ ਨੇ।
ਕਦੀ ਅੰਬਰਾਂ ਦੇ ਤੱਕ ਚੱਕੀਆਂ ਨੇ,
ਕਦੀ ਜਾਣ ਪਤਾਲੀਂ ਧੱਸੀਆਂ ਨੇ।
ਕਦੀ ਝਰਨੇ ਬਣ ਬਣ ਫੁੱਟਦੀਆਂ
ਕਦੀ ਬਣ ਬਣ ਚੋਂਦੀਆਂ ਚੋਅ ਨਦੀਆਂ...।

ਇਹ ਨਦੀਆਂ ਪਰਬਤ ਜਾਈਆਂ ਨੇ,
ਇਹ ਵਗਣੇ ਲਈ ਹੀ ਆਈਆਂ ਨੇ।
ਘਰ ਕਿਹਨੇ ਬੰਨ ਬਹਾਈਆਂ ਨੇ,
ਐਵੇਂ ਪਾਲੇ ਭਰਮ ਸੈਦਾਈਆਂ ਨੇ।
ਜੋ ਸਮਝਣ ਉਨ੍ਹਾਂ ਦੀ ਤ੍ਰੇਹ ਸੰਗ ਹੀ
ਇਕਮਿਕ ਗਈਆਂ ਹੋ ਨਦੀਆਂ...।

ਉਹ ਜਿੱਥੇ ਕਿਤੇ ਨੇ, ਜੋ ਵੀ ਨੇ,
ਉਹ ਤੂੰ ਵੀ, ਮੈਂ ਵੀ, ਉਹ ਵੀ ਨੇ।
ਇਹ ਵੱਖ ਵੱਖ ਤਾਂ ਪੁਲ ਟੋਹ ਹੀ ਨੇ,
ਉਹ ਦੋ ਦੋ ਨਹੀਂ, ਉਹ ਦੋ ਹੀ ਨੇ।
ਉਂਜ ਪੀ ਪੀ ਰਿਸ਼ਤਾ ਪਾਣੀ ਦਾ
ਦੋ ਵੀ ਜਾਸਣ ਇਕ ਹੋ ਨਦੀਆਂ...।

ਜਿੱਥੇ ਮਜ਼ਹਬ ਦੇ ਠੇਕੇਦਾਰੇ ਨੇ,
ਉਨ ਪੱਤਣੀ ਨਾਗ ਫੁੰਕਾਰੇ ਨੇ।
ਜਿੱਥੇ ਜ਼ਹਿਰ ਜਨੂੰਨ ਦਾ ਝੁੱਕਿਆ ਹੈ,
ਉਥੋਂ ਅੱਕ ਦਾ ਬੂਟਾ ਫੁੱਟਿਆ ਹੈ।
ਜਿੱਥੇ ਕਰ ਪਖੰਡ ਇਸ਼ਨਾਨ ਗਏ
ਉਥੋਂ ਮਾਰ ਰਹੀਆਂ ਬਦਬੋ ਨਦੀਆਂ...।

ਜੇ ਜ਼ਹਿਰ ਹੈ ਛੱਟਣਾ ਪਾਣੀ 'ਚੋਂ,
ਕੱਢ ਮਜ਼ਹਬ ਜਨੂੰਨ ਕਹਾਣੀ 'ਚੋਂ।
ਹਰ ਬਰਮੀ ਢਾਹ ਕੇ ਨਾਗਾਂ ਦੀ,
ਵੱਢ ਦੇਵੋ ਜੜ੍ਹ ਫਸਾਦਾਂ ਦੀ।
ਇਸ ਘੁਪ ਰਾਤ ਵਿਚ ਸਰਘੀ ਦੀ ਵੀ
ਰਹੀਆਂ ਨੇ ਦੇ ਕਣਸੋਅ ਨਦੀਆਂ।
ਪਾਣੀ ਨੂੰ ਰਹੀਆਂ ਧੋ ਨਦੀਆਂ
ਔਹ ਵਗਦੀਆਂ ਜਾਵਣ ਦੋ ਨਦੀਆਂ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

---

## ਜ਼ੁਲਮ-ਜੁਰਮ ਦਾ ਰਾਜ

ਸੋਚ ਮੇਰੀ ਵੀ ਐਨਕ ਵਾਂਗੂੰ
ਅੱਖਰਾਂ ਨੂੰ ਪਛਾਣੇ।
ਕੱਜੇ ਸਰੀਰ ਮੈਨੂੰ ਨੰਗੇ ਲੱਗਣ
ਸਜਾਖੇ ਲੱਗਣ ਕਾਣੇ।
ਮੱਥੇ ਤਿਲਕ, ਗਲੇ 'ਚ ਮਾਲਾ
ਭਗਵੇਂ ਪਾਏ ਬਾਣੇ।
ਨਫਰਤ ਵਾਲੀ ਸੋਚ ਦੇ ਮਾਲਕ
ਭੈੜੇ ਆਦਮ ਖਾਣੇ।
ਸੱਚ ਦੇ ਇਹ ਕਾਤਲ ਹੈਗੇ
ਲੱਗਣ ਸ਼ਰੀਫ ਨਿਮਾਣੇ।

ਗੈਰਾਂ ਨੂੰ ਇਹ ਪਾਪੀ ਆਖਣ
ਆਪੂੰ ਧਰਮ ਕਮਾਣੇ।
ਤਖਤ ਤਾਜ 'ਤੇ ਚੜ੍ਹ ਬੈਠੇ ਨੇ
ਰੱਜ ਕੇ ਪਾਪ ਕਮਾਣੇ।
ਚੋਰਾਂ ਨਾਲ ਹੈ ਕੁੱਤੀ ਰਲ ਗਈ
ਵਾਪਰਨ ਖੂਨੀ ਭਾਣੇ।
ਸਾਹ ਸੂਤ ਲਏ ਵਿਦਵਾਨਾਂ ਨੇ ਵੀ
ਧਰਮਾਂ ਦੇ ਇਹ ਢਾਣੇ।
ਕਿੰਨਾ ਚਿਰ ਇਹ ਚੰਮ ਦੀ ਚੱਲੂ
ਨਹੀਂ ਲੱਗਦਾ ਕੋਈ ਜਾਣੇ।

*-ਪਰਦੀਪ, ਸੈਨ ਹੋਜ਼ੇ*

---

## ਰਾਵੀ ਦੇ ਆਰ-ਪਾਰ

ਜਾਣ ਕੇ ਤੇਰੇ ਪਿੰਡ ਦੀ
ਜੂਹ ਦੇ ਲਾਗੋਂ ਲੰਘਦਾ ਸੀ।
ਲੰਬਾ ਪੈਂਡਾ ਕਰ ਲੈਂਦਾ
ਤੇ ਵੱਲ ਪਾ ਕੇ ਲੰਘਦਾ ਸੀ।
ਤੇਰਾ ਸਾਦ ਮੁਰਾਦਾ ਚਿਹਰਾ
ਵਿਚੋਂ ਰੱਬ ਨੂੰ ਤੱਕਦਾ ਸੀ।
ਇੰਜ ਲੱਗਦਾ ਕੋਈ ਪਰੀ ਪਹਾੜੋਂ
ਤੱਕਦਾ ਵੀ ਨਾ ਥੱਕਦਾ ਸੀ।

ਨਾ ਕੋਈ ਜਾਣ-ਪਛਾਣ
ਦਿਲ ਭਟਕਣ ਲੱਗੀ ਰਹਿੰਦੀ ਸੀ।
ਨਦੀ ਕਿਨਾਰੇ ਦੋ ਪੰਛੀ ਬੈਠੇ
ਸਰਹੱਦ ਸੌਂਕਣ ਬਣ ਖਹਿੰਦੀ ਸੀ।
ਦੂਰੀ ਵਿਚ ਦਰਿਆ ਦੀ ਸੀ
ਫਿਰ ਵੀ ਲੱਗਦਾ ਨੇੜੇ ਸੀ।
ਹਾਕਮਾਂ ਨੇ ਸਾਡੀ ਭੋਇੰ ਵੰਡ'ਤੀ
ਇਹ ਮੁਲਕਾਂ ਦੇ ਝੇੜੇ ਸੀ।

ਬਾਪੂ ਤੇਰਾ ਖੇਤ ਸੀ ਹੁੰਦਾ
ਤੂੰ ਛਾਹ ਵੇਲਾ ਲੈ ਆਉਂਦੀ ਸੀ।
ਹੁੰਦਾ ਸਾਂ ਖੂਹ ਗਾਟੀ ਬੈਠਾ
ਤੂੰ ਵੇਖ ਕਦੇ ਮੁਸਕਰਾਉਂਦੀ ਸੀ।
ਹੱਥ ਹਿਲਾ ਗੱਲਾਂ ਕਰ ਲੈਂਦੇ
ਤੂੰ ਸੰਗਦੀ ਸ਼ਰਮਾਉਂਦੀ ਸੀ।
ਤੇਰੇ ਪਿੰਡ ਦਾ ਹਾਲ ਮੈਂ ਪੁੱਛਾਂ
ਤੂੰ ਘੂਰੀ ਮਾਰ ਡਰਾਉਂਦੀ ਸੀ।

ਮੇਰੇ ਪਿੰਡ ਦੀ ਗੱਲ ਤੂੰ ਪੁੱਛੇਂ
ਵਿਛੜ ਗਿਆਂ ਦਾ ਦਰਦ ਤੂੰ ਪੁੱਛੇਂ।
ਹੱਥਾਂ ਵਾਲੇ ਰੰਗ ਕੰਧਾਂ 'ਤੇ
ਇਹ ਮੈਂ ਦੱਸਾਂ ਇਹ ਤੂੰ ਪੁੱਛੇਂ।
ਮੇਲਿਆਂ ਵਾਲੇ ਚੂੜੀਆਂ-ਗਜਰੇ
ਖੱਟੀ ਪੈਂਦੇ ਮੋਰ ਮੈਂ ਦੱਸਾਂ।
ਚੋਰੀ ਚੋਰੀ ਸੱਜਣ ਮਿਲਦੇ
ਇੱਟ-ਖੜੱਕਾ ਜ਼ੋਰ ਮੈਂ ਦੱਸਾਂ।

ਕੀ ਨਾ ਪੁੱਛਾਂ ਕੀ ਨਾ ਦੱਸਾਂ
ਪੁੱਛੇਂ ਤਾਂ ਮੈਂ ਦਿਲ ਦੀ ਦੱਸਾਂ।
ਉਜੜ ਗਿਆਂ ਦੀਆਂ ਬਾਤਾਂ
ਫਿਰ ਕਿੰਜ ਵੱਸੇ ਹਾਲ ਮੈਂ ਦੱਸਾਂ।
ਕਿਸੇ ਦੀ ਵੰਝਲੀ ਕਿਥੇ ਰਹਿ ਗਈ
ਕਿਸੇ ਦਾ ਸ਼ਮਲਾ ਗੁੰਮ ਹੋ ਗਿਆ।
ਕਿਸੇ ਦਾ ਮਿੱਤਰ-ਬੇਲੀ ਕਿਧਰੇ
ਕਈਆਂ ਦਾ ਚਿੱਤ ਸੁੰਨ ਹੋ ਗਿਆ।
ਮੇਰੇ ਪਿੰਡ ਕਈ ਕਮਲੇ ਹੋ ਗਏ
ਲੱਗਦਾ ਪਿੰਡ ਫਕੀਰ ਹੋ ਗਿਆ।
ਰੱਬ ਕਰੇ ਕੋਈ ਕਹਿਰ ਨਾ ਵਰਤੇ
ਹੁਣ ਤਾਂ ਬਸ ਅਖੀਰ ਹੋ ਗਿਆ।

ਤੇਰੇ ਪਿੰਡ ਲਈ ਕਈ ਕਰਾਂ ਦੁਆਵਾਂ
ਸੁਣੀਏ ਫਿਰ ਰਾਵੀ ਦੀਆਂ ਛੱਲਾਂ।
ਸੱਭੇ ਗੱਭਰੂ ਛੈਲ ਛਬੀਲੇ
ਮੁਟਿਆਰਾਂ ਦੀਆਂ ਸੁਣੀਏ ਗੱਲਾਂ।
ਇਹੀ ਸੁਨੇਹਾ ਦੇਣ ਲਈ
ਤੇਰੇ ਪਿੰਡ ਦੇ ਲਾਗੋਂ ਲੰਘਦਾ ਸੀ।
ਲੰਬਾ ਪੈਂਡਾ ਕਰ ਲੈਂਦਾ
ਵਲ ਪਾ ਕੇ 'ਧਰਮਾ' ਲੰਘਦਾ ਸੀ।

*-ਧਰਮ ਸਿੰਘ ਗੋਰਾਇਆ*

## ਕਹਾਣੀ

# ਖਸਮਾਂ ਖਾਣੇ

***ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੰਜਾਬੀ ਕਹਾਣੀਕਾਰਾਂ ਦੀ ਪਹਿਲੀ ਪੀੜ੍ਹੀ ਵਿਚੋਂ ਹਨ, ਉਸੇ ਪੀੜ੍ਹੀ 'ਚੋਂ ਜਿਸ ਵਿਚੋਂ ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ ਸਨ। ਮੁਸਾਫਿਰ ਹੋਰਾਂ ਇਸ ਕਹਾਣੀ ਵਿਚ 1947 ਦੀ ਵੰਡ ਤੋਂ ਬਾਅਦ ਸ਼ਰਨਾਰਥੀ ਬਣੇ ਲੋਕਾਂ ਦਾ ਦੁੱਖ ਫਰੋਲਿਆ ਹੈ। ਭਗਤ ਰਾਮ ਉਹ ਸ਼ਖਸ ਹਨ ਜੋ ਸ਼ਰਨਾਰਥੀਆਂ ਦੀ ਸਾਰ ਲੈਂਦੇ ਹਨ। ਉਨ੍ਹਾਂ ਦੀ ਪਤਨੀ ਧਰੋਪਤੀ ਬੜੀ ਨੇਕ ਦਿਲ ਇਨਸਾਨ ਹੈ ਪਰ ਜਦੋਂ ਕਿਤੇ ਗੱਲ ਉਸ ਦੇ ਵੱਸੋਂ ਬਾਹਰੀ ਹੋ ਜਾਵੇ ਜਾਂ ਕਿਸੇ ਦੁਖੜੇ ਵਧਾਉਣ ਵਾਲੇ ਨਾਲ ਵਾਹ ਪੈ ਜਾਵੇ ਤਾਂ ਉਸ ਦੇ ਮੂੰਹੋਂ ਸਹਿਜ ਭਾਅ ਨਿਕਲ ਜਾਂਦਾ ਹੈ, "ਖਸਮਾਂ ਖਾਣੇ।" -ਸੰਪਾਦਕ***

**ਗਿਆਨੀ ਗੁਰਮੁਖ ਸਿੰਘ ਮੁਸਾਫਿਰ**

ਜਾਗੋ ਮੀਟੋ ਵਿਚ ਧਰੋਪਤੀ ਨੇ ਕਿਹਾ, ਨਹੀਂ ਉਹਦੇ ਮੂੰਹੋਂ ਨਿਕਲ ਗਿਆ, "ਖਸਮਾਂ ਖਾਣੇ।"

ਹਾਰਨ ਦੀ ਖਹੁਰੀ ਆਵਾਜ਼ ਨਾਲ ਉਸ ਦੇ ਕੰਨ ਜੋ ਪਾਟਣ ਨੂੰ ਆਏ ਸਨ। ਅੱਜ ਤੱਕ ਹਾਰਨ ਦੀਆਂ ਜਿੰਨੀਆਂ ਵੀ ਆਵਾਜ਼ਾਂ ਉਸ ਦੇ ਕੰਨਾਂ ਵਿਚ ਪਈਆਂ ਸਨ, ਇਹ ਸਭਨਾਂ ਨਾਲੋਂ ਖਹੁਰੀ ਸੀ। "ਗਣੇਸ਼ ਟੈਕਸੀ ਵਾਲਾ ਨਹੀਂ, ਚਾਨਣ ਸ਼ਾਹ ਉਰੀ ਹੋਣਗੇ।"

ਆਪਣੇ ਪਤੀ ਭਗਤ ਰਾਮ ਦੇ ਮੂੰਹੋਂ ਸ਼ਾਹ ਦਾ ਨਾਮ ਸੁਣ ਕੇ ਧਰੋਪਤੀ ਕੁਝ ਸ਼ਰਮਾ ਜਿਹੀ ਗਈ, "ਹਾਏ ਕਿਤੇ ਸ਼ਾਹ ਹੁਰਾਂ ਸੁਣ ਹੀ ਨਾ ਲਿਆ ਹੋਵੇ।"

ਤਿੰਨ-ਚਾਰ ਦਿਨ ਪਹਿਲਾਂ ਹੀ ਮੂੰਹ ਹਨੇਰੇ ਗਣੇਸ਼ੇ ਦੀ ਟੈਕਸੀ ਦਾ ਹਾਰਨ ਸੁਣ ਕੇ ਧਰੋਪਤੀ ਦੇ ਮੂੰਹੋਂ ਨਿਕਲਿਆ ਸੀ, "ਖਸਮਾਂ ਖਾਣਿਆਂ ਨੂੰ ਖਬਰੇ ਨੀਂਦਰ ਹੀ ਨਹੀਂ ਪੈਂਦੀ।"

ਉਦੋਂ ਭਗਤ ਰਾਮ ਦੇ ਸਮਝਾਉਣ 'ਤੇ ਕਿ "ਇਸ ਟੈਕਸੀ ਵਾਲੇ ਗਰੀਬ ਦਾ ਚਲਾਨ ਹੋ ਗਿਆ ਹੈ, ਵਿਚਾਰਾ ਸ਼ਰਨਾਰਥੀ ਹੈ, ਸਿਫਾਰਸ਼ ਲਈ ਆਖਦਾ ਹੈ", ਧਰੋਪਤੀ ਨੇ ਹੋਰ ਉਚਾ ਆਖਿਆ ਸੀ, "ਖਾਏ ਖਸਮਾਂ ਨੂੰ।"

ਗਣੇਸ਼ੇ ਇਹ ਗੱਲ ਸੁਣ ਲਈ ਸੀ, ਪਰ ਗਰਜ਼ਮੰਦ ਕੀ ਆਖਦਾ?

ਅੱਜ ਚਾਨਣ ਸ਼ਾਹ ਦਾ ਲਿਹਾਜ਼ ਭਗਤ ਰਾਮ ਨੂੰ ਧਰੋਪਤੀ ਦੀ ਝਿੜਕ ਤੋਂ ਬਚਾਅ ਗਿਆ। ਮੋਟਰ ਬੂਹੇ ਅੱਗੇ ਖੜ੍ਹੀ ਕਰ ਕੇ ਚਾਨਣ ਸ਼ਾਹ ਸਿੱਧਾ ਭਗਤ ਰਾਮ ਦੇ ਸੌਣ ਕਮਰੇ ਵਿਚ ਹੀ ਆ ਗਿਆ। ਧਰੋਪਤੀ ਨੇ 'ਜੀ ਆਇਆਂ' ਆਖ ਕੇ ਕੁਰਸੀ ਅੱਗੇ ਕੀਤੀ।

ਚੁਟਕੀ ਵਜਾਉਂਦਿਆਂ ਖੜੇ-ਖੜੋਤੇ ਹੀ ਚਾਨਣ ਸ਼ਾਹ ਨੇ ਪੁੱਛਿਆ, "ਲਾਲਾ ਜੀ ਤਿਆਰ ਹੋ?"

"ਜੀ ਹਾਂ, ਬਸ ਦਵਾਈ ਦੀ ਸ਼ੀਸ਼ੀ ਲੈ ਲਵਾਂ, ਮੁੜਦਿਆਂ ਖਬਰੇ ਦੇਰ ਹੀ ਹੋ ਜਾਵੇ। ਨਾਲੇ...।"

ਭਗਤ ਰਾਮ ਦੀ ਗੱਲ ਨੂੰ ਵਿਚੋਂ ਹੀ ਟੋਕ ਕੇ ਚਾਨਣ ਸ਼ਾਹ ਨੇ ਕਿਹਾ, "ਨਹੀਂ ਜੀ, ਹੁਣੇ ਮੁੜਦੇ ਹਾਂ, ਨਵੀਂ ਮੋਟਰ ਏ, ਢਾਈਆਂ ਘੰਟਿਆਂ ਵਿਚ ਅੰਬਾਲੇ, ਘੰਟਾ ਭਰ ਉਥੇ ਤੇ ਢਾਈਆਂ ਵਿਚ ਹੀ ਮੁੜ ਦਿੱਲੀ, ਕੁਲ ਛਿਆਂ ਘੰਟਿਆਂ ਦੀ ਗੱਲ ਏ, ਹੁਣ ਛੇ ਵਜੇ ਨੇ, ਜੇ ਦਸਾਂ-ਪੰਦਰਾਂ ਮਿੰਟਾਂ ਵਿਚ ਤੁਰ ਪਈਏ ਤਾਂ ਸਵਾ ਬਾਰਾਂ ਵਜੇ ਤੱਕ ਪਰਤ ਆਵਾਂਗੇ।"

"ਨਹੀਂ ਸ਼ਾਹ ਜੀ, ਸ਼ਰਨਾਰਥੀ ਕੈਂਪ ਵਿਚ ਮੇਰੇ ਦੋ ਸਵਾ ਦੋ ਘੰਟੇ ਘਟੋ ਘੱਟ ਜ਼ਰੂਰ ਲੱਗ ਜਾਣੇ ਨੇ।"

"ਚਲੋ ਹੱਦ ਤਿੰਨ ਵਜੇ ਤੱਕ ਸਹੀ, ਸ਼ਾਮ ਤੋਂ ਪਹਿਲਾਂ 'ਤੇ ਆ ਹੀ ਜਾਵਾਂਗੇ, ਉਠੋ ਛੇਤੀ ਕਰੋ। ਜਿਤਨੇ ਛੇਤੀ ਜਾਵਾਂਗੇ, ਉਤਨੇ ਹੀ ਛੇਤੀ ਪਰਤਾਂਗੇ।"

ਧਰੋਪਤੀ ਨੇ ਆਖਿਆ, "ਜੇ ਦੇਰ ਹੋ ਜਾਣ ਦਾ ਡਰ ਹੋਵੇ ਜਾਂ ਰਾਤ ਉਥੇ ਹੀ ਰਹਿਣਾ ਪੈ ਜਾਣਾ ਹੋਵੇ ਤਾਂ ਭਾਰਾ ਕੱਪੜਾ ਜਾਂ ਬਿਸਤਰਾ ਨਾਲ...।"

ਚਾਨਣ ਸ਼ਾਹ ਨੇ ਧਰੋਪਤੀ ਨੂੰ ਵੀ ਗੱਲ ਪੂਰੀ ਨਾ ਕਰਨ ਦਿੱਤੀ ਤੇ ਭਗਤ ਰਾਮ ਦਾ ਹੱਥ ਫੜ ਕੇ ਮੰਜੇ ਉਤੋਂ ਉਠਾ ਲਿਆ, "ਚਲੋ ਕਿਸੇ ਚੀਜ਼ ਦੇ ਨਾਲ ਲੈ ਜਾਣ ਦੀ ਲੋੜ ਨਹੀਂ, ਪਰਤਨੇ ਆਂ, ਜੇ ਸਰਦੀ ਮੰਨਦੇ ਹੋ, ਤਾਂ ਮੋਟਰ ਵਿਚ ਕੰਬਲ ਪਿਆ ਏ, ਵਲ੍ਹੇਟ ਲਵੋ, ਤਿੰਨ ਵਜੇ ਜ਼ਰੂਰ ਤੁਹਾਨੂੰ ਘਰ ਪਹੁੰਚਾ ਦਿਆਂਗੇ।"

ਬੜੀ ਤਸੱਲੀ ਨਾਲ ਨਵੀਂ ਮੋਟਰ ਦੇ ਨਰਮ ਗੱਦਿਆਂ 'ਤੇ ਆਰਾਮ ਨਾਲ ਢੋ ਲਾ ਕੇ ਬਹਿੰਦਿਆਂ ਭਗਤ ਰਾਮ ਨੇ ਕਿਹਾ, "ਧਰੋਪਤੀ ਜੀ, ਜਿਹੜਾ ਵੀ ਕੋਈ ਕੰਮ ਕਾਜ ਵਾਲਾ ਆਵੇ, ਤਿੰਨ ਵਜੇ ਦਾ ਵਕਤ ਦੇ ਦੇਣਾ।"

ਚਾਨਣ ਸ਼ਾਹ ਨੇ ਭਗਤ ਰਾਮ ਦੇ ਗੋਡਿਆਂ 'ਤੇ ਕੰਬਲ ਸੁੱਟਦਿਆਂ ਕਿਹਾ, "ਬਸ ਤੁਸੀਂ ਡਿਪਟੀ ਕਮਿਸ਼ਨਰ ਨੂੰ ਮੂੰਹ ਵਖਾਣੈ ਤੇ ਸਾਡਾ ਕੰਮ ਹੋ ਜਾਣੈ, ਫਿਰ ਤੁਸੀਂ ਜਿੱਥੇ ਜਾਣਾ ਹੋਇਆ, ਜਾਇਓ, ਬੜੀ ਖੁਸ਼ੀ ਨਾਲ; ਪੈਟਰੋਲ ਬਹੁਤੇਰਾ ਹੈ।"

ਲਾਲਾ ਭਗਤ ਰਾਮ ਸ਼ਰਨਾਰਥੀ ਨੇਤਾ ਹਨ, ਸਵੇਰ ਤੋਂ ਸ਼ਾਮ ਤੱਕ ਇਨ੍ਹਾਂ ਕੋਲ ਲੋੜਵੰਦ ਸ਼ਰਨਾਰਥੀ ਆਉਂਦੇ ਰਹਿੰਦੇ ਹਨ। ਇਹ ਸਭ ਦੀਆਂ ਗੱਲਾਂ ਹਮਦਰਦੀ ਨਾਲ ਸੁਣ ਕੇ ਕੰਮ ਕਰਵਾਉਣ ਦਾ ਯਤਨ ਕਰਦੇ ਹਨ। ਧਰੋਪਤੀ ਦਾ ਵੀ ਸੁਭਾਅ ਉਂਜ ਤਾਂ ਬੜਾ ਮਿੱਠਾ ਤੇ ਦਿਲ ਬੜਾ ਹਮਦਰਦ ਹੈ, ਪਰ ਸਵੇਰੇ ਜਾਗਣ ਤੋਂ ਪਹਿਲਾਂ ਤੇ ਰਾਤੀਂ ਸੌਂ ਜਾਣ ਤੋਂ ਪਿੱਛੋਂ ਤੱਕ ਜਿਹੜੇ ਆਦਮੀ ਬੂਹੇ ਭੰਨਦੇ ਰਹਿੰਦੇ ਹਨ, ਉਨ੍ਹਾਂ ਤੋਂ ਉਹ ਕਦੇ ਬੜੀ ਔਖੀ ਹੋ ਜਾਂਦੀ ਹੈ।

ਹੁਣ ਮੋਟਰ ਕੁਆਰਟਰੋਂ ਬਾਹਰ ਨਿਕਲੀ ਹੀ ਸੀ ਕਿ ਇਕ ਸ਼ਰਨਾਰਥੀ ਨੇ ਲਾਲਾ ਭਗਤ ਰਾਮ ਬਾਰੇ ਆਣ ਪੁੱਛਿਆ। ਧਰੋਪਤੀ ਨੇ ਚਾਨਣ ਸ਼ਾਹ ਨਾਲ ਅੰਬਾਲੇ ਜਾਣ ਬਾਰੇ ਦੱਸਿਆ ਤਾਂ ਉਹ ਬੁੜ ਬੁੜ ਕਰਦਾ ਚਲਾ ਗਿਆ, "ਸਰਮਾਏਦਾਰਾਂ ਨਾਲ ਉਡ ਕੇ ਤੁਰ ਪੈਂਦੇ ਨੇ, ਜੇ ਅੱਜ ਮੇਰੇ ਨਾਲ ਕਸਟੋਡੀਅਨ ਪਾਸ ਨਾ ਗਏ ਤਾਂ ਸ਼ਾਮੀਂ ਭਾਂਡਾ-ਟਿੰਡਰ ਸੜਕ 'ਤੇ ਹੋਸੀ।"

ਇਹ ਅਜੇ ਗਿਆ ਹੀ ਸੀ ਕਿ ਇਕ ਹੋਰ ਆਣ ਡੁਸਕਿਆ, "ਮੇਰਾ ਕਰਜ਼ਾ ਮਨਜ਼ੂਰ ਤਾਂ ਕਰਵਾ ਦਿੱਤਾ ਏ, ਲੈਣ ਲਈ ਜ਼ਮਾਨਤ ਕੌਣ ਦੇਵੇ?"

"ਮੇਰੀ ਬਦਲੀ ਦੇ ਕਾਗਜ਼ਾਂ 'ਤੇ ਅੱਜ ਦਸਤਖਤ ਹੋ ਜਾਣੇ ਨੇ, ਮਕਾਨ ਸਬੰਧੀ ਸ਼ਰਨਾਰਥੀਆਂ ਨਾਲ ਭਰਿਆ ਪਿਆ ਹੈ। ਮਾਤਾ-ਪਿਤਾ ਬੁੱਢੇ ਨੇ, ਘਰ ਵਾਲੀ ਪੂਰਿਆਂ ਦਿਨਾਂ 'ਤੇ ਹੈ, ਜਿੱਥੇ ਬਦਲੀ ਕਰਦੇ ਨੇ, ਉਥੇ ਰਹਿਣ ਲਈ ਟੈਂਟ ਦਾ ਵੀ ਪ੍ਰਬੰਧ ਨਹੀਂ।"

"ਮੈਂ ਪਿਸ਼ਾਵਰ ਵਿਚ ਏ. ਡੀ. ਐਮ. ਸਾਂ, ਇੱਥੇ ਕਲਰਕੀ ਮਿਲੀ ਹੈ, ਉਸ ਤੋਂ ਵੀ ਹਟਾਉਣ ਦੀਆਂ ਤਜਵੀਜ਼ਾਂ ਹੋ ਰਹੀਆਂ ਨੇ।"

"ਭੈਣ ਜੀ, ਇਕ ਸੌ ਸੱਠਾਂ ਬੰਗਲਿਆਂ ਦੇ ਮਾਲਕ ਨੂੰ ਇੱਥੇ ਕਿਸੇ ਕੋਠੀ ਦੇ ਬਰਾਂਡੇ ਵਿਚ ਵੀ ਟਿਕਾਣਾ ਨਾ ਮਿਲੇ, ਦੱਸੋ ਕਿੱਥੇ ਸਿਰ ਲੁਕਾਈਏ?"


ਧਰੋਪਤੀ ਅੱਜ ਸਾਰੇ ਆਉਣ ਵਾਲੇ ਸ਼ਰਨਾਰਥੀਆਂ ਦੇ ਇਹ ਕੰਮ ਸੁਣ ਕੇ ਤਿੰਨ ਵਜੇ ਆਉਣ ਦਾ ਵਕਤ ਦਿੰਦੀ ਗਈ।

ਪਾਣੀ ਦੀਆਂ ਨਰਮ ਤੇ ਨਾਜ਼ੁਕ ਬੂੰਦਾਂ ਲਗਾਤਾਰ ਵਸ-ਵਸ ਕੇ ਪੱਥਰ ਦੀਆਂ ਸਖਤ ਚੱਟਾਨਾਂ ਵਿਚ ਵੀ ਆਪਣੀ ਥਾਂ ਬਣਾ ਲੈਂਦੀਆਂ ਹਨ। ਧਰੋਪਤੀ ਦੇ ਹਿਰਦੇ ਵਿਚ ਤਾਂ ਮਾਂ-ਦਿਲ ਹੈ।

"ਪਤੀ ਗਿਆ, ਪੁੱਤ ਗਿਆ, ਹੁਣ ਪਤ ਵੀ ਜਾਂਦੀ ਹੈ", ਇਕ ਅੱਧਖੜ੍ਹ ਜਿਹੀ ਉਮਰ ਦੀ ਸ਼ਰਨਾਰਥਣ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਧਰੋਪਤੀ ਤਿੰਨ ਵਜੇ ਆਉਣ ਲਈ ਉਸ ਨੂੰ ਆਖਣ ਹੀ ਲੱਗੀ ਸੀ ਕਿ ਸ਼ਰਨਾਰਥਣ ਨੇ ਆਪਣੀ ਵਿੱਥਿਆ ਅਰੰਭ ਦਿੱਤੀ। ਅੱਖਾਂ ਜੀਭ ਨਹੀਂ, ਪਰ ਜੀਭ ਤੋਂ ਬਿਨਾ ਵੀ ਨਹੀਂ। ਇਉਂ ਪ੍ਰਤੀਤ ਹੋਇਆ ਜਿਵੇਂ ਦੁਖੀ ਸ਼ਰਨਾਰਥਣ ਦੀ ਦਰਦ ਕਹਾਣੀ ਉਸ ਦੀ ਜ਼ੁਬਾਨ ਤੇ ਧਰੋਪਤੀ ਦੀਆਂ ਅੱਖਾਂ ਤੋਂ ਇਕ ਸਾਥ ਹੀ ਸੁਣਾਈ ਜਾ ਰਹੀ ਹੈ। ਇਸ ਆਪ ਧਿਆਨੇ ਵਿਚ ਧਰੋਪਤੀ ਹੋਰ ਆਉਣ ਵਾਲਿਆਂ ਨੂੰ ਤਿੰਨ ਵਜੇ ਦਾ ਵਕਤ ਦੇਣੋਂ ਵੀ ਇਕ ਵੇਰ ਭੁੱਲ ਗਈ।

ਇਕ ਹੋਰ ਬੀਬੀ ਜਿਸ ਨੇ ਆਪਣੇ ਗੋਰੇ ਨਿਛੋਹ ਜਿਹੇ ਸਰੀਰ ਨੂੰ ਲੀਰੋ-ਲੀਰ ਹੋ ਚੁਕੇ ਮੈਲੇ ਖਲੱਟ ਦੁਪੱਟੇ ਨਾਲ ਮਸਾਂ ਹੀ ਕੱਜਿਆ ਹੋਇਆ ਸੀ, ਧਰੋਪਤੀ ਵੱਲ ਆਉਂਦੀ ਦਿਸੀ। ਸਰੀਰ ਦੇ ਅਗਲੇ ਹਿੱਸੇ ਨੂੰ ਕੱਜਣ ਲਈ ਉਸ ਦਾ ਸਿਰ ਇੰਨਾ ਝੁਕਿਆ ਹੋਇਆ ਸੀ ਕਿ ਉਹ ਸਾਹਮਣਿਉਂ ਆਉਂਦੇ-ਜਾਂਦੇ ਨੂੰ ਨਹੀਂ ਸੀ ਵੇਖ ਸਕਦੀ। ਧਰਤੀ ਵਿਚ ਅੱਖਾਂ ਗੱਡੀ ਉਹ ਬੂਹੇ ਅੱਗੇ ਪੁੱਜੀ ਤਾਂ ਮੁਹਾਠ 'ਤੇ ਆਪ ਧਿਆਨੇ ਸੋਚਾਂ ਵਿਚ ਖੜ੍ਹੇ ਇਕ ਸ਼ਰਨਾਰਥੀ ਦਾ ਸਿਰ ਉਸ ਦੀ ਵੱਖੀ ਵਿਚ ਲੱਗਾ, ਉਹ ਧੜੰਮ ਕਰ ਕੇ ਡਿੱਗੀ। ਡਿੱਗਣ ਦੀ ਆਵਾਜ਼ ਨੇ ਹੀ ਧਰੋਪਤੀ ਨੂੰ ਉਸ ਦੀ ਹੋਂਦ ਦਾ ਗਿਆਨ ਕਰਵਾਇਆ। ਡਿੱਗਣ ਵਾਲੀ ਨੂੰ ਧਰੋਪਤੀ ਨੇ ਪਹਿਲੀ ਸ਼ਰਨਾਰਥਣ ਦੀ ਮਦਦ ਨਾਲ ਬਾਹਰਲੇ ਕਮਰੇ ਵਿਚ ਵਿਛੀ ਹੋਈ ਮੈਲੀ ਜਿਹੀ, ਲੋਕਾਂ ਦੀਆਂ ਜੁੱਤੀਆਂ ਨਾਲ ਮਿੱਟੀਓ-ਮਿੱਟੀ ਹੋਈ ਪਈ ਦਰੀ 'ਤੇ ਲਿਟਾ ਦਿੱਤਾ।

ਕਮਰੇ ਵਿਚ ਬੈਠੇ ਹੋਰ ਸਾਰਿਆਂ ਨੂੰ ਧਰੋਪਤੀ ਨੇ 'ਤਿੰਨ ਵਜੇ ਆਇਓ' ਆਖ ਕੇ ਉਠਾ ਦਿੱਤਾ। ਡਿੱਗਣ ਵਾਲੀ ਦੀ ਬੇਹੋਸ਼ੀ ਨੂੰ ਵੇਖ ਕੇ ਧਰਪੋਤੀ




ਦੇ ਹੋਸ਼ ਗੁੰਮ ਗਏ, ਮੁੜ੍ਹਕੋ-ਮੁੜ੍ਹਕੀ ਹੋਈ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪਹਿਲੀ ਬੈਠੀ ਸ਼ਰਨਾਰਥਣ ਨੇ ਉਠ ਕੇ ਅੰਦਰੋਂ ਬੂਹਾ ਬੰਦ ਕਰ ਦਿੱਤਾ ਸੀ। ਘਬਰਾਈ ਹੋਈ ਧਰੋਪਤੀ ਨੇ ਬੂਹੇ ਦੀ ਝੀਤ 'ਚੋਂ ਬਾਹਰ ਝਾਕਿਆ ਹੀ ਸੀ ਕਿ ਹਾਰਨ ਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। ਹੈਂ! ਤਿੰਨ ਵੱਜ ਗਏ ਨੇ? ਓ! ਇਹ ਤੇ ਗਣੇਸ਼ਾ ਏ, ਖਸਮਾਂ ਖਾਣਾ! ਪਿਛਲੇ ਲਫਜ਼ ਧਰੋਪਤੀ ਦੇ ਮੂੰਹੋਂ ਸੁੱਤੇ ਸਿਧ ਨਿਕਲ ਤੇ ਗਏ, ਪਰ ਉਸ ਦਾ ਮਨ ਕੁਝ ਸੋਚਾਂ ਜਿਹੀਆਂ ਵਿਚ ਪੈ ਗਿਆ। ਗਣੇਸ਼ੇ ਨੂੰ ਇਸ਼ਾਰੇ ਨਾਲ ਸੱਦ ਵੀ ਲਿਆ। ਉਸ ਨੂੰ ਕੋਈ ਕੰਮ ਦੱਸਣ ਲਈ ਕੁਝ ਸੰਕੋਚ ਹੈ, ਪਰ ਮਜਬੂਰੀ ਹੈ।

"ਕਰੋਲ ਬਾਗ ਗੁਰਦੁਆਰਾ ਰੋਡ ਲੇਡੀ ਡਾਕਟਰ ਕਰਤਾਰ ਕੌਰ ਦਾ ਨਾਂ ਪੁੱਛ ਲਈਂ।"

ਗਣੇਸ਼ਾ ਸਾਰੀ ਦਿੱਲੀ ਦਾ ਵਾਕਫ ਹੋ ਚੁਕਾ ਸੀ, ਧਰੋਪਤੀ ਦੇ ਮੂੰਹੋਂ ਇਹ ਲਫਜ਼ ਸੁਣਦਿਆਂ ਹੀ ਟੈਕਸੀ ਲੈ ਕੇ ਉਡ ਗਿਆ।

ਗਣੇਸ਼ੇ ਨੇ ਝਟ ਵਾਪਸ ਆਣ ਕੇ ਵਿਹੜੇ ਵੜਦਿਆਂ ਹੀ ਜ਼ੋਰ ਦਾ ਹਾਰਨ ਵਜਾਇਆ, ਪਰ ਧਰੋਪਤੀ ਦੇ ਕੰਨ ਇਸ ਵੇਲੇ ਸਿਰਫ ਸ਼ਰਨਾਰਥਣ ਦੀ ਪੀੜਿਤ ਹਾਏ ਹਾਏ ਤੋਂ ਨਵੇਂ ਜੀਅ ਦੀ ਰੁਣਕੀ ਚੀਂ-ਚੀਂ ਸੁਣਨ ਵਿਚ ਹੀ ਪੂਰੇ ਰੁੱਝੇ ਸਨ। ਲੇਡੀ ਡਾਕਟਰ ਨੂੰ ਵੇਖ ਕੇ ਧਰੋਪਤੀ ਨੇ ਸੁੱਖ ਦਾ ਸਾਹ ਲਿਆ। ਜਨਨੀ ਦੀ ਹਾਲਤ ਵੇਖ-ਵਾਖ ਕੇ ਕਰਤਾਰ ਕੌਰ ਨੇ ਧਰੋਪਤੀ ਦੀ ਸਿਫਤ ਕੀਤੀ।

"ਟੈਕਸੀ ਵਾਲੇ ਦੇ ਚਲੇ ਜਾਣ ਪਿੱਛੋਂ ਮੈਨੂੰ ਖਿਆਲ ਆਇਆ, ਨਹੀਂ ਤੇ ਟੈਲੀਫੋਨ ਹੀ ਕਰਵਾ ਦਿੰਦੀ, ਤੁਸੀਂ ਇਕ ਵੇਰ ਨੋਟ ਕਰਵਾਇਆ ਸੀ।"

ਧਰੋਪਤੀ ਦੀ ਗੱਲ ਸੁਣ ਕੇ ਲੇਡੀ ਡਾਕਟਰ ਨੇ ਕਿਹਾ, "ਹਾਂ ਉਹ ਘੁਮੰਡਾ ਸਿੰਘ ਉਰਾਂ ਦਾ ਨੰਬਰ ਸੀ, ਪਰ ਹੁਣ ਤੇ ਉਹ ਸੁਨੇਹਾ ਹੀ ਨਹੀਂ ਪਹੁੰਚਾਉਂਦੇ। ਪੈਸੇ ਵਾਲੇ ਆਦਮੀ ਨੇ, ਜੇ ਆਪਣੇ ਕਿਸੇ ਸਬੰਧੀ ਜਾਂ ਮਿਲਣ-ਗਿਲਣ ਵਾਲੇ ਦਾ ਕੰਮ ਹੋਵੇ ਤਾਂ ਤੁਰਤ ਬੰਦਾ ਭੇਜ ਦਿੰਦੇ ਨੇ।"

"ਖਸਮਾਂ ਖਾਣੇ, ਪੈਸੇ ਦਾ ਐਡਾ ਘੁਮੰਡ!" ਧਰੋਪਤੀ ਦੀ ਹਮਦਰਦੀ ਵੇਖ ਕੇ ਲੇਡੀ ਡਾਕਟਰ ਨੇ ਜਨਨੀ ਸ਼ਰਨਾਰਥਣ ਦਾ ਪਤਾ-ਨਿਵਾਂ ਪੁੱਛਿਆ। ਧਰੋਪਤੀ ਨੇ ਸਾਰੀ ਵਾਰਤਾ ਸੁਣ ਕੇ ਕਿਹਾ, "ਇਸ ਦਾ ਪਤਾ-ਨਿਵਾਂ ਤੇ ਅਸਾਂ ਅਜੇ ਪੁੱਛਿਆ ਹੀ ਨਹੀਂ, ਜ਼ਰਾ ਠੀਕ ਠਾਕ ਹੋ ਲਵੇ।"

"ਇਹ ਵੀ ਚੰਗਾ ਹੋਇਆ ਕਿ ਕਿਤੇ ਸੜਕ 'ਤੇ ਹੀ ਵਿਚਾਰੀ...।"

"ਹੱਛਾ ਭੈਣ ਧਰੋਪਤੀ ਮੈਂ ਤੇ ਆਪਣਾ ਰੋਣਾ ਰੋਣ ਵੀ ਤੁਹਾਡੇ ਆਉਣਾ ਸੀ, ਲਾਲਾ ਜੀ ਕਿੱਥੇ ਨੇ?"

"ਕਿਉਂ, ਕੀ ਗੱਲ ਏ? ਉਹ ਅੰਬਾਲੇ ਤੱਕ ਗਏ ਸਨ, ਬਸ ਹੁਣ ਆਉਣ ਵਾਲੇ ਹੀ ਹਨ।"

"ਗੱਲ ਕੀ ਦੱਸਾਂ ਭੈਣ ਜੀ, ਜਿਸ ਗੈਰਜ ਵਿਚ ਮੈਂ ਕੰਮ ਕਾਰ ਕਰਦੀ ਹਾਂ, ਤੁਹਾਨੂੰ ਪਤਾ ਹੀ ਏ, ਦੋ ਹਜ਼ਾਰ ਲਾ ਕੇ ਮੈਂ ਪਾਰਟੀਸ਼ਨ ਕਰਵਾਇਆ, ਦਿਨੇ ਕੰਮ ਕਰਦੀ ਹਾਂ, ਰਾਤ ਉਥੇ ਹੀ ਕਊਚ 'ਤੇ ਲੰਮੀ ਪੈ ਜਾਂਦੀ ਹਾਂ। ਮੈਨੂੰ ਪਤਾ ਲੱਗਾ ਹੈ ਕਿ ਮੇਰੇ ਵਾਲਾ ਗੈਰਜ ਬਖਸ਼ੀ ਖੁਸ਼ਹਾਲ ਚੰਦ ਐਡਵੋਕੇਟ ਨੇ ਆਪਣੇ ਨਾਂ ਅਲਾਟ ਕਰਵਾ ਲਿਐ।"

"ਹੈਂ ਹੈਂ, ਖਸਮਾਂ ਖਾਣੇ!"

"ਹਾਂ, ਭੈਣ ਧਰੋਪਤੀ, ਮੇਰੀ ਤੇ ਚਿੰਤਾ ਨਾਲ ਰਾਤ ਨੀਂਦਰ ਨਹੀਂ ਪੈਂਦੀ।"

ਤਿੰਨ ਵੱਜ ਗਏ, ਸਾਢੇ ਤਿੰਨ, ਚਾਰ, ਪੰਜ ਦਾ ਵਕਤ ਹੋ ਗਿਆ, ਲਾਲਾ ਭਗਤ ਰਾਮ ਦੇ ਕੁਆਰਟਰ ਸਾਹਮਣੇ ਸ਼ਰਨਾਰਥੀਆਂ ਦੀ ਭੀੜ ਲੱਗੀ ਹੋਈ ਹੈ, ਪਰ ਉਹ ਅਜੇ ਅੰਬਾਲਿਓਂ ਵਾਪਸ ਨਹੀਂ ਮੁੜੇ।

"ਚਾਨਣ ਸ਼ਾਹ ਉਰਾਂ ਦੇ ਘਰੋਂ ਟੈਲੀਫੋਨ ਹੀ ਕਰ ਕੇ ਪਤਾ ਕਰੋ", ਧਰੋਪਤੀ ਦੇ ਕਹਿਣ 'ਤੇ ਉਸ ਦੇ ਨਿੱਕੇ ਮੁੰਡੇ ਨੇ ਟੈਲੀਫੋਨ ਦੀ ਕਿਤਾਬ ਵੇਖ ਕੇ ਕਿਹਾ, "ਉਨ੍ਹਾਂ ਦੇ ਘਰ ਤਾਂ ਟੈਲੀਫੋਨ ਹੈ ਹੀ ਨਹੀਂ।"

"ਨਹੀਂ ਹੈ, ਲਾਲਾ ਜੀ ਨੇ ਹੁਣੇ ਹੀ ਕੋਸ਼ਿਸ਼ ਕਰ ਕੇ ਲੁਆ ਦਿੱਤੈ।" ਧਰੋਪਤੀ ਦੀ ਗੱਲ ਸੁਣ ਕੇ ਇਕ ਸ਼ਰਨਾਰਥੀ ਨੇ ਕਿਹਾ, "ਲਾਲਾ ਜੀ ਵੀ ਭੱਜ ਕੇ ਸਰਮਾਏਦਾਰਾਂ ਦੇ ਕੰਮ ਹੀ ਕਰਦੇ ਨੇ।"

"ਖਸਮਾਂ ਖਾਣੇ, ਨੁਕਸ ਛਾਂਟਣ ਨੂੰ ਆ ਜਾਂਦੇ ਨੇ, ਸਰਮਾਏ ਬਿਨਾ ਕੋਈ ਕੰਮ ਵੀ ਚਲਦੈ। ਹੁਣ ਚਾਨਣ ਸ਼ਾਹ ਉਰੀ ਲਾਲਾ ਜੀ ਨੂੰ ਆਪਣੀ ਮੋਟਰ ਵਿਚ ਬਿਠਾ ਕੇ ਅੰਬਾਲੇ ਲੈ ਗਏ ਨੇ। ਕੰਮ ਭਾਵੇਂ ਉਨ੍ਹਾਂ ਦਾ ਆਪਣਾ ਵੀ ਸੀ, ਪਰ ਲਾਲਾ ਜੀ ਨੇ ਸ਼ਰਨਾਰਥੀਆਂ ਦੀ ਖਬਰ ਲੈਣ ਜਾਣਾ ਸੀ, ਆਰਾਮ ਨਾਲ ਗਏ ਨੇ, ਆਰਾਮ ਨਾਲ ਆ ਜਾਣਗੇ।" ਗੱਲ ਕਰਦਿਆਂ ਕਰਦਿਆਂ ਹੀ ਧਰੋਪਤੀ ਨੇ ਮੁੰਡੇ ਨੂੰ ਫਿਰ ਆਵਾਜ਼ ਦਿੱਤੀ, "ਟੈਲੀਫੋਨ ਪੁੱਛ-ਗਿੱਛ ਦੇ ਦਫਤਰੋਂ ਲਾਲਾ ਚਾਨਣ ਸ਼ਾਹ ਦਾ ਨੰਬਰ ਪਤਾ ਕਰ ਲਵੋ।"

—

"ਕਿੱਥੋਂ ਬੋਲਦੇ ਹੋ ਜੀ?"

"ਲਾਲਾ ਚਾਨਣ ਸ਼ਾਹ ਦੀ ਕੋਠੀਓਂ?"

"ਸ਼ਾਹ ਉਰੀਂ ਅੰਬਾਲੇ ਗਏ ਸਨ?"

"ਆ ਗਏ ਹਨ।"

"ਉਨ੍ਹਾਂ ਨੂੰ ਜ਼ਰਾ ਟੈਲੀਫੋਨ ਦਿਓ।"

"ਤੁਸੀਂ ਥੋੜ੍ਹੀ ਦੇਰ ਨੂੰ ਟੈਲੀਫੋਨ ਕਰਨਾ, ਇਸ ਵੇਲੇ ਉਹ ਬਾਹਰ ਬਗੀਚੇ ਵਿਚ ਬੈਠੇ ਹਨ, ਕੁਝ ਪ੍ਰਾਹੁਣੇ ਆਏ ਹੋਏ ਹਨ, ਪਾਰਟੀ ਹੋ ਰਹੀ ਹੈ।"

"ਹੱਛਾ ਉਨ੍ਹਾਂ ਤੋਂ ਪਤਾ ਕਰ ਦਿਓ ਕਿ ਲਾਲਾ ਭਗਤ ਰਾਮ ਉਰੀ ਜੋ ਉਨ੍ਹਾਂ ਦੇ ਨਾਲ ਗਏ ਸਨ, ਉਹ ਕਿੱਥੇ ਹਨ।"

"ਤੁਸੀਂ ਕੌਣ ਬੋਲਦੇ ਹੋ?"

"ਧਰੋਪਤੀ, ਲਾਲਾ ਜੀ ਦੇ ਘਰੋਂ।

"ਹੱਛਾ ਇਕ ਦੋ ਮਿੰਟ ਉਡੀਕੋ, ਜਾਂ ਆਪਣਾ ਨੰਬਰ ਦੱਸ ਦਿਉ।" ਧਰੋਪਤੀ ਆਪਣਾ ਨੰਬਰ ਦੱਸ ਕੇ ਕਰਤਾਰ ਕੌਰ ਨਾਲ ਗੱਲੀਂ ਲੱਗਣ ਲੱਗੀ ਸੀ ਕਿ ਤੁਰੰਤ ਫੈਲੀਫੋਨ ਦੀ ਘੰਟੀ ਵੱਜੀ।

"ਹੈਲੋ।"

"ਹਾਂ ਜੀ।"

"ਸ਼ਾਹ ਜੀ ਆਖਦੇ ਹਨ ਕਿ ਲਾਲਾ ਜੀ ਡਿਪਟੀ ਕਮਿਸ਼ਨਰ ਦੀ ਕੋਠੀ ਤੋਂ ਹੀ ਟਾਂਗਾ ਲੈ ਸ਼ਰਨਾਰਥੀ ਕੈਂਪ ਵਿਚ ਚਲੇ ਗਏ ਸਨ। ਮੋਟਰ ਵਿਚ ਪੈਟਰੋਲ ਥੋੜ੍ਹਾ ਸੀ ਤੇ ਸ਼ਾਹ ਉਰਾਂ ਆਪਣੇ ਇਕ ਦੋ ਕੰਮ ਹੋਰ ਕਰਨੇ ਸਨ। ਸ਼ਾਹ ਉਰਾਂ ਲਾਲਾ ਜੀ ਨੂੰ ਸ਼ਰਨਾਰਥੀ ਕੈਂਪ ਵਿਚੋਂ ਨਾਲ ਲੈਣਾ ਸੀ, ਪਰ ਦੂਜੇ ਜ਼ਰੂਰੀ ਕੰਮਾਂ ਵਿਚ ਉਨ੍ਹਾਂ ਨੂੰ ਢਿੱਲ ਲੱਗ ਗਈ। ਇੱਥੇ ਘਰ ਬੰਦੇ ਚਾਹ 'ਤੇ ਸੱਦੇ ਹੋਏ ਸਨ। ਜੇ ਕੈਂਪ ਵਿਚ ਲਾਲਾ ਜੀ ਨੂੰ ਲੈਣ ਜਾਂਦੇ ਤਾਂ ਢਿੱਲ ਲੱਗ ਜਾਣੀ ਸੀ, ਇਸ ਲਈ ਉਹ ਵਾਪਸ ਆ...।" 'ਗਏ' ਸ਼ਬਦ ਅਜੇ ਦੱਸਣ ਵਾਲੇ ਦੇ ਮੂੰਹ ਵਿਚ ਹੀ ਸੀ ਕਿ ਧਰੋਪਤੀ ਨੇ 'ਖਸਮਾਂ ਖਾਣੇ' ਆਖ ਕੇ ਜ਼ੋਰ ਨਾਲ ਰਸਵੀਰ ਵਗਾਹ ਕੇ ਮਾਰਿਆ। ਗੱਲ ਸਭ ਨੂੰ ਪਤਾ ਲੱਗ ਗਈ, ਕੰਮਾਂ ਵਾਲੇ ਘਰੋਂ-ਘਰੀਂ ਚਲੇ ਗਏ।

ਰਾਤ ਦੀ ਸ਼ਾਂਤੀ ਜਿਉਂ-ਜਿਉਂ ਡੂੰਘੀ ਹੁੰਦੀ ਜਾਂਦੀ ਹੈ, ਧਰੋਪਤੀ ਦੀ ਬੇਚੈਨੀ ਵਧਦੀ ਜਾਂਦੀ ਹੈ। ਸੜਕ ਤੋਂ ਹਰ ਗੁਜ਼ਰਨ ਵਾਲੀ ਮੋਟਰ ਦੀ ਆਵਾਜ਼ ਉਸ ਨੂੰ ਆਪਣੇ ਵਿਹੜੇ ਵਿਚ ਸੁਣੀਂਦੀ, ਉਹ ਭੁਲੇਖੇ ਵਿਚ ਬੂਹਾ ਖੋਲ੍ਹਦੀ ਤੇ ਮੋਟਰ ਫਰ-ਫਰ ਕਰਦੀ ਅਲੋਪ ਹੋ ਜਾਂਦੀ। ਜਨਨੀ ਸ਼ਰਨਾਰਥਣ ਦੀ ਸੇਵਾ ਸੰਭਾਲ ਧਰੋਪਤੀ ਦੇ ਜਾਗਣ ਦਾ ਚੰਗਾ ਬਹਾਨਾ ਹੈ, ਪਰ ਉਂਜ ਵੀ ਅੱਜ ਉਸ ਦੀਆਂ ਅੱਖਾਂ ਵਿਚ ਨੀਂਦਰ ਕਿੱਥੋਂ।

"ਪੋਹ-ਮਾਹ ਦੀ ਰਾਤ, ਬਗੈਰ ਬਿਸਤਰੇ, ਕੋਈ ਭਾਰਾ ਕੱਪੜਾ ਵੀ ਲੈ ਕੇ ਨਹੀਂ ਗਏ, ਦਵਾਈ ਬਿਨਾ ਉਨ੍ਹਾਂ ਨੂੰ ਨੀਂਦਰ ਨਈਂ ਆਉਂਦੀ।" ਉਠਦਿਆਂ, ਬੈਠਦਿਆਂ ਜਨਨੀ ਸ਼ਰਨਾਰਥਣ ਦਾ ਕੱਪੜਾ ਲੱਤਾ ਠੀਕ ਕਰਦਿਆਂ-ਕਰਦਿਆਂ ਮੋਟਰਾਂ ਦੀਆਂ ਆਵਾਜ਼ਾਂ ਦੇ ਭੁਲੇਖੇ ਵਿਚ ਮੁੜ-ਮੁੜ ਬਾਹਰ ਝਾਕਦਿਆਂ, ਅੰਗੀਠੀ ਦੀ ਅੱਗ ਫੋਲਦਿਆਂ-ਫਾਲਦਿਆਂ ਧਰੋਪਤੀ ਨੂੰ ਸਵੇਰ ਹੋ ਗਈ। ਅਖੀਰ ਕੱਲ੍ਹ ਵਾਲੇ ਮੂੰਹ ਹਨੇਰੇ ਵੇਲੇ ਇਕ ਮੋਟਰ ਉਸ ਦੇ ਵਿਹੜੇ ਵਿਚ ਆਣ ਹੀ ਰੁਕੀ। ਹਾਰਨ ਇਸ ਦਾ ਅੱਜ ਵੀ ਬੜਾ ਖਹੁਰਾ ਹੈ, ਪਰ ਧਰੋਪਤੀ ਦੇ ਕੰਨਾਂ ਨੂੰ ਸਵੇਰ ਦੇ ਆਸਾ ਰਾਗ ਵਰਗਾ ਮਿੱਠਾ ਲੱਗਾ।

ਗਣੇਸ਼ੇ ਨੇ ਟੈਕਸੀ ਦਾ ਬੂਹਾ ਬਾਹਰੋਂ ਖੋਲ੍ਹਿਆ, ਪਤਲੇ ਜਿਹੇ ਮੈਲੇ ਖਲੱਟ ਕੰਬਲ ਦੀ ਬੁੱਕਲ ਮਾਰੀ, ਲਾਲਾ ਭਗਤ ਰਾਮ ਉਰੀ ਬਾਹਰ ਨਿਕਲੇ। ਧਰੋਪਤੀ ਸੱਜੇ ਹੱਥ ਦੀਆਂ ਉਂਗਲਾਂ ਨਾਲ ਕੰਬਲ ਦੀ ਮੋਟਾਈ ਜਾਚ ਰਹੀ ਸੀ, ਤੇ ਲਾਲਾ ਜੀ ਆਖ ਰਹੇ ਸਨ, ਸ਼ਰਨਾਰਥੀ ਵਿਚਾਰਾ ਰਾਤ ਸਰਦੀ ਨਾਲ ਠਰ ਗਿਆ ਹੋਵੇਗਾ, ਇਕੋ ਤੇ ਉਸ ਪਾਸ ਕੰਬਲ ਸੀ, ਜਿਹੜਾ ਉਸ ਨੇ ਮੈਨੂੰ ਰੇਲ ਵਿਚ ਬਿਠਾਉਂਦਿਆਂ ਬਦੋਬਦੀ ਮੇਰੇ ਦੁਆਲੇ ਲਪੇਟ ਦਿੱਤਾ। ਧਰੋਪਤੀ ਨੇ ਖੱਬਾ ਹੱਥ ਕਮੀਜ਼ ਦੀ ਜੇਬ੍ਹ ਵਿਚ ਪਾਇਆ, "ਸਤਿ ਸ੍ਰੀ ਅਕਾਲ" ਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। ਗਣੇਸ਼ੇ ਦੀ ਉਡਦੀ ਜਾਂਦੀ ਟੈਕਸੀ ਨੂੰ ਦੂਰ ਤੱਕ ਵੇਖਦਿਆਂ ਉਸ ਦੇ ਮੂੰਹ 'ਚੋਂ ਨਿਕਲਿਆ, "ਇਸ ਗਰੀਬ ਨੂੰ ਵੇਖੋ ਤਾਂ ਉਹ ਖਸਮਾਂ ਖਾਣੇ!"

# ਕਿੱਸਾ ਕਹਾਣੀਕਾਰ ਅਜੀਤ ਕੌਰ ਦੀ ਅਸੀਸ ਦਾ!

***ਦਿੱਲੀ ਵੱਸਦੇ ਅਜੀਤ ਕੌਰ ਅਤੇ ਗੁਰਬਚਨ ਸਿੰਘ ਭੁੱਲਰ ਪੰਜਾਬੀ ਕਹਾਣੀ ਜਗਤ ਦੇ ਦੋ ਉਚ ਦੁਮਾਲੜੇ ਜਿਊੜੇ ਹਨ। ਇਨ੍ਹਾਂ ਦੀਆਂ ਕਹਾਣੀਆਂ ਦਾ ਆਪੋ-ਆਪਣਾ ਰੰਗ ਹੈ ਅਤੇ ਆਪੋ-ਆਪਣੇ ਜੀਵਨ ਵਿਚ ਵੀ ਇਨ੍ਹਾਂ ਦਾ ਜਲੌਅ ਦੇਖਿਆਂ ਹੀ ਬਣਦਾ ਹੈ। ਗੁਰਬਚਨ ਸਿੰਘ ਭੁੱਲਰ ਦੀ ਇਸ ਨਿੱਕੀ ਜਿਹੀ ਟਿੱਪਣੀ ਵਿਚ ਇਨ੍ਹਾਂ ਦੋਹਾਂ ਸ਼ਖਸੀਅਤਾਂ ਦਾ ਇਹ ਰੰਗ ਪੂਰੇ ਜਲੌਅ ਨਾਲ ਪ੍ਰਗਟ ਹੋਇਆ ਹੈ, ਸਗੋਂ ਕਹਿਣਾ ਚਾਹੀਦਾ ਹੈ ਕਿ ਇਹ ਜਲੌਅ ਦੂਣ-ਸਵਾਇਆ ਹੋਇਆ ਹੈ। -ਸੰਪਾਦਕ***

ਅਜੀਤ ਕੌਰ ਦਾ ਨਾਂ ਸਭ ਤੋਂ ਪਹਿਲਾਂ ਸੀ। ਹੋਣਾ ਹੀ ਚਾਹੀਦਾ ਸੀ। ਪੰਜਾਬੀ ਦੇ ਜੀਵਿਤ ਕਹਾਣੀਕਾਰਾਂ ਵਿਚੋਂ ਉਹ ਉਮਰ ਦੇ ਪੱਖੋਂ ਤਾਂ ਵੱਡੀ ਹੈ ਹੀ, ਕਹਾਣੀ ਦੀ ਗੁਣਤਾ ਦੇ ਪੱਖੋਂ ਵੀ ਵੱਡੀ ਹੈ। ਦਿੱਲੀ ਦੀ ਪੰਜਾਬੀ ਅਕਾਦਮੀ ਗਾਇਕੀ, ਨਾਟਕ ਤੇ ਹੋਰ ਸਭਿਆਚਾਰਕ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ। ਇਸ ਵਾਰ ਤਿੰਨ-ਦਿਨਾ 'ਪੰਜਾਬੀ ਵਿਰਾਸਤੀ ਮੇਲਾ' ਕਰਵਾਇਆ ਗਿਆ ਤਾਂ ਸਕੱਤਰ ਗੁਰਭੇਜ ਸਿੰਘ ਨੇ ਪਹਿਲੀ ਵਾਰ ਸਭਿਆਚਾਰ ਦੇ ਨਾਲ ਸਾਹਿਤ ਵੀ ਜੋੜ ਲਿਆ। ਪਹਿਲੇ ਦਿਨ ਕਹਾਣੀਕਾਰਾਂ ਨੂੰ, ਦੂਜੇ ਦਿਨ ਕਵੀਆਂ ਅਤੇ ਤੀਜੇ ਦਿਨ ਮੰਚ ਕਲਾਕਾਰਾਂ ਨੂੰ ਦਰਸ਼ਕਾਂ ਦੇ ਰੂਬਰੂ ਕਰਾਇਆ ਜਾਣਾ ਸੀ। ਹਰ ਵਿਧਾ ਦੇ ਸਭਨਾਂ ਪੀੜ੍ਹੀਆਂ ਦੇ ਪ੍ਰਤੀਨਿਧ ਬੁਲਾਏ ਗਏ ਸਨ।

ਪਰ ਅਜੀਤ ਕੌਰ ਤਾਂ ਢਾਈ-ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤਕ ਸਭਾਵਾਂ-ਸਮਾਗਮਾਂ ਵਿਚ ਆਉਂਦੀ ਹੀ ਨਹੀਂ। ਗੱਲ ਸਿਰਫ ਉਹਦੇ ਨਾ ਆਉਣ ਤੱਕ ਹੀ ਨਹੀਂ ਸੀ ਰਹੀ ਸਗੋਂ

**ਗੁਰਬਚਨ ਸਿੰਘ ਭੁੱਲਰ**
**ਫੋਨ: +1142502364**

ਉਹਨੂੰ ਉਹਦੇ ਘਰ ਜਾ ਕੇ ਮਿਲਣਾ ਵੀ ਅਸੰਭਵ ਹੋ ਗਿਆ ਸੀ। ਦੁਆਰਪਾਲ ਕੋਲ ਦਿਨ ਨੂੰ ਮਿਲਣ ਆਉਣ ਵਾਲਿਆਂ ਦੀ ਉਹ ਸੂਚੀ ਹੁੰਦੀ ਹੈ, ਜੋ ਉਹਨੂੰ ਅਜੀਤ ਕੌਰ ਨੇ ਫੜਾਈ ਹੁੰਦੀ ਹੈ। ਦੱਸਣਯੋਗ ਹੈ ਕਿ ਸੂਚੀ ਵਿਚ ਨਾਂ ਹੋਣ ਤੋਂ ਬਿਨਾ ਮਿਲਣ ਦੀ ਕੋਈ ਸੂਰਤ ਤੇ ਸੰਭਾਵਨਾ ਨਹੀਂ ਰਹਿ ਜਾਂਦੀ ਤੇ ਤੁਹਾਡਾ ਨਾਂ ਇਸ ਸੂਚੀ ਵਿਚ ਹੈ ਨਹੀਂ! ਅਜੀਤ ਕੌਰ ਦੇ ਦੁਆਰਪਾਲ ਦੇ ਹੱਥ ਵਿਚ ਬਰਛਾ ਤਾਂ ਨਹੀਂ ਹੁੰਦਾ ਪਰ ਉਹਦੀਆਂ ਦੋ-ਟੁੱਕ ਰੁੱਖੀਆਂ ਗੱਲਾਂ ਸੁਣ ਕੇ ਤੁਹਾਨੂੰ ਉਹਦੇ ਹੱਥ ਦਾ ਬਰਛਾ ਦਿਖਾਈ ਦੇਣ ਲਗਦਾ ਹੈ।

ਬੰਦ ਗੇਟ ਅੱਗੇ ਕੱਚਾ ਜਿਹਾ ਹੋ ਕੇ ਖਲੋਤਿਆਂ ਮੈਨੂੰ ਮੋਹਨ ਭੰਡਾਰੀ ਦੀ ਚੜ੍ਹਦੀ ਉਮਰੇ ਲਿਖੀ ਹੋਈ ਕਵਿਤਾ ਚੇਤੇ ਆ ਗਈ, "ਭਾਲ ਥੱਕੇ ਹਾਂ ਬੜਾ, ਤੇਰਾ ਘਰ ਨਹੀਂ ਮਿਲਦਾ/ ਤੇਰਾ ਘਰ ਮਿਲਦਾ ਹੈ, ਤਾਂ ਤੂੰ ਘਰ ਨਹੀਂ ਮਿਲਦਾ!" ਆਖਰ ਫੋਨ ਰਾਹੀਂ ਗੱਲ ਹੋਣ ਦੀ ਆਸ ਬਾਕੀ ਬਚਦੀ ਸੀ। ਸਵੇਰ ਵੇਲੇ ਮਿੱਠੀ ਪੁਰਖੀ ਆਵਾਜ਼ ਵਿਚ ਜਵਾਬ ਮਿਲਿਆ, "ਜੀ ਉਹ ਤਾਂ ਚਲੇ ਗਏ ਨੇ।" ਫੋਨ ਬੰਦ! ਸ਼ਾਮ ਨੂੰ ਫੇਰ ਕੋਸ਼ਿਸ਼ ਕੀਤੀ। ਉਹੋ ਮਿੱਠਾ ਜਵਾਬ, ਉਹੋ ਨਿਰਾਸ਼ਾ! "ਜੀ ਉਹ ਤਾਂ ਅਜੇ ਆਏ ਨਹੀਂ।" ਫੋਨ ਫੇਰ ਬੰਦ। ਦੂਜੀ ਵਾਰ ਮੈਂ ਸੱਤ ਵਜੇ ਸਵੇਰੇ, ਭਾਵ ਉਹਦੇ ਜਾਣ ਤੋਂ ਪਹਿਲਾਂ ਫੋਨ ਮਿਲਾ ਲਿਆ ਪਰ ਉਸੇ ਆਵਾਜ਼ ਅਨੁਸਾਰ ਅਜੀਤ ਕੌਰ ਘਰੋਂ ਕਿਸੇ ਕੰਮ ਜਾ ਵੀ ਚੁਕੀ ਸੀ। ਸ਼ਾਮ ਨੂੰ ਨੌਂ ਵਜੇ ਫੋਨ ਘੁਮਾਉਂਦਿਆਂ ਸੋਚਿਆ, ਹੁਣ ਤਾਂ ਪੰਛੀ ਵੀ ਆਲ੍ਹਣਿਆਂ ਵਿਚ ਮੁੜ ਆਏ, ਅਜੀਤ ਕੌਰ ਵੀ ਘਰ ਆ ਗਈ ਹੋਵੇਗੀ ਪਰ ਪਤਾ ਲੱਗਾ, ਉਹ ਅਜੇ ਵਾਪਸ ਨਹੀਂ ਸੀ ਆਈ।

ਗੱਲ ਕੀ, ਗੱਲ ਅਖਬਾਰਾਂ ਵਿਚ 'ਗੁਮਸ਼ੁਦਾ ਕੀ ਤਲਾਸ਼' ਦਾ ਇਸ਼ਤਿਹਾਰ ਦੇਣ ਵਾਲੀ ਬਣੀ ਹੋਈ ਸੀ। ਦੋ-ਤਿੰਨ ਵਾਰ ਇਸ ਅਨੁਭਵ ਵਿਚੋਂ ਲੰਘ ਕੇ ਮੈਂ ਸਮਝ ਗਿਆ ਕਿ ਅਜੀਤ ਕੌਰ ਫੋਨ ਵਾਲੇ ਮਿਠਬੋਲੜੇ ਪਰ ਝੂਠੇ ਬੰਦੇ ਦੇ ਨੇੜੇ ਹੀ ਬੈਠੀ ਹੋਈ ਹੈ, ਬੱਸ ਜੇ ਦੂਰ ਹੈ ਤਾਂ ਸਾਥੋਂ ਪੰਜਾਬੀ ਲੇਖਕਾਂ ਤੋਂ ਹੀ ਹੈ। ਪੰਜਾਬੀ ਅਕਾਦਮੀ ਦਿੱਲੀ ਦਾ ਖੂਬਸੂਰਤ ਕਾਰਡ ਦੋ ਤਿੰਨ ਵਾਰ ਪੜ੍ਹ ਕੇ ਤੇ ਉਲਟ ਪਲਟ ਕੇ ਵੀ ਇਹ ਸਮਝ ਨਹੀਂ ਸੀ ਆ ਰਹੀ ਕਿ ਪ੍ਰਬੰਧਕਾਂ ਨੇ ਉਹਦਾ ਨਾਂ ਸਮਾਗਮ ਨੂੰ ਖਿੱਚ ਪਾਉਣ ਵਾਲਾ ਬਣਾਉਣ ਲਈ ਕੁਝ ਮਨਮੋਹਕ ਨਾਂ ਐਵੇਂ ਹੀ ਪਾ ਦੇਣ ਦੀ ਪਰੰਪਰਾ ਪਾਲਦਿਆਂ ਲਿਖ ਛੱਡਿਆ ਹੈ ਜਾਂ ਉਹ ਸੱਚਮੁੱਚ ਆਵੇਗੀ!

ਮੈਂ ਪੰਜਾਬੀ ਅਕਾਦਮੀ ਦੇ ਸਕੱਤਰ ਗੁਰਭੇਜ ਸਿੰਘ ਨੂੰ ਫੋਨ ਕੀਤਾ, "ਤੁਸੀਂ ਅਜੀਤ ਕੌਰ ਦਾ ਨਾਂ ਕਿਉਂ ਲਿਖ ਛੱਡਿਆ, ਉਹਨੇ ਤਾਂ ਪੰਜਾਬੀ ਦੇ ਸਾਹਿਤਕ ਸਮਾਗਮਾਂ 'ਚ ਆਉਣਾ ਚਿਰੋਕਣਾ ਛੱਡਿਆ ਹੋਇਆ ਹੈ?" ਉਹਨੇ ਮਾਣ ਨਾਲ ਕਿਹਾ, "ਮੈਂ ਉਨ੍ਹਾਂ ਨੂੰ ਮਨਾ ਲਿਆ ਹੈ।" ਮੈਂ ਹੈਰਾਨ, "ਤੁਸੀਂ ਇਹ ਕ੍ਰਿਸ਼ਮਾ ਕਿਵੇਂ ਕਰ ਦਿਖਾਇਆ?" ਉਹਨੇ ਦੱਸਿਆ, "ਮੈਂ ਕਿਹਾ, ਤੁਸੀਂ ਕੋਈ ਭਾਸ਼ਨ ਨਾ ਦੇਣਾ, ਕਹਾਣੀ ਬਾਰੇ ਵੀ ਕੁਛ ਨਾ ਕਹਿਣਾ, ਬੱਸ ਸਾਨੂੰ ਤੇ ਪੰਜਾਬੀ ਅਕਾਦਮੀ ਨੂੰ ਅਸੀਸ ਦੇ ਜਾਉ, ਭਾਵੇਂ ਦੋ ਮਿੰਟਾਂ ਵਾਸਤੇ ਹੀ ਆ ਜਾਉ।"

ਪੁਰਾਣੇ ਸਮਿਆਂ ਦੀ ਗੱਲ ਹੈ, ਅਜੀਤ ਕੌਰ, ਖਾਸ ਕਰਕੇ ਦਿੱਲੀ ਵਿਚ ਪੰਜਾਬੀ ਸਾਹਿਤਕ ਇਕੱਠਾਂ ਦੀ ਜਾਨ ਤੇ ਸ਼ਾਨ ਹੁੰਦੀ ਸੀ। ਪੰਜਾਬੀ ਕਹਾਣੀ ਦੇ ਜ਼ਿਕਰ ਵਿਚ ਅਜੀਤ ਕੌਰ ਸ਼ਾਮਲ ਨਾ ਹੋਵੇ, ਇਹ ਸੰਭਵ ਨਹੀਂ ਸੀ। 1987 ਵਿਚ ਉਹਨੇ ਪੰਜਾਬੀ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਮਸ਼ਹੂਰ ਤ੍ਰਿਵੈਣੀ ਹਾਲ ਵਿਚ 'ਕਹਾਣੀ ਦਰਬਾਰ' ਕਰਵਾਇਆ। ਉਹ ਕਹਿੰਦੀ, "ਕਵੀ ਦਰਬਾਰ ਤਾਂ ਸਦਾ ਤੋਂ ਹੁੰਦੇ ਆਏ। ਖਾਸ ਕਰਕੇ ਜਦੋਂ ਦੇ ਆਜ਼ਾਦੀ ਦਿਹਾੜੇ ਤੇ ਰਿਪਬਲਿਕ ਦਿਨ ਨਾਲ ਜੋੜੇ ਗਏ



*ਅਜੀਤ ਕੌਰ ਨਾਲ ਲੇਖਕ ਗੁਰਬਚਨ ਸਿੰਘ ਭੁੱਲਰ (ਐਨ ਸੱਜੇ)*

ਇਹ ਕਵੀ ਦਰਬਾਰ, ਉਦੋਂ ਦੀ ਤਾਂ ਤੁਕਾਂ ਜੋੜਨ ਵਾਲਿਆਂ ਦੀ ਮੌਜ ਹੀ ਹੋ ਗਈ।...ਪਰ ਕਹਾਣੀ ਦਰਬਾਰ? ਕਹਾਣੀ ਵੀ ਕੋਈ ਸੁਣਾਉਣ ਦੀ ਚੀਜ਼ ਐ? ਕਹਾਣੀ ਸਿਰਫ ਇੱਕੋ ਬੰਦਾ ਸੁਣਾ ਸਕਦਾ ਏ, ਤੇ ਉਹ ਐ ਦੇਵਿੰਦਰ ਸਤਿਆਰਥੀ।"

ਤਾਂ ਵੀ ਅਜੀਤ ਕੌਰ ਦੇ ਇਸ ਕਾਰਨਾਮੇ ਵਿਚ ਤਿੰਨ ਸੈਸ਼ਨ ਪੰਜਾਬੀ ਕਹਾਣੀਆਂ ਦੇ ਹੋਏ ਤੇ ਇਕ ਸੈਸ਼ਨ ਹਿੰਦੀ ਤੇ ਉਰਦੂ ਕਹਾਣੀਆਂ ਦਾ। ਇਧਰਲੀ ਕਹਾਣੀ ਬਾਰੇ ਡਾ. ਰਘਬੀਰ ਸਿੰਘ ਨੇ ਤੇ ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਸਿਬਤੁਲ ਹਸਨ ਜ਼ੈਗਮ ਨੇ ਵਿਚਾਰ ਸਾਂਝੇ ਕੀਤੇ। ਹਿੰਦੀ ਕਹਾਣੀ ਦੀ ਪਛਾਣ ਕਮਲੇਸ਼ਵਰ ਨੇ ਕਰਵਾਈ ਤੇ ਉਰਦੂ ਕਹਾਣੀ ਦੀ ਗੋਪੀ ਚੰਦ ਨਾਰੰਗ ਨੇ।

ਇਧਰਲੇ ਪੰਜਾਬੀ ਕਹਾਣੀਕਾਰ ਤਾਂ ਵਹੀਰਾਂ ਘੱਤ ਕੇ ਆਏ ਹੀ, ਪਾਕਿਸਤਾਨ ਤੋਂ ਸਿਬਤੁਲ ਹਸਨ ਜ਼ੈਗਮ, ਫਖਰ ਜ਼ਮਾਨ, ਅਫਜ਼ਲ ਅਹਿਸਨ ਰੰਧਾਵਾ ਤੇ ਮੁਹੰਮਦ ਮਨਸ਼ਾ ਯਾਦ ਵੀ ਆਏ।

ਮਗਰੋਂ ਅਜੀਤ ਕੌਰ ਨੇ ਕਹਾਣੀ ਦਰਬਾਰ ਬਾਰੇ ਲਿਖਦਿਆਂ ਕਿਹਾ, "ਮੇਲਾ, ਹਜ਼ੂਰ, ਮੇਲਾ! ਮੇਲੇ ਜਿਹਾ ਮੇਲਾ!" ਰੌਣਕਾਂ ਵੱਲ ਦੇਖਦਿਆਂ ਠੀਕ ਹੀ ਇਹ ਮੇਲਾ ਸੀ। "ਓਹੀ ਤ੍ਰਿਵੈਣੀ ਹਾਲ ਜਿਸ ਦੀਆਂ ਖਾਲੀ ਕੁਰਸੀਆਂ ਹਰ ਫੰਕਸ਼ਨ ਵੇਲੇ ਉਬਾਸੀਆਂ ਲੈਂਦੀਆਂ ਦਿਸਿਆ ਕਰਦੀਆਂ ਸਨ, ਭਰ ਕੇ ਛੁਲ੍ਹਕ ਰਿਹਾ ਸੀ। ਲੋਕ ਕਾਲੀਨਾਂ 'ਤੇ ਵੀ ਬੈਠੇ ਸਨ, ਭੁੰਜੇ ਵੀ, ਪੌੜੀਆਂ ਵਿਚ ਵੀ, ਤੇ ਕੰਧਾਂ ਨਾਲ ਲੱਗ ਕੇ ਖੜੋਤੇ ਵੀ ਹੋਏ ਸਨ।... ਕਹਾਣੀਕਾਰ! ਕਹਾਣੀਆਂ! ਗੱਪਾਂ! ਕੋਸੀਆਂ, ਰੇਸ਼ਮੀ ਧੁੱਪਾਂ ਵਿਚ ਹਮ-ਨਿਵਾਲਾ ਹੋ ਰਹੇ ਦੋਸਤ! ਤੇ ਸ਼ਾਮੀਂ ਹਮ-ਪਿਆਲਾ (ਕਾਫੀ ਦਾ!)। ਹਾਂ, ਮਗਰੋਂ ਪ੍ਰਾਈਵੇਟ ਮਹਿਫਿਲਾਂ ਵੀ ਹੋਈਆਂ, ਅੱਧੀ ਅੱਧੀ ਰਾਤ ਤੱਕ! ਤੇ ਪਿਆਲਿਆਂ ਦੀ ਲਾਜ ਰੱਖੀ ਗਈ! ਤੇ ਰਾਤੀਂ ਮਹਿਫਿਲਾਂ ਦਾ ਨਿੱਘ! ਦੋਸਤਾਂ ਦੀਆਂ ਮਿਲਣੀਆਂ। ਸਾਹਿਤਕ ਤੇ ਸਮਾਜਿਕ ਅਤੇ ਰਾਜਨੀਤਕ ਤੇ ਜ਼ਾਤੀ ਖਿਆਲਾਂ ਦੇ ਮੁਕਤ ਵਟਾਂਦਰੇ!" ਇਹ ਗੱਲ ਵੱਖਰੀ ਹੈ ਕਿ ਪਿਆਲਿਆਂ ਦੀ ਲਾਜ ਰੱਖਣ ਦੇ ਇਸ ਚੱਕਰ ਨੇ ਤੇ ਰਾਤੀਂ ਮਹਿਫਿਲਾਂ ਦੇ ਨਿੱਘ ਨੇ ਪੁਆੜੇ ਵੀ ਬੜੇ ਪਾਏ!

ਮਗਰੋਂ ਉਥੇ ਪੜ੍ਹੀਆਂ ਗਈਆਂ ਵਿਚੋਂ ਉਹਨੇ ਬਾਈ ਕਹਾਣੀਆਂ ਚੁਣੀਆਂ ਤੇ ਪੁਸਤਕ 'ਕਹਾਣੀ ਦਰਬਾਰ' ਛਪਵਾਈ। ਉਹਦੇ ਮੂਹਰੇ ਆਪ 'ਕਿੱਸਾ ਕਹਾਣੀ ਦਰਬਾਰ ਦਾ' ਲਿਖਿਆ ਤੇ ਕਰਤਾਰ ਸਿੰਘ ਦੁੱਗਲ ਤੋਂ 'ਅਜੋਕੀ ਪੰਜਾਬੀ ਕਹਾਣੀ' ਲੇਖ ਲਿਖਵਾਇਆ। ਇਸ ਸਾਰੇ ਰਾਮ-ਰੌਲੇ ਦਾ ਸਿੱਟਾ ਇਹ ਨਿਕਲਿਆ ਕਿ ਅਜੀਤ ਕੌਰ ਪੰਜਾਬੀ ਕਹਾਣੀ ਦੇ ਦਿੱਲੀ ਮੰਡਲ ਦੀ ਸਰਬਸੰਮਤੀ ਨਾਲ ਮਹਾਂਮੰਡਲੇਸ਼ਵਰ, ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਮਹੰਤ ਥਾਪੀ ਗਈ।

ਪਰ ਫੇਰ ਅਚਾਨਕ ਮਹੰਤ ਹੀ ਗਾਇਬ ਹੋ ਗਈ। ਕੁਝ ਚਿਰ ਮਗਰੋਂ ਪਤਾ ਲੱਗਾ, ਉਹਨੇ ਆਪਣੇ ਘਰ ਸਾਹਿਤਕ ਬੈਠਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਨ੍ਹਾਂ ਵਿਚ ਦਾਖਲਾ ਸਿਰਫ ਸੱਦੇ ਨਾਲ ਸੰਭਵ ਹੁੰਦਾ ਹੈ। ਇਨ੍ਹਾਂ ਬੈਠਕਾਂ ਵਿਚ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਪ੍ਰਮੁੱਖ ਲੇਖਕ ਸ਼ਾਮਿਲ ਹੁੰਦੇ। ਅਜੀਤ ਕੌਰ ਦੇ ਸੱਦੇ ਉਤੇ ਕੌਣ ਨਾ ਆਵੇ! ਸਾਬਕਾ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਵੀ, ਕੈਂਸਰ ਵਰਗੇ ਦੀਰਘ ਰੋਗ ਦੇ ਬਾਵਜੂਦ, ਆਪਣੀਆਂ ਅੰਗਰੇਜ਼ੀ ਕਵਿਤਾਵਾਂ ਸੁਣਾਉਣ ਪਹੁੰਚ ਜਾਂਦਾ। ਪੰਜਾਬੀ ਦੇ ਲੇਖਕਾਂ ਵਿਚੋਂ ਮਸਾਂ ਇਕ-ਦੋ ਨੂੰ ਮੌਕਾ ਮਿਲਦਾ। ਫੇਰ ਉਹਨੇ ਹੋਰ ਵੀ ਵੱਡਾ ਕਦਮ ਚੁੱਕਿਆ। ਉਹਨੇ 'ਦਿ ਫਾਊਂਡੇਸ਼ਨ ਆਫ ਸਾਰਕ ਰਾਈਟਰਜ਼ ਐਂਡ ਲਿਟਰੇਚਰ' ਨਾਂ ਦੀ ਸੰਸਥਾ ਬਣਾ ਲਈ ਅਤੇ ਅਫਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਮਾਲਦੀਵਜ਼, ਨੇਪਾਲ, ਪਾਕਿਸਤਾਨ ਤੇ ਸ੍ਰੀਲੰਕਾ ਦੇ ਰਾਜਨੀਤਕ ਸੰਗਠਨ 'ਦਿ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰਿਜਨਲ ਕੋਆਪਰੇਸ਼ਨ' (ਸੰਖੇਪ ਵਿਚ ਸਾਰਕ) ਦਾ ਸਾਹਿਤਕ-ਸਭਿਆਚਾਰਕ ਪੱਖ ਸੰਭਾਲ ਲਿਆ। ਉਹਦੀ ਫਾਊਂਡੇਸ਼ਨ ਦਾ ਉਦੇਸ਼ "ਇਸ ਖੇਤਰ ਵਿਚ ਅਮਨ-ਚੈਨ ਲਈ ਸਾਰਕ ਦੇ ਝੰਡੇ ਹੇਠ ਸਾਰਕ ਦੇਸਾਂ ਦੇ ਸਾਹਿਤਕ ਤੇ ਸਭਿਆਚਾਰਕ ਮੇਲ-ਜੋਲ ਰਾਹੀਂ ਲੋਕਾਂ ਵਿਚਕਾਰ ਸੰਪਰਕ ਤੇ ਗੱਲਬਾਤ ਨਾਲ ਰਿਸ਼ਤਿਆਂ ਨੂੰ ਉਜਾਗਰ ਕਰਨਾ, ਵਧਾਉਣਾ ਤੇ ਮਜ਼ਬੂਤ ਕਰਨਾ" ਐਲਾਨਿਆ ਗਿਆ।

ਛੇਤੀ ਹੀ ਸਾਰਕ ਸੈਕਰੇਟੇਰੀਏਟ ਨੇ ਫਾਊਂਡੇਸ਼ਨ ਦਾ ਮਹੱਤਵ ਪਛਾਣਦਿਆਂ ਇਹਨੂੰ ਅਪਨਾ ਲਿਆ। ਹੁਣ ਤੱਕ ਅਜੀਤ ਕੌਰ ਨੇ ਸਾਰਕ ਦੇਸ਼ਾਂ ਵਿਚ ਤੀਹ ਤੋਂ ਵੱਧ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ, ਬੁੱਧਮੱਤ ਤੇ ਸੂਫੀਵਾਦ ਦੀਆਂ ਕਾਨਫਰੰਸਾਂ ਅਤੇ ਲੋਕਧਾਰਾ ਦੇ ਮੇਲੇ ਸਫਲਤਾ ਨਾਲ ਕੀਤੇ ਹਨ।

ਮੈਨੂੰ ਅਜੀਤ ਕੌਰ ਦੀਆਂ ਇਹ ਸਭ ਸਰਗਰਮੀਆਂ ਕਿਸੇ ਵੀ ਕਿੰਤੂ-ਪ੍ਰੰਤੂ ਤੋਂ ਬਿਨਾ ਪ੍ਰਵਾਨ ਸਨ ਪਰ ਸੋਚ ਵਿਚ ਸ਼ਿਲਤ ਰੜਕਦੀ ਕਿ ਪੰਜਾਬੀ ਸਾਹਿਤ ਦੀ ਜਿਸ ਪੌੜੀ ਰਾਹੀਂ ਉਹ ਸਾਰਕ ਦੀ ਛੱਤ ਉਤੇ ਚੜ੍ਹੀ ਸੀ, ਛੱਤ ਤੋਂ ਉਸ ਪੌੜੀ ਨੂੰ ਪੈਰ ਨਾਲ ਧੱਕ ਕੇ ਪਰੇ ਕਰ ਦੇਣ ਦਾ ਕੀ ਮਤਲਬ ਹੋਇਆ! ਮਨ ਖਿਝਦਾ, ਜਦੋਂ ਕਿਤੇ ਸਬੱਬੀਂ ਮਿਲ ਗਈ, ਪੁੱਛਾਂਗੇ ਜ਼ਰੂਰ! ਮੈਂ ਕਿਸ਼ੋਰ ਕੁਮਾਰ ਤਾਂ ਨਹੀਂ ਸੀ, ਤਾਂ ਵੀ 1962 ਦੀ ਫਿਲਮ 'ਰੰਗੋਲੀ' ਲਈ ਸ਼ੈਲੇਂਦਰ ਦੇ ਸ਼ਬਦਾਂ ਨੂੰ ਦਿੱਤੇ ਉਹਦੇ ਬੋਲ ਗੁਣਗੁਣਾਉਣ ਲਗਦਾ, "ਛੋਟੀ ਸੀ ਯੇ ਦੁਨੀਆ/ ਪਹਿਚਾਨੇ ਰਾਸਤੇ ਹੈਂ/ ਤੁਮ ਕਭੀ ਤੋ ਮਿਲੋਗੇ/ ਕਹੀਂ ਤੋ ਮਿਲੋਗੇ/ ਤੋ ਪੂਛੇਂਗੇ ਹਾਲ!" ਇਹ ਗੀਤ ਜਿਥੇ ਇਕ ਪਾਸੇ ਮਿਲਣ ਦੀ ਸੰਭਾਵਨਾ ਜੀਵਿਤ ਰਖਦਾ ਸੀ, ਉਥੇ ਨਾਲ ਹੀ 'ਤੋ ਪੂਛੇਂਗੇ ਹਾਲ' ਦੇ ਪੰਜਾਬੀ ਵਿਚ ਦੋ ਮਤਲਬ ਨਿੱਕਲਦੇ ਸਨ। ਇਕ ਤਾਂ ਸਾਧਾਰਨ ਹਾਲ-ਚਾਲ ਪੁੱਛਣਾ ਤੇ ਦੂਜੇ ਰੋਸ ਤੇ ਰੋਹ ਦਾ ਦੋ-ਦੋ ਹੱਥ ਕਰਨ ਵਾਲਾ ਪ੍ਰਗਟਾਵਾ, "ਮੈਂ ਪੁੱਛੂੰ ਉਹਦਾ ਹਾਲ!" ਬੱਸ ਮੁਲਾਕਾਤ ਦਾ ਸਬੱਬ ਬਣੇ ਸਹੀ! ਅੱਜ ਪੰਜਾਬੀ ਅਕਾਦਮੀ ਦਿੱਲੀ ਨੇ ਉਹ ਸਬੱਬ ਬਣਾ ਦਿੱਤਾ ਸੀ।

ਕਨਾਟ ਪਲੇਸ ਦੇ ਵਿਚਕਾਰਲੇ ਘਾਹੀ ਮੈਦਾਨ ਦੀ ਹਰਿਆਲੀ ਪੂਰੀ ਟਹਿਕੀ ਹੋਈ ਸੀ, ਸਿਆਲੂ ਧੁੱਪ ਪੂਰੀ ਨਿੱਖਰੀ ਹੋਈ ਸੀ ਅਤੇ ਗਹਿਮਾ-ਗਹਿਮੀ, ਤੋਰਾ-ਫੇਰਾ ਤੇ ਰੌਣਕਾਂ ਸਚੁਮੱਚ ਹੀ ਮੇਲੇ ਵਾਲੀਆਂ ਸਨ। ਪਤਾ ਲੱਗਾ, ਉਹ ਘਰੋਂ ਚੱਲ ਪਈ ਹੈ। ਸਲਾਹ ਬਣੀ ਕਿ ਜਦੋਂ ਆਈ, ਸਵਾਗਤ ਹੋ ਜਾਵੇਗਾ, ਪ੍ਰੋਗਰਾਮ ਸ਼ੁਰੂ ਕਰ ਲਿਆ ਜਾਵੇ। ਕੁਝ ਚਿਰ ਮਗਰੋਂ ਗੁਰਭੇਜ ਸਿੰਘ ਨੇ ਮੇਰੇ ਕੰਨ ਵਿਚ ਕਿਹਾ, "ਉਹ ਆ ਗਏ ਨੇ, ਮੈਂ ਜਾ ਕੇ ਲੈ ਆਵਾਂ।"

ਮੈਨੂੰ ਪਤਾ ਸੀ ਕਿ ਮੰਚ 'ਤੇ ਉਹਦੇ ਆਉਂਦਿਆਂ ਹੀ ਸਭ ਕਹਾਣੀਕਾਰਾਂ ਨੇ ਭੱਜ ਕੇ ਉਹਦੇ ਦੁਆਲੇ ਜਾ ਹੋਣਾ ਹੈ। ਮੈਂ ਆਪਣਾ ਰੋਸ ਦਿਖਾਉਣ ਦੀ ਵਿਉਂਤ ਬਣਾ ਲਈ। ਕੁਝ ਸਮਾਂ ਪਿੱਛੇ ਖੜ੍ਹਾ ਰਹਿ ਕੇ ਮੈਂ ਕਹਿਣਾ ਸੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ, ਹੁਣ ਮੈਨੂੰ ਇਨ੍ਹਾਂ ਨਾਲ ਦੋ-ਦੋ ਹੱਥ ਕਰ ਲੈਣ ਦਿਉ!"

ਅਜੀਤ ਕੌਰ ਮੰਚ ਉਤੇ ਆਈ, ਚਿਹਰਾ ਬਜੁਰਗਾਨਾ ਪਰ ਮੁਸਕਰਾਹਟ ਉਹੋ ਸਦੀਵੀ। ਕਹਾਣੀਕਾਰਾਂ ਨੇ ਉਹਦੇ ਦੁਆਲੇ, ਮੇਰੇ ਸੋਚੇ ਵਾਂਗ ਹੀ, ਝੁਰਮਟ ਜਾ ਪਾਇਆ। ਫੇਰ ਮੈਂ ਆਪਣੇ ਮੂਹਰੇ ਖੜ੍ਹੇ ਦੋ ਮੁੰਡਿਆਂ ਨੂੰ ਮੋਢਿਆਂ ਤੋਂ ਫੜ ਕੇ ਪਾਸੇ ਕਰਦਿਆਂ ਆਪਣੇ ਸੋਚੇ ਹੋਏ ਰੋਸ ਨੂੰ ਜ਼ਬਾਨ ਦਿੱਤੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ!"

ਜਿਉਂ ਹੀ ਮੈਂ ਸਾਹਮਣੇ ਹੋਇਆ, ਉਹਦੀ ਮੁਸਕਰਾਹਟ ਹੋਰ ਵੀ ਚਾਨਣੀ ਹੋ ਗਈ ਤੇ ਸੋਚੇ ਹੋਏ "ਹੁਣ ਮੈਨੂੰ ਇਨ੍ਹਾਂ ਨਾਲ ਦੋ-ਦੋ ਹੱਥ ਕਰ ਲੈਣ ਦਿਉ" ਦੀ ਥਾਂ ਮੇਰੇ ਮੂੰਹੋਂ ਨਿਕਲਿਆ, "ਹੁਣ ਮੈਨੂੰ ਇਨ੍ਹਾਂ ਦੇ ਗੋਡੀਂ ਹੱਥ ਲਾ ਲੈਣ ਦਿਉ!" ਉਹਨੇ ਮੇਰੇ ਝੁਕੇ ਹੋਏ ਹੱਥ ਆਪਣੇ ਹੱਥਾਂ ਵਿਚ ਬੋਚ ਕੇ ਚੁੰਮ ਲਏ। ਫੇਰ ਵੀ ਮੈਂ ਏਨਾ ਕੁ ਮਿਹਣਾ ਤਾਂ ਮਾਰ ਹੀ ਦਿੱਤਾ, "ਮੈਂ ਗੁਰਬਚਨ ਸਿੰਘ ਭੁੱਲਰ!" ਉਹ ਹੱਸੀ, "ਤੈਨੂੰ ਕੌਣ ਨਾ ਪਛਾਣੇ! ਪੰਜਾਹ ਸਾਲ ਪਹਿਲਾਂ ਵੀ ਤੂੰ ਇਹੋ ਜਿਹਾ ਸੀ, ਅੱਜ ਵੀ ਉਹੋ ਜਿਹਾ ਹੈਂ ਤੇ ਹੋਰ ਪੰਜਾਹ ਸਾਲਾਂ ਨੂੰ ਵੀ ਇਹੋ ਜਿਹਾ ਹੀ ਰਹੇਂਗਾ!"

ਮੈਂ ਕੋਲ ਖਲੋਤੇ ਗੁਰਭੇਜ ਸਿੰਘ ਵੱਲ ਜੇਤੂ ਮੁਸਕਰਾਹਟ ਸੁੱਟੀ। ਮੇਰਾ ਭਾਵ ਸੀ, ਅਜੀਤ ਕੌਰ ਦੀ ਜਿਹੜੀ ਅਸੀਸ ਉਹਨੇ ਪੰਜਾਬੀ ਅਕਾਦਮੀ ਲਈ ਲੈਣ ਵਾਸਤੇ ਏਨਾ ਤਰੱਦਦ ਕੀਤਾ ਹੈ, ਉਸ ਨਾਲੋਂ ਵੀ ਵੱਡੀ ਅਸੀਸ ਉਹਨੇ ਮੈਨੂੰ ਅਣਮੰਗੀ ਹੀ ਦੇ ਦਿੱਤੀ ਹੈ। ਮੇਰਾ ਯਕੀਨ ਹੈ, ਲੇਖਕ ਨੂੰ ਆਪਣੇ ਨਾਲੋਂ ਵੱਡਿਆਂ ਦਾ ਪਿਆਰ ਤੇ ਛੋਟਿਆਂ ਦਾ ਸਤਿਕਾਰ ਮਿਲਦਾ ਰਹੇ, ਉਹਦੀ ਕਲਮ ਨੂੰ ਹੋਰ ਕਿਸੇ ਆਕਸੀਜਨ ਦੀ ਲੋੜ ਨਹੀਂ ਰਹਿੰਦੀ!


# ਸ਼ੇਖ ਸਾਅਦੀ

ਸ਼ੇਖ ਸਾਅਦੀ ਦਾ ਜਨਮ 606 ਹਿਜਰੀ ਵਿਚ ਇਰਾਨ ਦੇ ਸ਼ਹਿਰ ਸੀਰਾਜ਼ ਵਿਚ ਕਿਸੇ ਮੁਸਲਮਾਨ ਦੇ ਘਰ ਹੋਇਆ। ਮੁਢਲੀ ਵਿਦਿਆ ਉਨ੍ਹਾਂ ਨੇ ਸੀਰਾਜ਼ ਵਿਚ ਹੀ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਉਚੇਰੀ ਵਿਦਿਆ ਲਈ ਉਹ ਬਗਦਾਦ ਚਲੇ ਗਏ। ਪੜ੍ਹਾਈ ਵਿਚ ਉਹ ਜਮਾਤ ਵਿਚੋਂ ਅੱਵਲ ਆਉਂਦੇ ਰਹੇ ਅਤੇ ਵਜ਼ੀਫਾ ਪ੍ਰਾਪਤ ਕਰਦੇ ਰਹੇ, ਜਿਸ ਨਾਲ ਉਨ੍ਹਾਂ ਦਾ ਪੜ੍ਹਾਈ ਅਤੇ ਰਿਹਾਇਸ਼ ਦਾ ਖਰਚ ਚਲਦਾ ਰਿਹਾ। ਆਪਣੇ ਦੋਸਤ ਨਾਲ ਗੱਲਾਂ-ਗੱਲਾਂ ਵਿਚ ਸ਼ੇਖ ਸਾਅਦੀ ਨੇ ਕਿਹਾ, "ਸਿਆਣਿਆਂ ਦਾ ਕਥਨ ਹੈ ਕਿ ਜੋ ਵਸਤੂ ਬਹੁਤਾ ਚਿਰ ਨਹੀਂ ਰਹਿੰਦੀ, ਉਹ ਦਿਲ ਲਾਉਣ ਦੇ ਯੋਗ ਨਹੀਂ।"

ਉਨ੍ਹਾਂ ਦੇ ਦੋਸਤ ਨੇ ਕਿਹਾ, "ਫੇਰ ਕੀ ਕੀਤਾ ਜਾਵੇ?"

ਸ਼ੇਖ ਸਾਅਦੀ ਨੇ ਕਿਹਾ, "ਮੈਂ ਪਾਠਕਾਂ ਦੀ ਨਿਗ੍ਹਾ ਦੀ ਪਵਿਤਰਤਾ ਅਤੇ ਹਾਜ਼ਰ ਲੋਕਾਂ ਦੇ ਦਿਲ ਦੇ ਖੇੜੇ ਲਈ ਪੁਸਤਕ 'ਗੁਲਿਸਤਾਂ' ਰਚ ਸਕਦਾ ਹਾਂ ਕਿ ਪੱਤਝੜ ਦੀ ਰੁੱਤ ਨੂੰ ਵੀ ਉਸ ਦੇ ਵਰਕਿਆਂ ਨੂੰ ਨਸ਼ਟ ਕਰਨ ਦੀ ਸੱਤਿਆ ਨਹੀਂ ਹੋਵੇਗੀ ਅਤੇ ਸਮੇਂ ਦੀ ਚਾਲ ਉਸ ਦੀ ਬਹਾਰ ਦੀ ਰੁੱਤ ਨੂੰ ਪੱਤਝੜ ਦੀ ਰੁੱਤ ਵਿਚ ਨਹੀਂ ਬਦਲ ਸਕੇਗੀ।"

ਸੋ ਉਸ ਨੇ 'ਗੁਲਿਸਤਾਂ ਬੋਸਤਾਂ' ਰਚ ਕੇ



ਸੰਸਾਰੀ ਗਿਆਨ ਦੇ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਕੇ ਸੰਸਾਰੀ ਲੋਕਾਂ ਨੂੰ ਪੇਸ਼ ਕੀਤਾ। ਸਮੇਂ ਨਾਲ ਇਸ ਕਿਤਾਬ ਦੀ ਮਕਬੂਲੀਅਤ ਵਧਦੀ ਹੀ ਗਈ।

ਸ਼ੇਖ ਸਾਅਦੀ ਜੀਵਨ ਚੰਗੀ ਤਰ੍ਹਾਂ ਬਤੀਤ ਕਰਨ ਅਤੇ ਗੱਲਬਾਤ ਦੇ ਚੱਜ ਆਚਾਰ ਬਾਰੇ ਅਜਿਹੀ ਵਾਰਤਕ ਵਿਚ ਲਿਖ ਗਏ ਹਨ ਕਿ ਵਕਤਿਆਂ ਲਈ ਲਾਭਦਾਇਕ ਅਤੇ ਪੱਤਰਕਾਰਾਂ ਦੀ ਲਿਖਤ ਨੂੰ ਸੁੰਦਰ ਬਣਾਉਣ ਵਿਚ ਸਹਾਈ ਹੈ।

ਜੇ ਅਸੀਂ ਬੋਲਣ ਅਤੇ ਸ਼ਬਦਾਂ ਦੀ ਜਾਦੂਮਈ ਕਲਾ ਨੂੰ ਦੂਜਿਆਂ 'ਤੇ ਇਸ ਦੇ ਪ੍ਰਭਾਵ ਦਾ ਪਤਾ ਕਰਨਾ ਹੈ ਤਾਂ ਸ਼ੇਖ ਸਾਅਦੀ ਦੇ ਬੋਲਾਂ ਨੂੰ ਰਟੋ ਅਤੇ ਦੋਸਤਾਂ ਦੀ ਮਹਿਫਿਲ ਜਾਂ ਸਟੇਜ 'ਤੇ ਭਾਸ਼ਣ ਸਮੇਂ ਢੁਕਵੇਂ ਥਾਂ ਇਨ੍ਹਾਂ ਦੀ ਵਰਤੋਂ ਕਰਕੇ ਪ੍ਰਭਾਵ ਦੇਖੋ। ਸ਼ੇਖ ਸਾਅਦੀ ਦੇ ਉਪਦੇਸ਼ਾਂ ਨੂੰ ਸੁਣ ਕੇ ਬਹੁਤ ਲਾਭ ਪ੍ਰਾਪਤ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਪ੍ਰੀਤਮ ਦੀ ਅੱਖ, ਗੱਲ੍ਹਾਂ ਦੇ ਤਿਲ, ਜ਼ੁਲਫਾਂ ਦੇ ਕੁੰਡਲ ਬਾਰੇ ਕੁਝ ਵੀ ਨਹੀਂ।

ਸ਼ੇਖ ਸਾਅਦੀ ਨੇ ਬਹੁਤ ਦੇਸ਼ ਘੁੰਮੇ ਅਤੇ ਹਿੰਦੋਸਤਾਨ ਦੇ ਸੋਮਨਾਥ ਦੇ ਮੰਦਿਰ ਵੀ ਆਏ ਅਤੇ ਪੰਡਿਤਾਂ ਦੇ ਪਖੰਡ ਉਜਾਗਰ ਕਰਕੇ ਇਕੱਲਾ ਹੋਣ ਕਰਕੇ ਹੁਸ਼ਿਆਰੀ ਨਾਲ ਉਥੋਂ ਭੱਜ ਕੇ ਬਚ ਨਿਕਲੇ।

***-ਵਾਸਦੇਵ ਸਿੰਘ ਪਰਹਾਰ***
***ਫੋਨ: 206-434-1155***

# ਸੰਸਕ੍ਰਿਤ ਪਰੰਪਰਾ ਦਾ ਆਦਿ ਕਵੀ ਮਹਾ ਰਿਸ਼ੀ ਵਾਲਮੀਕ

ਮਹਾ ਰਿਸ਼ੀ ਵਾਲਮੀਕ ਭਾਰਤ ਦੇ ਆਦਿ ਕਵੀ ਮੰਨੇ ਤੇ ਜਾਣੇ ਜਾਂਦੇ ਹਨ। ਕੋਈ ਉਨ੍ਹਾਂ ਨੂੰ ਮਹਾਂਰਿਸ਼ੀ ਕਹਿੰਦਾ ਹੈ, ਕੋਈ ਆਦਿ ਕਵੀ ਤੇ ਕੋਈ ਭਗਵਾਨ ਦਾ ਪ੍ਰਤੀਨਿਧ ਮੰਨ ਕੇ ਪੂਜਦਾ ਹੈ। ਉਨ੍ਹਾਂ ਬਾਰੇ ਕਈ ਮਨੌਤਾਂ ਪ੍ਰਚਲਿਤ ਹਨ। ਕੁਝ ਵਰਗ ਉਨ੍ਹਾਂ ਨੂੰ ਕਥਿਤ ਨੀਵੇਂ ਵਰਗ ਨਾਲ ਸਬੰਧਤ ਮੰਨਦੇ ਹਨ ਤੇ ਕੁਝ ਬ੍ਰਾਹਮਣ ਜਾਤ ਨਾਲ। ਸਮਕਾਲੀ ਚਰਚਾ ਦੇ ਦੌਰ ਵਿਚ ਇਹ ਮੁੱਦਾ ਹੋਰ ਜ਼ੋਰ ਫੜ ਗਿਆ ਹੈ। ਇਸੇ ਕਾਰਨ ਭਾਰਤ ਦੀ ਇਕ ਪ੍ਰਾਚੀਨ ਕਥਿਤ ਅਛੂਤ ਜਾਤ ਨੇ ਤਾਂ ਆਪਣੀ

**ਸੂਰਜ ਬੜਤਿਆ**
badtiya.suraj@gmail.com

ਜਾਤੀ ਪਛਾਣ ਨੂੰ ਹੀ ਵਾਲਮੀਕ ਵਜੋਂ ਮੰਨ ਲਿਆ ਹੈ। ਉਨ੍ਹਾਂ ਸ਼ਾਇਦ ਉਮੀਦ ਕੀਤੀ ਹੋਵੇਗੀ ਕਿ ਸਫਾਈ ਕਰਨ ਵਾਲੇ ਇਸ ਭਾਈਚਾਰੇ ਨੂੰ ਵਾਲਮੀਕੀ ਜਾਤ ਕਰਾਰ ਦਿੱਤੇ ਜਾਣ ਨਾਲ ਸ਼ਾਇਦ ਉਹ ਆਪਣੀ ਪਛਾਣ ਤੋਂ ਮੁਕਤ ਹੋ ਜਾਣਗੇ, ਪਰ ਅਜਿਹਾ ਹੋ ਨਾ ਸਕਿਆ।


ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਵਾਲਮੀਕ ਇਕ ਵੱਡੇ ਤੇ ਬਿਹਤਰੀਨ ਰਚਨਾਕਾਰ ਸਨ। ਉਨ੍ਹਾਂ ਨੇ ਸੰਸਕ੍ਰਿਤ ਵਿਚ ਰਾਮਾਇਣ ਮਹਾਂ ਕਾਵਿ ਲਿਖਿਆ, ਜੋ ਹਿੰਦੂ ਧਰਮ ਦੀ ਇਕ ਅਧਿਆਤਮਕ-ਸੱਭਿਆਚਾਰਕ ਕਿਤਾਬ ਹੈ ਅਤੇ ਹਿੰਦੂਆਂ ਦੇ ਜੀਵਨ ਦਾ ਕੇਂਦਰੀ ਧੁਰਾ ਵੀ। ਵਾਲਮੀਕ ਲਿਖਤ ਰਾਮਾਇਣ ਵਿਚ ਕਰੀਬ 24 ਹਜ਼ਾਰ ਸ਼ਲੋਕ ਹਨ। ਇਸ ਦਾ ਕਾਲ ਪਹਿਲੀ ਸਦੀ ਈਸਵੀ ਤੋਂ ਪੰਜਵੀਂ ਸਦੀ ਦਰਮਿਆਨ ਮੰਨਿਆ ਜਾਂਦਾ ਹੈ। ਇਹ ਰਚਨਾ ਨਾਇਕ ਰਾਮ ਦੀ ਨਾਇਕਤਾ ਤੇ ਜੀਵਨ ਚਰਿੱਤਰ ਨੂੰ ਅਦਭੁਤ ਅਧਿਆਤਮਕ ਢੰਗ ਨਾਲ ਪੇਸ਼ ਕਰਦੀ ਹੈ। ਇਹ ਪੁਰਾਣਕ ਚਰਿੱਤਰ ਸਮੁੱਚੇ ਭਾਰਤ ਵਿਚ ਭਗਵਾਨ ਦਾ ਵਿਸ਼ਾਲ ਰੂਪ ਪੇਸ਼ ਕਰਦਾ ਹੈ। ਇਸ ਤਰ੍ਹਾਂ ਵਾਲਮੀਕ ਪ੍ਰਾਚੀਨ ਭਾਰਤ ਦੇ ਅਦਭੁਤ ਅਧਿਆਤਮਕ ਕਿੱਸਾਕਾਰ (ਕਿੱਸਾ ਗੋ) ਹਨ, ਜੋ ਗਲਪ ਨੂੰ ਇਤਿਹਾਸ ਦਾ ਗੋਤਾ ਲਾ ਕੇ ਧਰਮ ਦਾ ਸਿਰਮੌਰ ਬਣਾ ਦਿੰਦੇ ਹਨ।

ਹਜ਼ਾਰਾਂ ਗ੍ਰੰਥ ਵਾਲਮੀਕ ਰਾਮਾਇਣ ਨੂੰ ਆਧਾਰ ਬਣਾ ਕੇ ਲਿਖੇ ਗਏ, ਪਰ ਵਾਲਮੀਕ ਰਾਮਾਇਣ ਵਰਗੀ ਮਕਬੂਲੀਅਤ ਕਿਸੇ ਹੋਰ ਗ੍ਰੰਥ ਨੂੰ ਨਹੀਂ ਮਿਲੀ। ਹਿੰਦੋਸਤਾਨ ਵਿਚ ਬੋਲੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਵਿਚ ਵਾਲਮੀਕ ਰਾਮਾਇਣ ਦਾ ਅਨੁਵਾਦ ਮੌਜੂਦ ਹੈ। ਇੰਜ ਵਾਲਮੀਕ ਭਾਰਤੀ ਲੋਕਾਂ ਦੇ ਮਨ ਵਿਚ ਅਮਰ ਹੋ ਗਏ ਹਨ, ਪਰ ਵਾਲਮੀਕ ਤੇ ਉਨ੍ਹਾਂ ਦੀ ਰਾਮਾਇਣ ਦੀ ਕਥਾ ਨੂੰ ਲੈ ਕੇ ਕਾਫੀ ਮਤਭੇਦ ਅਤੇ ਅਸਹਿਮਤੀਆਂ ਵੀ ਹਨ, ਜੋ ਸਮੇਂ-ਸਮੇਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਨੇਕਾਂ ਸੱਚੇ-ਝੂਠੇ ਕਿੱਸੇ-ਕਹਾਣੀਆਂ ਵੀ ਹਨ। ਇਹ ਉਨ੍ਹਾਂ ਦੀ ਲੇਖਣੀ ਬਾਰੇ, ਉਨ੍ਹਾਂ ਦੀ ਜਾਤ ਬਾਰੇ, ਉਨ੍ਹਾਂ ਦੇ ਕਾਲ-ਸਮੇਂ ਅਤੇ ਉਨ੍ਹਾਂ ਦੇ ਭਗਵਾਨ-ਮਹਾਂ ਕਵੀ ਬਣਨ ਆਦਿ ਬਾਰੇ ਹਨ।

ਰਾਮਾਇਣ ਮਹਾਂ ਕਾਵਿ ਦੇ ਆਦਰਸ਼, ਚਰਿੱਤਰਵਾਨ ਪਰੰਪਰਿਕ ਸਮਝ ਵਾਲੇ ਚਮਤਕਾਰੀ ਨਾਇਕ ਦਾ ਸਾਰੇ ਭਾਰਤ ਹੀ ਨਹੀਂ, ਬਲਕਿ ਦੱਖਣੀ ਏਸ਼ੀਆ ਵਿਚ ਰੱਬੀ ਰੂਪ 'ਚ ਸਥਾਪਤ ਹੋ ਜਾਣਾ ਵੱਡੀ ਗੱਲ ਹੈ। ਬ੍ਰਾਹਮਣ ਵਰਗ ਨੇ ਵਾਲਮੀਕ ਰਚਿਤ ਨਾਇਕ ਰਾਮ ਨੂੰ ਆਪਣੇ ਧਾਰਮਕ ਰੁਜ਼ਗਾਰ ਨਾਲ ਜੋੜ ਲਿਆ। ਰਾਮ ਦੇ ਨਾਂ ਉਤੇ ਮੰਦਿਰ ਬਣਾਏ ਅਤੇ ਥਾਂ-ਥਾਂ ਵਾਲਮੀਕ ਰਾਮਾਇਣ ਨੂੰ ਧਾਰਮਕ ਮੁਕਤੀ-ਕਥਾ ਦੇ ਰੂਪ ਵਿਚ ਸੁਣਾਉਣਾ ਸ਼ੁਰੂ ਕਰ ਦਿੱਤਾ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਵਾਲਮੀਕ ਨੇ ਭਗਵਾਨ ਰਾਮ ਨੂੰ ਪ੍ਰਸਿੱਧ ਕੀਤਾ ਅਤੇ ਰਾਮ ਨੇ ਵਾਲਮੀਕ ਨੂੰ ਅਮਰ ਬਣਾ ਦਿੱਤਾ।

ਸਭ ਤੋਂ ਵੱਡਾ ਵਿਵਾਦ ਵਾਲਮੀਕ ਦੀ ਜਾਤੀ ਨੂੰ ਲੈ ਕੇ ਹੈ। ਇਹ ਵਿਵਾਦ ਇੰਨਾ ਗਹਿਰਾ ਗਿਆ ਕਿ ਵਾਲਮੀਕ ਨੂੰ ਬ੍ਰਾਹਮਣ ਕਰਾਰ ਦੇਣ ਵਾਲੀ ਕਿਤਾਬ 'ਵਾਲਮੀਕ ਕੌਣ ਹੈ' ਉਤੇ ਕਰਨਾਟਕ ਸਰਕਾਰ ਨੂੰ ਪਾਬੰਦੀ ਲਾਉਣੀ ਪਈ। ਕਰਨਾਟਕ ਹਾਈ ਕੋਰਟ ਦੇ ਹੁਕਮਾਂ 'ਤੇ ਇਸ ਬਾਰੇ ਕਮੇਟੀ ਕਾਇਮ ਕੀਤੀ ਗਈ ਹੈ। ਧਾਰਵਾੜ ਦੇ ਪ੍ਰੋਫੈਸਰ ਨਰਾਇਣਾਚਾਰੀਆ ਵੱਲੋਂ ਲਿਖੀ ਇਸ ਕਿਤਾਬ ਖਿਲਾਫ ਵਾਲਮੀਕ ਜਾਂ ਬੇੜਾ ਭਾਈਚਾਰੇ ਦੇ ਲੋਕਾਂ ਨੇ ਅੰਦੋਲਨ ਕੀਤਾ।

ਕੰਨੜ ਭਾਸ਼ਾ ਦੇ ਪ੍ਰਸਿੱਧ ਦਲਿਤ ਲੇਖਕ ਇੰਦੂਧਾਰਾ ਹੋਨਾਪੁਰਾ ਆਦਿ ਕਵੀ ਵਾਲਮੀਕ ਨੂੰ ਵੱਖਰੇ ਨਜ਼ਰੀਏ ਤੋਂ ਦੇਖਦੇ ਹਨ। ਇਕ ਹੋਰ ਕੰਨੜ ਚਿੰਤਕ ਬਾਸਵਾਨਾ ਮੁਤਾਬਕ ਸਾਰੇ ਮਹਾਂਪੁਰਖਾਂ ਦੇ ਬ੍ਰਾਹਮਣ ਪਰਿਵਾਰਾਂ ਵਿਚ ਜਨਮੇ ਹੋਣ ਦਾ ਦਾਅਵਾ ਕਰਨਾ 'ਫਿਰਕੂ ਸਮੂਹਾਂ ਦਾ ਲੁਕਵਾਂ ਏਜੰਡਾ' ਹੈ।



ਇਕ ਕਥਾ ਅਨੁਸਾਰ ਆਦਿ ਕਵੀ ਵਾਲਮੀਕ, ਮਹਾਰਿਸ਼ੀ ਕਸ਼ਿਅਪ ਅਤੇ ਅਦਿਤੀ ਦੇ ਤਿੱਥ ਪੁੱਤ ਵਰੁਣ (ਆਦਿਤਿਆ) ਤੋਂ ਇਨ੍ਹਾਂ ਦਾ ਜਨਮ ਹੋਇਆ। ਇਨ੍ਹਾਂ ਦੀ ਮਾਤਾ ਚਰਸ਼ਣੀ ਅਤੇ ਭਰਾ ਭ੍ਰਿਗੁ ਸਨ। ਵਰੁਣ ਦਾ ਇਕ ਨਾਂ ਪ੍ਰਚੇਤ ਵੀ ਹੈ, ਇਸ ਲਈ ਇਨ੍ਹਾਂ ਨੂੰ ਪ੍ਰਾਚੇਤਮ ਨਾਂ ਨਾਲ ਜਾਣਿਆ ਜਾਂਦਾ ਹੈ।

ਵਾਲਮੀਕ ਦੇ ਨਾਂ ਨੂੰ ਲੈ ਕੇ ਵੀ ਦਿਲਚਸਪ ਕਿੱਸੇ ਹਨ। ਉਨ੍ਹਾਂ ਵਿਚੋਂ ਇਕ ਇਹ ਹੈ ਕਿ ਵਾਲਮੀਕ ਲੰਬੇ ਸਮੇਂ ਤੱਕ ਸਾਧਨਾ ਵਿਚ ਲੀਨ ਹੋ ਕੇ ਧਿਆਨ ਮਗਨ ਹੋਏ। ਉਸੇ ਸਮੇਂ ਉਨ੍ਹਾਂ ਦੇ ਸਰੀਰ ਨੂੰ ਸਿਉਂਕ ਨੇ ਆਪਣਾ ਘਰ ਬਣਾ ਕੇ ਢਕ ਦਿੱਤਾ। ਸਾਧਨਾ ਪੂਰੀ ਕਰਕੇ ਜਦੋਂ ਉਹ ਉਠੇ ਤਾਂ ਵਾਲਮੀਕ ਕਹੇ ਗਏ, ਕਿਉਂਕਿ ਸਿਉਂਕ ਦੇ ਘਰ ਨੂੰ ਵਾਲਮੀਕ ਕਿਹਾ ਜਾਂਦਾ ਹੈ।

ਇਕ ਹੋਰ ਮੱਤ ਅਨੁਸਾਰ ਵਾਲਮੀਕ ਦਾ ਜਨਮ ਨਾਗਾ ਪ੍ਰਜਾਤੀ ਵਿਚ ਹੋਇਆ। ਰਾਮਾਇਣ ਲਿਖਣ ਤੋਂ ਪਹਿਲਾਂ ਵਾਲਮੀਕ ਦਾ ਨਾਂ ਰਤਨਾਕਰ ਸੀ। ਪਰਿਵਾਰ ਦੇ ਪਾਲਣ-ਪੋਸ਼ਣ ਲਈ ਉਹ ਲੁੱਟ-ਮਾਰ ਕਰਦੇ ਸਨ। ਜੰਗਲ ਵਿਚ ਉਨ੍ਹਾਂ ਨੂੰ ਨਾਰਦ ਮੁਨੀ ਮਿਲੇ। ਜਦੋਂ ਰਤਨਾਕਰ ਉਨ੍ਹਾਂ ਨੂੰ ਲੁੱਟਣ ਲੱਗਾ ਤਾਂ ਨਾਰਦ ਨੇ ਪੁੱਛਿਆ ਕਿ ਇਹ ਕਾਰਜ ਕਿਸ ਲਈ ਕਰਦੇ ਹੋ? ਰਤਨਾਕਰ ਨੇ ਜਵਾਬ ਦਿੱਤਾ, ਪਰਿਵਾਰ ਨੂੰ ਪਾਲਣ ਲਈ। ਨਾਰਦ ਨੇ ਪੁੱਛਿਆ, ਇਸ ਕਾਰਜ ਤੋਂ ਜੋ ਪਾਪ ਲੱਗੇਗਾ, ਕੀ ਉਸ ਵਿਚ ਪਰਿਵਾਰ ਵਾਲੇ ਵੀ ਸਹਿਭਾਗੀ ਹੋਣਗੇ?

ਰਤਨਾਕਰ ਨੇ ਜਦੋਂ ਪਰਿਵਾਰ ਨੂੰ ਇਹ ਗੱਲ ਪੁੱਛੀ ਤਾਂ ਉਨ੍ਹਾਂ ਨੇ ਪਾਪ ਦੇ ਕਾਰਜ ਵਿਚ ਸਹਿਭਾਗੀ ਹੋਣ ਤੋਂ ਨਾਂਹ ਕਰ ਦਿੱਤੀ। ਇਹ ਸੁਣ ਕੇ ਰਤਨਾਕਰ ਨੇ ਲੁੱਟਮਾਰ ਤਿਆਗ ਦਿੱਤੀ। ਫਿਰ ਨਾਰਦ ਮੁਨੀ ਨੇ ਉਨ੍ਹਾਂ ਨੂੰ ਰਾਮ-ਰਾਮ ਜਪਣ ਦਾ ਨਿਰਦੇਸ਼ ਦਿੱਤਾ। ਇਥੋਂ ਉਨ੍ਹਾਂ ਨੂੰ ਰਾਮ ਨਾਮ ਦਾ ਗਿਆਨ ਮਿਲਿਆ। ਹਾਲਾਂਕਿ ਰਿਸ਼ੀ ਵਾਲਮੀਕ ਨੇ ਰਾਮਾਇਣ ਵਿਚ ਇਸ ਦੇ ਠੀਕ ਉਲਟ ਲਿਖਿਆ ਹੈ, "ਹੇ ਰਾਮ, ਮੈਂ ਪ੍ਰਚੇਤਾ ਮੁਨੀ ਦਾ ਦਸਵਾਂ ਪੁੱਤ ਹਾਂ ਅਤੇ ਮੈਂ ਆਪਣੇ ਜੀਵਨ ਵਿਚ ਕਦੇ ਵੀ ਪਾਪ ਨਹੀਂ ਕੀਤਾ।" ਇਸ ਸ਼ਲੋਕ ਤੋਂ ਵਾਲਮੀਕ ਦੇ ਡਾਕੂ ਹੋਣ ਦੀ ਗੱਲ ਝੂਠ ਸਿੱਧ ਹੋ ਜਾਂਦੀ ਹੈ।

ਇਕ ਹੋਰ ਮੱਤ ਅਨੁਸਾਰ ਵਰੁਣ ਬ੍ਰਹਮਾ ਦੇ ਪੁੱਤ ਸਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਾਲਮੀਕ ਵਰੁਣ ਅਰਥਾਤ ਪ੍ਰਚੇਤਾ ਦੇ 10ਵੇਂ ਪੁੱਤ ਸਨ ਅਤੇ ਉਨ੍ਹੀਂ ਦਿਨੀਂ ਪ੍ਰਚਲਨ ਅਨੁਸਾਰ ਉਨ੍ਹਾਂ ਦੇ ਵੀ ਦੋ ਨਾਂ-ਅਗਨਿਸ਼ਰਮਾ ਅਤੇ ਰਤਨਾਕਰ ਸਨ। ਵਾਲਮੀਕ ਨੂੰ ਬ੍ਰਹਮਾ ਦੇ ਪੁੱਤ ਦਾ ਪੁੱਤ ਵੀ ਕਹਿੰਦੇ ਹਨ।

ਰਤਨਾਕਰ ਦੇ ਵਾਲਮੀਕ ਬਣਨ ਅਤੇ ਫਿਰ ਇਕ ਲੇਖਕ ਬਣਨ ਨੂੰ ਲੈ ਕੇ ਵੀ ਬਹੁਤ ਸਾਰੇ ਕਿੱਸੇ ਹਨ, ਜੋ ਅੱਜ ਸੱਚ ਦਾ ਸਰੂਪ ਲੈ ਕੇ ਸਥਾਪਤ ਹੋ ਚੁਕੇ ਹਨ। ਕਹਿੰਦੇ ਹਨ, ਰਿਸ਼ੀ ਵਾਲਮੀਕ ਦੇ ਜੀਵਨ ਵਿਚ ਇਕ ਅਜਿਹੀ ਘਟਨਾ ਘਟੀ, ਜਿਸ ਨੇ ਉਨ੍ਹਾਂ ਦੇ ਅੰਤਰ ਮਨ ਨੂੰ ਝੰਜੋੜ ਦਿੱਤਾ। ਇਕ ਸਵੇਰੇ ਇਸ਼ਨਾਨ ਲਈ ਉਹ ਤਮਸਾ ਨਦੀ ਜਾ ਰਹੇ ਸਨ। ਨਾਲ ਉਨ੍ਹਾਂ ਦੇ ਪ੍ਰਮੁੱਖ ਚੇਲਾ ਭਰਦਵਾਜ ਵੀ ਸੀ। ਉਨ੍ਹਾਂ ਨਦੀ ਦੇ ਕੰਢੇ ਪ੍ਰੇਮ ਕਰ ਰਹੇ ਕਰੌਂਚ (ਸਾਰਸ) ਪੰਛੀਆਂ ਦਾ ਜੋੜਾ ਵੇਖਿਆ। ਸ਼ਿਕਾਰੀ ਆਇਆ ਅਤੇ ਪਿਆਰ ਕਰ ਰਹੇ ਜੋੜੇ ਵਿਚੋਂ ਨਰ ਨੂੰ ਤੀਰ ਨਾਲ ਮਾਰ ਦਿੱਤਾ। ਇਸ ਤੋਂ ਮਾਦਾ ਪੰਛੀ ਇਕੱਲੀ ਰਹਿ ਗਈ। ਉਸ ਨੇ ਭੂਮੀ ਉਤੇ ਪਏ ਆਪਣੇ ਨਰ ਦੇ ਚੁਫੇਰੇ ਘੁੰਮ-ਘੁੰਮ ਵਿਰਲਾਪ ਕਰਦਿਆਂ ਪ੍ਰਾਣ ਤਿਆਗ ਦਿੱਤੇ।

ਇਹ ਦ੍ਰਿਸ਼ ਵੇਖ ਕੇ ਵਾਲਮੀਕ ਨੇ ਸ਼ਲੋਕ ਉਚਾਰਿਆ, "ਓਏ, ਸ਼ਿਕਾਰੀ, ਤੂੰ ਪ੍ਰੇਮ ਕਰ ਰਹੇ ਜੋੜੇ ਵਿਚੋਂ ਇੱਕ ਨੂੰ ਮਾਰ ਮੁਕਾਇਆ, ਜਾਹ ਤੈਨੂੰ ਕਦੇ ਚੈਨ ਨਹੀਂ ਮਿਲੇਗਾ।" ਅਜਿਹੀ ਮਾਨਤਾ ਹੈ ਕਿ ਇਸ ਸ਼ਲੋਕ ਦੇ ਅੰਦਰੋਂ ਰਾਮਾਇਣ ਮਹਾਂ ਕਾਵਿ ਕੀਤੀ ਰਚਨਾ ਨਿਕਲੀ। ਇਸ ਸ਼ਲੋਕ ਕਾਰਨ ਵਾਲਮੀਕ ਨੂੰ ਸੰਸਕ੍ਰਿਤ ਪਰੰਪਰਾ ਦਾ ਆਦਿ ਕਵੀ ਕਿਹਾ ਜਾਂਦਾ ਹੈ।

###

# ਵਾਘਾ ਪਰੇਡ: ਪਿਆਰ ਅਤੇ ਸਦਭਾਵਨਾ ਦਾ ਮਾਹੌਲ ਜਰੂਰੀ

ਵਾਘਾ ਸਰਹੱਦ 'ਤੇ ਹਰ ਸ਼ਾਮ ਝੰਡਾ ਉਤਾਰਨ ਦੀ ਰਸਮ ਸਿਰਫ ਪੰਜਾਬੀਆਂ ਲਈ ਹੀ ਦਿਲਚਸਪੀ ਦਾ ਕੇਂਦਰ ਨਹੀਂ ਹੈ ਸਗੋਂ ਪੰਜਾਬ ਵਿਚ, ਖਾਸ ਕਰ ਸਿਫਤੀ ਦੇ ਘਰ ਅੰਮ੍ਰਿਤਸਰ ਵਿਚ ਘੁੰਮਣ ਆਇਆ ਹਰ ਸੈਲਾਨੀ ਨੂੰ ਇਸ ਦਾ ਹਿੱਸਾ ਬਣਨ ਦੀ ਖਾਹਿਸ਼ ਹੁੰਦੀ ਹੈ। ਪਿਛਲੇ ਕੁਝ ਸਾਲਾਂ ਵਿਚ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀਆਂ ਸੰਗਤਾਂ ਵਿਚ ਵਾਧਾ ਹੋਇਆ ਹੈ ਅਤੇ ਇਨ੍ਹਾਂ ਵਿਚ ਵੱਡੀ ਗਿਣਤੀ ਦੇਸ਼-ਵਿਦੇਸ਼ ਦੇ ਸੈਲਾਨੀਆਂ ਦੀ ਵੀ ਹੁੰਦੀ ਹੈ, ਜੋ ਸ਼ਾਮ ਵੇਲੇ ਵਾਘਾ ਪਰੇਡ ਦੀ ਹਾਜ਼ਰੀ ਵੀ ਜ਼ਰੂਰ ਭਰਦੇ ਹਨ।



**ਯਾਦਵਿੰਦਰ ਸਿੰਘ ਸਤਕੋਹਾ**
**ਵਾਰਸਾ, ਪੋਲੈਂਡ।**
**ਫੋਨ: 0048516732105**

ਪਿਛਲੇ ਦਿਨੀਂ ਯੂਨੀਵਰਸਿਟੀ ਆਫ ਵਾਰਸਾ ਦੇ ਕੁਝ ਪੋਲਿਸ਼ ਵਿਦਿਆਰਥੀ ਮੇਰੇ ਮਹਿਮਾਨ ਬਣੇ। ਇਨ੍ਹਾਂ ਵਿਚੋਂ ਐਗਨੀਸ਼ਕਾ ਨਾਂ ਦੀ ਇਕ ਵਿਦਿਆਰਥਣ ਕੁਝ ਸਾਲ ਪਹਿਲਾਂ ਭਾਰਤ ਘੁੰਮ ਕੇ ਆਈ ਸੀ ਅਤੇ ਪੰਜਾਬ ਦੀ ਫੇਰੀ ਦੌਰਾਨ ਵਾਘਾ ਪਰੇਡ ਵੇਖ ਚੁਕੀ ਸੀ। ਇਹ ਸਾਰੇ ਵਿਦਿਆਰਥੀ ਦੁਨੀਆਂ ਦੀਆਂ ਸਭ ਤੋਂ ਪ੍ਰਚਲਿਤ ਬੋਲੀਆਂ 'ਤੇ ਅਧਿਐਨ ਕਰ ਰਹੇ ਸਨ। ਸੋ, ਪੰਜਾਬੀ ਬੋਲੀ ਬਾਰੇ ਵਿਸਤ੍ਰਿਤ ਚਰਚਾ ਲਈ ਉਨ੍ਹਾਂ ਮੇਰੇ ਤੋਂ ਅਗਾਊਂ ਸਮਾਂ ਲੈ ਰੱਖਿਆ ਸੀ। ਹੁਣ, ਜਦ ਵੀ ਪੰਜਾਬੀ ਬੋਲੀ ਦੀ ਗੱਲ ਹੁੰਦੀ ਹੈ ਤਾਂ ਇਹ ਚਰਚਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਜ਼ਿਕਰ ਤੋਂ ਬਿਨਾ ਪੂਰੀ ਨਹੀਂ ਹੋ ਸਕਦੀ। ਉਨ੍ਹਾਂ ਲਈ ਇਹ ਜਾਣਨਾ ਬਹੁਤ ਦਿਲਚਸਪ ਸੀ ਕਿ ਪੰਜਾਬੀ ਬੋਲੀ ਦੋ ਲਿਪੀਆਂ-ਗੁਰਮੁਖੀ ਤੇ ਸ਼ਾਹਮੁਖੀ 'ਚ ਲਿਖੀ ਜਾਂਦੀ ਹੈ ਅਤੇ ਭਾਰਤ ਤੋਂ ਬਿਨਾ ਪਾਕਿਸਤਾਨ, ਯੂਰਪ, ਅਮਰੀਕਾ, ਆਸਟ੍ਰੇਲੀਆ ਤੇ ਕੈਨੇਡਾ ਆਦਿ ਮੁਲਕਾਂ 'ਚ ਵਸਦੇ ਬਹੁਗਿਣਤੀ ਪੰਜਾਬੀਆਂ ਵਲੋਂ ਬੋਲੀ ਜਾਂਦੀ ਹੈ।

ਗੱਲ ਤੁਰਦੀ ਤੁਰਦੀ ਦੋਹਾਂ ਪੰਜਾਬਾਂ ਦੇ ਸਾਂਝੇ ਸੱਭਿਆਚਾਰਕ ਤੱਤਾਂ ਅਤੇ ਭਾਈਚਾਰਕ ਸਾਂਝ-ਪਿਆਰ ਤੱਕ ਪਹੁੰਚ ਗਈ, ਪਰ ਇਥੇ ਆ ਕੇ ਐਗਨੀਸ਼ਕਾ ਦੇ ਇਕ ਸਵਾਲ ਨੇ ਚਰਚਾ ਨੂੰ ਨਵਾਂ ਮੋੜ ਦੇ ਦਿੱਤਾ। ਉਸ ਕਿਹਾ ਕਿ ਜੇ ਦੋਹਾਂ ਪੰਜਾਬਾਂ ਦੀ ਸੱਭਿਆਚਾਰਕ ਸਾਂਝ ਏਨੀ ਪੀਡੀ ਅਤੇ ਪਿਆਰ ਭਰੀ ਹੈ ਤਾਂ ਵਾਘਾ ਸਰਹੱਦ 'ਤੇ ਹਰ ਸ਼ਾਮ ਝੰਡਾ ਉਤਾਰਨ ਦੀ ਰਸਮ ਗੁੱਸੇ ਅਤੇ ਤਣਾਅ ਵਾਲੇ ਮਾਹੌਲ ਵਿਚ ਕਿਉਂ ਹੁੰਦੀ ਹੈ? ਫੌਜੀਆਂ ਵਲੋਂ ਇਕ ਦੂਸਰੇ ਦੇ ਸਿਰ ਤੋਂ ਉਚੇ ਬੂਟ ਕਰਕੇ ਸਖਤ ਚਿਹਰਿਆਂ ਨਾਲ ਸਲੂਟ ਕਰਨੇ, ਗੇਟ ਖੋਲ੍ਹਣ ਦਾ ਢੰਗ ਐਸਾ ਕਿ ਉਸ ਨੂੰ ਖੋਲ੍ਹਣ ਨਾਲੋਂ ਤੋੜਨਾ ਕਹਿਣਾ ਵਧੇਰੇ ਸਟੀਕ ਰਹੇਗਾ, ਫੌਜੀਆਂ ਵਲੋਂ ਸਖਤ ਮੁੱਠੀਆਂ ਕੱਸ ਕੇ ਇਕ ਦੂਸਰੇ ਨੂੰ ਬਾਹਾਂ ਉਲਾਰ ਕੇ ਵਿਖਾਉਣੀਆਂ ਅਤੇ ਇਸ ਸਭ ਦਰਮਿਆਨ ਦੋਹਾਂ ਪਾਸਿਆਂ ਦੀ ਜਨਤਾ ਵਲੋਂ ਆਪੋ-ਆਪਣੇ ਦੇਸ਼ ਦੇ ਨਾਂਵਾਂ ਨਾਲ ਹੁੰਦੀ ਜ਼ੋਰਦਾਰ ਨਾਹਰੇਬਾਜ਼ੀ ਆਦਿ।

ਵਿਦਿਆਰਥਣ ਦਾ ਇਹ ਕਹਿਣਾ ਬਿਲਕੁਲ ਸਹੀ ਸੀ ਕਿ ਉਥੋਂ ਦਾ ਮਾਹੌਲ ਤਲਖ ਹੁੰਦਾ ਹੈ। ਉਸ ਦਾ ਨਜ਼ਰੀਆ ਬਿਲਕੁਲ ਨਿਰਪੱਖ ਸੀ। ਦੋਹਾਂ ਪੰਜਾਬਾਂ ਦੀ ਆਪਸੀ ਪਿਆਰ ਤੇ ਸਾਂਝ ਦਾ ਜੋ ਨਕਸ਼ਾ ਮੈਂ ਬਿਆਨ ਕਰ ਰਿਹਾ ਸਾਂ, ਉਹ ਉਸ ਪਰੇਡ ਨਾਲ ਕਿਧਰੇ ਵੀ ਮੇਲ ਨਹੀਂ ਸੀ ਖਾ ਰਿਹਾ। ਸੱਚਮੁਚ ਇਹ ਵਿਸ਼ਾ ਚਰਚਾ ਦੀ ਮੰਗ ਕਰਦਾ ਹੈ।

ਦਰਅਸਲ ਦੋਹਾਂ ਪੰਜਾਬਾਂ ਦੀ ਫਿਤਰਤ ਅਤੇ ਭਾਰਤ-ਪਾਕਿਸਤਾਨ ਦੇ ਇਕ ਦੂਸਰੇ ਬਾਰੇ ਰਵੱਈਏ ਵਿਚ ਢੇਰ ਅੰਤਰ ਹੈ। ਵਾਘਾ ਪਰੇਡ ਦਾ ਪ੍ਰਬੰਧ ਅਤੇ ਸੁਭਾਅ ਰਾਜ ਪੱਧਰੀ ਨਹੀਂ ਸਗੋਂ ਕੌਮਾਂਤਰੀ ਪੱਧਰ ਦਾ ਹੈ। ਇਹ ਤੱਥ ਤਾਂ ਜੱਗ ਜਾਹਰ ਹੈ ਕਿ ਭਾਰਤ-ਪਾਕਿਸਤਾਨ ਦੇ ਆਪਸੀ ਰਿਸ਼ਤੇ ਕਦੇ ਵੀ ਸੁਖਾਵੇਂ ਨਹੀਂ ਰਹੇ। ਸੋ, ਇਸ ਪਰੇਡ ਦੀ ਸਾਰੀ ਵਿਉਂਤਬੰਦੀ ਨੂੰ ਉਸੇ ਹੀ ਪਿੱਠਭੂਮੀ ਵਿਚ ਰੱਖ ਕੇ ਨਿਭਾਇਆ ਜਾਂਦਾ ਹੈ। ਤਣਾਅ ਭਰੇ ਚਿਹਰਿਆਂ ਨੂੰ ਲੈ ਕੇ ਪਰੇਡ ਕਰ ਰਹੇ ਫੌਜੀ ਆਪਸ ਵਿਚ ਦੁਸ਼ਮਣ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਦੀ ਕੋਈ ਆਪਸੀ ਨਾਰਾਜ਼ਗੀ ਹੁੰਦੀ ਹੈ। ਉਹ ਸਾਰਾ ਦਿਨ ਸਰਹੱਦ 'ਤੇ ਹੀ ਮੌਜੂਦ ਰਹਿੰਦੇ ਹਨ ਅਤੇ ਹਰ ਰੋਜ਼ ਮੁਸਕਰਾ ਕੇ ਸਹਿਕਰਮੀਆਂ ਵਾਲੀ ਆਪਸੀ ਦੁਆ ਸਲਾਮ ਨਾਲ ਹੀ ਇਕ ਦੂਜੇ ਨਾਲ ਪੇਸ਼ ਆਉਂਦੇ ਹਨ। ਪਰ ਸ਼ਾਮ ਨੂੰ ਜਿਉਂ ਹੀ ਪਰੇਡ ਸ਼ੁਰੂ ਹੁੰਦੀ ਹੈ ਤਾਂ ਉਹ ਫੌਜੀ ਨਹੀਂ, ਅਦਾਕਾਰ ਬਣ ਜਾਂਦੇ ਹਨ, ਜਿਨ੍ਹਾਂ ਨੇ ਝੰਡਾ ਉਤਾਰਨ ਦੀ ਰਸਮ ਦੇ ਨਾਲ ਨਾਲ ਦੋਹੇਂ ਪਾਸੀਂ ਬੈਠੀ ਜਨਤਾ ਦਾ ਮਨੋਰੰਜਨ ਵੀ ਕਰਨਾ ਹੁੰਦਾ ਹੈ।



ਸਾਫ ਹੈ ਕਿ ਜਿੱਥੇ ਭਾਰਤੀ ਅਤੇ ਪਾਕਿਸਤਾਨੀ ਦਰਸ਼ਕ ਬੈਠੇ ਹੋਣਗੇ, ਉਥੇ ਚੜ੍ਹਦੇ ਤੇ ਲਹਿੰਦੇ ਪੰਜਾਬੀਆਂ ਦੇ ਆਪਸੀ ਨਿੱਘੇ ਰਿਸ਼ਤਿਆਂ ਦੀ ਪ੍ਰਵਾਹ ਕੌਣ ਕਰੇਗਾ? ਸੋ, ਗੇਟ ਟੁੱਟਦੇ ਹਨ, ਨਾਅਰੇ ਲੱਗਦੇ ਹਨ, ਗੁੱਸੇ ਭਰੇ ਹਾਵ ਭਾਵਾਂ ਨਾਲ ਸਲੂਟ ਵੱਜਦੇ ਹਨ ਅਤੇ ਇਸ ਪਰੇਡ ਨੂੰ ਮਾਣ ਰਹੇ ਦਰਸ਼ਕ 'ਦੇਸ਼ ਭਗਤੀ' ਦੇ ਜਜ਼ਬੇ ਨਾਲ ਸਰਾਬੋਰ ਹੁੰਦੇ ਰਹਿੰਦੇ ਹਨ। ਸ਼ੁਕਰ ਹੈ, 2010 ਤੋਂ ਬਾਅਦ ਇਨ੍ਹਾਂ ਸਿਪਾਹੀਆਂ ਨੂੰ ਰਸਮ ਦੇ ਅੰਤ ਵਿਚ ਦੁਵੱਲੀਂ ਹੱਥ ਮਿਲਾਉਣ ਦੀ ਇਜਾਜ਼ਤ ਮਿਲੀ ਹੋਈ ਹੈ। ਆਖਰ ਇਸ ਨਾਲ ਜ਼ਿੰਮੇਵਾਰੀ ਦਾ ਅਹਿਸਾਸ ਤਾਂ ਝਲਕ ਪੈਂਦਾ ਹੈ।

ਕਿੰਨਾ ਚੰਗਾ ਹੋਵੇ ਜੇ ਇਸ ਪਰੇਡ ਨੂੰ ਸ਼ਾਂਤ ਫੌਜੀ ਜ਼ਾਬਤੇ, ਅਪਣੱਤ, ਬਿਨਾ ਨਾਹਰੇਬਾਜ਼ੀ ਅਤੇ ਪਿਆਰ ਵਾਲੇ ਮਾਹੌਲ ਨਾਲ ਨਿਭਾਇਆ ਜਾਵੇ। ਫੌਜੀ ਪਰੇਡ ਦੇ ਸਭ ਤੋਂ ਖਾਸ ਤੱਤ ਅਨੁਸ਼ਾਸਨ ਅਤੇ ਜ਼ਿੰਮੇਵਾਰੀ ਆਦਿ ਹੁੰਦੇ ਹਨ, ਨਾ ਕਿ ਗੁੱਸਾ ਜਾਂ ਤਣਾਅ। ਜੇ ਇਸ ਪਰੇਡ ਵਿਚ ਜਨਤਾ ਦੇ ਮਨੋਰੰਜਨ ਦੇ ਪੱਖ ਨੂੰ ਵੀ ਧਿਆਨ ਵਿਚ ਰੱਖਣਾ ਹੈ ਤਾਂ ਉਸ ਦੇ ਹੋਰ ਵੀ ਬਹੁਤ ਢੰਗ ਤਰੀਕੇ ਹਨ। ਐਸਾ ਮਨੋਰੰਜਨ ਬੀਮਾਰ ਹੈ, ਜਿਸ ਦਾ ਆਧਾਰ ਤਲਖੀ, ਗੁੱਸਾ ਜਾਂ ਨਫਰਤ ਹੋਵੇ।

ਛੱਬੀ ਜਨਵਰੀ ਨੂੰ ਰਾਜ ਪਥ 'ਤੇ ਫੌਜ ਵਲੋਂ ਹੁੰਦੀਆਂ ਖੂਬਸੂਰਤ ਪੇਸ਼ਕਾਰੀਆਂ ਵਿਚ ਤਣਾਅ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਤੇ ਲੋਕ ਉਸ ਨੂੰ ਦਿਲ ਖੋਲ੍ਹ ਕੇ ਮਾਣਦੇ ਹਨ। ਦੁਨੀਆਂ ਦੇ ਕਈ ਹੋਰ ਦੇਸ਼ਾਂ ਦੀਆਂ ਸਰਹੱਦਾਂ 'ਤੇ ਵੀ ਇਸ ਢੰਗ ਦੀਆਂ ਰਸਮਾਂ ਹੁੰਦੀਆਂ ਹਨ, ਜੋ ਸ਼ਾਂਤ ਮਾਹੌਲ ਨਾਲ ਨਿਭਦੀਆਂ ਹਨ।


ਮੈਨੂੰ ਇਸ ਗੱਲ ਦੀ ਤਸੱਲੀ ਰਹੀ ਕਿ ਵਿਦਿਆਰਥੀਆਂ ਨਾਲ ਹੋਈ ਇਸ ਚਰਚਾ ਦੌਰਾਨ ਮੈਂ ਹਿੰਦ-ਪਾਕਿ ਦੋਸਤੀ ਮੰਚ ਅਤੇ ਹੋਰ ਕਈ ਦੋਸਤਾਨਾ ਢੰਗ ਦੀਆਂ ਸਾਂਝੀਆਂ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਜ਼ਿਕਰ ਨਾਲ ਦੁਵੱਲੀਂ ਵੱਸਦੇ ਪੰਜਾਬੀਆਂ ਦੇ ਸੁਭਾਅ ਦੀ ਸਹੀ ਵਿਆਖਿਆ ਕਰਨ ਅਤੇ ਆਪਣੀ ਗੱਲ ਨੂੰ ਤੱਥਾਂ ਸਮੇਤ ਤਸਦੀਕ ਕਰਨ ਦੀ ਕੋਸ਼ਿਸ਼ ਵਿਚ ਸਫਲ ਹੋ ਗਿਆ। ਨਿਰੰਤਰ ਤਬਦੀਲੀ ਕੁਦਰਤ ਦਾ ਸੁਭਾਅ ਹੈ ਅਤੇ ਬੀਮਾਰ ਤੱਥਾਂ ਨੂੰ ਬਦਲ ਦੇਣਾ ਸਮੇਂ ਦੀ ਸਾਰਥਕ ਮੰਗ ਹੈ।

ਅੱਜ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਾਘਾ ਬਾਰਡਰ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਦੇਣ 'ਤੇ ਸਹਿਮਤੀ ਬਣ ਚੁਕੀ ਹੈ, ਜਿਸ ਨਾਲ ਦੋਹਾਂ ਦੇਸ਼ਾਂ ਦੇ ਸਬੰਧਾਂ ਨੇ ਇਕ ਸੁਖਾਵਾਂ ਮੋੜ ਕੱਟਿਆ ਹੈ। ਜਿਸ ਦਿਨ ਵੀ ਇਹ ਲਾਂਘਾ ਖੁੱਲ੍ਹਿਆ, ਇਥੋਂ ਦੇ ਸਾਰੇ ਪ੍ਰਬੰਧ ਦੇ ਪਿੱਛੇ ਪਿਆਰ, ਸ਼ਰਧਾ ਅਤੇ ਜ਼ਿੰਮੇਵਾਰੀ ਵਾਲੇ ਤੱਤ ਹੀ ਕਾਰਜਸ਼ੀਲ ਹੋਣਗੇ। ਸਦਭਾਵਨਾ ਦੀ ਇਸ ਲਹਿਰ ਨੂੰ ਵਾਘਾ ਸਰਹੱਦ 'ਤੇ ਹਰ ਸ਼ਾਮ ਨੂੰ ਨਿਭਾਈ ਜਾਂਦੀ ਇਸ ਰਸਮ 'ਤੇ ਵੀ ਤਾਰੀ ਹੋਣਾ ਚਾਹੀਦਾ ਹੈ। ਜੇ ਇਹ ਰਸਮ ਸੁਖਾਵੇਂ, ਸਤਿਕਾਰ ਭਰੇ ਜ਼ਾਬਤੇ ਦੇ ਮਾਹੌਲ ਵਿਚ ਹੁੰਦੀ ਹੈ ਤਾਂ ਦੇਸ਼ ਵਿਦੇਸ਼ ਤੋਂ ਆਉਂਦੇ ਸੈਲਾਨੀਆਂ ਨੂੰ ਦੋਹਾਂ ਪੰਜਾਬਾਂ ਦੇ ਸਾਂਝ ਤੇ ਸਦਭਾਵਨਾ ਵਾਲੇ ਰਿਸ਼ਤੇ ਦੀ ਜਾਣਕਾਰੀ ਤਾਂ ਮਿਲੇਗੀ ਹੀ, ਨਾਲ ਦੀ ਨਾਲ ਉਨ੍ਹਾਂ 'ਤੇ ਦੋਹਾਂ ਦੇਸ਼ਾਂ ਦੇ ਸੁਧਰ ਰਹੇ ਸਬੰਧਾਂ ਦਾ ਪ੍ਰਭਾਵ ਵੀ ਪਏਗਾ।

# ਰੋਹਬਦਾਰ ਆਵਾਜ਼ ਵਾਲਾ ਅਦਾਕਾਰ ਸੀ ਓਮ ਪੁਰੀ

ਆਪਣੀ ਖਰਵੀਂ, ਰੋਹਬਦਾਰ ਭਾਰੀ ਆਵਾਜ਼, ਚੇਚਕ ਦੇ ਦਾਗਾਂ ਵਾਲੇ ਖੁਰਦਰੇ ਚਿਹਰੇ, ਖਤਰਨਾਕ ਮੋਟੀਆਂ ਅੱਖਾਂ ਵਾਲੇ ਵਿਸ਼ਵ ਪ੍ਰਸਿਧ ਫਿਲਮੀ ਤੇ ਟੀ. ਵੀ. ਅਦਾਕਾਰ ਓਮ ਪੁਰੀ, ਜਿਸ ਨੇ ਗਿਆਨੀ ਜੈਲ ਸਿੰਘ ਵਾਗੂੰ ਹੀ ਕਿਹਾ ਸੀ, "ਮਰਨ ਤੋਂ ਪਹਿਲਾਂ ਮੇਰੇ ਵਾਲ ਡਾਈ (ਕਾਲੇ) ਕਰ ਦੇਣਾ", ਨੂੰ 66 ਸਾਲ ਦੀ ਉਮਰੇ ਇਸ ਸੰਸਾਰ ਤੋਂ ਗਿਆਂ ਕਰੀਬ ਦੋ ਸਾਲ ਹੋ ਗਏ ਹਨ।

ਓਮ ਪੁਰੀ ਦਾ ਜਨਮ 18 ਅਕਤੂਬਰ 1950 ਨੂੰ ਅੰਬਾਲਾ (ਹਰਿਆਣਾ) ਦੇ ਇਕ ਪੰਜਾਬੀ ਪਰਿਵਾਰ ਵਿਚ ਹੋਇਆ, ਪਰ ਲਗਾਤਾਰ 16 ਸਾਲ ਓਮ ਪੁਰੀ ਉਰਫ ਗੁੱਡੂ ਨੇ ਆਪਣੇ ਨਾਨਕੇ



ਪਿੰਡ ਸਨੌਰ (ਪਟਿਆਲਾ) ਵਿਚ ਹੀ ਗੁਜਾਰੇ। ਨੰਦਿਤਾ ਪੁਰੀ ਨਾਲ 1993 ਵਿਚ ਵਿਆਹ ਪਿਛੋਂ 2013 ਵਿਚ ਉਨ੍ਹਾਂ ਦਾ ਤਲਾਕ ਹੋ ਗਿਆ। ਇਸ ਜੋੜੇ ਦਾ ਬੇਟਾ ਈਸ਼ਾਨ ਪੁਰੀ ਹੈ। ਫਿਰ ਉਸ ਨੇ ਸੀਮਾ ਕਪੂਰ (ਝਾਲਾਵਾੜ ਨਿਵਾਸੀ) ਨਾਲ ਸ਼ਾਦੀ ਕੀਤੀ, ਜਿਥੇ ਓਮ ਪੁਰੀ ਨੇ 'ਕਿਲੇ ਕਾ ਰਹੱਸਯ', 'ਮੇਰਾ ਗਾਂਵ, ਮੇਰਾ ਦੇਸ਼' ਟੀ. ਵੀ. ਸੀਰੀਅਲ ਅਤੇ ਫਿਲਮਾਂ 'ਹਾਟ ਟੂ ਵੀਕਲੀ ਬਾਜ਼ਾਰ', 'ਮਿਸਟਰ ਕਬਾੜੀ' ਦੇ ਕਈ ਦ੍ਰਿਸ਼ਾਂ ਦੀ ਸ਼ੂਟਿੰਗ ਕਰਾ ਕੇ ਕੁਝ ਜਮੀਨ ਵੀ ਖਰੀਦੀ ਸੀ।

ਓਮ ਪੁਰੀ ਨੇ ਧਨ ਕਮਾਇਆ, ਪਰ ਬੇਹਿਸਾਬ ਨਹੀਂ। ਉਸ ਨੂੰ ਥਾਣੇ, ਪੁਲਿਸ ਕੇਸ, ਮੁਕੱਦਮਿਆਂ ਵਿਚ ਉਲਝਾਇਆ ਗਿਆ, ਪਰ ਉਹ ਡਟਿਆ ਰਿਹਾ, ਨਿਰਾਸ਼ਾ ਨਹੀਂ ਝੱਲੀ। ਬਤੌਰ ਕਲਾਕਾਰ 4 ਦਹਾਕੇ ਦਾ ਫਿਲਮੀ ਸਫਰ ਆਮ ਆਦਮੀ ਵਾਂਗੂੰ ਹੀ ਕੀਤਾ। ਸੰਘਰਸ਼ ਕਰ ਕੇ ਸਿੱਖਦਾ ਰਿਹਾ, ਖੁਦ ਨੂੰ ਤਰਾਸ਼ਦਾ, ਅੱਗੇ ਵਧਦਾ, ਜ਼ਿੰਦਗੀ ਦੀਆਂ ਪੌੜੀਆਂ ਚੜ੍ਹਦਾ-ਉਤਰਦਾ ਰਿਹਾ, ਪਰ ਥਿੜਕਿਆ ਨਹੀਂ।

ਓਮ ਪੁਰੀ ਨੇ 200 ਤੋਂ ਵੱਧ ਹਿੰਦੀ ਤੇ 20 ਹਾਲੀਵੁੱਡ ਫਿਲਮਾਂ ਵਿਚ ਵਧੀਆ ਅਦਾਕਾਰੀ ਕੀਤੀ। ਇਕ ਤਾਜ਼ਾ ਐਨੀਮੇਟਿਡ ਫਿਲਮ 'ਜੰਗਲ ਬੁੱਕ' ਵਿਚ ਇਕ ਕਿਰਦਾਰ ਨੂੰ ਆਵਾਜ਼ ਵੀ ਉਧਾਰ ਦਿੱਤੀ। ਉਸ ਦੀ ਆਖਰੀ ਫਿਲਮ 'ਘਾਇਲ ਵੰਨਸ ਅਗੇਨ' ਸੰਨੀ ਦਿਓਲ ਦੀ ਸੁਪਰਹਿੱਟ 'ਘਾਇਲ' ਦਾ ਸੀਕਉਇਲ ਸੀ। ਉਸ ਨੂੰ ਪਹਿਲੀ ਫਿਲਮ 'ਘਾਸੀ ਰਾਮ ਕੋਤਵਾਲ' ਵਿਚਲੇ ਕੀਤੇ ਕੰਮ ਦਾ 1976 'ਚ ਮਿਹਨਤਾਨਾ ਸਿਰਫ 'ਮੂੰਗਫਲੀ ਦਾ ਪੈਕਟ' ਹੀ ਮਿਲਿਆ ਸੀ। ਉਸ ਦੀਆਂ ਮਸ਼ਹੂਰ ਹਿੰਦੀ ਫਿਲਮਾਂ 'ਆਕ੍ਰੋਸ਼', 'ਅਰਧ ਸੱਤਯਾ', 'ਜਾਨੇ ਭੀ ਦੋ ਯਾਰੋ', ਘਾਇਲ', 'ਅਵਾਰਾ, ਪਾਗਲ, ਦੀਵਾਨਾ', 'ਚੁਪਕੇ ਚੁਪਕੇ' 'ਸਦਗਤੀ', 'ਮਿਰਚ-ਮਸਾਲਾ', 'ਧਾਰਾਵੀ', 'ਹੇਰਾ-ਫੇਰੀ', 'ਸਿੰਘ ਇਜ਼ ਕਿੰਗ', 'ਮੇਰੇ ਬਾਪ ਪਹਿਲੇ ਆਪ' ਅਤੇ ਪੰਜਾਬੀ ਫਿਲਮਾਂ 'ਬਾਗੀ' ਤੇ 'ਲੌਂਗ ਦਾ ਲਿਸ਼ਕਾਰਾ' ਵਰਣਨਯੋਗ ਹਨ।

ਓਮ ਪੁਰੀ ਪ੍ਰਸਿਧ ਨਾਵਲਕਾਰ ਗੁਰਦਿਆਲ ਦੇ ਜੈਤੋ ਮੰਡੀ (ਬਠਿੰਡਾ) ਵਿਚਲੇ ਘਰ ਵਿਚ ਕੁਝ ਸਮਾਂ ਰਹਿ ਕੇ ਇਕ ਕਿਤਾਬ ਵੀ ਲਿਖਦਾ ਤੇ ਠੇਠ ਪੰਜਾਬੀ ਸਿੱਖਦਾ ਰਿਹਾ।

*-ਜੁਗਰਾਜ ਗਿੱਲ, ਯੌਰਕ, ਫੋਨ: 704-257-6693*

# ਅਦਾਕਾਰੀ ਤੋਂ ਗਾਇਕੀ ਵੱਲ ਆਈ

## ਪੂਨਮ ਸੂਦ



ਦਿਲਕਸ਼ ਅਦਾਵਾਂ ਨਾਲ ਮਨ ਮੋਹ ਲੈਣ ਵਾਲੀ ਹੁਸਨ ਤੇ ਕਲਾ ਦੀ ਮੂਰਤ ਪੂਨਮ ਸੂਦ ਸੰਗੀਤ ਅਤੇ ਫਿਲਮ ਖੇਤਰ ਦੀ ਇੱਕ ਨਾਮਵਰ ਸ਼ਖਸੀਅਤ ਹੈ। ਉਸ ਨੇ ਜਿੱਥੇ ਅਨੇਕਾਂ ਨਾਮੀ ਗਾਇਕਾਂ ਦੇ ਗੀਤਾਂ 'ਚ ਮਾਡਲਿੰਗ ਕੀਤੀ, ਉਥੇ ਕਈ ਪੰਜਾਬੀ ਫਿਲਮਾਂ ਵਿਚ ਵੀ ਮੇਨ ਲੀਡ ਕੰਮ ਕੀਤਾ।

ਪੂਨਮ ਇਨ੍ਹੀਂ ਦਿਨੀਂ ਗਾਇਕੀ ਵੱਲ ਵੀ ਆਈ ਹੈ। ਉਸ ਦਾ ਇੱਕ ਗੀਤ 'ਬਲੈਕ ਸ਼ੇਡੋ' ਬੀਤੇ ਦਿਨੀਂ ਰਿਲੀਜ਼ ਹੋਇਆ। ਉਸ ਦਾ ਨਵਾਂ ਗੀਤ 'ਗੱਭਰੂ' ਨੌਜਵਾਨੀ ਨੂੰ ਨਸ਼ਿਆਂ ਦੇ ਮਾੜੇ ਨਤੀਜਿਆਂ ਬਾਰੇ ਸੁਚੇਤ ਕਰਦਾ ਹੈ। ਉਸ ਦੀ ਗਾਇਕੀ ਦਰਸ਼ਕਾਂ ਨੂੰ ਪਸੰਦ ਵੀ ਆ ਰਹੀ ਹੈ। ਉਸ ਨੂੰ ਮਾਣ ਹੈ ਕਿ ਚੰਗੀ ਸੋਚ ਨਾਲ ਕੀਤੀ ਮਿਹਨਤ ਨੂੰ ਫਲ ਜਰੂਰ ਲੱਗਦਾ ਹੈ।

ਲਘੂ ਫਿਲਮ 'ਵੰਡ' ਵਿਚਲੇ ਕਿਰਦਾਰ ਅਤੇ ਕੁਝ ਦ੍ਰਿਸ਼ਾਂ ਨੂੰ ਲੈ ਕੇ ਪੂਨਮ ਵੱਲ ਭਾਵੇਂ ਅਨੇਕਾਂ ਉਂਗਲਾਂ ਉਠੀਆਂ ਪਰ ਉਸ ਨੇ ਕਿਸੇ ਦੀ ਕੋਈ ਪ੍ਰਵਾਹ ਨਾ ਕੀਤੀ। ਉਸ ਦਾ ਕਹਿਣਾ ਹੈ ਕਿ ਬਹੁਤ ਘੱਟ ਲੋਕ ਹਨ, ਜੋ ਤੁਹਾਡੇ ਆਰਟ ਨੂੰ ਸਮਝ ਸਕਦੇ ਹਨ। ਮੈਨੂੰ ਖੁਸ਼ੀ ਹੈ ਕਿ ਮੈਂ ਇੱਕ ਅਜਿਹਾ ਕਿਰਦਾਰ ਨਿਭਾਇਆ, ਜਿਸ ਨੂੰ ਵੇਖ ਕੇ ਅਨੇਕਾਂ ਕੁੜੀਆਂ ਨੇ ਚੰਗੇ-ਮਾੜੇ ਦੀ ਪਰਖ ਕਰਦਿਆਂ ਆਪਣੇ ਆਪ ਨੂੰ ਸੰਭਾਲਿਆ ਤੇ ਮੈਨੂੰ ਫੋਨ 'ਤੇ ਸਭ ਕੁਝ ਦੱਸਿਆ।

ਪੂਨਮ ਬਾਰੇ ਬਹੁਤੇ ਲੋਕਾਂ ਦੀ ਸੋਚ 'ਵੰਡ' ਤੋਂ ਅੱਗੇ ਨਾ ਵਧ ਸਕੀ, ਪਰ ਉਸ ਦੇ ਨੇੜੇ ਹੋ ਕੇ ਲੰਘਣ ਵਾਲੇ ਜਾਣਦੇ ਹਨ ਕਿ ਪੂਨਮ ਜਿੰਨੀ ਚੰਗੀ ਅਦਾਕਾਰਾ ਹੈ, ਉਨੀ ਹੀ ਜ਼ਿੰਦਾਦਿਲ ਇਨਸਾਨ ਵੀ ਹੈ। ਆਪਣੇ ਨਿੱਜ ਤੋਂ ਉਪਰ ਉਠਦਿਆਂ ਉਹ ਸਮਾਜ ਦੇ ਥੁੜ੍ਹੇ ਲੋਕਾਂ, ਕੈਂਸਰ ਪੀੜ੍ਹਤ ਬੱਚਿਆਂ ਦੀ ਮਦਦ ਲਈ ਅੱਗੇ ਆਈ ਹੈ। ਸ਼ਾਇਦ ਇਸੇ ਲਈ ਉਹ ਹੁਣ ਗਾਇਕੀ ਦੇ ਖੇਤਰ ਵਿਚ ਸਰਗਰਮ ਹੋਈ ਹੈ, ਜਿਸ ਦੀ ਕਮਾਈ ਦਾ ਅੱਧ ਉਹ ਸਮਾਜ ਸੇਵਾ ਲਈ ਕੱਢ ਰਹੀ ਹੈ।

ਪੂਨਮ ਅੰਮ੍ਰਿਤਸਰ ਨੇੜਲੇ ਕਸਬਾ ਸੁਲਤਾਨਵਿੰਡ ਦੀ ਜੰਮਪਲ ਹੈ। ਲੁਧਿਆਣਾ ਦੇ ਸਿੱਧਵਾਂ ਬੇਟ ਤੋਂ ਗਰੈਜੂਏਸ਼ਨ ਕਰਕੇ ਉਸ ਨੇ ਆਪਣੇ ਫਿਲਮੀ ਕੈਰੀਅਰ ਦਾ ਆਗਾਜ਼ ਚੰਡੀਗੜ੍ਹ ਤੋਂ ਕੀਤਾ ਤੇ ਫਿਰ ਮੁੰਬਈ ਨਗਰੀ ਵਿਚ ਜਾ ਕੇ ਕਲਾ ਦੀ ਜ਼ਿੰਦਗੀ ਨੂੰ ਨੇੜਿਓਂ ਵੇਖਦਿਆਂ ਸੰਘਰਸ਼ ਕੀਤਾ। ਮੁੰਬਈ 'ਚ ਪੂਨਮ ਨੇ ਕਈ ਹਿੰਦੀ ਸੀਰੀਅਲਾਂ ਅਤੇ ਫਿਲਮਾਂ ਵਿਚ ਕੰਮ ਕੀਤਾ। ਉਸ ਦੇ 'ਹਮ ਤੁਮ ਕੋ ਭੁਲਾ ਨਾ ਪਾਏਂਗੇ' ਸੀਰੀਅਲ ਨੂੰ ਕੌਮਾਂਤਰੀ ਅਵਾਰਡ ਵੀ ਮਿਲਿਆ।

ਪੰਜਾਬੀ ਗਾਇਕਾ ਮਿਸ ਪੂਜਾ ਦੇ ਗੀਤਾਂ 'ਤੇ ਅਦਾਕਾਰੀ ਕਰਦਿਆਂ ਆਪਣੀ ਕਲਾ ਦੀ ਸ਼ੁਰੂਆਤ ਕਰਨ ਵਾਲੀ ਪੂਨਮ ਨੇ ਕਰਮਜੀਤ ਅਨਮੋਲ ਦੇ ਗੀਤ 'ਯਾਰਾ ਵੇ', ਰੌਸ਼ਨ ਪ੍ਰਿੰਸ ਦੇ 'ਸਪੀਕਰ' ਅਤੇ ਫਿਰੋਜ ਖਾਂ ਦੇ ਗੀਤ 'ਹਵਾਵਾਂ' ਸਮੇਤ 100 ਤੋਂ ਵੱਧ ਗੀਤਾਂ ਵਿਚ ਲਾਜਵਾਬ ਅਦਾਕਾਰੀ ਪੇਸ਼ ਕੀਤੀ।

ਪੰਜਾਬੀ ਫਿਲਮਾਂ ਦੀ ਗੱਲ ਕਰੀਏ ਤਾਂ 'ਮੇਰੇ ਯਾਰ ਕਮੀਨੇ', 'ਯਾਰ ਅਨਮੁੱਲੇ-2', 'ਲਕੀਰਾਂ', 'ਹਮ ਹੈਂ ਤੀਨ ਖਜ਼ਾਦੀਨ' ਅਤੇ ਲਘੂ ਫਿਲਮ 'ਵੰਡ' ਵਿਚ ਪੂਨਮ ਸੂਦ ਨੇ ਅਹਿਮ ਕਿਰਦਾਰ ਨਿਭਾਏ ਹਨ। ਉਹ ਰੌਸ਼ਨ ਪ੍ਰਿੰਸ ਦੀ ਫਿਲਮ 'ਮੁੰਡਾ ਫਰੀਦਕੋਟੀਆ' ਅਤੇ ਹਰਜੀਤ ਰਿੱਕੀ ਦੀ ਧਾਰਮਕ ਫਿਲਮ 'ਹਿੰਦ ਦੀ ਚਾਦਰ' ਵਿਚ ਅਹਿਮ ਭੂਮਿਕਾ 'ਚ ਨਜ਼ਰ ਆਵੇਗੀ। ਉਸ ਦਾ ਬਹੁਤਾ ਧਿਆਨ ਹੁਣ ਗਾਇਕੀ ਵੱਲ ਹੈ। ਚੰਗੀਆਂ ਪੁਸਤਕਾਂ ਪੜ੍ਹਨਾ, ਚੰਗਾ ਸੰਗੀਤ ਸੁਣਨਾ ਉਸ ਦੀ ਰੂਹ ਦੀ ਖੁਰਾਕ ਹਨ।

*-ਸੁਰਜੀਤ ਜੱਸਲ*
*ਫੋਨ: 91-98146-07737*

ਪੰਜਾਬ ਦੀ ਅਮੀਰ ਵਿਰਾਸਤ ਦਿਖੇਗੀ

# ਮਿੱਟੀ: ਵਿਰਾਸਤ ਬੱਬਰਾਂ ਦੀ

ਪੰਜਾਬੀ ਸਿਨੇਮਾ 'ਚ ਨਵੇਂ ਨਵੇਂ ਵਿਸ਼ਿਆਂ 'ਤੇ ਫਿਲਮਾਂ ਬਣਾਉਣ ਦਾ ਰੁਝਾਨ ਸ਼ੁਰੂ ਹੋ ਚੁਕਾ ਹੈ। ਪਿਛਲੇ ਕੁਝ ਸਮੇਂ ਤੋਂ ਦਰਸ਼ਕ ਵੀ ਲਗਾਤਾਰ ਇੱਕੋ ਜਿਹੇ ਵਿਸ਼ਿਆਂ 'ਤੇ ਬਣੀਆਂ ਬੇਤੁਕੀ ਕਾਮੇਡੀ ਵਾਲੀਆਂ ਫਿਲਮਾਂ ਦੇਖ ਦੇਖ ਅੱਕ ਗਏ ਹਨ। ਦਰਸ਼ਕਾਂ ਦੀ ਇੱਕੋ ਚਾਹਤ ਹੁੰਦੀ ਹੈ ਕਿ ਹਰ ਵਾਰ ਉਨ੍ਹਾਂ ਨੂੰ ਕੁਝ ਵੱਖਰਾ ਵੇਖਣ ਨੂੰ ਮਿਲੇ। ਇਸੇ ਲੜੀ ਤਹਿਤ ਐਚ. ਐਮ. ਕ੍ਰੀਏਸ਼ਨ ਅਤੇ ਉਤਰਾ ਫੂਡ ਤੇ ਫੀਡ ਪ੍ਰਾਈਵੇਟ ਲਿਮਿਟਡ ਵੱਲੋਂ ਇੱਕ ਵੱਖਰੇ ਵਿਸ਼ੇ ਵਾਲੀ ਫਿਲਮ 'ਮਿੱਟੀ: ਵਿਰਾਸਤ ਬੱਬਰਾਂ ਦੀ' ਬਣਾਈ ਗਈ ਹੈ।

ਇਸੇ ਸਾਲ ਮਾਰਚ ਮਹੀਨੇ ਰਿਲੀਜ਼ ਹੋਣ ਵਾਲੀ ਇਸ ਫਿਲਮ ਨੂੰ ਬਾਲੀਵੁੱਡ ਦੀ ਦਿਓ ਕੱਦ ਅਦਾਕਾਰਾ ਹੇਮਾ ਮਾਲਿਨੀ ਤੇ ਉਸ ਦੇ ਸਾਥੀ



ਵਿੱਕਲ ਰਾਏ ਨੇ ਪ੍ਰੋਡਿਊਸ ਕੀਤਾ ਹੈ। ਫਿਲਮ ਰਾਹੀਂ ਹੇਮਾ ਮਾਲਿਨੀ ਪਹਿਲੀ ਵਾਰ ਬਤੌਰ ਨਿਰਮਾਤਾ ਪੰਜਾਬੀ ਸਿਨੇਮਾ ਨਾਲ ਜੁੜ ਰਹੀ ਹੈ। ਲਖਵਿੰਦਰ ਕੰਡੋਲਾ ਦੀ ਲਿਖੀ ਇਸ ਫਿਲਮ ਦਾ ਪ੍ਰਜੈਕਟ ਸੰਜੇ ਬਾਲੀ ਨੇ ਡਿਜ਼ਾਈਨ ਕੀਤਾ ਹੈ। ਲਾਈਨ ਨਿਰਮਾਤਾ ਚੰਨਪ੍ਰੀਤ ਧਨੋਆ ਅਤੇ ਨਿਤਿਨ ਗੁਪਤਾ ਦੀ ਦੇਖ-ਰੇਖ ਹੇਠ ਫਿਲਮ ਦੀ ਸ਼ੂਟਿੰਗ ਪੰਜਾਬ ਦੀਆਂ ਵੱਖ ਵੱਖ ਲੋਕੇਸ਼ਨਾਂ 'ਤੇ ਮੁਕੰਮਲ ਕਰ ਲਈ ਗਈ ਹੈ।

ਫਿਲਮ ਦੀ ਕਹਾਣੀ ਬੱਬਰ ਖਾਲਸਾ ਲਹਿਰ ਤੋਂ ਲੈ ਕੇ ਹੁਣ ਤੱਕ ਦੇ ਪੰਜਾਬ ਨੂੰ ਦਰਸਾਏਗੀ। ਇਹ ਫਿਲਮ ਪੰਜਾਬ ਦੇ ਮੌਜੂਦਾ ਹਾਲਾਤ ਦੇ ਨਾਲ ਨਾਲ ਸਾਲ 1920 ਦੇ ਨੇੜੇ ਚੱਲੀ ਬੱਬਰ ਖਾਲਸਾ ਲਹਿਰ ਨੂੰ ਪਰਦੇ 'ਤੇ ਪੇਸ਼ ਕਰੇਗੀ, ਉਥੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਉਭਾਰੇਗੀ ਤੇ ਪੰਜਾਬ ਦੀ ਅਮੀਰ ਵਿਰਾਸਤ ਪੇਸ਼ ਕਰੇਗੀ।

ਫਿਲਮ 'ਮਿੱਟੀ' ਜ਼ਰੀਏ ਚਰਚਾ 'ਚ ਆਏ ਲੇਖਕ ਤੇ ਅਦਾਕਾਰ ਲਖਵਿੰਦਰ ਕੰਡੋਲਾ ਅਤੇ ਕੁਲਜਿੰਦਰ ਸਿੱਧੂ, ਜਗਜੀਤ ਸੰਧੂ, ਪਾਲੀ ਸੰਧੂ, ਧੀਰਜ ਕੁਮਾਰ, ਨਿਸ਼ਾਵਨ ਭੁੱਲਰ, ਸ਼ਵਿੰਦਰ ਮਾਹਲ, ਪ੍ਰਿੰਸ ਕੰਵਲਜੀਤ ਸਿੰਘ, ਅਨੀਤਾ ਸ਼ਬਦੀਸ਼, ਗੁਰਪ੍ਰੀਤ ਕੌਰ ਭੰਗੂ, ਜਪਜੀ ਖਹਿਰਾ ਤੇ ਅਕਾਂਸ਼ਤਾ ਸਰੀਨ ਨੇ ਇਸ ਫਿਲਮ 'ਚ ਅਹਿਮ ਭੂਮਿਕਾ ਨਿਭਾਈ ਹੈ।

ਫਿਲਮ ਵਿਦੇਸ਼ ਤੋਂ ਪੰਜਾਬ ਬੱਬਰ ਖਾਲਸਾ ਲਹਿਰ 'ਤੇ ਰਿਸਰਚ ਕਰਨ ਆਈ ਫਿਲਮ ਦੀ ਨਾਇਕਾ ਤੋਂ ਸ਼ੁਰੂ ਹੁੰਦੀ ਹੈ। ਫਿਲਮ 'ਚ ਬੱਬਰ ਖਾਲਸਾ ਲਹਿਰ ਨਾਲ ਸਬੰਧਤ ਕਈ ਅਹਿਮ ਮੁੱਦਿਆਂ ਨੂੰ ਉਭਾਰਿਆ ਗਿਆ ਹੈ। ਨਾਲ ਹੀ ਅਜੋਕੇ ਪੰਜਾਬ ਦੀਆਂ ਅਲਾਮਤਾਂ ਨੂੰ ਵੀ ਪਰਦੇ 'ਤੇ ਲਿਆਂਦਾ ਗਿਆ ਹੈ। ਬਾਲੀਵੁੱਡ ਨਿਰਦੇਸ਼ਕ ਹਿਰਦੇ ਸ਼ੈਟੀ ਵੱਲੋਂ ਨਿਰਦੇਸ਼ਿਤ ਇਸ ਫਿਲਮ ਦਾ ਕੈਮਰਾਮੈਨ ਫਾਰੂਕ ਖਾਨ ਹੈ। ਫਿਲਮ ਦਾ ਸੰਗੀਤ ਮਿਸਟਰ ਵਾਓ ਨੇ ਤਿਆਰ ਕੀਤਾ ਹੈ।

*-ਸਾਕਾ ਨੰਗਲ*
*ਫੋਨ: 91-70094-76970*

# ਫਿਲਮ 'ਲੁੱਕਣ ਮੀਚੀ' ਜ਼ਰੀਏ ਫਿਲਮ ਨਿਰਦੇਸ਼ਕ ਬਣੇਗਾ ਐਮ. ਹੁੰਦਲ

ਹਰ ਕਿਸੇ ਨੂੰ ਕੋਈ ਨਾ ਕੋਈ ਸ਼ੌਕ ਜਰੂਰ ਹੁੰਦਾ ਹੈ, ਜੋ ਮੁੱਢੋਂ ਹੀ ਇਨਸਾਨ ਦੇ ਅੰਦਰ ਪੈਦਾ ਹੋ ਜਾਂਦਾ ਹੈ। ਜ਼ਿਲਾ ਅੰਮ੍ਰਿਤਸਰ 'ਚ ਪੈਂਦੇ ਪਿੰਡ ਸਫੀਪੁਰ ਦੇ ਜੰਮਪਲ ਐਮ. ਹੁੰਦਲ ਨੂੰ ਮੁੱਢੋਂ ਹੀ ਨਿਰਦੇਸ਼ਕ ਬਣਨ ਦਾ ਸ਼ੌਕ ਸੀ, ਇਹ ਸੁਪਨਾ ਉਸ ਨੇ ਮੁੱਢ ਤੋਂ ਹੀ ਆਪਣੇ ਦਿਲ-ਦਿਮਾਗ 'ਚ ਵਸਾਇਆ ਹੋਇਆ ਸੀ। ਉਸ ਨੂੰ ਸਾਲ 2008 'ਚ ਲਖਵਿੰਦਰ ਵਡਾਲੀ ਦਾ ਗੀਤ 'ਮਾਂ' ਫਿਲਮਾਉਣ ਦਾ ਮੌਕਾ ਮਿਲਿਆ, ਉਸ ਨੇ ਇਹ ਜ਼ਿੰਮੇਵਾਰੀ ਬਾਖੂਬੀ ਨਿਭਾਉਂਦਿਆਂ ਗੀਤ ਦੇ ਵੀਡੀਓ ਦਾ ਨਿਰਦੇਸ਼ਨ ਵਧੀਆ ਢੰਗ ਨਾਲ ਕੀਤਾ, ਜਿਸ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ। ਉਸ ਪਿਛੋਂ ਐਮ. ਹੁੰਦਲ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਇੱਕ ਤੋਂ ਇੱਕ ਵਧੀਆ ਗੀਤਾਂ ਦੀ ਵੀਡੀਓ ਦਾ ਨਿਰਦੇਸ਼ਨ ਕੀਤਾ, ਜਿਨ੍ਹਾਂ ਵਿਚ ਸ਼ੈਰੀ ਮਾਨ ਦਾ ਗੀਤ 'ਰੂਹਅਫਜ਼ਾ', ਸੁਖਸ਼ਿੰਦਰ ਸ਼ਿੰਦਾ ਦਾ ਗੀਤ 'ਸਿੰਘ: ਦਾ ਵਾਰੀਅਰਜ਼', ਲਖਵਿੰਦਰ ਵਡਾਲੀ ਦੇ ਗੀਤ 'ਮਸਤ' ਤੇ 'ਆਕੜਾਂ ਦਿਖਾਇਆ ਨਾ ਕਰੋ', ਕਲੇਰ ਕੰਠ ਦਾ ਗੀਤ 'ਸਵੈਟਰ', ਪ੍ਰੀਤ ਹਰਪਾਲ ਦਾ ਗੀਤ 'ਨਸ਼ੇ', ਰਣਜੀਤ ਰਾਣਾ ਦਾ ਗੀਤ 'ਰੌਲਾ' ਆਦਿ ਸ਼ਾਮਿਲ ਹਨ। ਉਹ ਹੁਣ ਤੱਕ ਕਰੀਬ 60 ਗੀਤਾਂ ਦਾ ਨਿਰਦੇਸ਼ਨ ਕਰ ਚੁਕਾ ਹੈ।

ਮੰਜ਼ਿਲ ਦੀ ਅਗਲੀ ਪੌੜੀ ਵੱਲ ਵਧਦਿਆਂ ਉਸ ਨੇ ਪੰਜਾਬੀ ਸ਼ਾਟ ਫਿਲਮ 'ਰੋਗ ਵੇਅ' ਵੀ ਬਣਾਈ। ਜਸਵਿੰਦਰ ਭੱਲਾ, ਉਪਾਸਨਾ ਸਿੰਘ ਤੇ ਰਾਣਾ ਰਣਬੀਰ ਨੂੰ ਲੈ ਕੇ ਪੰਜਾਬੀ ਨਾਟਕ 'ਬੈਚੁਲਰ ਹਾਉਸ' ਵੀ ਬਣਾਇਆ। ਇਸ ਨਾਟਕ ਦਾ ਨਿਰਦੇਸ਼ਨ ਉਸ ਨੇ ਸਾਲ 2010 'ਚ ਕੀਤਾ ਸੀ। ਉਸ ਤੋਂ ਬਾਅਦ ਉਸ ਨੇ ਪੰਜਾਬੀ ਫਿਲਮ 'ਗੋਰਿਆਂ ਨੂੰ ਦਫਾ ਕਰੋ' ਵਿਚ ਸਹਾਇਕ ਨਿਰਦੇਸ਼ਕ ਵਜੋਂ ਕੰਮ ਕੀਤਾ।



ਐਮ. ਹੁੰਦਲ ਦਾ ਅਸਲ ਸੁਪਨਾ ਫਿਲਮ ਨਿਰਦੇਸ਼ਕ ਬਣਨ ਦਾ ਸੀ, ਜੋ ਹੁਣ ਜਲਦ ਪੂਰਾ ਵੀ ਹੋਣ ਵਾਲਾ ਹੈ। ਉਹ ਆਪਣੀਆਂ ਆਉਣ ਵਾਲੀਆਂ ਦੋ ਫਿਲਮਾਂ 'ਲੁੱਕਣ ਮੀਚੀ' ਤੇ 'ਪਾਨ ਦੀ ਬੇਗੀ' ਦਾ ਐਲਾਨ ਕਰ ਚੁਕਾ ਹੈ। ਫਿਲਮ 'ਲੁੱਕਣ ਮੀਚੀ' ਬਾਰੇ ਗੱਲ ਕਰਦਿਆਂ ਐਮ. ਹੁੰਦਲ ਨੇ ਦੱਸਿਆ ਕਿ ਫਿਲਮ 'ਚ ਮੁੱਖ ਭੂਮਿਕਾ ਪ੍ਰੀਤ ਹਰਪਾਲ ਤੇ ਮੈਂਡੀ ਤੱਖਰ ਨਿਭਾਉਣਗੇ। ਇਨ੍ਹਾਂ ਤੋਂ ਇਲਾਵਾ ਗੁੱਗੂ ਗਿੱਲ, ਯੋਗਰਾਜ ਸਿੰਘ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ, ਹਾਰਬੀ ਸੰਘਾ, ਸਰਦਾਰ ਸੋਹੀ ਤੇ ਹੋਰ ਕਈ ਨਾਮੀ ਚਿਹਰੇ ਇਸ ਫਿਲਮ 'ਚ ਨਜ਼ਰ ਆਉਣਗੇ।

ਫਿਲਮ ਦੀ ਕਹਾਣੀ ਰਾਜੂ ਵਰਮਾ ਨੇ ਲਿਖੀ ਹੈ ਤੇ ਸੰਗੀਤ ਜਤਿੰਦਰ ਸ਼ਾਹ ਦਾ ਹੈ। ਗੀਤ ਐਮੀ ਵਿਰਕ, ਜੈਜ਼ੀ ਬੀ., ਪ੍ਰੀਤ ਹਰਪਾਲ ਤੇ ਕਮਲ ਖਾਨ ਨੇ ਗਾਏ ਹਨ। ਪ੍ਰੋਡਿਊਸਰ ਅਵਤਾਰ ਬੱਲ ਤੇ ਵਿਕਰਮ ਬੱਲ ਹਨ। ਫਿਲਮ ਦੀ ਕਹਾਣੀ ਕਾਮੇਡੀ, ਡਰਾਮਾ ਅਤੇ ਲਵ ਸਟੋਰੀ 'ਤੇ ਆਧਾਰਤ ਹੈ। ਗੁੱਗੂ ਗਿੱਲ ਤੇ ਯੋਗਰਾਜ ਸਿੰਘ ਦੀ ਆਪਸੀ ਵਿਵਾਦਾਂ ਦੀ ਲੜਾਈ ਵੀ ਫਿਲਮ 'ਚ ਦੇਖਣ ਨੂੰ ਮਿਲੇਗੀ। ਫਿਲਮ ਅਪਰੈਲ ਜਾਂ ਮਈ ਮਹੀਨੇ ਰਿਲੀਜ਼ ਹੋਵੇਗੀ।

ਐਮ. ਹੁੰਦਲ ਦਾ ਕਹਿਣਾ ਹੈ ਕਿ ਉਹ ਆਪਣੀ ਜ਼ਿੰਦਗੀ 'ਚ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ, ਜਿਨ੍ਹਾਂ ਨੇ 'ਥ੍ਰੀ ਇਡੀਅਟਸ' ਵਰਗੀ ਹਿੱਟ ਫਿਲਮ ਬਣਾਈ ਸੀ, ਦੇ ਪੈਰ ਚਿੰਨ੍ਹਾਂ 'ਤੇ ਚਲਦਾ ਹੈ ਅਤੇ ਜਿਸ ਤਰ੍ਹਾਂ ਦੇ ਵਿਸ਼ਿਆਂ ਤੇ ਰਾਜ ਕੁਮਾਰ ਹਿਰਾਨੀ ਨੇ ਫਿਲਮਾਂ ਬਣਾਈਆਂ ਹਨ, ਭਵਿੱਖ ਵਿਚ ਉਹ ਵੀ ਉਸੇ ਤਰ੍ਹਾਂ ਦੇ ਵਿਸ਼ਿਆਂ 'ਤੇ ਕੰਮ ਕਰਨ ਦਾ ਇੱਛੁਕ ਹੈ।

*-ਸਾਕਾ ਨੰਗਲ*

# US Business Brokers Inc.


## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**

*Managing Broker/Realtor/Consultant*
*Licensed in IL, IN, WA*

**Contact us for any Financing Need Nationwide.**

**916-995-0783 (Cell)**
**425-529-6283 (Cell)**

*630-206-2467 (Fax)*
www.ubbchicago.com aj@ubbchicago.com

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH



Sky Films

Happy New Year 2019

DJ VIC MUSIC FOR ALL

ਤਹਿ ਦਿਲੋਂ ਧੰਨਵਾਦ ਸਮੂਹ ਪੰਜਾਬੀਆਂ ਨੂੰ TEAM SKY ਵੱਲੋਂ

ਨਵਾਂ ਸਾਲ ਸਭ ਲਈ ਖੁਸ਼ੀਆਂ ਲੈਕੇ ਆਵੇ, ਸਾਡੀ ਟੀਮ ਵੱਲੋਂ ਤੁਹਾਨੂੰ ਧੰਨਵਾਦ ਕਿ ਸਾਨੂੰ ਤੁਸੀਂ ਆਪਣੀ ਖੁਸ਼ੀ ਵਿੱਚ ਸ਼ਾਮਲ ਕੀਤਾ।

ਇਸ ਨਵੇਂ ਸਾਲ ਵਿੱਚ ਅਸੀ ਤੁਹਾਡੇ ਨਾਲ ਮਿਲ ਕੇ ਇਹ ਖੁਸ਼ੀਆਂ
ਹਮੇਸ਼ਾ ਲਈ ਯਾਦਗਾਰੀ ਬਣਾਉਣ ਦਾ ਵਾਅਦਾ ਕਰਦੇ ਹਾਂ।

DJ/MC, Dhol, 4K Video, Photography, Room Lighting, Live Video Display, LED Dance Floor, Cloud Effects, Fireworks and More



5 Star Rating

Award Winning Team - Team Sky
Serving Michigan, Ohio and Indiana
Team Sky Films and Production

Free Modern Album with DJ Photo Video Package

Contact - Gagan 734 674 1854 www.skymadememories.com